ਐਤਵਾਰ, 27 ਜੁਲਾਈ, 2025

12 ਸਾਉਣ { ਨਾਨਕਸ਼ਾਹੀ 557 / ਬਿਕਰਮੀ 2082

ਜਿਲਦ/VOL. : 74

ਅੰਕ/NO. : 56

ਰੋਜ਼ਾਨਾ

# ਨਵਾਂ ਜ਼ਮਾਨਾ

DAILY NAWAN ZAMANA • SUNDAY, 27 JULY, 2025

ਜਲੰਧਰ

'ਨਵਾਂ ਜ਼ਮਾਨਾ' ਦੇ ਫ਼ੋਨ ਨੰਬਰ

| | |
|---|---|
| ਪੁੱਛ-ਗਿੱਛ (ਰਿਸੈਪਸ਼ਨ) | 0181-5097300 |
| ਇਸ਼ਤਿਹਾਰ ਵਿਭਾਗ | 0181-5097302 |
| ਸਾਹਿਤ ਸੰਪਾਦਕ (ਐਤਵਾਰਤਾ) | 0181-5097305 |
| ਕੰਪਿਊਟਰ ਰੂਮ | 0181-5097310 |
| ਵੈੱਬ ਟੀ ਵੀ | 0181-5133160 |

You Tube nawan zamana TV

ਕੀਮਤ/PRICE : 5.00 ਰੁਪਏ Regd. No : L-4/Pb-JL-0023/2024-26, (R.N.I.)-00068/57 E-mail : nawanzamana@gmail.com www.nawanzamana.in ਸਫ਼ੇ : 8+6=14


# ਦੁੱਧ ਦੀ ਥਾਂ ਪਾਣੀ ਪਿਆ ਰਹੀਆਂ ਮਾਵਾਂ

## ਕੁਝ ਦਿਨਾਂ 'ਚ ਹੀ ਇੱਕ ਲੱਖ ਫਲਸਤੀਨੀ ਬੱਚੇ ਮਰਨ ਦਾ ਖਤਰਾ, ਡਾਕਟਰ ਵੀ ਬੇਹੋਸ਼ ਹੋਣ ਲੱਗੇ, 221 ਸਾਂਸਦਾਂ ਵੱਲੋਂ ਬਰਤਾਨਵੀ ਪ੍ਰਧਾਨ ਮੰਤਰੀ 'ਤੇ ਫਲਸਤੀਨ ਰਾਜ ਨੂੰ ਮਾਨਤਾ ਦੇਣ ਲਈ ਜ਼ੋਰ



**ਦੀਰ-ਅਲ-ਬਲਾਹ (ਕੇਂਦਰੀ ਗਾਜ਼ਾ)**

ਗਾਜ਼ਾ ਸਰਕਾਰ ਨੇ ਕਿਹਾ ਹੈ ਕਿ ਇਜ਼ਰਾਈਲ ਵੱਲੋਂ ਬੇਬੀ ਮਿਲਕ ਤੇ ਬੱਚਿਆਂ ਦੀ ਹੋਰ ਖੁਰਾਕ ਦੀ ਸਪਲਾਈ ਰੋਕ ਦੇਣ ਕਾਰਨ ਕੁਝ ਦਿਨਾਂ ਵਿੱਚ ਹੀ 40 ਹਜ਼ਾਰ ਬੱਚਿਆਂ ਸਣੇ ਦੋ ਸਾਲ ਤੋਂ ਹੇਠਲੇ ਇੱਕ ਲੱਖ ਬੱਚਿਆਂ ਦੇ ਮਰਨ ਦਾ ਖਤਰਾ ਹੈ। ਮਾਵਾਂ ਨਵਜੰਮੇ ਬੱਚਿਆਂ ਨੂੰ ਦੁੱਧ ਦੀ ਥਾਂ ਪਾਣੀ ਪਿਆ ਰਹੀਆਂ ਹਨ।

ਅਲ-ਅਹਲੀ ਹਸਪਤਾਲ ਦੇ ਇੱਕ ਸੂਤਰ ਨੇ ਦੱਸਿਆ ਕਿ ਦੁੱਧ ਖੁਣੋਂ ਸੱਤ ਸਾਲ ਦਾ ਬੱਚਾ ਮਰ ਗਿਆ ਹੈ। ਇਸ ਤੋਂ ਪਹਿਲਾਂ ਖੁਰਾਕ ਖੁਣੋਂ ਇੱਕ ਬੱਚਾ ਮਰ ਗਿਆ ਸੀ। ਕੁਲ ਮਿਲਾ ਕੇ ਪਿਛਲੇ 24 ਘੰਟਿਆਂ ਵਿੱਚ ਪੰਜ ਲੋਕ ਭੁੱਖ ਨਾਲ ਮਾਰੇ ਗਏ ਹਨ। ਜਦੋਂ ਤੋਂ ਇਜ਼ਰਾਈਲ ਹਮਲੇ ਕਰ ਰਿਹਾ ਹੈ, 120 ਤੋਂ ਵੱਧ ਲੋਕ ਖੁਰਾਕ ਖੁਣੋਂ ਮਰੇ ਹਨ, ਜਿਨ੍ਹਾਂ ਵਿੱਚੋਂ 80 ਤੋਂ ਵੱਧ ਨਿੱਕੇ ਬੱਚੇ ਸਨ।

ਲੋਕਾਂ ਦੀ ਔਖੇ ਵੇਲੇ ਮਦਦ ਕਰਨ ਵਾਲੇ ਡਾਕਟਰਾਂ ਦੀ ਹਾਲਤ ਵੀ ਖਰਾਬ ਹੋਈ ਪਈ ਹੈ। ਖੁਰਾਕ ਤੇ ਆਰਾਮ ਨਾ ਮਿਲਣ ਕਾਰਨ ਉਹ ਬੇਹੋਸ਼ ਤੱਕ ਹੋ ਰਹੇ ਹਨ। ਉਨ੍ਹਾਂ ਨੂੰ ਬੇਹਿਸਾਬੀ ਡਿਊਟੀ ਦੇਣੀ ਪੈ ਰਹੀ ਹੈ। ਹਸਪਤਾਲਾਂ ਵਿੱਚ ਵੱਡੀ ਗਿਣਤੀ ਵਿੱਚ ਜ਼ਖਮੀ ਲੋਕ ਪੁੱਜ ਰਹੇ ਹਨ ਅਤੇ ਦਵਾਈਆਂ ਦੀ ਬਹੁਤ ਘਾਟ ਹੈ। ਇਨ੍ਹਾਂ ਦੀ ਹਾਲਤ ਦੇਖ ਕੇ ਡਾਕਟਰ ਸਦਮੇ ਦਾ ਸ਼ਿਕਾਰ ਹੋ ਰਹੇ ਹਨ।

ਇਸੇ ਦੌਰਾਨ ਬਰਤਾਨੀਆ ਦੇ ਪ੍ਰਧਾਨ ਮੰਤਰੀ ਕੀਰ ਸਟਾਰਮਰ ਨੇ ਅਖਬਾਰ 'ਡੇਲੀ ਮਿਰਰ' ਵਿੱਚ ਲਿਖੇ ਲੇਖ ਵਿੱਚ ਕਿਹਾ ਹੈ ਕਿ ਗਾਜ਼ਾ ਵਿੱਚ ਭੁੱਖਮਰੀ ਦੀਆਂ ਤਸਵੀਰਾਂ ਹੌਲਨਾਕ ਹਨ। ਬੱਚਿਆਂ ਤੱਕ ਮਾਨਵੀ ਮਦਦ ਰੋਕਣਾ ਇੱਕਦਮ ਗੈਰਵਾਜਬ ਹੈ। ਇਹ ਮਾਨਵੀ ਤਬਾਹੀ ਹੈ। ਇਹ ਹੁਣੇ ਖਤਮ ਹੋਣੀ ਚਾਹੀਦੀ ਹੈ। ਬਰਤਾਨੀਆ ਵੱਲੋਂ ਭੇਜੀ ਗਈ ਮਾਨਵੀ ਮਦਦ ਲੋੜਵੰਦਾਂ ਤੱਕ ਨਹੀਂ ਪੁੱਜ ਰਹੀ। ਉਨ੍ਹਾ ਦੀ ਸਰਕਾਰ ਗਾਜ਼ਾ ਵਿੱਚ ਜਿਨ੍ਹਾਂ ਬੱਚਿਆਂ ਦੀ ਹਾਲਤ ਨਾਜ਼ੁਕ ਹੈ, ਉਨ੍ਹਾਂ ਨੂੰ ਇਲਾਜ ਲਈ ਬਰਤਾਨੀਆ ਲਿਆਉਣ ਦੀਆਂ ਕੋਸ਼ਿਸ਼ਾਂ ਤੇਜ਼ ਕਰ ਰਹੀ ਹੈ। ਇੱਕ ਹੋਰ ਘਟਨਾਕ੍ਰਮ ਵਿੱਚ ਬਰਤਾਨੀਆ ਦੀਆਂ ਵੱਖ-ਵੱਖ ਪਾਰਟੀਆਂ ਦੇ 221 ਸੰਸਦ ਮੈਂਬਰਾਂ ਨੇ ਪ੍ਰਧਾਨ ਮੰਤਰੀ ਸਟਾਰਮਰ 'ਤੇ ਜ਼ੋਰ ਪਾਇਆ ਹੈ ਕਿ ਉਹ ਅਗਲੇ ਹਫਤੇ ਫਲਸਤੀਨ 'ਤੇ ਸੰਯੁਕਤ ਰਾਸ਼ਟਰ ਦੀ ਬੈਠਕ ਤੋਂ ਪਹਿਲਾਂ ਫਲਸਤੀਨ ਰਾਜ ਨੂੰ ਮਾਨਤਾ ਦੇਣ। ਫਰਾਂਸ ਦੇ ਰਾਸ਼ਟਰਪਤੀ ਮੈਕ੍ਰੋਂ ਸੰਯੁਕਤ ਰਾਸ਼ਟਰ ਵਿੱਚ ਫਲਸਤੀਨ ਨੂੰ ਰਾਜ ਵਜੋਂ ਮਾਨਤਾ ਦੇਣ ਦਾ ਸੰਯੁਕਤ ਰਾਸ਼ਟਰ ਵਿੱਚ ਸਤੰਬਰ 'ਚ ਐਲਾਨ ਕਰਨ ਦੀ ਗੱਲ ਕਹਿ ਚੁੱਕੇ ਹਨ।

ਮਾਨਵੀ ਸਹਾਇਤਾ ਰੋਕਣ ਲਈ ਇਜ਼ਰਾਈਲੀ ਨਾਕੇ ਖਤਮ ਕਰਾਉਣ ਲਈ ਅਮਰੀਕੀ ਸ਼ਹਿਰਾਂ ਵਾਸ਼ਿੰਗਟਨ, ਸ਼ਿਕਾਗੋ ਤੇ ਸਾਂ ਫਰਾਂਸਿਸਕੋ ਅਤੇ ਚਿੱਲੀ 'ਚ ਲੋਕਾਂ ਨੇ ਸ਼ੁੱਕਰਵਾਰ ਮੁਜ਼ਾਹਰੇ ਕੀਤੇ।

ਉਧਰ, ਇਜ਼ਰਾਈਲ ਨੇ ਹਮਾਸ ਉੱਤੇ ਬੰਬਾਰੀ ਦੇ ਨਾਂਅ 'ਤੇ ਗਾਜ਼ਾ ਵਿੱਚ 24 ਘੰਟਿਆਂ ਵਿੱਚ 100 ਵਾਰ ਬੰਬਾਰੀ ਕੀਤੀ ਹੈ। ਇਸ ਨਾਲ ਭੋਜਨ ਲਈ ਵਿਲ੍ਹਕਦੇ 14 ਲੋਕਾਂ ਸਣੇ 30 ਲੋਕ ਮਾਰੇ ਗਏ ਹਨ।

# ਪ੍ਰੋਟੈੱਸਟ ਦੇ ਹੱਕ ਨੂੰ ਕਮਜ਼ੋਰ ਕਰਨ ਵਾਲੀਆਂ ਅਦਾਲਤੀ ਟਿੱਪਣੀਆਂ ਮੰਦਭਾਗੀਆਂ : ਸੀ ਪੀ ਆਈ

**ਲੁਧਿਆਣਾ (ਐੱਮ ਐੱਸ ਭਾਟੀਆ)**

ਭਾਰਤੀ ਕਮਿਊਨਿਸਟ ਪਾਰਟੀ ਦੇ ਰਾਸ਼ਟਰੀ ਸਕੱਤਰੇਤ ਨੇ ਕਿਹਾ ਹੈ ਕਿ ਪਾਰਟੀ ਬੰਬੇ ਹਾਈ ਕੋਰਟ ਦੀ ਬੈਂਚ ਵੱਲੋਂ ਫਲਸਤੀਨੀ ਲੋਕਾਂ ਨਾਲ ਏਕਤਾ ਪ੍ਰਗਟ ਕਰਨ ਲਈ ਆਜ਼ਾਦ ਮੈਦਾਨ ਵਿੱਚ ਸ਼ਾਂਤੀਪੂਰਨ ਜਨਤਕ ਮੀਟਿੰਗ ਕਰਨ ਦੀ ਇਜਾਜ਼ਤ ਮੰਗਣ ਵਾਲੀ ਸੀ ਪੀ ਆਈ ਅਤੇ ਸੀ ਪੀ ਆਈ (ਐੱਮ) ਵੱਲੋਂ ਕੀਤੀ ਗਈ ਸਾਂਝੀ ਪਟੀਸ਼ਨ ਨੂੰ ਖਾਰਜ ਕਰਦੇ ਹੋਏ ਕੀਤੀਆਂ ਗਈਆਂ ਪਰੇਸ਼ਾਨ ਕਰਨ ਵਾਲੇ ਅਤੇ ਰਾਜਨੀਤਕ ਤੌਰ 'ਤੇ ਪੱਖਪਾਤੀ ਟਿੱਪਣੀਆਂ ਦੀ ਨਿੰਦਾ ਕਰਦੀ ਹੈ। ਪਟੀਸ਼ਨ ਨੂੰ ਰੱਦ ਕਰਨਾ ਕਾਨੂੰਨੀ ਯੋਗਤਾ 'ਤੇ ਨਹੀਂ, ਬਲਕਿ ਵਿਆਪਕ ਅਤੇ ਲੋਕਤੰਤਰ ਵਿਰੋਧੀ ਟਿੱਪਣੀਆਂ 'ਤੇ ਅਧਾਰਤ ਸੰਵਿਧਾਨਕ ਕਦਰਾਂ-ਕੀਮਤਾਂ ਅਤੇ ਅੰਤਰਰਾਸ਼ਟਰੀ ਏਕਤਾ ਦੇ ਗੰਭੀਰ ਖੋਰੇ ਨੂੰ ਦਰਸਾਉਂਦਾ ਹੈ।ਬੈਂਚ ਦੀਆਂ ਫਲਸਤੀਨ ਮੁੱਦੇ ਨੂੰ ਉਠਾਉਣ ਦੇ ਸਾਡੇ ਅਧਿਕਾਰ 'ਤੇ ਸਵਾਲ ਉਠਾਉਣ ਅਤੇ ਇਸ ਨੂੰ ਦੇਸ਼ ਭਗਤੀ ਦੀ ਘਾਟ ਨਾਲ ਜੋੜਨ ਵਾਲੀਆਂ ਟਿੱਪਣੀਆਂ ਭਾਰਤ ਦੇ ਲੋਕਤੰਤਰੀ ਸਿਧਾਂਤਾਂ ਦੀ ਆਤਮਾ 'ਤੇ ਵਾਰ ਕਰਦੀਆਂ ਹਨ। ਮਹਾਤਮਾ ਗਾਂਧੀ, ਜਵਾਹਰ ਲਾਲ ਨਹਿਰੂ ਅਤੇ ਭਗਤ ਸਿੰਘ ਵਰਗੇ ਭਾਰਤ ਦੇ ਆਜ਼ਾਦੀ ਘੁਲਾਟੀਏ ਦੁਨੀਆ ਭਰ ਦੇ ਦੱਬੇ-ਕੁਚਲੇ ਲੋਕਾਂ ਦੇ ਸੰਘਰਸ਼ਾਂ ਦੇ ਨਾਲ ਮਜ਼ਬੂਤੀ ਨਾਲ ਖੜ੍ਹੇ ਸਨ। ਗਾਂਧੀ ਜੀ ਅਤੇ ਕਈ ਆਜ਼ਾਦੀ ਘੁਲਾਟੀਆਂ ਨੇ ਫਲਸਤੀਨੀ ਸੰਘਰਸ਼ ਨੂੰ ਸਾਡਾ ਆਪਣਾ ਮੰਨਿਆ। ਇਹ ਅੰਤਰਰਾਸ਼ਟਰੀ ਭਾਵਨਾ ਭਾਰਤ ਦੀ ਸ਼ੁਰੂਆਤੀ ਵਿਦੇਸ਼ ਨੀਤੀ ਵਿੱਚ ਸ਼ਾਮਲ ਸੀ ਅਤੇ ਪ੍ਰਗਤੀਸ਼ੀਲ ਅਤੇ ਲੋਕਤੰਤਰੀ ਆਵਾਜ਼ਾਂ ਦੁਆਰਾ ਇਸ ਨੂੰ ਬਰਕਰਾਰ ਰੱਖਿਆ ਜਾਂਦਾ ਹੈ। ਇਸ ਪਰੰਪਰਾ ਦਾ ਮਜ਼ਾਕ ਉਡਾ ਕੇ ਬੰਬੇ ਹਾਈ ਕੋਰਟ ਨੇ ਨਾ ਸਿਰਫ਼ ਨਿਆਂ ਪਾਲਿਕਾ ਦਾ, ਸਗੋਂ ਸਾਡੇ ਗਣਰਾਜ ਦੇ ਇਤਿਹਾਸ ਅਤੇ ਜ਼ਮੀਰ ਦਾ ਵੀ ਅਪਮਾਨ ਕੀਤਾ ਹੈ। ਕੋਈ ਵੀ ਕਮਿਊਨਿਸਟਾਂ ਦੀ ਦੇਸ਼ ਭਗਤੀ 'ਤੇ ਸਵਾਲ ਨਹੀਂ ਉਠਾ ਸਕਦਾ।ਇਹ ਸੁਝਾਅ ਦੇਣਾ ਕਿ ਭਾਰਤੀ ਸਿਆਸੀ ਪਾਰਟੀਆਂ ਨੂੰ ਵਿਦੇਸ਼ਾਂ ਵਿੱਚ ਵੱਡੇ ਪੱਧਰ 'ਤੇ ਹੋ ਰਹੇ ਅੱਤਿਆਚਾਰਾਂ ਨੂੰ ਨਜ਼ਰਅੰਦਾਜ਼ ਕਰਦੇ ਹੋਏ ਆਪਣੇ ਆਪ ਨੂੰ ਸਥਾਨਕ ਮੁੱਦਿਆਂ ਤੱਕ ਸੀਮਤ ਰੱਖਣਾ ਚਾਹੀਦਾ ਹੈ, ਬਹੁਤ ਹੀ ਪ੍ਰਤੀਕਿਰਿਆਸ਼ੀਲ ਹੈ। ਇਹ ਇੱਕ ਵਿਸ਼ਵ ਦ੍ਰਿਸ਼ਟੀਕੋਣ ਨੂੰ ਦਰਸਾਉਂਦਾ ਹੈ, ਜੋ ਮੌਜੂਦਾ ਸੱਤਾਧਾਰੀਆਂ ਦੇ ਰਾਜਨੀਤਕ ਅਸਹਿਮਤੀ ਨੂੰ ਦਬਾਉਣ ਅਤੇ ਨਿਆਂ, ਆਜ਼ਾਦੀ ਅਤੇ ਏਕਤਾ ਪ੍ਰਤੀ ਸਾਡੀ ਸੰਵਿਧਾਨਕ ਵਚਨਬੱਧਤਾ ਨੂੰ ਦੁਬਾਰਾ ਲਿਖਣ ਦੀ ਕੋਸ਼ਿਸ਼ ਨਾਲ ਮੇਲ ਖਾਂਦਾ ਹੈ।ਸੀ ਪੀ ਆਈ ਫਲਸਤੀਨ ਦੇ ਲੋਕਾਂ ਦੇ ਨਾਲ ਖੜ੍ਹੀ ਰਹੇਗੀ, ਜਿਵੇਂ ਕਿ ਅਸੀਂ ਹਮੇਸ਼ਾ ਕੀਤਾ ਹੈ ਅਤੇ ਏਕਤਾ ਦੀਆਂ ਆਵਾਜ਼ਾਂ ਨੂੰ ਦਬਾਉਣ ਦੀ ਕਿਸੇ ਵੀ ਕੋਸ਼ਿਸ਼ ਦਾ ਵਿਰੋਧ ਕਰੇਗੀ। ਅਸੀਂ ਸੁਪਰੀਮ ਕੋਰਟ ਵਿੱਚ ਇਸ ਫੈਸਲੇ ਨੂੰ ਚੁਣੌਤੀ ਦੇਣ ਲਈ ਕਾਨੂੰਨੀ ਵਿਕਲਪਾਂ ਦੀ ਖੋਜ ਕਰ ਰਹੇ ਹਾਂ। ਸੀ ਪੀ ਆਈ ਲੋਕਤੰਤਰੀ ਤਾਕਤਾਂ, ਸਿਵਲ ਸਮਾਜ ਅਤੇ ਨਿਆਂ-ਪ੍ਰੇਮੀ ਨਾਗਰਿਕਾਂ ਨੂੰ ਇਸ ਖ਼ਤਰਨਾਕ ਨਿਆਂਇਕ ਪਹੁੰਚ ਵਿਰੁੱਧ ਆਪਣੀ ਆਵਾਜ਼ ਬੁਲੰਦ ਕਰਨ ਦਾ ਸੱਦਾ ਦਿੰਦੀ ਹੈ।

# ਮੰਤਰੀ ਤੇ ਭਾਸ਼ਾ ਵਿਭਾਗ ਦਾ ਡਾਇਰੈਕਟਰ ਤਲਬ

**ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ, ਕੰਵਲਜੀਤ ਸਿੰਘ)**

ਪੰਜਾਬ ਸਰਕਾਰ ਵੱਲੋਂ ਸ੍ਰੀਨਗਰ ਵਿਖੇ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਦੇ 350 ਸਾਲਾ ਸ਼ਹੀਦੀ ਦਿਹਾੜੇ ਸੰਬੰਧੀ ਕਰਵਾਏ ਗਏ ਪ੍ਰੋਗਰਾਮ ਵਿੱਚ ਕੀਤੀ ਗਈ ਮਰਿਆਦਾ ਦੀ ਕਥਿਤ ਉਲੰਘਣਾ ਦੇ ਸੰਬੰਧ 'ਚ ਸ੍ਰੀ ਅਕਾਲ ਤਖਤ ਸਾਹਿਬ ਦੇ ਕਾਰਜਕਾਰੀ ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਨੇ ਪੰਜਾਬ ਦੇ ਕੈਬਨਿਟ ਮੰਤਰੀ ਹਰਜੋਤ ਸਿੰਘ ਬੈਂਸ ਤੇ ਪੰਜਾਬ ਸਰਕਾਰ ਦੇ ਭਾਸ਼ਾ ਵਿਭਾਗ ਦੇ ਡਾਇਰੈਕਟਰ ਜਸਵੰਤ ਸਿੰਘ ਨੂੰ ਆਪਣਾ ਪੱਖ ਰੱਖਣ ਲਈ ਇੱਕ ਅਗਸਤ ਨੂੰ ਪੰਜ ਸਿੰਘ ਸਾਹਿਬਾਨ ਦੀ ਹੋਣ ਵਾਲੀ ਇਕੱਤਰਤਾ ਵਿੱਚ ਤਲਬ ਕੀਤਾ ਹੈ। ਜਥੇਦਾਰ ਗੜਗੱਜ ਨੇ ਕਿਹਾ ਕਿ ਕਾਫੀ ਸਮਾਂ ਬੀਤ ਜਾਣ ਦੇ ਬਾਵਜੂਦ ਮੰਤਰੀ ਹਰਜੋਤ ਸਿੰਘ ਅਤੇ ਡਾਇਰੈਕਟਰ ਜਸਵੰਤ ਸਿੰਘ ਨੇ ਆਪਣਾ ਪੱਖ ਸਪੱਸ਼ਟ ਨਹੀਂ ਕੀਤਾ ਅਤੇ ਨਾ ਹੀ ਸਿੱਖ ਸੰਗਤਾਂ ਦੀਆਂ ਭਾਵਨਾਵਾਂ ਨੂੰ ਸੱਟ ਮਾਰਨ ਦੀ ਖਿਮਾ ਜਾਚਨਾ ਕੀਤੀ ਹੈ।

ਉਨ੍ਹਾ ਕਿਹਾ ਕਿ ਸੰਵਿਧਾਨਕ ਅਹੁਦਿਆਂ ਉੱਤੇ ਕਾਰਜ ਕਰ ਰਹੀਆਂ ਸ਼ਖਸੀਅਤਾਂ ਦੀ ਸਮਾਜ ਪ੍ਰਤੀ ਅਹਿਮ ਜ਼ਿੰਮੇਵਾਰੀ ਹੁੰਦੀ ਹੈ ਅਤੇ ਪੰਜਾਬ ਸਰਕਾਰ ਦੇ ਅਹੁਦੇਦਾਰਾਂ ਵੱਲੋਂ ਸੰਜੀਦਾ ਮਸਲੇ ਉੱਤੇ ਹੁਣ ਤੱਕ ਚੁੱਪ ਧਾਰੀ ਰੱਖਣਾ ਕਈ ਸਵਾਲ ਖੜ੍ਹੇ ਕਰਦਾ ਹੈ। ਉਨ੍ਹਾ ਕਿਹਾ ਕਿ ਇਤਿਹਾਸ ਵਿੱਚ ਇਹ ਪਹਿਲੀ ਵਾਰ ਹੋਇਆ ਹੈ ਕਿ ਗੁਰੂ ਸਾਹਿਬ ਨਾਲ ਸੰਬੰਧਤ ਸ਼ਹੀਦੀ ਸ਼ਤਾਬਦੀ ਦੇ ਸੰਬੰਧ ਵਿੱਚ ਰੱਖੇ ਗਏ ਸਮਾਗਮ ਦੀ ਮਨੋਰੰਜਨ ਨਾਲ ਸ਼ੁਰੂਆਤ ਕੀਤੀ ਗਈ ਹੋਵੇ, ਜੋ ਕਿ ਬਰਦਾਸ਼ਤਯੋਗ ਨਹੀਂ। ਉਨ੍ਹਾ ਕਿਹਾ ਕਿ ਇਸ ਮਾਮਲੇ ਵਿੱਚ ਗਾਇਕ ਬੀਰ ਸਿੰਘ ਦੇ ਖਿਲਾਫ ਵੀ ਸ਼ਿਕਾਇਤਾਂ ਪੁੱਜੀਆਂ ਹਨ, ਜੋ ਸ਼ੁੱਕਰਵਾਰ ਸ੍ਰੀ ਅਕਾਲ ਤਖਤ ਸਾਹਿਬ ਵਿਖੇ ਆਪਣਾ ਪੱਖ ਰੱਖ ਕੇ ਖਿਮਾ ਜਾਚਨਾ ਕਰ ਗਿਆ ਹੈ।

ਉਸ ਵੱਲੋਂ ਕੀਤੀ ਗਈ ਖਿਮਾ ਯਾਚਨਾ ਦੇ ਮਾਮਲੇ ਬਾਰੇ ਵੀ ਪੰਜ ਸਿੰਘ ਸਾਹਿਬਾਨ ਦੀ ਇਕੱਤਰਤਾ ਵਿੱਚ ਵਿਚਾਰ ਕੀਤਾ ਜਾਵੇਗਾ। ਇਸੇ ਦੌਰਾਨ ਸ੍ਰੀਨਗਰ ਦੇ ਸ਼ਹੀਦੀ ਸਮਾਗਮ ਦੌਰਾਨ ਪਏ ਭੰਗੜੇ ਦੇ ਮਾਮਲੇ ਵਿੱਚ ਮੰਤਰੀ ਬੈਂਸ ਨੇ ਮੁਆਫੀ ਮੰਗਦੇ ਹੋਏ ਕਿਹਾ ਹੈ ਕਿ ਉਹ ਸ੍ਰੀ ਅਕਾਲ ਤਖਤ ਸਾਹਿਬ ਅੱਗੇ ਨਿਮਾਣੇ ਸਿੱਖ ਦੀ ਤਰ੍ਹਾਂ ਪੇਸ਼ ਹੋਣਗੇ।

## ਪੰਜਾਬ, ਪੰਜਾਬੀ, ਪੰਜਾਬੀਅਤ ਵਿਸ਼ੇ 'ਤੇ ਸੈਮੀਨਾਰ ਅੱਜ



**ਬਠਿੰਡਾ :** ਭਾਰਤੀ ਕਮਿਊਨਿਸਟ ਪਾਰਟੀ ਦੀ ਕੌਮੀ ਕੌਂਸਲ ਦੇ ਮੈਂਬਰ ਹਰਦੇਵ ਸਿੰਘ ਅਰਸ਼ੀ ਨੇ ਦੱਸਿਆ ਕਿ ਪਾਰਟੀ ਦੀ 25ਵੀਂ ਕਾਂਗਰਸ ਨੂੰ ਸਮਰਪਿਤ ਸੈਮੀਨਾਰਾਂ ਦੀ ਲੜੀ ਵਿਚੋਂ ਪਹਿਲਾ ਸੈਮੀਨਾਰ ਅੱਜ ਬਠਿੰਡਾ ਵਿਖੇ ਹੋ ਰਿਹਾ ਹੈ, ਜਿਸ ਦਾ ਵਿਸ਼ਾ ਹੋਵੇਗਾ 'ਪੰਜਾਬ ਦੇ ਬੁਨਿਆਦੀ ਮਸਲੇ-ਪੰਜਾਬ, ਪੰਜਾਬੀ, ਪੰਜਾਬੀਅਤ।' ਮੁੱਖ ਵਕਤਾ ਪੰਜਾਬੀ ਟ੍ਰਿਬਿਊਨ ਦੇ ਸਾਬਕਾ ਸੰਪਾਦਕ ਡਾਕਟਰ ਸਵਰਾਜਬੀਰ ਹੋਣਗੇ ਤੇ ਸੂਤਰਧਾਰ ਪ੍ਰਸਿੱਧ ਇਤਿਹਾਸਕਾਰ ਡਾਕਟਰ ਸੁਮੇਲ ਸਿੰਘ ਸਿੱਧੂ ਹੋਣਗੇ।

# ਇੱਕੋ ਪਿੰਡ ਦੇ ਮੁੰਡੇ-ਕੁੜੀ ਦੇ ਵਿਆਹ 'ਤੇ ਰੋਕ ਲਈ ਕਾਨੂੰਨ ਬਣਾਉਣ ਦੀ ਮੰਗ



**ਫਰੀਦਕੋਟ :** ਜ਼ਿਲ੍ਹਾ ਫਰੀਦਕੋਟ ਦੇ ਸਿਰਸੜੀ ਅਤੇ ਅਨੋਖਪੁਰਾ ਪਿੰਡਾਂ ਦੀਆਂ ਪੰਚਾਇਤਾਂ ਨੇ ਸਾਂਝੇ ਤੌਰ 'ਤੇ ਇੱਕ ਮਤਾ ਪਾਸ ਕਰਕੇ ਇੱਕੋ ਪਿੰਡ ਦੇ ਮੁੰਡੇ-ਕੁੜੀਆਂ ਦੇ ਵਿਆਹਾਂ 'ਤੇ ਪੂਰੀ ਤਰ੍ਹਾਂ ਪਾਬੰਦੀ ਲਗਾਉਣ ਦੀ ਮੰਗ ਕੀਤੀ ਹੈ। ਦੋਹਾਂ ਪਿੰਡਾਂ ਦੇ ਪੰਚਾਂ ਅਤੇ ਸਰਪੰਚਾਂ ਵੱਲੋਂ ਸਰਬਸੰਮਤੀ ਨਾਲ ਸਹੀਬੰਦ ਇਸ ਫੈਸਲੇ ਵਿੱਚ ਪੰਜਾਬ ਸਰਕਾਰ ਨੂੰ ਅਪੀਲ ਕੀਤੀ ਗਈ ਹੈ ਕਿ ਅਜਿਹੇ ਵਿਆਹਾਂ ਨੂੰ ਰੋਕਣ ਲਈ ਪੰਜਾਬ ਵਿਧਾਨ ਸਭਾ ਰਾਹੀਂ ਇੱਕ ਸਖਤ ਕਾਨੂੰਨ ਬਣਾਇਆ ਜਾਵੇ।

ਗ੍ਰਾਮ ਪੰਚਾਇਤ ਸਿਰਸੜੀ ਅਤੇ ਅਨੋਖਪੁਰਾ ਵੱਲੋਂ ਸਰਪੰਚ ਗਿਆਨ ਕੌਰ ਅਤੇ ਬਲਜੀਤ ਸਿੰਘ ਦੀ ਅਗਵਾਈ ਹੇਠ ਜਾਰੀ ਕੀਤੇ ਗਏ ਮਤੇ ਵਿੱਚ ਕਿਹਾ ਗਿਆ ਹੈ ਕਿ ਪਿੰਡ ਦੇ ਅੰਦਰ ਵਿਆਹ ਨਾ ਸਿਰਫ ਸਮਾਜੀ ਸਦਭਾਵਨਾ ਨੂੰ ਵਿਗਾੜ ਰਹੇ ਹਨ, ਸਗੋਂ ਪੇਂਡੂ ਖੇਤਰਾਂ ਵਿੱਚ ਹਿੰਸਕ ਝਗੜਿਆਂ ਅਤੇ ਇੱਥੋਂ ਤੱਕ ਕਿ ਕਤਲਾਂ ਦੇ ਵੀ ਕਾਰਨ ਬਣ ਰਹੇ ਹਨ। ਸਰਪੰਚ ਗਿਆਨ ਕੌਰ ਨੇ ਕਿਹਾ ਕਿ ਹਾਲ ਦੇ ਸਾਲਾਂ ਵਿੱਚ ਕਈ ਮਾਮਲੇ ਸਾਹਮਣੇ ਆਏ ਹਨ, ਜਿੱਥੇ ਪਿੰਡ ਦੇ ਅੰਦਰ ਵਿਆਹ ਪਰਵਾਰਕ ਝਗੜਿਆਂ, ਪਿੰਡ ਵਾਸੀਆਂ ਦੀਆਂ ਲੜਾਈਆਂ ਅਤੇ ਕਤਲਾਂ ਦਾ ਕਾਰਨ ਬਣੇ ਹਨ, ਜਿਸ ਨਾਲ ਪਿੰਡਾਂ ਦੀ ਸ਼ਾਂਤੀ ਭੰਗ ਹੋ ਰਹੀ ਹੈ। ਪਿੰਡ ਦੇ ਆਗੂਆਂ ਦਾ ਕਹਿਣਾ ਹੈ ਕਿ ਪਿੰਡ ਦੇ ਅੰਦਰ ਵਿਆਹਾਂ 'ਤੇ ਪਾਬੰਦੀ ਲਗਾਉਣ ਨਾਲ ਜਿੱਥੇ ਇਨ੍ਹਾਂ ਲੜਾਈਆਂ ਤੋਂ ਨਿਜਾਤ ਮਿਲੇਗੀ, ਉੱਥੇ ਹੀ ਭਾਈਚਾਰਕ ਸਾਂਝ ਵੀ ਬਣੀ ਰਹੇਗੀ। ਪੰਜਾਬ ਸਰਕਾਰ ਤੋਂ ਤੁਰੰਤ ਕਾਨੂੰਨੀ ਦਖਲ ਦੀ ਮੰਗ ਕਰਦੇ ਮਤੇ ਵਿੱਚ ਲਿਖਿਆ ਗਿਆ ਹੈ ਕਿ ਜੇ ਸੂਬਾ ਸਰਕਾਰ ਅਜਿਹੇ ਵਿਆਹਾਂ 'ਤੇ ਪਾਬੰਦੀ ਲਗਾਉਣ ਵਾਲਾ ਸਪੱਸ਼ਟ ਕਾਨੂੰਨ ਬਣਾਉਂਦੀ ਹੈ ਤਾਂ ਇਸ ਨਾਲ ਪਿੰਡਾਂ ਵਿੱਚ ਵਧ ਰਹੀ ਅਪਰਾਧ ਦਰ ਨੂੰ ਘਟਾਉਣ ਅਤੇ ਪੇਂਡੂ ਪੰਜਾਬ ਵਿੱਚ ਸਮਾਜੀ ਸਥਿਰਤਾ ਬਣਾਈ ਰੱਖਣ ਵਿੱਚ ਮਦਦ ਮਿਲੇਗੀ।

## ਬਿਹਾਰ 'ਚ ਮੁਟਿਆਰ ਨਾਲ ਐਂਬੂਲੈਂਸ 'ਚ ਬਲਾਤਕਾਰ

**ਪਟਨਾ :** ਬਿਹਾਰ ਦੇ ਬੋਧ ਗਯਾ ਵਿੱਚ ਵੀਰਵਾਰ ਹੋਮ ਗਾਰਡ ਦੀ ਭਰਤੀ ਲਈ ਦੌੜ ਲਾਉਣ ਵੇਲੇ ਬੇਹੋਸ਼ ਹੋ ਗਈ 26 ਸਾਲਾ ਮੁਟਿਆਰ ਨੂੰ ਹਸਪਤਾਲ ਲਿਜਾਂਦਿਆਂ ਐਂਬੂਲੈਂਸ ਵਿੱਚ ਕਥਿਤ ਬਲਾਤਕਾਰ ਕਰਨ ਦੇ ਸੰਬੰਧ 'ਚ ਡਰਾਈਵਰ ਤੇ ਟੈਕਨੀਸ਼ੀਅਨ ਨੂੰ ਗ੍ਰਿਫਤਾਰ ਕਰ ਲਿਆ ਗਿਆ ਹੈ। ਪੁਲਸ ਨੇ ਦੱਸਿਆ ਕਿ ਡਰਾਈਵਰ ਵਿਨੈ ਕੁਮਾਰ ਗਯਾ ਦੇ ਉਤਰੇਨ ਪਿੰਡ ਦਾ ਤੇ ਟੈਕਨੀਸ਼ੀਅਨ ਅਜੀਤ ਕੁਮਾਰ ਨਾਲੰਦਾ ਜ਼ਿਲ੍ਹੇ ਦੇ ਚੰਦਨਪੁਰ ਦਾ ਹੈ। ਐਂਬੂਲੈਂਸ ਐਮਰਜੈਂਸੀ ਨਾਲ ਨਿਪਟਣ ਲਈ ਰੰਗਰੂਟੀ ਵਾਲੀ ਥਾਂ ਪਾਰਕ ਕੀਤੀ ਹੋਈ ਸੀ। ਮੁਟਿਆਰ ਦੇ ਪਰਵਾਰ ਵਾਲਿਆਂ ਨੇ ਦੋਸ਼ ਲਾਇਆ ਕਿ ਕਈ ਮੁਟਿਆਰਾਂ ਦੇ ਭਰਤੀ ਲਈ ਦੌੜ ਲਾਉਣ ਦੇ ਬਾਵਜੂਦ ਐਂਬੂਲੈਂਸ ਵਿੱਚ ਕੋਈ ਮਹਿਲਾ ਮੁਲਾਜ਼ਮ ਨਹੀਂ ਸੀ। ਇਸ ਘਟਨਾ ਤੋਂ ਬਾਅਦ ਨਿਤਿਸ਼ ਸਰਕਾਰ ਦੀ ਹਮਾਇਤ ਕਰ ਰਹੇ ਲੋਕ ਜਨ ਸ਼ਕਤੀ ਪਾਰਟੀ (ਰਾਮ ਵਿਲਾਸ) ਦੇ ਆਗੂ ਤੇ ਸਾਂਸਦ ਚਿਰਾਗ ਪਾਸਵਾਨ ਨੇ ਕਿਹਾ ਕਿ ਉਨ੍ਹਾ ਨੂੰ ਅਜਿਹੀ ਸਰਕਾਰ ਨੂੰ ਹਮਾਇਤ ਦੇਣ 'ਤੇ ਦੁੱਖ ਹੋ ਰਿਹਾ ਹੈ, ਜਿਹੜੀ ਅਪਰਾਧ ਰੋਕਣ ਦੇ ਯੋਗ ਨਹੀਂ।

## ਪੱਤਰਕਾਰਾਂ ਦੀ ਪੈਨਸ਼ਨ 15 ਹਜ਼ਾਰ

**ਪਟਨਾ :** ਮੁੱਖ ਮੰਤਰੀ ਨਿਤੀਸ਼ ਕੁਮਾਰ ਨੇ 'ਬਿਹਾਰ ਪੱਤਰਕਾਰ ਸਨਮਾਨ' ਯੋਜਨਾ ਤਹਿਤ ਸੇਵਾਮੁਕਤ ਪੱਤਰਕਾਰਾਂ ਦੀ ਪੈਨਸ਼ਨ ਵਿੱਚ 9,000 ਰੁਪਏ ਪ੍ਰਤੀ ਮਹੀਨਾ ਵਾਧੇ ਦਾ ਐਲਾਨ ਕੀਤਾ ਹੈ। ਬਿਹਾਰ ਸਰਕਾਰ ਨਾਲ ਰਜਿਸਟਰਡ ਸਾਰੇ ਯੋਗ ਸੇਵਾਮੁਕਤ ਪੱਤਰਕਾਰਾਂ ਨੂੰ ਪਹਿਲਾਂ ਮਿਲਦੇ 6,000 ਰੁਪਏ ਦੀ ਥਾਂ ਹੁਣ 15,000 ਰੁਪਏ ਪੈਨਸ਼ਨ ਮਿਲੇਗੀ। ਨਿਤੀਸ਼ ਨੇ ਕਿਹਾ ਕਿ ਪੈਨਸ਼ਨ ਪ੍ਰਾਪਤ ਕਰਨ ਵਾਲੇ ਪੱਤਰਕਾਰ ਦੀ ਮੌਤ ਦੀ ਸਥਿਤੀ ਵਿੱਚ ਉਨ੍ਹਾਂ ਦੇ ਆਸ਼ਰਤ/ ਪਤੀ/ ਪਤਨੀ ਨੂੰ ਪਹਿਲਾਂ ਦੀ 3,000 ਰੁਪਏ ਦੀ ਬਜਾਏ 10,000 ਰੁਪਏ ਦੀ ਜੀਵਨ-ਭਰ ਮਾਸਕ ਪੈਨਸ਼ਨ ਮਿਲੇਗੀ।

## ਤਿੰਨ ਨਕਸਲੀ ਮਾਰੇ

**ਗੁਮਲਾ :** ਝਾਰਖੰਡ ਦੇ ਗੁਮਲਾ ਜ਼ਿਲ੍ਹੇ ਵਿੱਚ ਸਨਿੱਚਰਵਾਰ ਸਵੇਰੇ ਸੁਰੱਖਿਆ ਬਲਾਂ ਨੇ ਮੁਕਾਬਲੇ ਵਿੱਚ ਤਿੰਨ ਨਕਸਲੀ ਮਾਰ ਦਿੱਤੇ। ਅਧਿਕਾਰੀਆਂ ਨੇ ਕਿਹਾ ਕਿ ਜਾਣਕਾਰੀ ਮਿਲੀ ਸੀ ਕਿ ਝਾਰਖੰਡ ਜਨ ਮੁਕਤੀ ਪ੍ਰੀਸ਼ਦ ਦੇ ਮੈਂਬਰ ਘਾਗਰਾ ਦੇ ਜੰਗਲਾਂ ਵਿੱਚ ਸੁਰੱਖਿਆ ਬਲਾਂ 'ਤੇ ਹਮਲੇ ਦੀ ਯੋਜਨਾ ਘੜ ਰਹੇ ਹਨ। ਦੁਵੱਲੀ ਗੋਲੀਬਾਰੀ ਦੌਰਾਨ ਤਿੰਨ ਨਕਸਲੀ ਮਾਰੇ ਗਏ। ਮੌਕੇ ਤੋਂ ਇੱਕ ਏ ਕੇ 47 ਤੇ ਦੋ ਇਨਸਾਸ ਰਾਈਫਲਾਂ ਬਰਾਮਦ ਹੋਈਆਂ ਹਨ।

# ਜ਼ਿਲ੍ਹਾ ਫਰੀਦਕੋਟ ਨੇ ਪਾਰਟੀ ਕਾਂਗਰਸ ਲਈ ਅਰਸ਼ੀ ਨੂੰ 60 ਹਜ਼ਾਰ ਦਾ ਚੈੱਕ ਸੌਂਪਿਆ



**ਫਰੀਦਕੋਟ (ਐਲਿਗਜੈਂਡਰ ਡਿਸੂਜਾ)**

ਭਾਰਤੀ ਕਮਿਊਨਿਸਟ ਪਾਰਟੀ ਦੀ ਚੰਡੀਗੜ੍ਹ ਵਿਖੇ ਹੋਣ ਜਾ ਰਹੀ 25ਵੀਂ ਕਾਂਗਰਸ ਦੀਆਂ ਚੱਲ ਰਹੀਆਂ ਤਿਆਰੀਆਂ ਦਾ ਜਾਇਜ਼ਾ ਲੈਣ ਲਈ ਪਾਰਟੀ ਦੀ ਕੌਮੀ ਕੌਂਸਲ ਦੇ ਮੈਂਬਰ ਅਤੇ ਸਾਬਕਾ ਵਿਧਾਇਕ ਹਰਦੇਵ ਅਰਸ਼ੀ ਸਥਾਨਕ ਸ਼ਹੀਦ ਕਾਮਰੇਡ ਅਮੋਲਕ ਭਵਨ ਵਿਖੇ ਪਹੁੰਚੇ ਅਤੇ ਜ਼ਿਲ੍ਹੇ ਦੇ ਆਗੂਆਂ ਨਾਲ ਵਿਚਾਰ-ਵਟਾਂਦਰਾ ਕੀਤਾ। ਉਨ੍ਹਾ ਕਿਹਾ ਕਿ ਪੰਜਾਬ ਦੀ ਪਾਰਟੀ ਲਈ ਇਹ ਵੱਡੇ ਮਾਣ ਵਾਲੀ ਗੱਲ ਹੈ ਕਿ ਪਾਰਟੀ ਦੀ ਸਥਾਪਨਾ ਦੇ 100ਵੇਂ ਸਾਲ ਵਿੱਚ ਹੋਣ ਜਾ ਰਹੇ ਇਸ ਮਹਾਂ-ਸੰਮੇਲਨ ਦੀ ਮੇਜ਼ਬਾਨੀ ਕਰਨ ਦਾ ਮੌਕਾ ਪੰਜਾਬੀਆਂ ਨੂੰ ਮਿਲਿਆ ਹੈ, ਜੋ ਦੇਸ਼ ਭਰ ਵਿੱਚ ਆਪਣੀ ਮਹਿਮਾਨ-ਨਿਵਾਜ਼ੀ ਲਈ ਜਾਣੇ ਜਾਂਦੇ ਹਨ।

ਇਸ ਮੌਕੇ ਜ਼ਿਲਾ ਸਕੱਤਰ ਅਸ਼ੋਕ ਕੌਸ਼ਲ, ਵਿੱਤ ਸਕੱਤਰ ਮਾਸਟਰ ਗੁਰਚਰਨ ਸਿੰਘ ਮਾਨ, ਮੀਤ ਸਕੱਤਰ ਗੁਰਨਾਮ ਸਿੰਘ ਮਾਨੀ ਸਿੰਘ ਵਾਲਾ, ਸਾਬਕਾ ਸਰਪੰਚ ਜਗਤਾਰ ਸਿੰਘ ਭਾਣਾ, ਮੁਖਤਿਆਰ ਸਿੰਘ ਭਾਣਾ, ਗੋਰਾ ਪਿਪਲੀ, ਵੀਰ ਸਿੰਘ ਕੰਮੇਆਣਾ, ਜਗਤਾਰ ਸਿੰਘ ਰਾਜੋਵਾਲਾ, ਨੰਬਰਦਾਰ ਸੁੰਦਰ ਸਿੰਘ, ਚਰਨਜੀਤ ਚੰਮੇਲੀ ਅਤੇ ਪੱਪੀ ਢਿਲਵਾਂ ਨੇ ਪਾਰਟੀ ਕਾਂਗਰਸ ਲਈ ਕੀਤੀਆਂ ਜਾ ਰਹੀਆਂ ਤਿਆਰੀਆਂ ਬਾਰੇ ਦੱਸਿਆ। ਪੈਨਸ਼ਨਰ ਆਗੂ ਪ੍ਰੇਮ ਚਾਵਲਾ, ਕੁਲਵੰਤ ਸਿੰਘ ਚਾਨੀ, ਮਾਸਟਰ ਸੋਮ ਨਾਥ ਅਰੋੜਾ ਨੇ ਵੀ ਮਹਾਂ-ਸੰਮੇਲਨ ਲਈ ਤਨ, ਮਨ ਤੇ ਧਨ ਨਾਲ ਸਹਿਯੋਗ ਕਰਨ ਦਾ ਭਰੋਸਾ ਦਿੱਤਾ। ਇਸ ਮੌਕੇ ਹਾਜ਼ਰ ਮੈਂਬਰਾਂ ਵੱਲੋਂ ਹਰਦੇਵ ਅਰਸ਼ੀ ਨੂੰ 60 ਹਜ਼ਾਰ ਰੁਪਏ ਦਾ ਚੈੱਕ ਭੇਟ ਕੀਤਾ ਗਿਆ, ਜਦਕਿ ਕਰੀਬ ਡੇਢ ਲੱਖ ਰੁਪਏ ਦੀ ਰਾਸ਼ੀ ਜ਼ਿਲ੍ਹੇ ਵੱਲੋਂ ਪਹਿਲਾਂ ਹੀ ਭੇਜੀ ਜਾ ਚੁੱਕੀ ਹੈ। ਅਸ਼ੋਕ ਕੌਸ਼ਲ ਨੇ 21 ਸਤੰਬਰ ਨੂੰ ਮੁਹਾਲੀ ਵਿਖੇ ਹੋਣ ਵਾਲੀ ਰੈਲੀ ਵਿੱਚ ਜ਼ਿਲ੍ਹੇ ਤੋਂ ਘੱਟ ਤੋਂ ਘੱਟ ਪੰਜ ਬੱਸਾਂ ਭੇਜਣ ਦਾ ਭਰੋਸਾ ਦਿਵਾਇਆ।

# ਢਲਿਆਰਾ ਨੇੜੇ ਟਰੱਕ ਪਲਟਣ ਨਾਲ ਹਰਿਆਣਾ ਦੇ ਸ਼ਰਧਾਲੂ ਦੀ ਮੌਤ, 4 ਜ਼ਖਮੀ



**ਕਾਂਗੜਾ :** ਜ਼ਿਲ੍ਹੇ ਦੀ ਦੇਹਰਾ ਸਬ-ਡਵੀਜ਼ਨ ਦੇ ਢਲਿਆਰਾ ਨੇੜੇ ਸਨਿੱਚਰਵਾਰ ਸਵੇਰੇ ਕੌਮੀ ਸ਼ਾਹਰਾਹ ਉੱਤੇ ਸ਼ਰਧਾਲੂਆਂ ਨਾਲ ਭਰਿਆ ਟਰੱਕ ਪਲਟਣ ਕਰਕੇ ਇੱਕ ਵਿਅਕਤੀ ਦੀ ਮੌਤ ਹੋ ਗਈ, ਜਦੋਂਕਿ ਚਾਰ ਹੋਰ ਜ਼ਖਮੀ ਹੋ ਗਏ।

ਹਰਿਆਣਾ ਦੇ ਸਿਰਸਾ ਜ਼ਿਲ੍ਹੇ ਦੀ ਡੱਬਵਾਲੀ ਸਬ-ਡਵੀਜ਼ਨ ਦੇ ਓਧਣ ਪਿੰਡ ਦੇ ਸ਼ਰਧਾਲੂ ਮਾਤਾ ਚਿੰਤਪੁਰਨੀ ਮੱਥਾ ਟੇਕਣ ਤੋਂ ਬਾਅਦ ਲੰਗਰ ਦੀ ਸੇਵਾ ਲਈ ਮਾਤਾ ਜਵਾਲਾਮੁਖੀ ਮੰਦਰ ਵੱਲ ਜਾ ਰਹੇ ਸਨ। ਮ੍ਰਿਤਕ ਦੀ ਪਛਾਣ ਬਲਦੇਵ ਸਿੰਘ ਪੁੱਤਰ ਬਲਵਿੰਦਰ ਸਿੰਘ ਵਜੋਂ ਹੋਈ ਹੈ।

ਚਸ਼ਮਦੀਦਾਂ ਅਨੁਸਾਰ ਜਦੋਂ ਟਰੱਕ ਬੇਕਾਬੂ ਹੋ ਗਿਆ ਤਾਂ ਬਲਦੇਵ ਸਿੰਘ ਨੇ ਘਬਰਾਹਟ ਵਿੱਚ ਛਾਲ ਮਾਰ ਦਿੱਤੀ ਅਤੇ ਗੰਭੀਰ ਸੱਟਾਂ ਕਾਰਨ ਉਸ ਦੀ ਮੌਤ ਹੋ ਗਈ। ਡਰਾਈਵਰ ਲਖਵਿੰਦਰ ਸਿੰਘ ਨੇ ਦੱਸਿਆ ਕਿ ਖੂਨੀ ਮੋੜ ਨੇੜੇ ਇੱਕ ਖੜ੍ਹੀ ਉਤਰਾਈ ਦੌਰਾਨ ਟਰੱਕ ਦੀਆਂ ਬਰੇਕਾਂ ਫੇਲ੍ਹ ਹੋ ਗਈਆਂ। ਉਸ ਨੇ ਟਰੱਕ ਦੀ ਰਫਤਾਰ ਘਟਾਉਣ ਲਈ ਇੱਕ ਮੀਲ ਪੱਥਰ ਨੂੰ ਟੱਕਰ ਮਾਰਨ ਦੀ ਕੋਸ਼ਿਸ਼ ਕੀਤੀ, ਪਰ ਟਰੱਕ ਪਲਟ ਕੇ ਚਿੱਕੜ ਵਿੱਚ ਜਾ ਡਿੱਗਾ। ਇਕ ਮੁਕਾਮੀ ਵਿਅਕਤੀ ਨੇ ਕਿਹਾ, 'ਜੇ ਟਰੱਕ ਥੋੜ੍ਹਾ ਹੋਰ ਅੱਗੇ ਵਧਦਾ ਤਾਂ ਡੂੰਘੀ ਖੱਡ ਵਿੱਚ ਡਿੱਗ ਸਕਦਾ ਸੀ।'

# ਰੱਬ ਮੈਨੂੰ ਹੀ ਚੁੱਕ ਲੈਂਦਾ!



**ਜੈਪੁਰ :** ਰਾਜਸਥਾਨ ਦੇ ਝਾਲਾਵਾੜ ਜ਼ਿਲ੍ਹੇ ਦੇ ਪਿੰਡ ਪਿਪਲੋਦੀ ਵਿੱਚ ਸ਼ੁੱਕਰਵਾਰ ਮਿਡਲ ਸਕੂਲ ਦੀ ਛੱਤ ਡਿੱਗਣ ਨਾਲ ਜਿਹੜੇ 7 ਬੱਚੇ ਮਾਰੇ ਗਏ, ਉਨ੍ਹਾਂ ਵਿੱਚੋਂ ਦੋ ਇੱਕੋ ਮਾਂ ਦੇ ਸਨ। ਝਾਲਾਵਾੜ ਵਿੱਚ ਪੋਸਟਮਾਰਟਮ ਤੋਂ ਬਾਅਦ ਜਿਗਰ ਦੇ ਟੁਕੜਿਆਂ ਦੀਆਂ ਲਾਸ਼ਾਂ ਲੈਣ ਆਈ ਮਾਂ ਨੇ ਕਿਹਾ ਕਿ ਬੱਚਿਆਂ ਦੀ ਥਾਂ ਰੱਬ ਉਸ ਨੂੰ ਹੀ ਚੁੱਕ ਲੈਂਦਾ। ਉਹ ਕਹਿ ਰਹੀ ਸੀ—ਮੇਰਾ ਸਭ ਕੁਝ ਲੁੱਟ ਗਿਆ। ਬੇਟਾ ਤੇ ਬੇਟੀ ਦੋਨੋਂ ਚਲੇ ਗਏ। ਘਰ ਖਾਲੀ ਹੋ ਗਿਆ। ਵਿਹੜੇ ਵਿੱਚ ਖੇਡਣ ਵਾਲਾ ਕੋਈ ਨਹੀਂ ਰਿਹਾ। ਰੱਬ ਬੱਚਿਆਂ ਦੀ ਥਾਂ ਮੈਨੂੰ ਹੀ ਚੁੱਕ ਲੈਂਦਾ। ਇਸ ਅਭਾਗੀ ਮਹਿਲਾ ਦੀ 12 ਸਾਲਾ ਬੇਟੀ ਤੇ ਛੇ ਸਾਲਾ ਕਾਨ੍ਹਾ ਦੀ ਮੌਤ ਹੋ ਗਈ। 12 ਸਾਲ ਦੇ ਪਾਇਲ, ਪ੍ਰਿਅੰਕਾ, ਕੁੰਦਨ ਤੇ ਕਾਰਤਿਕ ਅਤੇ 8 ਸਾਲ ਦਾ ਹਰੀਸ਼ ਵੀ ਇਸ ਤ੍ਰਾਸਦੀ ਦਾ ਸ਼ਿਕਾਰ ਹੋ ਗਏ।

7 ਬੱਚਿਆਂ ਦੀ ਮੌਤ ਤੇ 28 ਦੇ ਜ਼ਖਮੀ ਹੋਣ ਨੇ ਸੂਬੇ ਵਿੱਚ ਪਿੰਡਾਂ ਵਿੱਚ ਸਕੂਲੀ ਢਾਂਚੇ ਦੀ ਖਸਤਾ ਹਾਲਤ ਵੱਲ ਮੁੜ ਧਿਆਨ ਖਿੱਚਿਆ ਹੈ। ਬੱਚਾ ਗੁਆਉਣ ਵਾਲੀ ਇਕ ਮਹਿਲਾ ਨੇ ਸਵਾਲ ਉਠਾਏ ਕਿ ਘਟਨਾ ਵੇਲੇ ਅਧਿਆਪਕ ਕੀ ਕਰ ਰਹੇ ਸਨ, ਉਹ ਬੱਚਿਆਂ ਨੂੰ ਅੰਦਰ ਛੱਡ ਕੇ ਬਾਹਰ ਕੀ ਕਰ ਰਹੇ ਸਨ।

ਰਿਪੋਰਟਾਂ ਮੁਤਾਬਕ ਬੱਚਿਆਂ ਨੇ ਇਮਾਰਤ ਦਾ ਹਿੱਸਾ ਡਿੱਗਣ ਤੋਂ ਥੋੜ੍ਹੀ ਦੇਰ ਪਹਿਲਾਂ ਆਪਣੇ ਅਧਿਆਪਕਾਂ ਨੂੰ ਕੁਝ ਵਾਪਰ ਜਾਣ ਬਾਰੇ ਖਬਰਦਾਰ ਕੀਤਾ ਸੀ, ਜਿਸ ਨੂੰ ਗੰਭੀਰਤਾ ਨਾਲ ਨਹੀਂ ਲਿਆ ਗਿਆ। ਕਈ ਵਿਦਿਆਰਥੀਆਂ ਨੇ ਸਕੂਲ ਦੀ ਇਮਾਰਤ ਵਿੱਚ ਕਈ ਅਸਾਧਾਰਨ ਸੰਕੇਤ ਦੇਖੇ ਅਤੇ ਅਧਿਆਪਕਾਂ ਨੂੰ ਸੂਚਿਤ ਕਰਨ ਲਈ ਭੱਜੇ, ਜੋ ਉਸ ਸਮੇਂ ਨਾਸ਼ਤਾ ਕਰ ਰਹੇ ਸਨ। ਅਧਿਆਪਕਾਂ ਨੇ ਮਸਲੇ ਦੀ ਜਾਂਚ ਕਰਨ ਦੀ ਬਜਾਏ ਬੱਚਿਆਂ ਨੂੰ ਦਬਕਾ ਮਾਰ ਕੇ ਕਲਾਸ ਵਿੱਚ ਵਾਪਸ ਘੱਲ ਦਿੱਤਾ। ਕੁਝ ਪਲਾਂ ਬਾਅਦ ਇਮਾਰਤ ਢਹਿ ਗਈ। ਇੱਕ ਵਿਦਿਆਰਥੀ ਨੇ 'ਇੰਡੀਆ ਟੂਡੇ ਟੀ ਵੀ' ਨੂੰ ਦੱਸਿਆ, 'ਲੈਂਟਰ 'ਚੋਂ ਕੰਕਰ ਡਿੱਗ ਰਹੇ ਸਨ। ਜਦੋਂ ਵਿਦਿਆਰਥੀਆਂ ਨੇ ਅਧਿਆਪਕਾਂ ਨੂੰ ਦੱਸਿਆ ਤਾਂ ਉਨ੍ਹਾਂ ਉਨ੍ਹਾਂ ਨੂੰ ਝਿੜਕਿਆ ਅਤੇ ਨਾਸ਼ਤਾ ਕਰਦੇ ਰਹੇ। ਥੋੜ੍ਹੀ ਦੇਰ ਬਾਅਦ ਕੰਧ ਢਹਿ ਗਈ ਅਤੇ ਛੱਤ ਬੱਚਿਆਂ 'ਤੇ ਡਿੱਗ ਪਈ। ਬਹੁਤ ਸਾਰੇ ਬੱਚੇ ਬਚਣ ਲਈ ਇਧਰ-ਉਧਰ ਭੱਜੇ, ਬਹੁਤ ਸਾਰੇ ਮਲਬੇ ਹੇਠ ਦੱਬ ਗਏ।'

ਕਾਂਗਰਸ ਪ੍ਰਧਾਨ ਮਲਿਕਾਰਜੁਨ ਖੜਗੇ ਨੇ ਕਿਹਾ, "ਜਿਹੜੀ ਸਰਕਾਰ ਸ਼ਿਕਾਇਤਾਂ ਦੇ ਬਾਵਜੂਦ ਸਾਡੇ ਬੱਚਿਆਂ ਦੇ ਸਕੂਲਾਂ ਦੀਆਂ ਛੱਤਾਂ ਦੀ ਮੁਰੰਮਤ ਨਹੀਂ ਕਰ ਸਕਦੀ, ਦੇਸ਼ ਦੇ ਭਵਿੱਖ ਲਈ 'ਵਿਕਸਤ ਭਾਰਤ' ਦੇ ਵੱਡੇ ਸੁਪਨੇ ਦਿਖਾਉਂਦੀ ਹੈ। ਵਿਕਾਸ ਬਾਰੇ ਵੱਡੇ-ਵੱਡੇ ਦਾਅਵੇ ਕਰਨ ਵਾਲੀ ਭਾਜਪਾ ਨੇ ਦੇਸ਼ ਨੂੰ ਬਰਬਾਦ ਕਰ ਦਿੱਤਾ ਹੈ। ਪੁਲ ਢਹਿਣਾ, ਰੇਲ ਹਾਦਸੇ, ਨਵੀਆਂ ਬਣੀਆਂ ਸੜਕਾਂ ਵਿੱਚ ਤਰੇੜਾਂ, ਉਦਘਾਟਨ ਤੋਂ ਬਾਅਦ ਮਹਾਨ ਸ਼ਖਸੀਅਤਾਂ ਦੀਆਂ ਮੂਰਤੀਆਂ ਦਾ ਨੁਕਸਾਨ ਇਹ ਸਭ ਆਮ ਹੋ ਗਏ ਹਨ। ਭਾਜਪਾ ਦਾ ਧਿਆਨ ਸਿਰਫ ਇੱਕ ਚੀਜ਼ 'ਤੇ ਕੇਂਦਰਤ ਹੈ—ਸੱਤਾ ਦੀ ਭੁੱਖ!"

ਰਾਹੁਲ ਗਾਂਧੀ ਨੇ ਕਿਹਾ, 'ਮੀਡੀਆ ਰਿਪੋਰਟਾਂ ਅਨੁਸਾਰ ਸਰਕਾਰ ਨੇ ਖਸਤਾ ਹਾਲ ਸਕੂਲਾਂ ਬਾਰੇ ਸ਼ਿਕਾਇਤਾਂ ਨੂੰ ਨਜ਼ਰਅੰਦਾਜ਼ ਕੀਤਾ, ਜਿਸ ਕਾਰਨ ਇਨ੍ਹਾਂ ਮਾਸੂਮ ਬੱਚਿਆਂ ਨੇ ਆਪਣੀਆਂ ਜਾਨਾਂ ਗੁਆ ਦਿੱਤੀਆਂ। ਇਨ੍ਹਾਂ ਵਿੱਚੋਂ ਜ਼ਿਆਦਾਤਰ ਬੱਚੇ ਬਹੁਜਨ ਸਮਾਜ ਦੇ ਸਨ। ਕੀ ਭਾਜਪਾ ਸਰਕਾਰ ਲਈ ਉਨ੍ਹਾਂ ਦੀ ਜਾਨ ਦੀ ਕੋਈ ਕੀਮਤ ਨਹੀਂ?

## ਅੱਜ-ਨਾਮਾ

ਕਿਸੇ ਨੇ ਵੇਖੀ ਤੇ ਕਿਸੇ ਤਸਵੀਰ ਨਹੀਂਉਂ,
ਡਿੱਗ ਪਿਆ ਤੂੜੀ ਦਾ ਇੱਕ ਟਰੱਕ ਮੀਆਂ।
ਜਾਂਦੀ ਕੋਲੋਂ ਸੀ ਕੋਈ ਇੱਕ ਕਾਰ ਉਸ ਦੇ,
ਨਹੀਂ ਸੀ ਸਮਾਂ ਕਿ ਲੈਣ ਇਹ ਡੱਕ ਮੀਆਂ।
ਆ ਗਈ ਇਹ ਕਾਰ ਟਰੱਕ ਦੀ ਮਾਰ ਥੱਲੇ,
ਲਈ ਬੱਸ ਤੂੜੀ ਦੇ ਢੇਰ ਉਹ ਢੱਕ ਮੀਆਂ।
ਡਰੇ ਪਏ ਲੋਕ ਨਹੀਂ ਜਾਂਦੇ ਸੀ ਕਾਰ ਲਾਗੇ,
ਪੈ ਗਿਆ ਅੱਗ ਸੀ ਲੱਗਣ ਦਾ ਸ਼ੱਕ ਮੀਆਂ।
ਬਚਿਆ ਮੁਸ਼ਕਲ ਪਰਵਾਰ ਸੀ ਤੋੜ ਸ਼ੀਸ਼ੇ,
ਆਇਆ ਮਸਾਂ ਫਿਰ ਸੁੱਖ ਦਾ ਸਾਹ ਮੀਆਂ।
ਚੱਲਦੇ ਰਹਿਣੇ ਇਹ ਉਵੇਂ ਟਰੱਕ ਫਿਰ ਵੀ,
ਕਰਨੀ ਸਿੱਖੀ ਨਹੀਂ ਕਿਸੇ ਪਰਵਾਹ ਮੀਆਂ।

-ਤੀਸ ਮਾਰ ਖਾਂ

# ਕਾਰਗਿਲ ਜੰਗ 'ਚ ਪੰਜਾਬੀ ਜਵਾਨਾਂ ਦੀਆਂ ਮਹਾਨ ਕੁਰਬਾਨੀਆਂ ਨੂੰ ਚੇਤੇ ਕੀਤਾ



**ਚੰਡੀਗੜ੍ਹ (ਗੁਰਜੀਤ ਬਿੱਲਾ, ਕ੍ਰਿਸ਼ਨ ਗਰਗ)**

ਮੁੱਖ ਮੰਤਰੀ ਭਗਵੰਤ ਮਾਨ ਨੇ ਸ਼ੁੱਕਰਵਾਰ ਕਾਰਗਿਲ ਵਿਜੇ ਦਿਵਸ ਮੌਕੇ ਕਰਵਾਏ ਸਮਾਗਮ ਦੌਰਾਨ ਸ਼ਹੀਦ ਸੈਨਿਕਾਂ ਨੂੰ ਸ਼ਰਧਾ ਦੇ ਫੁੱਲ ਭੇਟ ਕਰਦਿਆਂ ਕਿਹਾ ਕਿ ਕਾਰਗਿਲ ਜੰਗ ਦੌਰਾਨ ਫੌਜ ਦੇ ਜਾਂਬਾਜ਼ ਯੋਧਿਆਂ ਦੀ ਮਹਾਨ ਕੁਰਬਾਨੀ ਸਾਡੇ ਨੌਜਵਾਨਾਂ ਨੂੰ ਦੇਸ਼ ਭਗਤੀ ਦੇ ਜਜ਼ਬੇ ਨਾਲ ਨਿਰਸਵਾਰਥ ਹੋ ਕੇ ਮੁਲਕ ਦੀ ਸੇਵਾ ਕਰਨ ਲਈ ਸਦਾ ਪ੍ਰੇਰਿਤ ਕਰਦੀ ਰਹੇਗੀ।

ਮੁੱਖ ਮੰਤਰੀ ਨੇ ਇੱਥੇ ਬੋਗਨਵਿਲੀਆ ਗਾਰਡਨ 'ਚ ਸਥਿਤ ਜੰਗੀ ਯਾਦਗਾਰ ਵਿਖੇ ਫੁੱਲ-ਮਾਲਾ ਭੇਟ ਕੀਤੀ ਅਤੇ ਕਾਰਗਿਲ ਜੰਗ ਦੌਰਾਨ ਆਪਣੀਆਂ ਜਾਨਾਂ ਨਿਛਾਵਰ ਕਰਨ ਵਾਲੇ ਪੰਜਾਬ ਦੇ ਬਹਾਦਰ ਜਵਾਨਾਂ ਨੂੰ ਨਮਨ ਕਰਦਿਆਂ ਸ਼ਰਧਾਂਜਲੀ ਦਿੱਤੀ।

ਉਨ੍ਹਾਂ ਕਿਹਾ ਕਿ ਸੈਨਿਕਾਂ ਦੇ ਮਿਸਾਲੀ ਯੋਗਦਾਨ ਦੇ ਸਤਿਕਾਰ ਵਜੋਂ ਸੂਬਾ ਸਰਕਾਰ ਵੱਲੋਂ ਡਿਊਟੀ ਦੌਰਾਨ ਸ਼ਹਾਦਤ ਪ੍ਰਾਪਤ ਕਰਨ ਵਾਲੇ ਸੈਨਿਕ ਦੇ ਪਰਵਾਰ ਨੂੰ ਇਕ ਕਰੋੜ ਰੁਪਏ ਦੀ ਵਿੱਤੀ ਸਹਾਇਤਾ ਦਿੱਤੀ ਜਾਂਦੀ ਹੈ। ਮਾਨ ਨੇ ਕਿਹਾ ਕਿ ਸੂਬਾ ਸਰਕਾਰ ਦਾ ਇਹ ਉਪਰਾਲਾ ਸਾਡੇ ਸੈਨਿਕਾਂ ਵੱਲੋਂ ਕੀਤੀ ਜਾ ਰਹੀ ਦੇਸ਼ ਸੇਵਾ ਪ੍ਰਤੀ ਨਿਮਾਣੀ ਜਿਹੀ ਕੋਸ਼ਿਸ਼ ਹੈ।

ਇਸ ਮੌਕੇ ਐੱਨ ਸੀ ਸੀ ਕੈਡਿਟਾਂ ਅਤੇ ਮਹਾਰਾਜਾ ਰਣਜੀਤ ਸਿੰਘ ਆਰਮਡ ਫੋਰਸਿਜ਼ ਪ੍ਰੈਪਰੇਟਰੀ ਇੰਸਟੀਚਿਊਟ ਤੇ ਮਾਈ ਭਾਗੋ ਆਰਮਿਡ ਫੋਰਸਿਜ਼ ਪ੍ਰੈਪਰੇਟਰੀ ਇੰਸਟੀਚਿਊਟ ਮੁਹਾਲੀ ਦੇ ਕੈਡਿਟਾਂ ਨਾਲ ਸੰਖੇਪ ਵਿਚ ਗੱਲਬਾਤ ਕਰਦਿਆਂ ਮੁੱਖ ਮੰਤਰੀ ਨੇ ਉਨ੍ਹਾਂ ਨੂੰ ਦੇਸ਼ ਦੀ ਏਕਤਾ ਤੇ ਅਖੰਡਤਾ ਦੀ ਰਾਖੀ ਲਈ ਹਥਿਆਰਬੰਦ ਸੈਨਾਵਾਂ ਵਿਚ ਸ਼ਾਮਲ ਹੋਣ ਲਈ ਉਤਸ਼ਾਹਤ ਕੀਤਾ।

ਮਾਨ ਨੇ ਕਿਹਾ ਕਿ ਉਹ ਬਾਕੀ ਨੌਜਵਾਨਾਂ ਦੇ ਅੰਦਰ ਵੀ ਦੇਸ਼ ਭਗਤੀ ਅਤੇ ਰਾਸ਼ਟਰਵਾਦ ਦਾ ਜਜ਼ਬਾ ਪੈਦਾ ਕਰਨ ਲਈ ਰੋਲ ਮਾਡਲ ਬਣ ਸਕਦੇ ਹਨ।

# ਕਾਰਗਿਲ ਜੰਗ ਦੇ ਰਿਕਾਰਡ 'ਚ ਸੁਧਾਰ ਲਈ ਸੁਪਰੀਮ ਕੋਰਟ 'ਚ ਪਟੀਸ਼ਨ

**ਨਵੀਂ ਦਿੱਲੀ :** ਕਾਰਗਿਲ ਬ੍ਰਿਗੇਡ ਦੇ ਕਮਾਂਡਰ ਰਹੇ ਬ੍ਰਿਗੇਡੀਅਰ ਸੁਰਿੰਦਰ ਸਿੰਘ ਨੇ ਸੁਪਰੀਮ ਕੋਰਟ ਵਿੱਚ ਪਟੀਸ਼ਨ ਦਾਇਰ ਕਰਕੇ ਕਾਰਗਿਲ ਜੰਗ ਦੇ ਰਿਕਾਰਡਾਂ ਵਿੱਚ ਸੁਧਾਰ ਕੀਤੇ ਜਾਣ ਦੀ ਮੰਗ ਕੀਤੀ ਹੈ। ਉਨ੍ਹਾ ਨੂੰ ਜੰਗ ਦੌਰਾਨ ਅੱਧ ਵਿਚਕਾਰ ਕਮਾਂਡ ਤੋਂ ਹਟਾ ਦਿੱਤਾ ਗਿਆ ਸੀ ਅਤੇ ਬਾਅਦ ਵਿੱਚ ਕਥਿਤ ਤੌਰ 'ਤੇ ਵਰਗੀਕ੍ਰਿਤ/ ਖੁਫੀਆ ਕਰਾਰ ਦਿੱਤੇ ਗਏ ਦਸਤਾਵੇਜ਼ਾਂ ਨੂੰ ਗਲਤ ਢੰਗ ਨਾਲ ਸੰਭਾਲਣ ਦੇ ਦੋਸ਼ ਵਿੱਚ ਉਨ੍ਹਾ ਦੀਆਂ ਸੇਵਾਵਾਂ ਖਤਮ ਕਰ ਦਿੱਤੀਆਂ ਗਈਆਂ ਸਨ।

ਉਨ੍ਹਾ ਦਾਅਵਾ ਕੀਤਾ ਕਿ ਸੱਚਾਈ ਅਜੇ ਵੀ ਨੌਕਰਸ਼ਾਹਾਨਾ ਚੁੱਪ ਅਤੇ ਤੋੜੀਆਂ-ਮਰੋੜੀਆਂ ਗਈਆਂ ਰਿਪੋਰਟਾਂ ਦੀਆਂ ਪਰਤਾਂ ਹੇਠ ਦੱਬੀ ਹੋਈ ਹੈ। ਉਨ੍ਹਾ ਸੁਪਰੀਮ ਕੋਰਟ ਦੇ ਜੱਜ ਜਾਂ ਮੰਤਰੀਆਂ ਦੇ ਮੌਜੂਦਾ ਸਮੂਹ ਦੀ ਅਗਵਾਈ ਵਿੱਚ ਇੱਕ ਨਵੀਂ ਜਾਂਚ ਕਰਵਾਏ ਜਾਣ ਦੀ ਮੰਗ ਕੀਤੀ ਹੈ।

ਜੰਗ ਦਾ ਕਾਰਨ ਬਣਨ ਵਾਲੀਆਂ ਘਟਨਾਵਾਂ ਅਤੇ ਜ਼ਮੀਨੀ ਪੱਧਰ 'ਤੇ ਵਾਪਰੀਆਂ ਕਾਰਵਾਈਆਂ ਦਾ ਵੇਰਵਾ ਦਿੰਦਿਆਂ ਉਨ੍ਹਾ ਫੌਜ ਦੇ ਸਿਖਰਲੇ ਢਾਂਚੇ 'ਤੇ ਤੱਥਾਂ ਨੂੰ ਦਬਾਉਣ, ਝੂਠੇ ਬਿਰਤਾਂਤ ਬਣਾਉਣ, ਮੁੱਖ ਨਿਯੁਕਤੀਆਂ ਵਿੱਚ ਫੇਰਬਦਲ ਕਰਨ ਅਤੇ ਗੰਭੀਰ ਹਕੀਕਤ ਨੂੰ ਜਾਣਨ ਦੇ ਬਾਵਜੂਦ ਸਥਿਤੀ ਨਾਲ ਨਜਿੱਠਣ ਲਈ ਮਨੁੱਖੀ ਅਤੇ ਭੌਤਿਕ ਸਰੋਤਾਂ ਨੂੰ ਰੋਕਣ ਦਾ ਦੋਸ਼ ਲਗਾਇਆ ਹੈ। ਉਨ੍ਹਾ ਕਿਹਾ ਕਿ ਚੋਟੀ ਦੇ ਜਨਰਲਾਂ ਦੇ ਫੈਸਲੇ ਸਾਰੀਆਂ ਫੌਜੀ ਸਿੱਖਿਆਵਾਂ ਅਤੇ ਸਥਾਪਤ ਅਭਿਆਸਾਂ ਦੇ ਉਲਟ ਸਨ। ਉਨ੍ਹਾ ਕਿਹਾ ਕਿ ਸਰਕਾਰ ਵੱਲੋਂ ਸਥਾਪਤ ਕਾਰਗਿਲ ਸਮੀਖਿਆ ਕਮੇਟੀ (ਕੇ ਆਰ ਸੀ) ਦਾ ਦਾਇਰਾ ਸੀਮਤ ਸੀ ਅਤੇ ਇਸ ਨੇ ਚਸ਼ਮਦੀਦਾਂ ਤੇ ਫਰੰਟਲਾਈਨ 'ਤੇ ਵੱਖ-ਵੱਖ ਪੱਧਰਾਂ 'ਤੇ ਜ਼ਮੀਨੀ ਫੌਜਾਂ ਅਤੇ ਕਮਾਂਡਰਾਂ ਤੋਂ ਸਿੱਧੇ ਸਬੂਤਾਂ ਦੀ ਜਾਂਚ ਨਾ ਕਰਕੇ ਇੱਕ ਨੁਕਸਦਾਰ ਵਿਧੀ ਅਪਣਾਈ ਸੀ। ਉਨ੍ਹਾ ਕਿਹਾ ਕਿ ਜ਼ਿਆਦਾਤਰ ਤੱਥਾਂ ਦੀ ਕੇ ਆਰ ਸੀ ਵੱਲੋਂ ਜਾਂਚ ਨਹੀਂ ਕੀਤੀ ਗਈ, ਕਿਉਂਕਿ ਇਸ ਨੂੰ ਉਨ੍ਹਾਂ ਬਾਰੇ ਜਾਣੂ ਨਹੀਂ ਕਰਵਾਇਆ ਗਿਆ ਸੀ। ਇਸ ਗੰਭੀਰ ਘਾਟ ਦੇ ਬਾਵਜੂਦ ਕੇ ਆਰ ਸੀ ਨੇ ਕੌਮੀ ਸੁਰੱਖਿਆ ਲਈ ਉਪਾਵਾਂ ਦੀ ਸਿਫਾਰਸ਼ ਕਰਨ ਅਤੇ ਭਵਿੱਖ ਵਿੱਚ ਇਸ ਤਰ੍ਹਾਂ ਦੀਆਂ ਘਟਨਾਵਾਂ ਨੂੰ ਰੋਕਣ ਸੰਬੰਧੀ ਸਿਫਾਰਸ਼ਾਂ ਦੇਣ ਲਈ ਅੱਗੇ ਵਧਣ ਦਾ ਫੈਸਲਾ ਕੀਤਾ।


CMYK

## ਰੂਪ ਵਾਟਿਕਾ ਸਕੂਲ ਦੀ ਕਬੱਡੀ ਟੀਮ ਦੂਜੇ ਸਥਾਨ 'ਤੇ ਰਹੀ



**ਜਗਰਾਉਂ (ਅਮਿਤ ਖੰਨਾ)**-ਰੂਪ ਵਾਟਿਕਾ ਸਕੂਲ ਦੀ ਕਬੱਡੀ ਟੀਮ ਨੇ ਪੰਜਾਬ ਸਕੂਲ ਜ਼ੋਨਲ ਟੂਰਨਾਮੈਂਟ, ਜੋ ਸਰਕਾਰੀ ਹਾਈ ਸਕੂਲ, ਰਾਮਗੜ੍ਹ ਭੁੱਲਰ ਦੁਆਰਾ ਕਰਾਇਆ ਗਿਆ, ਵਿੱਚ ਦੂਜਾ ਸਥਾਨ ਪ੍ਰਾਪਤ ਕਰਕੇ ਸ਼ਾਨਦਾਰ ਜਿੱਤ ਦਰਜ ਕੀਤੀ ਹੈ।ਮੈਚ ਸ਼ੁਰੂ ਤੋਂ ਹੀ ਰੋਮਾਂਚਕ ਰਿਹਾ ਤੇ ਸਾਡੀ ਟੀਮ ਨੇ ਸ਼ਾਨਦਾਰ ਰਣਨੀਤੀ ਤੇ ਜਜ਼ਬੇ ਨਾਲ ਪ੍ਰਤੀਦਵੰਦੀਆਂ ਨੂੰ ਮਾਤ ਦਿੱਤੀ।ਟੀਮ ਦੇ ਸਭ ਖਿਡਾਰੀਆਂ ਨੇ ਸ਼ਾਨਦਾਰ ਦਿਖਾਵਾ ਕੀਤਾ। ਟੀਮ ਵਿੱਚ ਸੰਦੀਪ ਰਤੂਰੀ, ਜਸਕਰਨ ਸਿੰਘ, ਰੋਸ਼ਨ ਕੁਮਾਰ, ਜੋਬਨਦੀਪ ਸਿੰਘ, ਹਰਜੋਤ ਸਿੰਘ, ਵਿਨੀਤ ਸ਼ਰਮਾ, ਖੁਸ਼ਦੀਪ ਬੱਬਰ, ਸੁਖਦੀਪ ਸਿੰਘ ਤੇ ਪਰਮਿੰਦਰ ਸਿੰਘ ਨੇ ਭਾਗ ਲਿਆ।ਸਾਰੇ ਹੀ ਖਿਡਾਰੀਆਂ ਨੇ ਬੜੇ ਹੀ ਜੋਸ਼ ਨਾਲ ਮੈਚ ਖੇਡਿਆ। ਸਕੂਲ ਦੀ ਮੁੱਖ ਅਧਿਆਪਕਾ ਸ੍ਰੀਮਤੀ ਵਿੰਮੀ ਠਾਕੁਰ ਨੇ ਸਾਰੀ ਟੀਮ ਨੂੰ ਵਧਾਈ ਦਿੰਦੇ ਹੋਏ ਕਿਹਾ ਕਿ ਇਹ ਜਿੱਤ ਸਖ਼ਤ ਮਿਹਨਤ, ਏਕਤਾ ਤੇ ਲਗਨ ਦਾ ਨਤੀਜਾ ਹੈ।

## ਹਰਿਆਲੀ ਤੀਜ ਦਾ ਤਿਉਹਾਰ ਜੋਸ਼ੋ-ਖਰੋਸ਼ ਨਾਲ ਮਨਾਇਆ



**ਸੁਨਾਮ (ਅਸ਼ੋਕ ਬਾਂਸਲ, ਹਾਕਮ ਭੱਟੀ)**-ਬ੍ਰਹਮਾਕੁਮਾਰੀਜ਼ ਆਸ਼ਰਮ ਵਿੱਚ ਹਰਿਆਲੀ ਤੀਜ ਦਾ ਤਿਉਹਾਰ ਧਾਰਮਿਕ ਤੇ ਸੱਭਿਆਚਾਰਕ ਰੂਪ 'ਚ ਸ਼ਾਨਦਾਰ ਢੰਗ ਨਾਲ ਮਨਾਇਆ ਗਿਆ।ਸਮਾਗਮ ਕੇਂਦਰ ਦੀ ਇੰਚਾਰਜ ਬੀਕੇ ਮੀਰਾ ਦੀਦੀ ਦੀ ਅਗਵਾਈ ਹੇਠ ਕੀਤਾ ਗਿਆ।ਸ਼ਹਿਰ ਦੇ ਕੋਨੇ-ਕੋਨੇ ਤੋਂ ਆਈਆਂ ਔਰਤਾਂ ਨੇ ਗਿੱਧਾ, ਬੋਲੀਆਂ ਤੇ ਡਾਂਸ ਕਰਕੇ ਸਮਾਰੋਹ ਨੂੰ ਰੰਗੀਨ ਤੇ ਖੁਸ਼ਨੁਮਾ ਬਣਾਇਆ।ਬੀਕੇ ਮੀਰਾ ਦੀਦੀ ਨੇ ਤੀਜ ਦੀ ਆਧਿਆਤਮਿਕ ਮਹੱਤਤਾ ਨੂੰ ਉਜਾਗਰ ਕਰਦਿਆਂ ਕਿਹਾ ਕਿ ਇਹ ਤਿਉਹਾਰ ਔਰਤ ਦੇ ਤਿਆਗ, ਪਿਆਰ ਤੇ ਨਿਸ਼ਠਾ ਦਾ ਪ੍ਰਤੀਕ ਹੈ। ਉਨ੍ਹਾਂ ਕਿਹਾ ਕਿ ਅਧਿਆਤਮਕ ਤੌਰ 'ਤੇ ਇਹ ਤਿਉਹਾਰ ਆਤਮਾ ਅਤੇ ਪ੍ਰਮਾਤਮਾ ਦੇ ਮਿਲਨ ਦੀ ਯਾਦ ਦਿਵਾਉਂਦਾ ਹੈ, ਜਿਵੇਂ ਕੁਦਰਤ ਵਿੱਚ ਹਰਿਆਵਲੀ ਸੁਹਾਵਣੀ ਲੱਗਦੀ ਹੈ, ਉਸੇ ਤਰ੍ਹਾਂ ਅਸੀਂ ਅੰਦਰੋਂ ਖੁਸ਼ ਹਾਂ ਤਾਂ ਅਸੀਂ ਆਪਣੇ ਜੀਵਨ ਰਾਹੀਂ ਹੋਰਨਾਂ ਨੂੰ ਵੀ ਖੁਸ਼ੀ ਦੇ ਸਕਦੇ ਹਾਂ।

## ਸੇਂਟ ਜੇਵੀਅਰਜ਼ ਸਕੂਲ ਅਤਾਲਾਂ 'ਚ ਤੀਜ ਦਾ ਤਿਉਹਾਰ ਮਨਾਇਆ



**ਸਮਾਣਾ (ਗੁਰਪਿਆਰ ਸਿੰਘ ਬੱਲ)**-ਸੇਂਟ ਜੇਵੀਅਰਜ਼ ਇੰਟਰਨੈਸ਼ਨਲ ਸਕੂਲ ਅਤਾਲਾਂ ਵਿੱਚ ਸ਼ੁੱਕਰਵਾਰ ਨੂੰ ਤੀਆਂ ਦਾ ਰੰਗੀਨ ਤੇ ਰਵਾਇਤੀ ਤਿਉਹਾਰ ਸਕੂਲ ਸਮੇਂ ਦੌਰਾਨ ਵੱਡੀ ਧੂਮਧਾਮ ਤੇ ਉਤਸ਼ਾਹ ਨਾਲ ਮਨਾਇਆ ਗਿਆ।ਇਸ ਤਿਉਹਾਰ ਦਾ ਮੁੱਖ ਉਦੇਸ਼ ਵਿਦਿਆਰਥੀਆਂ 'ਚ ਸੱਭਿਆਚਾਰਕ ਮੁੱਲਾਂ ਦੀ ਪੈਰਵੀ ਕਰਨਾ ਤੇ ਪੰਜਾਬੀ ਵਿਰਸੇ ਨੂੰ ਉਜਾਗਰ ਕਰਨਾ ਸੀ।ਪ੍ਰੋਗਰਾਮ ਦੌਰਾਨ ਨਾਚ ਤੇ ਗਾਇਕੀ ਤੋਂ ਇਲਾਵਾ ਵੱਖ-ਵੱਖ ਮੁਕਾਬਲੇ ਕਰਵਾਏ ਗਏ, ਜਿਵੇਂ ਕਿ ਪੰਜਾਬੀ ਪਹਿਰਾਵਾ ਮੁਕਾਬਲਾ, ਮਿਸਟਰ ਤੇ ਮਿਸ ਪੰਜਾਬਣ, ਮਹਿੰਦੀ ਕਲਾ, ਪੱਗ ਬੰਨਣ ਮੁਕਾਬਲਾ, ਪੇਂਟਿੰਗ ਅਤੇ ਸੀ ਬੀ ਐੱਸ ਈ ਦੇ ਪਹਿਲ ਅਨੁਸਾਰ 'ਇਕ ਦਰੱਖ਼ਤ ਮਾਂ ਦੇ ਨਾਂ' ਵਿੱਚ ਕੋਸ਼ਿਸ਼ ਹੈ ਤੇ ਹਰ ਵਿਦਿਆਰਥੀ ਵੱਲੋਂ ਇੱਕ ਇੱਕ ਰੁੱਖ ਸਕੂਲ ਵਿੱਚ ਤੇ ਬਾਹਰ ਲਗਾਇਆ ਗਿਆ।ਵਿਦਿਆਰਥੀਆਂ ਵੱਲੋਂ ਨੇ ਰੰਗ-ਬਰੰਗੇ ਰਵਾਇਤੀ ਪਹਿਰਾਵੇ ਪਾ ਕੇ ਤਿਉਹਾਰ ਦੀ ਖੁਸ਼ੀ ਨੂੰ ਹੋਰ ਵੀ ਮਨੋਹਰ ਬਣਾਇਆ।ਮਾਪਿਆਂ ਤੇ ਅਧਿਆਪਕਾਂ ਦਾ ਵੀ ਪੂਰਾ ਸਹਿਯੋਗ ਰਿਹਾ। ਜਿਸ ਨਾਲ ਇਹ ਤਿਉਹਾਰ ਬਹੁਤ ਹੀ ਸਫਲ ਰਿਹਾ। ਪ੍ਰੋਗਰਾਮ ਦੇ ਅੰਤ ਵਿੱਚ ਜਿੱਤਣ ਵਾਲੇ ਵਿਦਿਆਰਥੀਆਂ ਨੂੰ ਵਿਸ਼ੇਸ਼ ਇਨਾਮ ਦੇ ਕੇ ਸਨਮਾਨਤ ਕੀਤਾ ਗਿਆ।ਸਮਾਗਮ ਪ੍ਰਿੰਸੀਪਲ ਵਿਕਾਸ ਸਿੰਘ, ਰਾਣੂ ਸਿੰਘ, ਅਰਨਬ ਸਰਕਾਰ, ਅਨਿੰਦੀਆ ਸਰਕਾਰ, ਬੰਦਨਾ ਸਰਕਾਰ, ਤਨੁਸ਼੍ਰੀ ਸਰਕਾਰ ਤੇ ਸਟਾਫ ਮੈਂਬਰਾਂ ਨੇ ਸਾਰੇ ਭਾਗੀਦਾਰਾਂ ਨੂੰ ਵਧਾਈ ਦਿੱਤੀ ਅਤੇ ਪੰਜਾਬੀ ਸੱਭਿਆਚਾਰਕ ਸਿੱਖਿਆ ਦੀ ਲੋੜ ਤੇ ਮਹੱਤਤਾ ਉੱਤੇ ਜ਼ੋਰ ਦਿੱਤਾ।

## ਮਾਤਾ ਚਿੰਤਪੁਰਨੀ ਲਈ 33ਵੇਂ ਭੰਡਾਰੇ ਦੀ ਰਸਦ ਰਵਾਨਾ




**ਬਠਿੰਡਾ (ਰਾਜੀਵ ਗੋਇਲ)**-ਜ਼ਿਲ੍ਹੇ ਦੇ ਕਸਬਾ ਭਗਤਾ ਭਾਈ ਕਾ ਦੀ ਮਾਂ ਚਿੰਤਪੁਰਨੀ ਸੇਵਾ ਸੰਮਤੀ ਵੱਲੋਂ ਮਾਤਾ ਛਿੰਨਮਸਤਕਾ ਧਾਮ ਵਿਖੇ ਆਏ ਵਰ੍ਹੇ ਦੀ ਤਰ੍ਹਾਂ ਇਸ ਵਾਰ ਵੀ ਸਾਉਣ ਦੇ ਮੇਲੇ ਨੂੰ ਲੈ ਕੇ ਲਗਾਏ ਜਾਣ ਵਾਲੇ ਭੰਡਾਰੇ ਦੀ ਰਸਦ ਗੀਤਾ ਭਵਨ ਤੋਂ ਰਵਾਨਾ ਕੀਤੀ ਗਈ। ਜਾਣਕਾਰੀ ਦਿੰਦਿਆਂ ਸਮੂਹ ਕਮੇਟੀ ਮੈਂਬਰਾਂ ਨੇ ਦੱਸਿਆ ਕਿ ਸਮੂਹ ਸੇਵਾ ਸੰਮਤੀ ਤੇ ਨਗਰ ਦੇ ਸਹਿਯੋਗ ਨਾਲ ਲੱਗਣ ਵਾਲਾ ਇਹ 33ਵਾਂ ਭੰਡਾਰਾ ਹੈ, ਜਿਹੜਾ 25 ਜੁਲਾਈ ਤੋਂ ਲੈ ਕੇ 1 ਅਗਸਤ ਤੱਕ ਨਿਰੰਤਰ ਚੱਲੇਗਾ। ਉਨ੍ਹਾਂ ਦੱਸਿਆ ਕਿ ਇਹ ਭੰਡਾਰਾ 'ਭਗਤਾ ਭਾਈ ਕਾ ਵਾਲਿਆਂ ਦੀ ਧਰਮਸ਼ਾਲਾ ਵਿਖੇ' ਚੱਲੇਗਾ। ਕਮੇਟੀ ਵੱਲੋਂ ਸਮੂਹ ਮਾਤਾ ਦੇ ਭਗਤਾਂ ਨੂੰ ਇਸ ਭੰਡਾਰੇ ਵਿੱਚ ਹਾਜ਼ਰੀ ਲਗਵਾਉਣ ਦੀ ਅਪੀਲ ਕੀਤੀ ਗਈ ਹੈ। ਇਸ ਮੌਕੇ ਸਮੂਹ ਕਮੇਟੀ ਮੈਂਬਰਾਂ ਤੋਂ ਇਲਾਵਾ ਗੀਤਾ ਭਵਨ ਭਗਤਾ ਦੇ ਪੁਜਾਰੀ ਤੇ ਸੇਵਾਦਾਰ ਹਾਜ਼ਰ ਸਨ।

## ਐੱਸ ਵੀ ਆਈ ਈ ਟੀ ਵੱਲੋਂ ਵਿਦਿਆਰਥੀ ਭਲਾਈ ਵਿਭਾਗ ਦੀ ਸ਼ਾਨਦਾਰ ਕਾਮਯਾਬੀ ਨੂੰ ਸਮਰਪਤ ਸਮਾਗਮ



**ਰਾਜਪੁਰਾ (ਰਮੇਸ਼ ਕਟਾਰੀਆ)**-ਸਵਾਮੀ ਵਿਵੇਕਾਨੰਦ ਇੰਸਟੀਚਿਊਟ ਆਫ ਇੰਜੀਨੀਅਰਿੰਗ ਐਂਡ ਟੈਕਨੋਲੋਜੀ (ਐੱਸ.ਵੀ.ਆਈ.ਈ.ਟੀ.) ਦੇ ਵਿਦਿਆਰਥੀ ਭਲਾਈ ਵਿਭਾਗ ਵੱਲੋਂ ਸੱਭਿਆਚਾਰਕ ਤੇ ਗੈਰ-ਅਕਾਦਮਿਕ ਗਤੀਵਿਧੀਆਂ ਵਿੱਚ ਹਾਸਲ ਕੀਤੀਆਂ ਕਾਮਯਾਬੀਆਂ ਸੰਸਥਾ ਲਈ ਮਾਣ ਦਾ ਵਿਸ਼ਾ ਹਨ। ਭਾਵੇਂ ਉਹ ਭੰਗੜਾ ਹੋਵੇ, ਲੁੱਡੀ, ਲਲਿਤ ਕਲਾ, ਸਾਹਿਤ, ਨਾਟਕ ਜਾਂ ਹੋਰ ਕੋਈ ਵੀ ਸੱਭਿਆਚਾਰਕ ਮੰਚ ਹੋਵੇ, ਸਾਡੀਆਂ ਟੀਮਾਂ ਨੇ ਹਰ ਪੱਖੋਂ ਚਮਕਦਾਰ ਪ੍ਰਦਰਸ਼ਨ ਕਰਕੇ ਐੱਸ.ਵੀ.ਆਈ.ਈ.ਟੀ. ਦਾ ਨਾਮ ਰੌਸ਼ਨ ਕੀਤਾ ਹੈ।ਇਸ ਮਾਣ ਪੂਰਨ ਪਲ ਵਿਚ ਵਿਦਿਆਰਥੀ ਭਲਾਈ ਵਿਭਾਗ ਦੇ ਡੀਨ ਸ. ਸਰਬਜੀਤ ਸਿੰਘ ਨੇ ਪ੍ਰਧਾਨ ਅਸ਼ੋਕ ਗਰਗ, ਡਾਇਰੈਕਟਰ ਅਕੈਡਮਿਕਸ ਪ੍ਰੋ. ਸੰਜੀਵ ਸੈਣੀ ਤੇ ਡਾਇਰੈਕਟਰ ਪਲੇਸਮੈਂਟਸ ਸ਼ੁਭਮ ਗਰਗ ਨਾਲ ਮਿਲ ਕੇ ਵਿਦਿਆਰਥੀਆਂ ਵੱਲੋਂ ਜਿੱਤੀਆਂ ਟ੍ਰੌਫੀਆਂ ਦੇ ਸਾਹਮਣੇ ਖੜ੍ਹ ਕੇ ਇਸ ਯਾਦਗਾਰ ਪਲ ਨੂੰ ਸਾਂਝਾ ਕੀਤਾ।ਇਹ ਟ੍ਰੌਫੀਆਂ ਨਾ ਸਿਰਫ ਇਨਾਮ ਹਨ, ਸਗੋਂ ਐੱਸ.ਵੀ.ਆਈ.ਈ.ਟੀ. ਦੀ ਉਸ ਉਤਕ੍ਰਿਸ਼ਟਤਾ ਦੀ ਨਿਸ਼ਾਨੀ ਹਨ, ਜੋ ਸੰਸਥਾ ਨੇ ਵਿਦਿਆਰਥੀਆਂ ਦੇ ਸਰਵਾਂਗੀਣ ਵਿਕਾਸ ਲਈ ਕਾਇਮ ਕੀਤੀ ਹੈ।ਸ. ਸਰਬਜੀਤ ਸਿੰਘ ਨੇ ਇਨ੍ਹਾਂ ਉਪਲਬਧੀਆਂ ਲਈ ਵਿਦਿਆਰਥੀਆਂ ਨੂੰ ਮੁਬਾਰਕਬਾਦ ਦਿੱਤੀ ਤੇ ਸੰਸਥਾ ਪ੍ਰਬੰਧਨ ਦਾ ਧੰਨਵਾਦ ਕੀਤਾ।

## ਕੈਂਬ੍ਰਿਜ ਕਾਨਵੈਂਟ ਸਕੂਲ ਦੇ ਵਿਦਿਆਰਥੀਆਂ ਜ਼ੋਨ ਖੇਡਾਂ 'ਚ ਮਾਰੀਆਂ ਮੱਲਾਂ



**ਕੋਟ ਈਸੇ ਖਾਂ (ਅਰੋੜਾ)**-ਕੈਂਬ੍ਰਿਜ ਕਾਨਵੈਂਟ ਸਕੂਲ ਜੋ ਕਿ ਕੋਟ ਈਸੇ ਖਾਂ ਦੀ ਪ੍ਰਸਿੱਧ ਵਿੱਦਿਅਕ ਸੰਸਥਾ ਹੈ, ਦੇ ਵਿਦਿਆਰਥੀਆਂ ਪੜ੍ਹਾਈ ਦੇ ਨਾਲ ਨਾਲ ਹੋਰ ਗਤੀਵਿਧੀਆਂ ਤੇ ਖੇਡਾਂ ਵਿੱਚ ਵੀ ਬਹੁਤ ਮੱਲਾਂ ਮਾਰਦੇ ਰਹਿੰਦੇ ਹਨ, ਜਿਸ ਦੇ ਤਹਿਤ ਸਾਲ 2025 ਦੀਆਂ ਜ਼ੋਨਲ ਖੇਡਾਂ ਵਿੱਚ ਬੱਚਿਆਂ ਨੇ ਬਹੁਤ ਹੀ ਵਧੀਆ ਪ੍ਰਦਰਸ਼ਨ ਕਰਕੇ ਸਕੂਲ, ਅਧਿਆਪਕਾਂ ਤੇ ਮਾਪਿਆਂ ਦਾ ਨਾਮ ਰੌਸ਼ਨ ਕੀਤਾ ਹੈ।ਸ਼ਤਰੰਜ ਅੰਡਰ-14 ਲੜਕੀਆਂ ਵਿੱਚ ਸਹਿਜਪ੍ਰੀਤ ਕੌਰ ਤੇ ਅਰਸ਼ ਨੂਰ ਨੇ ਪਹਿਲਾ ਸਥਾਨ ਅਤੇ ਅੰਡਰ 17 'ਚ ਸਹਿਜਪ੍ਰੀਤ ਕੌਰ ਨੇ ਪਹਿਲਾ ਸਥਾਨ ਪ੍ਰਾਪਤ ਕੀਤਾ। ਅੰਡਰ-14 ਲੜਕਿਆਂ ਵਿੱਚ ਸਮਰਵੀਰ ਸਿੰਘ, ਤਨਵ ਚਾਵਲਾ, ਸੁਖਮਨਦੀਪ ਸਿੰਘ ਤੇ ਸਿਰਾਜ ਨੇ ਪਹਿਲਾ ਸਥਾਨ ਹਾਸਲ ਕੀਤਾ। ਕਰਾਟੇ ਅੰਡਰ-14 ਲੜਕਿਆਂ ਵਿੱਚ ਅਰਮਾਨ ਸਿੰਘ ਤੇ ਅਭਿਜੋਤ ਸਿੰਘ ਨੇ ਪਹਿਲਾ ਸਥਾਨ, ਲੜਕੀਆਂ ਅੰਡਰ-19 'ਚ ਨਵਜੋਤ ਕੌਰ, ਜੈਸਮੀਨ ਕੌਰ, ਨਿਦੀ ਤੇ ਨਵਨੀਤ ਕੌਰ ਨੇ ਪਹਿਲਾ ਸਥਾਨ ਅਤੇ ਟੇਬਲ ਟੈਨਿਸ ਅੰਡਰ-14 ਲੜਕਿਆਂ ਵਿੱਚ ਪ੍ਰਿਤਿਸ਼ ਸੇਤੀਆ, ਮਾਹਿਰ, ਗੁਰਕੀਰਤ ਸਿੰਘ ਨੇ ਪਹਿਲਾ ਸਥਾਨ ਹਾਸਲ ਕੀਤਾ। ਇਸੇ ਤਰ੍ਹਾਂ ਅੰਡਰ-4 ਸਾਲ ਗਤਕੇ ਵਿੱਚ ਗੁਰਮਾਨ ਸਿੰਘ ਤੇ ਜਸਕਰਨ ਸਿੰਘ ਨੇ ਪਹਿਲਾ ਸਥਾਨ ਹਾਸਲ ਕੀਤਾ।ਸਕੂਲ ਦੀ ਖੋ -ਖੋ ਵਿੱਚ ਅੰਡਰ 17 ਟੀਮ ਨੇ ਪਹਿਲਾ ਸਥਾਨ ਹਾਸਲ ਕੀਤਾ। ਜਿੱਤਣ ਵਾਲੇ ਸਾਰੇ ਹੀ ਵਿਦਿਆਰਥੀਆਂ ਨੂੰ ਸਕੂਲ ਦੇ ਪ੍ਰਿੰਸੀਪਲ ਤੇ ਮੈਨੇਜਮੈਂਟ ਵੱਲੋਂ ਵਧਾਈ ਦਿੱਤੀ ਗਈ ਤੇ ਅੱਗੋਂ ਤੋਂ ਹੋਰ ਵਧੀਆ ਪ੍ਰਦਰਸ਼ਨ ਕਰਨ ਲਈ ਪ੍ਰੇਰਿਤ ਕੀਤਾ ਗਿਆ ਅਤੇ ਪੁਜ਼ੀਸ਼ਨਾਂ ਹਾਸਲ ਕਰਨ ਵਾਲੇ ਸਾਰੇ ਵਿਦਿਆਰਥੀਆਂ ਨੂੰ ਸਨਮਾਨਤ ਵੀ ਕੀਤਾ ਗਿਆ।

## ਪਲੇਸਮੈਂਟ ਕੈਂਪ 'ਚ 45 ਪ੍ਰਾਰਥੀਆਂ ਦੀ ਚੋਣ : ਸਿੱਧੂ

**ਫ਼ਤਹਿਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)**-ਜ਼ਿਲ੍ਹਾ ਰੋਜ਼ਗਾਰ ਉੱਤਪਤੀ ਹੁਨਰ ਵਿਕਾਸ ਤੇ ਸਿਖਲਾਈ ਵਿਭਾਗ ਵੱਲੋਂ ਲਗਾਏ ਗਏ ਪਲੇਸਮੈਂਟ ਕੈਂਪ ਵਿੱਚ 70 ਪ੍ਰਾਰਥੀਆਂ ਵੱਲੋਂ ਭਾਗ ਲਿਆ ਗਿਆ, ਜਿਨ੍ਹਾਂ ਵਿੱਚੋਂ 45 ਪ੍ਰਾਰਥੀਆਂ ਦੀ ਚੋਣ ਕੀਤੀ ਗਈ ਹੈ।ਇਹ ਜਾਣਕਾਰੀ ਜ਼ਿਲ੍ਹਾ ਰੋਜ਼ਗਾਰ ਅਫਸਰ ਹਰਪ੍ਰੀਤ ਸਿੰਘ ਸਿੱਧੂ ਨੇ ਦਿੱਤੀ।ਉਨ੍ਹਾਂ ਦੱਸਿਆ ਕਿ ਪਲੇਸਮੈਂਟ ਕੈਂਪ ਵਿੱਚ ਐਕਸਿਸ ਬੈਂਕ, ਦਾਦਾ ਮੋਟਰਜ਼ ਤੇ ਪੰਜਾਬ ਲੈਂਡ ਰਿਕਾਰਡਜ਼ ਵੱਲੋਂ ਡਿਜੀਟਲ ਕਰੋਪ ਸਰਵੇ ਕੰਪਨੀ ਲਈ ਪ੍ਰਾਰਥੀਆਂ ਦੀ ਚੋਣ ਕਰਨ ਵਾਸਤੇ ਸ਼ਮੂਲੀਅਤ ਕੀਤੀ ਗਈ।ਜ਼ਿਲ੍ਹਾ ਰੋਜ਼ਗਾਰ ਅਫਸਰ ਨੇ ਦੱਸਿਆ ਕਿ ਜ਼ਿਲ੍ਹਾ ਰੋਜ਼ਗਾਰ ਤੇ ਕਾਰੋਬਾਰ ਬਿਊਰੋ ਵੱਲੋਂ ਸਟੇਟ ਬੈਂਕ ਆਫ ਇੰਡੀਆ ਦੀ ਦਿਹਾਤੀ ਸਵੈ ਰੋਜ਼ਗਾਰ ਸਿਖਲਾਈ ਸੰਸਥਾ (ਆਰਸੇਟੀ) ਵਿਖੇ ਰਜਿਸਟਰੇਸ਼ਨ ਕੈਂਪ ਵੀ ਲਗਾਇਆ ਗਿਆ ਸੀ, ਜਿਸ ਵਿੱਚ ਭਾਗ ਲੈਣ ਵਾਲੇ 24 ਪ੍ਰਾਰਥੀਆਂ ਵਿੱਚੋਂ 15 ਪ੍ਰਾਰਥੀਆਂ ਦੀ ਮੌਕੇ 'ਤੇ ਹੀ ਆਨਲਾਈਨ ਪੀ.ਜੀ.ਆਰ. ਕਾਮ ਪੋਰਟਲ 'ਤੇ ਰਜਿਸਟ੍ਰੇਸ਼ਨ ਕੀਤੀ ਗਈ ਹੈ। ਉਨ੍ਹਾਂ ਦੱਸਿਆ ਕਿ ਕੈਂਪ ਦੌਰਾਨ 12ਵੀਂ ਪਾਸ ਨੌਜਵਾਨਾਂ ਦੀ ਇੰਟਰਵਿਊ ਲਈ ਗਈ ਹੈ।ਇਸ ਮੌਕੇ ਕਰੀਅਰ ਕਾਊਂਸਲਰ ਹਰਮਨਦੀਪ ਸਿੰਘ ਨੇ ਭਾਗ ਲੈਣ ਵਾਲੇ ਪ੍ਰਾਰਥੀਆਂ ਨੂੰ ਬਿਊਰੋ ਵੱਲੋਂ ਦਿੱਤੀਆਂ ਜਾ ਰਹੀਆਂ ਸੇਵਾਵਾਂ ਬਾਰੇ ਵਿਸਥਾਰ ਵਿੱਚ ਜਾਣਕਾਰੀ ਦਿੱਤੀ ਗਈ, ਜਦੋਂਕਿ ਪੰਜਾਬ ਹੁਨਰ ਵਿਕਾਸ ਮਿਸ਼ਨ ਦੇ ਅਮਰਿੰਦਰ ਸਿੰਘ ਨੇ ਮੁਫਤ ਸਿਖਲਾਈ ਕੋਰਸਾਂ ਬਾਰੇ ਦੱਸਿਆ।ਇਸ ਕੈਂਪ ਵਿੱਚ ਮਾਈਕਰੋਸਾਫਟ ਤੇ ਆਈ. ਬੀ. ਕੰਪਨੀਆਂ ਵੱਲੋਂ ਮੁਫਤ ਹੁਨਰ ਵਿਕਾਸ ਕੋਰਸਾਂ ਲਈ ਰਜਿਸਟ੍ਰੇਸ਼ਨ ਵੀ ਕੀਤੀ ਗਈ।

# ਸਿੱਖਿਆ ਵਿਭਾਗ ਵੱਖ-ਵੱਖ ਪ੍ਰੋਜੈਕਟ ਚਲਾ ਕੇ ਸਿੱਖਿਆ ਨੂੰ ਲਿਜਾ ਰਿਹੈ ਨਿਘਾਰ ਵੱਲ : ਜੀ ਟੀ ਯੂ



**ਜ਼ੀਰਾ (ਨਰਿੰਦਰ ਅਨੇਜਾ)**-ਗੌਰਮਿੰਟ ਟੀਚਰਜ਼ ਯੂਨੀਅਨ ਪੰਜਾਬ ਦੇ ਸੂਬਾ ਪ੍ਰਧਾਨ ਸੁਖਵਿੰਦਰ ਸਿੰਘ ਚਾਹਲ, ਜਨਰਲ ਸਕੱਤਰ ਗੁਰਬਿੰਦਰ ਸਿੰਘ ਸਸਕੌਰ, ਵਿੱਤ ਸਕੱਤਰ ਅਮਨਦੀਪ ਸ਼ਰਮਾ ਤੇ ਪ੍ਰੈੱਸ ਸਕੱਤਰ ਕਰਨੈਲ ਫਿਲੌਰ ਨੇ ਪ੍ਰੈੱਸ ਨੂੰ ਜਾਣਕਾਰੀ ਦਿੰਦਿਆਂ ਕਿਹਾ ਕਿ ਸਿੱਖਿਆ ਵਿਭਾਗ ਪੰਜਾਬ ਵੱਲੋਂ ਮਿਸ਼ਨ ਸਮਰਥ ਇਕ ਪ੍ਰੋਜੈਕਟ, ਜੋ ਕਿ ਵਿਦਿਆਰਥੀਆਂ ਵੱਲੋਂ ਇਸ ਪੱਧਰ ਦੀ ਪਹਿਚਾਣ ਕਰਨ ਉਪਰੰਤ ਉਨ੍ਹਾਂ ਨੂੰ ਇੱਕ ਨਿਰਧਾਰਤ ਪੱਧਰ ਤੱਕ ਲੈ ਕੇ ਜਾਉਣ ਦੀ ਪ੍ਰਕਿਰਿਆ ਹੈ।ਇਹ ਇੱਕ ਵਧੀਆ ਪ੍ਰੋਗਰਾਮ ਸਾਬਿਤ ਹੋ ਸਕਦਾ ਸੀ, ਜੇਕਰ ਇੱਕ ਨਿਰਧਾਰਤ ਪੱਧਰ ਤੋਂ ਨੀਚੇ ਵਿਦਿਆਰਥੀਆਂ ਲਈ ਵਿਸ਼ੇਸ਼ ਉਪਰਾਲੇ ਕਰਕੇ ਉਨ੍ਹਾਂ ਦੇ ਪੱਧਰ ਨੂੰ ਸੁਧਾਰਨ ਲਈ ਕੰਮ ਕੀਤਾ ਜਾਂਦਾ, ਪ੍ਰੰਤੂ ਪੰਜਾਬੀ ਭਾਸ਼ਾ ਦੇ ਆਧਾਰ 'ਤੇ ਵਿਦਿਆਰਥੀਆਂ ਦਾ ਪੱਧਰ ਨਿਰਧਾਰਤ ਕਰਨ ਉਪਰੰਤ ਹਰ ਪੱਧਰ ਦੇ ਵਿਦਿਆਰਥੀ ਨੂੰ ਇੱਕੋ ਜਮਾਤ ਵਿੱਚ ਬਿਠਾ ਕੇ ਪੜ੍ਹਾਉਣਾ ਤੇ ਵਿਦਿਆਰਥੀ ਨੂੰ ਵੱਖ ਵੱਖ ਪੱਧਰਾਂ ਵਿੱਚ ਵੰਡਣਾ ਉਨ੍ਹਾਂ 'ਤੇ ਮਾਨਸਿਕ ਪ੍ਰਭਾਵ ਪਾਉਂਦਾ ਹੈ, ਕਿਉਂਕਿ ਵਿਦਿਆਰਥੀਆਂ ਨੂੰ ਆਪਣੇ ਪੱਧਰ ਦਾ ਪਤਾ ਹੁੰਦਾ ਹੈ ਤੇ ਉੱਚ ਪੱਧਰ ਵਾਲੇ ਵਿਦਿਆਰਥੀ ਨੀਵੇਂ ਪੱਧਰ ਵਾਲੇ ਵਿਦਿਆਰਥੀ ਨਾਲ ਵਿਤਕਰਾ ਕਰ ਸਕਦੇ ਹਨ। ਪੰਜਾਬ ਸਰਕਾਰ ਵੱਲੋਂ ਮਿਸ਼ਨ ਸਮਰੱਥ ਜੋ ਕਿ ਜੂਨ ਮਹੀਨੇ ਤੱਕ ਇਹ ਚੱਲਣਾ ਸੀ, ਨੂੰ ਅਗਸਤ ਮਹੀਨੇ ਤੱਕ ਲੈ ਕੇ ਜਾਣ ਦੀ ਤਿਆਰੀ ਕੀਤੀ ਹੋਈ, ਹੁਣ ਪੰਜਾਬ ਸਰਕਾਰ ਵੱਲੋਂ ਮਿਸ਼ਨ ਸਮਰੱਥ ਵਾਂਗ ਇੱਕ ਨਵਾਂ ਪ੍ਰੋਜੈਕਟ ਚਲਾਉਣ ਦੀ ਯੋਜਨਾਬੰਦੀ ਕੀਤੀ ਜਾ ਰਹੀ ਹੈ, ਜੋ ਕਿ ਆਉਣ ਵਾਲੇ ਤਿੰਨ-ਚਾਰ ਮਹੀਨੇ ਤੱਕ ਚੱਲਣ ਦੀ ਸੰਭਾਵਨਾ ਹੈ। ਪੰਜਾਬ ਸਰਕਾਰ ਦੇ ਇਨ੍ਹਾਂ ਪ੍ਰੋਜੈਕਟਾਂ ਦੀ ਲੜੀ ਕਾਰਨ ਬੱਚਿਆਂ ਦੀ ਪੜ੍ਹਾਈ ਦਾ ਕਾਫੀ ਨੁਕਸਾਨ ਹੋ ਰਿਹਾ ਹੈ ਤੇ ਅਧਿਆਪਕਾਂ ਵਿੱਚ ਵੀ ਕਾਫੀ ਮਾਨਸਿਕ ਤਨਾਅ ਦਾ ਵਾਧਾ ਹੋ ਰਿਹਾ, ਕਿਉਂਕਿ ਉਕਤ ਪ੍ਰੋਜੈਕਟਾਂ ਵਿੱਚ ਵਾਰ ਵਾਰ ਮੰਗੀ ਜਾ ਰਹੀ ਰਿਪੋਰਟਿੰਗ ਤੇ ਕੀਤੇ ਜਾ ਰਹੇ ਮੁਲਾਂਕਣਾਂ ਦੀ ਲੜੀ ਕਾਰਨ ਅਧਿਆਪਕ ਆਪਣੀ ਜ਼ਰੂਰੀ ਪ੍ਰੀਕਿਰਿਆ ਤੋਂ ਦੂਰ ਹੁੰਦੇ ਜਾ ਰਹੇ ਹਨ।ਗੌਰਮਿੰਟ ਟੀਚਰਜ਼ ਯੂਨੀਅਨ ਪੰਜਾਬ ਦੇ ਸੂਬਾ ਸੀਨੀਅਰ ਮੀਤ ਪ੍ਰਧਾਨ ਕੁਲਦੀਪ ਸਿੰਘ ਪੁਰੋਵਾਲ, ਗੁਰਪ੍ਰੀਤ ਅੰਮੀਵਾਲ, ਸੂਬਾ ਮੀਤ ਪ੍ਰਧਾਨ ਮਨੋਹਰ ਲਾਲ ਸ਼ਰਮਾ, ਗੁਰਦੀਪ ਬਾਜਵਾ ਨੇ ਕਿਹਾ ਕਿ ਪ੍ਰੋਜੈਕਟ ਚਲਾਉਣ ਤੋਂ ਪਹਿਲਾਂ ਅਧਿਆਪਕਾਂ ਤੇ ਵਿਦਿਆਰਥੀਆਂ ਦੀਆਂ ਵਾਸਤਵਿਕ ਲੋੜਾਂ ਨੂੰ ਸਮਝਿਆ ਹੀ ਨਹੀਂ ਜਾਂਦਾ ਤੇ ਦਫਤਰਾਂ ਵਿੱਚ ਬੈਠੇ ਅਧਿਕਾਰੀਆਂ ਵੱਲੋਂ ਆਪਣੀ ਕੁਰਸੀ ਨੂੰ ਬਚਾਉਣ ਲਈ ਵੱਖ ਵੱਖ ਪ੍ਰੋਜੈਕਟ ਚਲਾਏ ਜਾ ਰਹੇ, ਜਿਨਾਂ ਕਾਰਨ ਸਕੂਲਾਂ ਵਿੱਚ ਪੜ੍ਹਾਈ ਦਾ ਮਾਹੌਲ ਖਰਾਬ ਹੋ ਰਿਹਾ ਤੇ ਅਧਿਆਪਕਾਂ ਨੂੰ ਸਲੇਬਸ ਅਨੁਸਾਰ ਬੱਚਿਆਂ ਨੂੰ ਪੜ੍ਹਾਉਣ ਵਿੱਚ ਵੀ ਦਿੱਕਤ ਆ ਰਹੀ।

ਗੌਰਮਿੰਟ ਟੀਚਰਜ਼ ਯੂਨੀਅਨ ਪੰਜਾਬ ਦੇ ਆਗੂਆਂ ਨੇ ਮੰਗ ਕੀਤੀ ਕਿ ਵੱਖ-ਵੱਖ ਤਰ੍ਹਾਂ ਦੇ ਪ੍ਰੋਜੈਕਟ ਤੁਰੰਤ ਬੰਦ ਕਰਕੇ ਬੱਚਿਆਂ ਨੂੰ ਸਿਲੇਬਸ ਅਨੁਸਾਰ ਪੜ੍ਹਾਈ ਕਰਾਉਣ ਦਾ ਮੌਕਾ ਦਿੱਤਾ ਜਾਵੇ। ਕੁਲਦੀਪ ਸਿੰਘ ਪੁਰੋਵਾਲ, ਗੁਰਪ੍ਰੀਤ ਸਿੰਘ ਆਮੀਵਾਲ, ਗੁਰਦੀਪ ਸਿੰਘ ਬਾਜਵਾ, ਮਨੋਹਰ ਲਾਲ ਸ਼ਰਮਾ, ਦੇਵੀ ਦਿਆਲ, ਹਰਿੰਦਰ ਮੱਲ੍ਹੀਆਂ, ਜੱਜਪਾਲ ਸਿੰਘ ਬਾਜੇ ਕੇ, ਦਿਲਦਾਰ ਸਿੰਘ ਭੰਡਾਲ, ਗਣੇਸ਼ ਭਗਤ, ਧਰਮਿੰਦਰ ਸਿੰਘ ਭੰਗੂ, ਬਲਵਿੰਦਰ ਸਿੰਘ ਭੁੱਟੋ, ਪਰਮਜੀਤ ਸਿੰਘ ਸ਼ੋਰੇਵਾਲ, ਜਸਵਿੰਦਰ ਸਿੰਘ ਸਮਾਣਾ, ਸੁਭਾਸ਼ ਚੰਦਰ ਪਠਾਨਕੋਟ, ਗੁਰਮੇਲ ਸਿੰਘ ਕੁਲਰੀਆਂ, ਸੁੱਚਾ ਸਿੰਘ ਟਰਪਈ, ਨਰਿੰਦਰ ਸਿੰਘ ਮਾਖਾ, ਰਾਜੀਵ ਕੁਮਾਰ ਹਾਂਡਾ, ਰਵਿੰਦਰ ਸਿੰਘ ਪੱਪੀ ਸਿੱਧੂ, ਸੁਖਚੈਨ ਸਿੰਘ ਬੱਧਣ ਸਰਬਜੀਤ ਸਿੰਘ, ਬਿਕਰਮਜੀਤ ਸਿੰਘ, ਜਗਜੀਤ ਸਿੰਘ ਮਾਨ, ਸਰਬਜੀਤ ਸਿੰਘ ਬਰਾੜ, ਬਲਦੇਵ ਸਿੰਘ ਬਰਾੜ ਬਠਿੰਡਾ, ਨੂਰ ਮੁਹੰਮਦ ਮਲੇਰਕੋਟਲਾ, ਮਨਪ੍ਰੀਤ ਸਿੰਘ ਮੋਹਾਲੀ ਆਦਿ ਅਧਿਆਪਕ ਆਗੂ ਹਾਜ਼ਰ ਸਨ।

## ਸ਼ਹਿਰ 'ਚ ਸਫਾਈ ਤੇ ਸੁੰਦਰੀਕਰਨ ਲਈ ਵੱਡੇ ਪੱਧਰ 'ਤੇ ਉਪਰਾਲੇ ਕੀਤੇ ਜਾ ਰਹੇ ਹਨ : ਐੱਸ ਡੀ ਐੱਮ ਰੀਚਾ ਗੋਇਲ

**ਖਾਲੀ ਪਲਾਟਾਂ 'ਚ ਕੂੜਾ ਸੁੱਟਣ ਵਾਲਿਆਂ ਤੇ ਪਲਾਟ ਮਾਲਕਾਂ ਖਿਲਾਫ ਹੋਵੇਗੀ ਕਾਰਵਾਈ**



**ਸਮਾਣਾ (ਇਕਬਾਲ ਸਿੰਘ ਬੱਲ)**-ਐੱਸ ਡੀ ਐੱਮ ਸਮਾਣਾ ਮੈਡਮ ਰਿਚਾ ਗੋਇਲ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਡਿਪਟੀ ਕਮਿਸ਼ਨਰ ਪਟਿਆਲਾ ਮੈਡਮ ਪ੍ਰੀਤੀ ਯਾਦਵ ਦੇ ਹੁਕਮਾਂ ਤਹਿਤ ਸਮਾਣਾ ਸ਼ਹਿਰ ਨੂੰ ਸਾਫ ਸੁਥਰਾ ਬਣਾਉਣ ਤੇ ਸ਼ਹਿਰ ਦਾ ਸੁੰਦਰੀਕਰਨ ਕਰਨ ਲਈ ਨਗਰ ਕੌਂਸਲ ਸਮਾਣਾ ਦੇ ਸਹਿਯੋਗ ਨਾਲ ਵੱਡੇ ਪੱਧਰ 'ਤੇ ਮੁਹਿੰਮ ਸ਼ੁਰੂ ਕੀਤੀ ਗਈ ਹੈ, ਜਿਸ ਦੀ ਦੇਖ ਰੇਖ ਉਹ ਖੁਦ ਕਰ ਰਹੇ ਹਨ। ਸਮਾਣਾ ਸ਼ਹਿਰ ਨੂੰ 11 ਹਿੱਸਿਆਂ ਵਿੱਚ ਵੰਡ ਕੇ 11 ਅਫਸਰਾਂ ਦੀਆਂ ਡਿਊਟੀਆਂ ਲਗਾਈਆਂ ਗਈਆਂ ਹਨ ਕਿ ਉਹ ਆਪਣੇ ਇਲਾਕੇ ਵਿੱਚ ਸਫਾਈ ਦਾ ਪੂਰਾ ਖਿਆਲ ਰੱਖਣਗੇ। ਸ਼ਹਿਰ ਵਿੱਚ ਜਿੱਥੇ ਹੁਣ ਕੂੜਾ ਸੜਕਾਂ 'ਤੇ ਡੰਪਿੰਗ ਹੋ ਰਿਹਾ ਹੈ, ਉੱਥੇ ਕੂੜਾ ਡੰਪ ਨਹੀਂ ਹੋਣ ਦੇਣਗੇ।ਇਸੇ ਤਰ੍ਹਾਂ ਉਹ ਅਫਸਰ ਰੇਹੜੀਆਂ ਵੀ ਚੈੱਕ ਕਰਨਗੇ ਤੇ ਜੇਕਰ ਕਿਸੇ ਦੀ ਰੇਹੜੀ ਗਲਤ ਪਾਰਕਿੰਗ ਹੋਵੇਗੀ ਤਾਂ ਉਸ ਦਾ ਵੀ ਚਲਾਣ ਕੀਤਾ ਜਾਵੇਗਾ, ਸਟਰੀਟ ਲਾਈਟਾਂ ਵੀ ਚੈੱਕ ਕੀਤੀਆਂ ਜਾਣਗੀਆਂ, ਖਾਲੀ ਪਲਾਟਾਂ ਵਿੱਚ ਜਾਂ ਹੋਰ ਕਿਤੇ ਪਾਣੀ ਤਾਂ ਨਹੀਂ ਖੜਾ, ਉਸ ਪਾਣੀ ਦੀ ਨਿਕਾਸੀ ਦਾ ਪ੍ਰਬੰਧ ਕੀਤਾ ਜਾਵੇਗਾ।ਇਨ੍ਹਾਂ ਹੁਕਮਾਂ ਦੀ ਉਲੰਘਣਾ ਕਰਨ ਵਾਲਿਆਂ ਖਿਲਾਫ ਕਾਨੂੰਨੀ ਕਾਰਵਾਈ ਕੀਤੀ ਜਾਵੇਗੀ।ਉਕਤ 11 ਡਿਊਟੀ ਅਫਸਰ ਹਰ ਰੋਜ਼ ਆਪਣੇ ਇਲਾਕੇ ਵਿੱਚ ਵਿਜਿਟ ਕਰਨਗੇ ਤੇ ਸ਼ਾਮ ਨੂੰ ਰਿਪੋਰਟ ਐੱਸ ਡੀ ਐੱਮ ਦਫਤਰ ਨੂੰ ਦੇਣਗੇ। ਐੱਸ ਡੀ ਐੱਮ ਨੇ ਦੱਸਿਆ ਕਿ ਖਾਲੀ ਪਲਾਟਾਂ ਵਿੱਚ, ਜੋ ਲੋਕ ਕੂੜਾ ਕਰਕਟ ਸੁੱਟਦੇ ਹਨ, ਉਨ੍ਹਾਂ ਕੂੜਾ ਸੁੱਟਣ ਵਾਲਿਆਂ ਤੇ ਖਾਲੀ ਪਲਾਟਾਂ ਦੇ ਮਾਲਕਾਂ ਖਿਲਾਫ ਵੀ ਕਾਰਵਾਈ ਕੀਤੀ ਜਾਵੇਗੀ ਅਤੇ ਚਲਾਨ ਵੀ ਕੀਤੇ ਜਾਣਗੇ।ਸ਼ਹਿਰ ਵਿੱਚ ਜਿੱਥੇ ਵੀ ਕੂੜੇ ਦੇ ਢੇਰ ਲੱਗਦੇ ਹਨ, ਉਨ੍ਹਾਂ ਨੂੰ ਸਫਾਈ ਕਰਮਚਾਰੀਆਂ ਦੀ ਮਦਦ ਨਾਲ ਸਾਫ ਕਰਵਾਇਆ ਜਾਵੇਗਾ ਤੇ ਲੋਕਾਂ ਨੂੰ ਅਪੀਲ ਕੀਤੀ ਜਾਵੇਗੀ ਕਿ ਉਹ ਸੜਕਾਂ 'ਤੇ ਕੂੜੇ ਦਾ ਡੰਪ ਨਾ ਬਣਾਉਣ, ਸਗੋਂ ਨਗਰ ਕੌਂਸਲ ਵੱਲੋਂ ਕੂੜਾ ਚੁੱਕਣ ਲਈ ਚਲਾਏ ਜਾ ਰਹੇ ਟੈਂਪੂ, ਟਰਾਲੀਆਂ ਤੇ ਰੇਹੜੀਆਂ ਵਿੱਚ ਹੀ ਕੂੜਾ ਪਾਇਆ ਜਾਵੇ, ਗਿੱਲਾ ਕੂੜਾ ਅਲੱਗ ਤੇ ਸੁੱਕਾ ਕੂੜਾ ਅਲੱਗ ਪਾਇਆ ਜਾਵੇ ਤਾਂ ਜੋ ਕੂੜੇ ਦੀ ਰੀਸਾਈਕਲਿੰਗ ਕੀਤੀ ਜਾ ਸਕੇ।

## ਮਾਤਾ ਗੁਜਰੀ ਕਾਲਜ ਦੀ ਵਿਦਿਆਰਥਣ ਨੇ ਯੂ ਜੀ ਸੀ ਪ੍ਰੀਖਿਆ 'ਚ ਨਾਮਣਾ ਖੱਟਿਆ



**ਫ਼ਤਹਿਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)**-ਮਾਤਾ ਗੁਜਰੀ ਕਾਲਜ ਦੇ ਪੋਸਟ ਗ੍ਰੈਜੂਏਟ ਪੰਜਾਬੀ ਵਿਭਾਗ ਦੇ ਸੈਸ਼ਨ 2023-24 ਦੀ ਐੱਮ. ਏ. ਪੰਜਾਬੀ ਦੀ ਹੋਣਹਾਰ ਵਿਦਿਆਰਥਣ ਹਰਸ਼ਦੀਪ ਕੌਰ ਨੇ ਯੂਨੀਵਰਸਿਟੀ ਗ੍ਰਾਂਟਸ ਕਮਿਸ਼ਨ ਦੀ ਰਾਸ਼ਟਰੀ ਯੋਗਤਾ ਪ੍ਰੀਖਿਆ (ਯੂ.ਜੀ.ਸੀ. ਨੈੱਟ ਤੇ ਜੇ.ਆਰ.ਐੱਫ.) ਨੂੰ ਸਫ਼ਲਤਾਪੂਰਵਕ ਪਾਸ ਕੀਤਾ ਤੇ ਆਲ ਇੰਡੀਆ ਰੈਂਕ ਤੀਸਰਾ ਹਾਸਲ ਕਰਕੇ ਵਿਸ਼ੇਸ਼ ਨਾਮਣਾ ਖੱਟਿਆ ਹੈ।ਕਾਲਜ ਦੇ ਡਾਇਰੈਕਟਰ ਪ੍ਰਿੰਸੀਪਲ ਡਾ. ਕਸ਼ਮੀਰ ਸਿੰਘ ਨੇ ਹੋਣਹਾਰ ਵਿਦਿਆਰਥਣ ਸਮੇਤ ਸਮੂਹ ਪੰਜਾਬੀ ਵਿਭਾਗ ਨੂੰ ਵਧਾਈ ਦਿੰਦਿਆਂ ਕਿਹਾ ਕਿ ਕਾਲਜ ਹਮੇਸ਼ਾ ਹੀ ਆਪਣੇ ਵਿਦਿਆਰਥੀਆਂ ਨੂੰ ਉੱਚ ਪੱਧਰ ਦੀ ਸਿੱਖਿਆ ਪ੍ਰਦਾਨ ਕਰਦਾ ਆ ਰਿਹਾ ਹੈ ਤਾਂ ਜੋ ਉਹ ਸਮੇਂ ਦੇ ਹਾਣੀ ਬਣ ਸਕਣ ਤੇ ਜੀਵਨ ਵਿੱਚ ਸਫ਼ਲਤਾ ਹਾਸਲ ਕਰ ਸਕਣ।ਪੰਜਾਬੀ ਵਿਭਾਗ ਦੇ ਮੁਖੀ ਡਾ. ਰਾਸ਼ਿਦ ਰਸ਼ੀਦ ਨੇ ਆਪਣੀ ਖੁਸ਼ੀ ਜ਼ਾਹਰ ਕਰਦਿਆਂ ਦੱਸਿਆ ਕਿ ਹੁਣ ਤੱਕ ਪੰਜਾਬੀ ਵਿਭਾਗ ਦੇ ਕਈ ਵਿਦਿਆਰਥੀ ਨੈੱਟ ਦੀ ਪ੍ਰੀਖਿਆ ਤੇ ਹੋਰ ਉੱਚ ਪੱਧਰ ਦੀਆਂ ਪ੍ਰੀਖਿਆਵਾਂ ਪਾਸ ਕਰਕੇ ਉੱਚ ਅਹੁਦਿਆਂ ਉੱਪਰ ਕਾਰਜਸ਼ੀਲ ਹਨ।ਇਸ ਮੌਕੇ ਪੰਜਾਬੀ ਵਿਭਾਗ ਦੇ ਡਾ. ਹਰਮਿੰਦਰ ਸਿੰਘ, ਪ੍ਰੋ. ਜਸ਼ਨਪ੍ਰੀਤ ਕੌਰ, ਪ੍ਰੋ. ਸ਼ਹਿਜੀਤ ਸਿੰਘ ਕੰਗ ਤੇ ਸਮੂਹ ਅਧਿਆਪਕ ਸਾਹਿਬਾਨ ਹਾਜ਼ਰ ਸਨ।

# ਮਨਰਾਜਦੀਪ ਦੀ ਪੁਸਤਕ ਲੋਕ ਅਰਪਣ ਤੇ ਜਸਵੰਤ ਸਮਾਲਸਰ ਦਾ ਸਨਮਾਨ




**ਮੋਗਾ (ਇਕਬਾਲ ਸਿੰਘ ਖਹਿਰਾ)**-ਮਹਿੰਦਰ ਸਾਥੀ ਯਾਦਗਾਰੀ ਮੰਚ ਮੋਗਾ ਵੱਲੋਂ ਨੌਜਵਾਨ ਕਵਿੱਤਰੀ ਮਨਰਾਜਦੀਪ ਦੀ ਪਲੇਠੀ ਅੰਗਰੇਜ਼ੀ ਕਾਵਿ ਪੁਸਤਕ 'ਫਰੈਗਮੈਂਟਡ ਫੀਲਿੰਗਜ਼' ਲੋਕ ਅਰਪਣ ਲਈ ਕਰਵ ਇਮੀਗ੍ਰੇਸ਼ਨ ਸੈਂਟਰ ਮੋਗਾ ਵਿਖੇ ਸਾਹਿਤਕ ਸਮਾਗਮ ਕਰਵਾਇਆ ਗਿਆ।ਪੁਸਤਕ ਰਿਲੀਜ਼ ਕਰਨ ਤੋਂ ਪਹਿਲਾਂ ਕਵਿੱਤਰੀ ਬਾਰੇ ਜਾਣਕਾਰੀ ਦਿੰਦਿਆਂ ਮੰਚ ਦੀ ਸੀਨੀਅਰ ਮੀਤ ਪ੍ਰਧਾਨ ਅਮਰਪ੍ਰੀਤ ਕੌਰ ਸੰਘਾ ਨੇ ਦੱਸਿਆ ਕਿ ਮਨਰਾਜਦੀਪ ਸੀ ਟੀ ਯੂਨੀਵਰਸਿਟੀ ਦੀ ਵਿਦਿਆਰਥਣ ਹੈ। ਪੁਸਤਕ ਲੋਕ ਅਰਪਣ ਉਪਰੰਤ ਮੰਚ ਦੇ ਸਰਪ੍ਰਸਤ ਗੁਰਮੀਤ ਕੜਿਆਲਵੀ ਨੇ ਕਿਹਾ ਕਿ ਮਨਰਾਜਦੀਪ ਮਨੁੱਖ ਦੀਆਂ ਖੰਡਿਤ ਭਾਵਨਾਵਾਂ ਨੂੰ ਚਿਤ੍ਰਣ ਵਾਲੀ ਸੂਖਮ ਸੁਰ ਦੀ ਕਵਿੱਤਰੀ ਹੈ, ਜਿਸ ਅੰਦਰ ਅਸੀਮ ਸੰਭਾਵਨਾਵਾਂ ਹਨ।ਉੱਘੇ ਆਲੋਚਕ ਡਾਕਟਰ ਸੁਰਜੀਤ ਬਰਾੜ ਨੇ ਕਿਹਾ ਕਿ ਮਨਰਾਜਦੀਪ ਦਾ ਨਜ਼ਰੀਆ ਬੜਾ ਸਾਫ਼ ਤੇ ਸਪੱਸ਼ਟ ਹੈ।ਉਹ ਜ਼ਿੰਦਗੀ ਪ੍ਰਤੀ ਹਾਂ-ਪੱਖੀ ਹੈ।ਮੀਤ ਪ੍ਰਧਾਨ ਧਾਮੀ ਗਿੱਲ ਅਨੁਸਾਰ ਮਨਰਾਜਦੀਪ ਮਾਨਵੀ ਸੰਵੇਦਨਾ ਵਾਲੀ ਸ਼ਾਇਰਾ ਹੈ, ਜਿਸ ਕੋਲ ਕਾਵਿਕ ਭਾਸ਼ਾ ਤੇ ਖ਼ੂਬਸੂਰਤ ਕਾਵਿ ਮੁਹਾਵਰਾ ਹੈ।ਪੰਜਾਬੀ ਕਵੀ ਤੇ ਸੇਵਾ ਮੁਕਤ ਅਧਿਆਪਕ ਸੁਰਜੀਤ ਕਾਲੇ ਕੇ ਨੇ ਵਿਸ਼ਵ ਸਾਹਿਤ ਦੇ ਹਵਾਲੇ ਨਾਲ ਮਨਰਾਜਦੀਪ ਦੀਆਂ ਕਵਿਤਾਵਾਂ ਦੀ ਪਰਖ਼ ਪੜਚੋਲ ਕੀਤੀ।

ਮੰਚ ਦੇ ਪ੍ਰਧਾਨ ਨਵਨੀਤ ਸਿੰਘ ਸੇਖਾ ਨੇ ਮੰਚ ਦੇ ਮਨੋਰਥ ਬਾਰੇ ਬੋਲਦਿਆਂ ਕਿਹਾ ਕਿ ਮੰਚ ਮਨਰਾਜਦੀਪ ਵਰਗੀਆਂ ਨਵੀਆਂ ਪ੍ਰਤਿਭਾਵਾਂ ਨੂੰ ਉਤਸ਼ਾਹਤ ਕਰਨ ਲਈ ਸਦਾ ਕਾਰਜਸ਼ੀਲ ਰਹੇਗਾ।ਨੌਜਵਾਨ ਕਵਿੱਤਰੀ ਮਨਰਾਜਦੀਪ ਨੇ ਆਪਣੀਆਂ ਚੋਣਵੀਆਂ ਚਾਰ ਕਵਿਤਾਵਾਂ ਸਰੋਤਿਆਂ ਨਾਲ ਸਾਂਝੀਆਂ ਕੀਤੀਆਂ, ਜਿਨ੍ਹਾਂ ਨੇ ਭਰਪੂਰ ਦਾਦ ਪ੍ਰਾਪਤ ਕੀਤੀ।ਸੁਰਜੀਤ ਕਾਲੇਕੇ, ਯਸ਼ ਪੱਤੋ, ਚਰਨਜੀਤ ਸਮਾਲਸਰ, ਅਮਰਪ੍ਰੀਤ ਕੌਰ ਸੰਘਾ, ਕਿਰਨਦੀਪ ਕੌਰ, ਰਮਨਦੀਪ, ਜਨਰਲ ਸਕੱਤਰ ਗੁਰਪ੍ਰੀਤ ਧਰਮਕੋਟ, ਕੁਲਵਿੰਦਰ ਦਿਲਗੀਰ ਤੇ ਜੀਤ ਜਗਪਾਲ ਨੇ ਆਪਣੀਆਂ ਰਚਨਾਵਾਂ ਨਾਲ ਸਰੋਤਿਆਂ ਨੂੰ ਭਾਵੁਕ ਕਰ ਦਿੱਤਾ।

ਇਸ ਮੌਕੇ ਮੰਚ ਵੱਲੋਂ ਨੌਜਵਾਨ ਸ਼ਾਇਰ ਜਸਵੰਤ ਸਮਾਲਸਰ ਤੇ ਮਨਰਾਜਦੀਪ ਨੂੰ ਸਨਮਾਨਤ ਕੀਤਾ ਗਿਆ।ਜਸਵੰਤ ਸਮਾਲਸਰ ਦੀ ਸਾਹਿਤਕ ਸਿਰਜਣਾ ਬਾਰੇ ਚਰਨਜੀਤ ਸਮਾਲਸਰ ਨੇ ਸੰਖੇਪ ਜਾਣਕਾਰੀ ਦਿੱਤੀ।ਮੰਚ ਪ੍ਰਧਾਨ ਨਵਨੀਤ ਸਿੰਘ ਸੇਖਾ ਨੇ ਜਸਵੰਤ ਨੂੰ ਦੱਬੇ ਲਤਾੜੇ ਲੋਕਾਂ ਦਾ ਸ਼ਾਇਰ ਕਿਹਾ।ਡਾ. ਸੁਰਜੀਤ ਬਰਾੜ ਨੇ ਜਸਵੰਤ ਗਿੱਲ ਨੂੰ ਲੋਕ ਪੱਖੀ ਵਿਚਾਰਧਾਰਾ ਵਾਲਾ ਸ਼ਾਇਰ ਕਿਹਾ।ਨੌਜਵਾਨ ਕਵਿੱਤਰੀ ਨਵਦੀਪ ਸ਼ਰਮਾ, ਕਿਰਪਾਲ ਸਿੰਘ ਰਿਟਾਇਰ ਜੇ ਈ, ਸਰਬਜੀਤ ਕੌਰ ਮਾਹਲਾ ਸਕੱਤਰ, ਰਾਜਵਿੰਦਰ ਕੌਰ, ਸਤਿੰਦਰ ਕੌਰ, ਅਮਨਪ੍ਰੀਤ ਕੌਰ (ਕੈਨੇਡਾ) ਤੇ ਸ਼ਾਇਰਾ ਸਿਮਰਜੀਤ ਸਿੰਮੀ ਸਮੇਤ ਬਹੁਤ ਸਾਰੇ ਲੇਖਕਾਂ ਤੇ ਪਾਠਕਾਂ ਨੇ ਸਮਾਗਮ ਵਿੱਚ ਸ਼ਿਰਕਤ ਕੀਤੀ।ਗੁਰਪ੍ਰੀਤ ਧਰਮਕੋਟ ਨੇ ਮੰਚ ਦਾ ਸੰਚਾਲਨ ਕੀਤਾ।

# ਦਿੱਲੀ ਮਹਾਂਬੋਧੀ ਅੰਦੋਲਨ 'ਚ ਪੰਜਾਬ ਤੋਂ ਬੋਧੀ ਭਾਈਚਾਰੇ ਦੇ ਸਾਥੀਆਂ ਨੇ ਕੀਤੀ ਸ਼ਿਰਕਤ

**ਬੋਧ ਗਯਾ ਮੰਦਰ ਐਕਟ 1949 ਰੱਦ ਕਰਨ ਦੀ ਮੰਗ**



**ਜਲੰਧਰ (ਨ ਜ਼ ਸ)**-ਆਲ ਇੰਡੀਆ ਬੁੱਧਿਸਟ ਫੋਰਮ ਦੇ ਜਨਰਲ ਸਕੱਤਰ ਸ੍ਰੀ ਆਕਾਸ਼ ਲਾਮਾ ਤੇ ਭਿਖਸ਼ੂ ਸੰਘ ਵੱਲੋਂ ਜੰਤਰ-ਮੰਤਰ ਦਿੱਲੀ ਵਿੱਚ ਮਹਾਂਬੋਧੀ ਅੰਦੋਲਨ ਦੀ ਗੂੰਜ ਵਿੱਚ ਦੇਸ਼ ਭਰ ਤੋਂ ਹਜ਼ਾਰਾਂ ਬੋਧੀਆਂ ਨੇ ਧਰਨੇ ਦੇ ਰੂਪ ਵਿੱਚ ਦਸਤਕ ਦਿੱਤੀ।ਬੋਧੀਆਂ ਨੇ ਕੇਂਦਰ ਸਰਕਾਰ ਸ੍ਰੀ ਨਰਿੰਦਰ ਮੋਦੀ ਪ੍ਰਧਾਨ ਮੰਤਰੀ ਭਾਰਤ ਤੇ ਬਿਹਾਰ ਸਰਕਾਰ ਦੇ ਮੁੱਖ ਮੰਤਰੀ ਸ੍ਰੀ ਨਿਤੀਸ਼ ਕੁਮਾਰ ਤੋਂ ਮੰਗ ਕੀਤੀ ਹੈ ਕਿ ਬੋਧ ਗਯਾ ਮੰਦਰ ਐਕਟ 1949 ਨੂੰ ਰੱਦ ਕੀਤਾ ਜਾਵੇ।ਬੋਧ ਗਯਾ ਮਹਾਂਬੁੱਧ ਮਹਾਂਵਿਹਾਰ ਦਾ ਕੰਟਰੋਲ ਨਿਰੋਲ ਬੋਧੀਆ ਦੇ ਹਵਾਲੇ ਕੀਤਾ ਜਾਵੇ।ਉਨ੍ਹਾਂ ਆਪਣੇ ਸੰਬੋਧਨ ਵਿੱਚ ਵੀ ਭਾਰਤ ਸਰਕਾਰ ਤੋਂ ਮੰਗ ਕੀਤੀ ਕਿ ਬੋਧ ਗਯਾ ਐਕਟ 1949 ਨੂੰ ਤੁਰੰਤ ਰੱਦ ਕੀਤਾ ਜਾਵੇ।ਪੰਜਾਬ ਤੋਂ ਬੋਧੀ ਭਾਈਚਾਰੇ ਦੇ ਸਾਥੀਆਂ ਨੇ ਐਡਵੋਕੇਟ ਹਰਭਜਨ ਸਾਂਪਲਾ ਦੀ ਅਗਵਾਈ ਵਿੱਚ ਦਿੱਲੀ ਦੇ ਜੰਤਰ-ਮੰਤਰ ਮਹਾਂਬੋਧੀ ਅੰਦੋਲਨ ਵਿੱਚ ਹਿੱਸਾ ਲਿਆ।ਐਡਵੋਕੇਟ ਹਰਭਜਨ ਸਾਂਪਲਾ ਨੇ ਕਿਹਾ ਕਿ ਅਸੀਂ ਸਾਰੇ ਆਲ ਇੰਡੀਆ ਬੁੱਧਿਸਟ ਫੋਰਮ ਦੇ ਜਨਰਲ ਸਕੱਤਰ ਸ੍ਰੀ ਆਕਾਸ਼ ਲਾਮਾ ਜੀ ਦੇ ਸੱਦੇ ਤੇ ਸਮਰਥਨ ਲਈ ਆਏ ਹਾਂ।ਸਾਡਾ ਸਮਰਥਨ ਉਸ ਸਮੇਂ ਤੱਕ ਜਾਰੀ ਰਹੇਗਾ, ਜਦ ਤੱਕ ਬੋਧ ਗਯਾ ਮਹਾਂਬੁੱਧ ਮਹਾਂਵਿਹਾਰ ਦਾ ਕੰਟਰੋਲ ਨਿਰੋਲ ਬੋਧੀਆਂ ਦੇ ਹੱਥਾਂ ਵਿੱਚ ਨਹੀਂ ਆਉਂਦਾ।ਬੋਧ ਗਯਾ ਮੰਦਰ ਐਕਟ 1949 ਰੱਦ ਨਹੀਂ ਹੁੰਦਾ, ਕਿਉਂਕਿ ਸ੍ਰੀ ਆਕਾਸ਼ ਲਾਮਾ ਜੀ 12 ਫਰਵਰੀ 2025 ਤੋਂ ਇਸ ਸਬੰਧੀ ਅੰਦੋਲਨ ਕਰ ਰਹੇ ਹਨ।ਪੰਜਾਬ ਤੋਂ ਬੋਧੀ ਭਾਈਚਾਰੇ ਦੇ ਸਾਥੀਆਂ ਵਿੱਚ ਭਿਖਸ਼ੂ ਚੰਦਰ ਕੀਰਤੀ ਜੀ, ਬਲਦੇਵ ਰਾਜ, ਐਡਵੋਕੇਟ ਹਰਭਜਨ ਸਾਂਪਲਾ, ਚੰਚਲ ਬੋਧ, ਮੁੰਨਾ ਲਾਲ ਬੋਧ, ਪ੍ਰਸ਼ੋਤਮ, ਮੇਹਰ ਚੰਦ, ਅਜੈ ਕੁਮਾਰ, ਸੋਨੇ ਲਾਲ ਬੋਧ, ਮਨਦੀਪ ਕੁਮਾਰ, ਗੁਰਪਾਲ ਸਿੰਘ ਪਾਲਾ, ਰਜਿੰਦਰ ਕੁਮਾਰ ਜੱਸਲ, ਭਜਨ ਰਾਮ, ਟੋਨੀ ਡਰਾਈਵਰ, ਰਾਜ ਕੁਮਾਰ, ਡਾ. ਸਰਬਜੀਤ, ਸ਼ੁਭਾਸ਼ ਚੰਦਰ, ਮੀਨੂੰ ਬੋਧ, ਜਗਦੀਸ਼ ਬੋਧ, ਡਾ. ਰਾਹੁਲ ਬਾਲੀ, ਕਾਰਤਿਕ ਬੋਧ, ਰਜਿੰਦਰ ਬੋਧ, ਸੋਹਣ ਲਾਲ ਗਿੰਡਾ, ਬਦਰੀਲਾਰਮਦ (ਆਰਸੀਐੱਫ) ਅਤੇ ਹੋਰ ਬਹੁਤ ਸਾਰੇ ਸਾਥੀਆਂ ਨੇ ਦਿੱਲੀ ਧਰਨੇ ਵਿੱਚ ਭਾਗ ਲਿਆ।

## ਵਣ-ਮਹਾਉਤਸਵ ਸਮਾਗਮ ਦੌਰਾਨ ਅਰੋੜਾ ਵੱਲੋਂ ਰੁੱਖ ਲਗਾਓ ਪਾਣੀ ਬਚਾਓ ਤੇ ਪੋਲੀਥੀਨ ਮੁਕਤ ਸਮਾਜ ਬਣਾਉਣ ਦਾ ਸੱਦਾ

**ਸੰਗਰੂਰ (ਪ੍ਰਵੀਨ ਸਿੰਘ)**-ਸਥਾਨਕ ਜ਼ਿਲ੍ਹਾ ਪੈਨਸ਼ਨਰ ਭਵਨ ਤਹਿਸੀਲ ਕੰਪਲੈਕਸ ਵਿਖੇ ਸਮਾਜ ਸੇਵਾ ਲੋਕ ਭਲਾਈ ਤੇ ਬਜ਼ੁਰਗਾਂ ਦੇ ਸਤਿਕਾਰ ਨੂੰ ਸਮਰਪਤ ਸੰਗਰੂਰ ਸੋਸ਼ਲ ਵੈੱਲਫੇਅਰ ਐਸੋਸੀਏਸ਼ਨ ਸੰਗਰੂਰ ਵੱਲੋਂ ਹਰ ਸਾਲ ਦੀ ਤਰ੍ਹਾਂ ਇਸ ਸਾਲ ਵੀ ਵਾਤਾਵਰਨ ਦੀ ਸ਼ੁੱਧਤਾ ਲਈ ਵਣ-ਮਹਾਂਉਤਸਵ ਮਨਾਇਆ ਗਿਆ, ਜਿਸ ਦੌਰਾਨ ਤੁਲਸੀ ਦੇ ਬੂਟਿਆਂ ਦਾ ਲੰਗਰ ਐਸੋਸੀਏਸ਼ਨ ਦੇ ਪ੍ਰਧਾਨ ਤੇ ਸੂਬਾਈ ਪੈਨਸ਼ਨਰ ਆਗੂ ਰਾਜ ਕੁਮਾਰ ਅਰੋੜਾ ਦੀ ਅਗਵਾਈ ਵਿੱਚ ਲਗਾਇਆ ਗਿਆ।ਉਨ੍ਹਾਂ ਨਾਲ ਪ੍ਰਧਾਨਗੀ ਮੰਡਲ ਵਿੱਚ ਚੇਅਰਮੈਨ ਰਵਿੰਦਰ ਸਿੰਘ ਗੁੱਡੂ, ਸਰਪ੍ਰਸਤ ਪ੍ਰੋ. ਸੁਰੇਸ਼ ਗੁੱਪਤਾ, ਬਾਪੂ ਰਾਮ ਸਰੂਪ ਅਲੀਸ਼ੇਰ, ਵਾਈਸ ਚੇਅਰਮੈਨ ਲਾਲ ਚੰਦ ਸੈਣੀ, ਸੀਨੀਅਰ ਮੀਤ ਪ੍ਰਧਾਨ ਜਸਵੀਰ ਸਿੰਘ ਖਾਲਸਾ, ਕਰਨੈਲ ਸਿੰਘ ਸੇਖੋਂ, ਡਾ. ਮਨਮੋਹਣ ਸਿੰਘ, ਕਿਸ਼ੋਰੀ ਲਾਲ, ਜਨਰਲ ਸਕੱਤਰ ਕੰਵਲਜੀਤ ਸਿੰਘ, ਵਿੱਤ ਸਕੱਤਰ ਸੁਰਿੰਦਰ ਸਿੰਘ ਸੋਢੀ, ਮੀਤ ਪ੍ਰਧਾਨ ਰਜਿੰਦਰ ਸਿੰਘ ਚੰਗਾਲ, ਜਨਕ ਰਾਜ ਜੋਸ਼ੀ, ਰਜਿੰਦਰ ਗੋਇਲ, ਮੁੱਖ ਸਲਾਹਕਾਰ ਆਰ. ਐੱਲ. ਪਾਂਧੀ, ਆਰਗੇਨਾਈਜ਼ਰ ਸਕੱਤਰ ਰਾਜ ਕੁਮਾਰ ਬਾਂਸਲ, ਸਕੱਤਰ ਜਨਰਲ ਤਿਲਕ ਰਾਜ ਸਤੀਜਾ, ਨੈਸ਼ਨਲ ਐਵਾਰਡੀ ਸੱਤ ਦੇਵ ਸ਼ਰਮਾ ਮੌਜੂਦ ਸਨ।ਜਦੋਂਕਿ ਮੁੱਖ ਮਹਿਮਾਨ ਦੇ ਤੌਰ 'ਤੇ ਸ. ਸੁਖਦੇਵ ਸਿੰਘ ਡੀ. ਐੱਸ. (ਆਰ) ਵੱਲੋਂ ਸ਼ਿਰਕਤ ਕੀਤੀ ਗਈ ਤੇ ਤੁਲਸੀ ਦੇ ਬੂਟੇ ਵੰਡੇ ਗਏ।ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ ਵਿਖੇ ਉਨ੍ਹਾਂ ਵੱਲੋਂ ਛਾਂਦਾਰ ਬੂਟੇ ਵੀ ਲਗਾਏ ਗਏ।ਜਨਰਲ ਸਕੱਤਰ ਕੰਵਲਜੀਤ ਸਿੰਘ, ਸੀਨੀਅਰ ਮੀਤ ਪ੍ਰਧਾਨ ਜਸਵੀਰ ਸਿੰਘ ਖ਼ਾਲਸਾ ਤੇ ਅਸ਼ੋਕ ਡੱਲਾ ਵੱਲੋਂ ਕੀਤੇ ਗਏ ਮੰਚ ਸੰਚਾਲਨ ਦੌਰਾਨ ਪ੍ਰਧਾਨ ਰਾਜ ਕੁਮਾਰ ਅਰੋੜਾ ਨੇ ਆਪਣੇ ਸਵਾਗਤੀ ਭਾਸ਼ਣ ਵਿੱਚ ਕਿਹਾ ਕਿ ਸਾਨੂੰ ਵਾਤਾਵਰਣ ਦੀ ਸੰਭਾਲ ਤੇ ਸ਼ੁਧਤਾ ਲਈ ਸਮਾਗਮ ਕਰਨੇ ਚਾਹੀਦੇ ਹਨ ਅਤੇ ਪਾਣੀ ਦੀ ਬੱਚਤ ਕਰਨੀ ਚਾਹੀਦੀ ਹੈ। ਹਰ ਇੱਕ ਇਨਸਾਨ ਨੂੰ ਆਪਣੇ ਘਰੇ ਤੇ ਇਰਧ ਗਿਰਧ ਬੂਟੇ ਲਗਾਉਣੇ ਚਾਹੀਦੇ ਹਨ ਤੇ ਲੱਗੇ ਬੂਟਿਆਂ ਦੀ ਸੰਭਾਲ ਕਰਨੀ ਚਾਹੀਦੀ ਹੈ।ਸੜਕਾਂ ਦੇ ਕੰਢੇ ਰਵਾਇਤੀ ਫਲਦਾਰ ਬੂਟੇ ਲਗਾਏ ਜਾਣ ਤਾਂ ਜੋ ਪਸ਼ੂ, ਪੰਛੀ ਤੇ ਗਰੀਬ ਵੀ ਉਸ ਦਾ ਲਾਹਾ ਲੈ ਸਕਣ।ਮੁੱਖ ਮਹਿਮਾਨ ਸੁਖਦੇਵ ਸਿੰਘ ਨੇ ਕਿਹਾ ਕਿ ਸ੍ਰੀ ਅਰੋੜਾ ਤੇ ਉਨ੍ਹਾਂ ਦੇ ਸਾਥੀ ਜੋ ਕਿ ਵੱਖ-ਵੱਖ ਵਿਭਾਗਾਂ ਵਿੱਚੋਂ ਸੇਵਾ ਮੁਕਤ ਹੋਏ ਹਨ ਤੇ ਉਨ੍ਹਾਂ ਦੀ ਸੰਸਥਾ ਸੰਗਰੂਰ ਸੋਸ਼ਲ ਵੈੱਲਫੇਅਰ ਐਸੋਸੀਏਸ਼ਨ ਵੱਲੋਂ ਅਰੰਭੀ ਗਈ ਇਹ ਲਹਿਰ ਬੜੀ ਸ਼ਲਾਘਾਯੋਗ ਹੈ ਤੇ ਵਕਤ ਦੀ ਜ਼ਰੂਰਤ ਹੈ।ਸਾਨੂੰ ਸਾਰਿਆਂ ਨੂੰ ਇਸ ਲਹਿਰ ਦਾ ਹਿੱਸਾ ਬਣ ਕੇ ਯੋਗਦਾਨ ਪਾਉਣਾ ਚਾਹੀਦਾ ਹੈ।

ਡੀ.ਐੱਸ.ਪੀ. ਸੁਖਦੇਵ ਸਿੰਘ, ਚੇਅਰਮੈਨ ਰਵਿੰਦਰ ਸਿੰਘ ਗੁੱਡੂ ਨੇ ਕਿਹਾ ਕਿ ਸਾਨੂੰ ਬੂਟੇ ਲਗਾਉਣ ਦੇ ਨਾਲ-ਨਾਲ ਪੋਲਾਥੀਨ ਤੋਂ ਵੀ ਸਮਾਜ ਨੂੰ ਮੁਕਤ ਕਰਨਾ ਚਾਹੀਦਾ ਹੈ, ਕਿਉਂਕਿ ਪੋਲਾਥੀਨ ਦੇ ਨਾਲ ਬਹੁਤ ਨੁਕਸਾਨ ਹੁੰਦਾ ਹੈ। ਇਸ ਮੌਕੇ ਸੁਭਾਸ਼ ਚੰਦ ਸ਼ਰਮਾ, ਮਦਨ ਲਾਲ, ਓ. ਪੀ. ਗਰੋਵਗਰ, ਸੁਰਿੰਦਰ ਸੋਗੀ, ਸੁਭਾਸ਼ ਅਰੋੜਾ, ਸਤਪਾਲ ਸਿੰਗਲਾ, ਧਰਮਪਾਲ, ਹਰਬੰਸ ਲਾਲ ਗਰਗ, ਦਰਸ਼ਨ ਸਿੰਘ ਚੀਮਾ, ਹਰੀਚੰਦ ਮਹਿਤਾ, ਜਸਪਾਲ ਸਿੰਘ ਵਾਲੀਆ, ਰਾਮ ਕੁਮਾਰ ਜਗਦੀਸ਼ ਵਾਲੀਆ, ਮਹਿੰਦਰ ਸਿੰਘ ਢੀਂਡਸਾ, ਰਘੂਨਾਥ ਸ਼ਰਮਾ, ਸੂਬੇਦਾਰ ਨਛੱਤਰ ਸਿੰਘ, ਗੁਰਜੰਟ ਸਿੰਘ ਸੰਧੂ, ਯੁਧੀਸ਼ਟਰ ਕੁਮਾਰ, ਸੁਖਦੇਵ ਸ਼ਰਮਾ, ਅਸੋਕ ਚੌਹਾਨ ਆਦਿ ਤੋਂ ਇਲਾਵੀ ਵੱਡੀ ਗਿਣਤੀ ਵਿੱਚ ਅਹੁਦੇਦਾਰ ਤੇ ਮੈਂਬਰ ਮੌਜੂਦ ਸਨ।

## ਮੈਡੀਕਲ ਪ੍ਰੈਕਟੀਸ਼ਨਰਜ਼ ਐਸੋਸੀਏਸ਼ਨ ਬਲਾਕ ਰਾਮਪੁਰਾ ਦੀ ਮੀਟਿੰਗ



**ਰਾਮਪੁਰਾ ਫੂਲ (ਦਰਸ਼ਨ ਜਿੰਦਲ)**-ਮੈਡੀਕਲ ਪ੍ਰੈਕਟੀਸ਼ਨਰਜ਼ ਐਸੋਸੀਏਸ਼ਨ ਬਲਾਕ ਰਾਮਪੁਰਾ ਦੀ ਮਹੀਨਾਵਾਰ ਮੀਟਿੰਗ ਸ਼ਹੀਦ ਟੀਚਰਜ਼ ਹੋਮ ਰਾਮਪੁਰਾ ਫੂਲ ਵਿਖੇ ਹੋਈ।ਪ੍ਰਧਾਨ ਡਾਕਟਰ ਨਿਰਮਲ ਸਿੰਘ ਚਾਉਕੇ, ਮੀਤ ਪ੍ਰਧਾਨ ਡਾਕਟਰ ਰਵੇਲ ਸਿੰਘ ਗੁਰੂਸਰ ਮਹਿਰਾਜ, ਡਾਕਟਰ ਰੇਸ਼ਮ ਸਿੰਘ ਫੂਲ, ਡਾਕਟਰ ਹਰਵਿੰਦਰ ਸਿੰਘ ਸਹਾਇਕ ਕੈਸ਼ੀਅਰ, ਡਾਕਟਰ ਹਰਜਿੰਦਰ ਸਿੰਘ ਭਾਈ ਰੂਪਾ, ਸੀਨੀਅਰ ਮੈਂਬਰ ਗੁਰਦੀਪ ਸਿੰਘ, ਡਾਕਟਰ ਵੇਦ ਵਿਆਸ ਚਾਉਕੇ ਸਟੇਜ 'ਤੇ ਮੌਜੂਦ ਸਨ।ਸਟੇਜ ਦੀ ਕਾਰਵਾਈ ਬਲਾਕ ਸਕੱਤਰ ਡਾਕਟਰ ਦੇਵਰਾਜ ਕੋਟੜੇ ਕੌੜਿਆਂ ਵਾਲੇ ਨੇ ਸੰਭਾਲੀ। ਮੀਟਿੰਗ ਵਿੱਚ ਜੋ ਪਿਛਲੇ ਦਿਨੀਂ ਆਪਣੀ ਮੈਡੀਕਲ ਪ੍ਰੈਕਟੀਸ਼ਨਰਜ਼ ਐਸੋਸੀਏਸ਼ਨ ਰਾਮਪੁਰਾ ਫੂਲ ਦੇ ਸਤਿਕਾਰਯੋਗ ਮੈਂਬਰਾਂ ਦੇ ਰਿਸ਼ਤਿਆਂ ਵਿੱਚ ਪਰਿਵਾਰ ਵਿੱਛੜੇ ਸਨ, ਉਨ੍ਹਾਂ ਪਰਿਵਾਰਾਂ ਨੂੰ ਸ਼ਰਧਾ ਦੇ ਫੁੱਲ ਭੇਟ ਕੀਤੇ, ਪ੍ਰਮਾਤਮਾ ਨੂੰ ਯਾਦ ਕਰਦਿਆਂ ਅਰਦਾਸ ਬੇਨਤੀ ਕੀਤੀ ਗਈ।ਇਸ ਮੌਕੇ ਡਾਕਟਰ ਸਾਥੀਆਂ ਨੇ ਵਿਚਾਰ ਸਾਂਝੇ ਕੀਤੇ ਕਿ ਸਾਰੇ ਡਾਕਟਰ ਸਾਥੀਆਂ ਨੂੰ ਸਾਫ ਸੁਥਰੀ ਪ੍ਰੈਕਟਸ ਤੇ ਨਸ਼ੇ ਤੋਂ ਰਹਿਤ ਕਰਨੀ ਚਾਹੀਦੀ ਹੈ ਤੇ ਕਲੀਨਿਕਾਂ ਦੀ ਸਫਾਈ ਰੱਖਣੀ ਚਾਹੀਦੀ ਹੈ।ਡਾਕਟਰ ਮਲਕੀਤ ਸਿੰਘ, ਰੇਸ਼ਮ ਸਿੰਘ, ਜਗਤਾਰ ਸਿੰਘ, ਕੌਰ ਸਿੰਘ, ਭਰਥੜੀ ਸ਼ਰਮਾ, ਰਵੇਲ ਸਿੰਘ, ਹਰਜਿੰਦਰ ਸਿੰਘ, ਚਮਕੌਰ ਸਿੰਘ, ਗੁਰਸੇਵਕ ਸਿੰਘ ਨੇ ਆਪਣੇ ਵਿਚਾਰ ਪੇਸ਼ ਕੀਤੇ।

## ਉਮੰਗ ਵੈੱਲਫੇਅਰ ਫਾਊਂਡੇਸ਼ਨ ਵੱਲੋਂ ਪੌਦੇ ਲਗਾਉਣ ਦੀ ਮੁਹਿੰਮ ਸ਼ੁਰੂ



**ਪਟਿਆਲਾ (ਰਾਜਿੰਦਰ ਸਿੰਘ ਥਿੰਦ)**-ਉਮੰਗ ਵੈੱਲਫੇਅਰ ਫਾਊਂਡੇਸ਼ਨ ਵੱਲੋਂ ਵਾਤਾਵਰਨ ਨੂੰ ਧਿਆਨ ਵਿੱਚ ਰੱਖਦਿਆਂ ਪੌਦੇ ਲਗਾਉਣ ਦੀ ਮੁਹਿੰਮ ਸ਼ੁਰੂ ਕੀਤੀ ਗਈ।ਇਸ ਮੁਹਿੰਮ ਹੇਠ ਫਾਊਂਡੇਸ਼ਨ ਦੇ ਮੈਂਬਰਾਂ ਨੇ ਚੇਅਰਮੈਨ ਪੀ ਆਰ ਟੀ ਸੀ ਤੇ ਸਟੇਟ ਸੈਕਟਰੀ ਰਣਜੋਧ ਸਿੰਘ ਹਡਾਣਾ ਨਾਲ ਅੱਜ ਪਟਿਆਲਾ ਦੀ ਰਜਬਾਹਾ ਰੋਡ ਨੇੜੇ ਵੱਖ ਵੱਖ ਥਾਵਾਂ 'ਤੇ ਵੱਡੇ ਪੱਧਰ 'ਤੇ ਪੌਦੇ ਲਗਾਉਣ ਦੀ ਸ਼ੁਰੂਆਤ ਕੀਤੀ।ਇਸ ਮੌਕੇ ਚੇਅਰਮੈਨ ਹਡਾਣਾ ਨੇ ਲੋਕਾਂ ਨੂੰ ਰੁੱਖਾਂ ਦੀ ਮਹੱਤਤਾ ਬਾਰੇ ਜਾਣੂ ਕਰਵਾਉਂਦਿਆਂ ਕਿਹਾ ਕਿ ਕੁਦਰਤ ਵੱਲੋਂ ਮਿਲਦੀ ਆਕਸੀਜਨ ਦਾ ਮੁੱਖ ਸਰੋਤ ਰੁੱਖ ਹੀ ਹਨ, ਇਸ ਲਈ ਸਾਨੂੰ ਆਪਣੇ ਜੀਵਨ ਵਿਚ ਵੱਧ ਤੋਂ ਵੱਧ ਰੁੱਖ ਲਗਾਉਣੇ ਚਾਹੀਦੇ ਹਨ।ਉਨ੍ਹਾਂ ਕਿਹਾ ਕਿ ਜਿਵੇਂ-ਜਿਵੇਂ ਆਧੁਨਿਕਤਾ ਵਧ ਰਹੀ ਹੈ, ਤਿਵੇਂ-ਤਿਵੇਂ ਅਸੀਂ ਕੁਦਰਤ ਤੋਂ ਦੂਰ ਹੋ ਰਹੇ ਹਾਂ, ਜਿਸ ਕਾਰਨ ਆਕਸੀਜਨ ਦੀ ਘਾਟ, ਗਰਮੀ ਵਿੱਚ ਵਾਧਾ ਤੇ ਵਾਤਾਵਰਣ ਪ੍ਰਦੂਸ਼ਣ ਵਧ ਰਿਹਾ ਹੈ।ਉਮੰਗ ਫਾਊਂਡੇਸ਼ਨ ਦੇ ਪ੍ਰਧਾਨ ਅਰਵਿੰਦਰ ਸਿੰਘ ਤੇ ਮੈਂਬਰਾਂ ਨੇ ਹਫਤਾਵਾਰੀ ਇਸ ਮੁਹਿੰਮ ਦੀ ਸ਼ੁਰੂਆਤ ਕਰਨ ਮਗਰੋਂ ਲੋਕਾਂ ਨੂੰ ਪੌਦੇ ਲਗਾਉਣ ਦੀ ਅਪੀਲ ਕਰਦਿਆਂ ਕਿਹਾ ਕਿ ਇਹ ਮੁਹਿੰਮ ਵਾਤਾਵਰਣ ਸੰਭਾਲ ਲਈ ਜਾਗਰੂਕ ਕਰਨ ਦੇ ਉਦੇਸ਼ ਨਾਲ ਸ਼ੁਰੂ ਕੀਤੀ ਗਈ ਹੈ, ਜਿਸ ਵਿੱਚ ਹਰੇਕ ਹਫਤੇ ਨਵੇਂ ਪੌਦੇ ਲਗਾਏ ਜਾਂਦੇ ਹਨ।ਇਸ ਮੌਕੇ ਫਾਊਂਡੇਸ਼ਨ ਦੇ ਪ੍ਰਧਾਨ ਅਰਵਿੰਦਰ ਸਿੰਘ, ਵਾਈਸ ਪ੍ਰਧਾਨ ਵਿਮਲ ਸ਼ਰਮਾ, ਜਨਰਲ ਸੈਕਟਰੀ ਰਾਜਿੰਦਰ ਸਿੰਘ ਸੁਦਨ, ਜੁਆਇੰਟ ਸਕੱਤਰ ਪਰਮਜੀਤ ਸਿੰਘ, ਭਾਵਨਾ ਅਚਾਰਿਆ, ਰਾਜਿੰਦਰ ਕੁਮਾਰ ਖੰਨਾ ਤੇ ਹੋਰ ਮੈਂਬਰ ਵੀ ਮੌਜੂਦ ਸਨ।

## ਐੱਚ ਕੇ ਐੱਸ ਸਕੂਲ ਸਮਾਲਸਰ ਵਿਖੇ ਜ਼ੋਨਲ ਖੇਡਾਂ ਕਰਵਾਈਆਂ



**ਕੋਟਕਪੂਰਾ (ਰਛਪਾਲ ਭੁੱਲਰ)**-ਹੈੱਡ ਮਾਸਟਰ ਕਰਤਾਰ ਸਿੰਘ ਮਾਡਲ ਸੀਨੀਅਰ ਸੈਕੰਡਰੀ ਸਕੂਲ ਸਮਾਲਸਰ ਵਿਖੇ ਜ਼ੋਨਲ ਖੇਡਾਂ ਕਰਵਾਈਆਂ ਗਈਆਂ।ਇਸ ਖੇਡ ਸਮਾਗਮ ਵਿੱਚ ਜ਼ੋਨ ਦੇ ਸਾਰੇ ਸਕੂਲਾਂ ਨੇ ਉਤਸ਼ਾਹ ਨਾਲ ਭਾਗ ਲਿਆ।ਇਸ ਮੌਕੇ ਸਕੂਲ ਪ੍ਰਿੰਸੀਪਲ ਗੁਰਪ੍ਰੇਮ ਸਿੰਘ ਨੇ ਦੱਸਿਆ ਕਿ ਸਮਾਗਮ ਦੌਰਾਨ ਖੋ-ਖੋ, ਰੱਸਾਕਸੀ ਤੇ ਸ਼ਤਰੰਜ ਵਰਗੀਆਂ ਖੇਡਾਂ ਕਰਵਾਈਆਂ ਗਈਆਂ।ਇਸ ਦੌਰਾਨ ਹੈੱਡ ਮਾਸਟਰ ਕਰਤਾਰ ਸਿੰਘ ਸਕੂਲ ਨੇ ਖੇਡਾਂ ਵਿੱਚ ਆਪਣਾ ਸ਼ਾਨਦਾਰ ਪ੍ਰਦਰਸ਼ਨ ਪੇਸ਼ ਕਰਕੇ ਮੱਲਾਂ ਮਾਰੀਆਂ।ਉਨ੍ਹਾਂ ਦੱਸਿਆ ਕਿ ਅੰਡਰ-19 ਲੜਕੇ ਰੱਸਾਕਸੀ 'ਚ ਪਹਿਲਾ, ਅੰਡਰ-14 ਲੜਕੀਆਂ ਰੱਸਾਕਸੀ 'ਚ ਪਹਿਲਾ ਤੇ ਅੰਡਰ-14 ਲੜਕੀਆਂ ਖੋ-ਖੋ 'ਚ ਪਹਿਲਾ ਸਥਾਨ ਹਾਸਲ ਕੀਤਾ।ਉਨ੍ਹਾ ਦੱਸਿਆ ਕਿ ਹੈੱਡ ਮਾਸਟਰ ਕਰਤਾਰ ਸਿੰਘ ਸਕੂਲ ਦੇ ਵਿਦਿਆਰਥੀਆਂ ਨੇ ਸ਼ਾਨਦਾਰ ਪ੍ਰਦਰਸ਼ਨ ਰਾਹੀਂ ਸਕੂਲ ਅਤੇ ਮਾਪਿਆਂ ਦਾ ਨਾਮ ਜ਼ੋਨ ਪੱਧਰ 'ਤੇ ਰੋਸ਼ਨ ਕੀਤਾ। ਸਕੂਲ ਦੇ ਚੇਅਰਮੈਨ ਸ੍ਰ. ਜਸਕਰਨ ਸਿੰਘ, ਡਾਇਰੈਕਟਰ ਇਨਸਾਫ ਸਿੰਘ, ਸਕੂਲ ਪ੍ਰਿੰਸੀਪਲ ਗੁਰਪ੍ਰੇਮ ਸਿੰਘ, ਗੁਰਸੇਵਕ ਸਿੰਘ ਤੇ ਹਰਬੰਸ ਸਿੰਘ ਡੀ.ਪੀ.ਈ. ਸਮੇਤ ਸਮੁੱਚੇ ਸਟਾਫ ਮੈਂਬਰਾਂ ਵੱਲੋਂ ਵਿਦਿਆਰਥੀਆਂ ਨੂੰ ਦਿਲੋਂ ਵਧਾਈਆਂ ਦਿੰਦਿਆਂ ਉਨ੍ਹਾਂ ਦੇ ਚੰਗੇਰੇ ਭਵਿੱਖ ਲਈ ਸ਼ੁੱਭ-ਕਾਮਨਾਵਾਂ ਦਿੱਤੀਆਂ ਗਈਆਂ।

## ਵਰਲਡ ਯੂਨੀਵਰਸਿਟੀ ਦੇ ਇੰਦਰਪਾਲ ਸਿੰਘ ਨੇ ਗੇਟ ਪ੍ਰੀਖਿਆ ਕੀਤੀ ਪਾਸ




**ਸ੍ਰੀ ਫਤਿਹਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)**-ਸ੍ਰੀ ਗੁਰੂ ਗ੍ਰੰਥ ਸਾਹਿਬ ਵਰਲਡ ਯੂਨੀਵਰਸਿਟੀ ਫਤਿਹਗੜ੍ਹ ਸਾਹਿਬ ਦੇ ਬੀ. ਟੈੱਕ. ਫੂਡ ਪ੍ਰੋਸੈਸਿੰਗ ਟੈਕਨਾਲੋਜੀ ਦੇ ਅੰਤਿਮ ਸਾਲ ਦੇ ਵਿਦਿਆਰਥੀ ਇੰਦਰਪਾਲ ਸਿੰਘ ਨੇ ਗੇਟ 2025 ਦੀ ਪ੍ਰੀਖਿਆ ਪਾਸ ਕਰਕੇ ਸੰਸਥਾ ਦਾ ਨਾਮ ਰੌਸ਼ਨ ਕੀਤਾ, ਜਿਸ ਕਾਰਨ ਉਸ ਨੂੰ ਇੰਸਟੀਚਿਊਟ ਆਫ਼ ਕੈਮੀਕਲ ਟੈਕਨਾਲੋਜੀ (ਆਈਸੀਟੀ) ਮੁੰਬਈ ਵਿੱਚ ਦਾਖਲਾ ਮਿਲਿਆ ਹੈ ਅਤੇ ਆਪਣੀ ਪੋਸਟ ਗ੍ਰੈਜੂਏਟ ਪੜ੍ਹਾਈ ਲਈ ਸਕਾਲਰਸ਼ਿਪ ਪ੍ਰਾਪਤ ਕੀਤੀ ਹੈ। ਇੰਦਰਪਾਲ ਨੇ ਫੂਡ ਪ੍ਰੋਸੈਸਿੰਗ ਟੈਕਨਾਲੋਜੀ ਦੇ ਇੰਚਾਰਜ ਡਾ. ਰੁਪਿੰਦਰ ਪਾਲ ਸਿੰਘ ਦੀ ਨਿਗਰਾਨੀ ਹੇਠ ਆਪਣਾ ਛੇ ਮਹੀਨਿਆਂ ਦਾ ਖੋਜ ਪ੍ਰੋਜੈਕਟ ਸਫਲਤਾਪੂਰਵਕ ਪੂਰਾ ਕੀਤਾ ਸੀ।ਡਾ. ਰੁਪਿੰਦਰ ਪਾਲ ਸਿੰਘ ਨੇ ਦੱਸਿਆ ਕਿ ਇੰਦਰਪਾਲ ਸਿੰਘ ਦੇ ਸਮਰਪਣ, ਇਕਸਾਰ ਪ੍ਰਦਰਸ਼ਨ ਤੇ ਖੋਜ ਯੋਗਤਾ ਨੇ ਉਸ ਨੂੰ ਰਾਸ਼ਟਰੀ ਪੱਧਰ 'ਤੇ ਮਾਨਤਾ ਤੇ ਮੌਕੇ ਪ੍ਰਦਾਨ ਕੀਤੇ ਹਨ।ਡਾ. ਸੁਖਵਿੰਦਰ ਸਿੰਘ ਬਿਲਿੰਗ, ਡੀਨ ਅਕਾਦਮਿਕ ਮਾਮਲੇ ਨੇ ਇੰਦਰਪਾਲ ਨੂੰ ਉਸ ਦੀ ਬੇਮਿਸਾਲ ਅਕਾਦਮਿਕ ਉਪਲੱਬਧੀ 'ਤੇ ਵਧਾਈ ਦਿੱਤੀ।ਵਾਈਸ ਚਾਂਸਲਰ ਡਾ. ਪਰਿਤ ਪਾਲ ਸਿੰਘ ਨੇ ਵੀ ਇੰਦਰਪਾਲ ਦੀ ਸ਼ਾਨਦਾਰ ਕਾਰਗੁਜ਼ਾਰੀ ਤੇ ਯੂਨੀਵਰਸਿਟੀ ਦਾ ਮਾਣ ਵਧਾਉਣ ਲਈ ਪ੍ਰਸ਼ੰਸਾ ਕੀਤੀ।

## ਲਾਰੈਂਸ ਸਕੂਲ ਦੇ ਵਿਦਿਆਰਥੀਆਂ ਦਾ ਜ਼ੋਨ ਪੱਧਰੀ ਖੇਡਾਂ 'ਚ ਸ਼ਾਨਦਾਰ ਪ੍ਰਦਰਸ਼ਨ



**ਬਾਘਾ ਪੁਰਾਣਾ (ਮਨੀ ਸਿੰਗਲਾ)**-ਇਲਾਕੇ ਦੀ ਪ੍ਰਸਿੱਧ ਸਿੱਖਿਆ ਸੰਸਥਾ ਲਾਰੈਂਸ ਇੰਟਰਨੈਸ਼ਨਲ ਕਾਨਵੈਂਟ ਸਕੂਲ ਬਾਘਾ ਪੁਰਾਣਾ ਨੇ ਇੱਕ ਵਾਰ ਫਿਰ ਖੇਡਾਂ ਦੇ ਖੇਤਰ ਵਿੱਚ ਆਪਣੀ ਕੁਸ਼ਲਤਾ ਦਾ ਲੋਹਾ ਮਨਵਾਇਆ ਹੈ।ਪ੍ਰਿੰਸੀਪਲ ਜੀਨਮ ਗਰਗ ਤੇ ਮਨੋਜ ਕੁਮਾਰ ਦੀ ਅਗਵਾਈ ਹੇਠ ਸਕੂਲ ਵਿੱਚ ਸਿਰਫ਼ ਅਧਿਆਪਨ ਹੀ ਨਹੀਂ, ਸਗੋਂ ਖੇਡਾਂ ਤੇ ਹੋਰ ਸਹਿਯੋਗੀ ਗਤੀਵਿਧੀਆਂ 'ਤੇ ਵੀ ਖਾਸ ਧਿਆਨ ਦਿੱਤਾ ਜਾਂਦਾ ਹੈ।ਹਾਲ ਹੀ ਵਿੱਚ ਕਰਵਾਈਆਂ ਗਈਆਂ ਜ਼ੋਨ ਪੱਧਰੀ ਖੇਡਾਂ ਵਿੱਚ ਸਕੂਲ ਦੇ ਵਿਦਿਆਰਥੀਆਂ ਨੇ ਉਤਸ਼ਾਹਜਨਕ ਭਾਗੀਦਾਰੀ ਨਿਭਾਈ।ਅੰਡਰ-17 ਖੋ-ਖੋ ਲੜਕੀਆਂ ਦੀ ਟੀਮ ਨੇ ਪਹਿਲਾ ਸਥਾਨ ਤੇ ਅੰਡਰ-19 ਰੱਸਾਕਸੀ ਲੜਕਿਆਂ ਦੀ ਟੀਮ ਨੇ ਦੂਜਾ ਸਥਾਨ ਹਾਸਲ ਕਰਕੇ ਸਕੂਲ ਤੇ ਮਾਪਿਆਂ ਦਾ ਸਿਰ ਉੱਚਾ ਕੀਤਾ।ਮਨੋਜ ਸਰ ਨੇ ਜੇਤੂ ਵਿਦਿਆਰਥੀਆਂ ਨੂੰ ਦਿਲੋਂ ਵਧਾਈ ਦਿੱਤੀ ਤੇ ਉਨ੍ਹਾਂ ਨੂੰ ਇਨਾਮ ਵਜੋਂ ਮਾਨ-ਸਨਮਾਨ ਦਿੱਤਾ ਗਿਆ।ਉਨ੍ਹਾਂ ਨੇ ਦੱਸਿਆ ਕਿ ਇਹ ਸਫਲਤਾ ਸਿਰਫ ਵਿਦਿਆਰਥੀਆਂ ਦੀ ਮਿਹਨਤ ਨਹੀਂ, ਸਗੋਂ ਕੋਚ ਤੇ ਪੂਰੇ ਸਟਾਫ਼ ਦੀ ਸੰਜੀਵ ਮਿਹਨਤ ਦਾ ਨਤੀਜਾ ਹੈ।ਉਨ੍ਹਾਂ ਆਖ਼ਰ 'ਚ ਕਿਹਾ ਕਿ ਸਾਡਾ ਮੇਨ ਮਕਸਦ ਹੈ ਕਿ ਹਰ ਵਿਦਿਆਰਥੀ ਪੜ੍ਹਾਈ ਨਾਲ-ਨਾਲ ਕਿਸੇ ਨਾ ਕਿਸੇ ਖੇਡ ਜਾਂ ਗਤੀਵਿਧੀ 'ਚ ਵੀ ਮੁਹਾਰਤ ਹਾਸਲ ਕਰੇ।ਅਸੀਂ ਆਪਣੇ ਵਿਦਿਆਰਥੀਆਂ ਦੇ ਚਹੁੰਮੁਖੀ ਵਿਕਾਸ ਲਈ ਹਮੇਸ਼ਾ ਵਚਨਬੱਧ ਹਾਂ।ਇਹ ਜਿੱਤ ਸਕੂਲ ਦੀ ਸਿਖਲਾਈ ਤੇ ਖੇਡਾਂ ਲਈ ਜਿੱਤਣ ਵਾਲੀ ਸੋਚ ਦਾ ਪ੍ਰਮਾਣ ਹੈ।

## ਹੋਲੀ ਹਾਰਟ ਸਕੂਲ 'ਚ ਬੱਚਿਆਂ ਨੂੰ ਮੈਜ਼ਿਕ ਸ਼ੋ ਦਿਖਾਇਆ



**ਅਜੀਤਵਾਲ (ਨਛੱਤਰ ਸੰਧੂ)**-ਹੋਲੀ ਹਾਰਟ ਸਕੂਲ ਅਜੀਤਵਾਲ ਵਿੱਚ ਬੱਚਿਆਂ ਨੂੰ ਮੈਜਿਕ ਸ਼ੋ ਦਿਖਾਇਆ ਗਿਆ।ਸਕੂਲ ਵਿੱਚ ਬੱਚਿਆਂ ਲਈ ਇੱਕ ਵਿਸ਼ੇਸ਼ ਜਾਦੂ ਦਾ ਪ੍ਰੋਗਰਾਮ ਕਰਵਾਇਆ ਗਿਆ।ਇਸ ਮੈਜਿਕ ਸ਼ੋ ਨੇ ਨਾ ਕੇਵਲ ਬੱਚਿਆਂ ਨੂੰ ਮਨੋਰੰਜਨ ਪ੍ਰਦਾਨ ਕੀਤਾ, ਸਗੋਂ ਉਨ੍ਹਾਂ ਦੀ ਰੁਚੀ ਤੇ ਸੂਚਨਾ ਦੇ ਵਿੱਚ ਨਵਾਂ ਮੋੜ ਦਿੱਤਾ।ਜਾਦੂਗਰ ਨੇ ਆਪਣੇ ਅਨੋਖੇ ਤੇ ਅਚੰਭੇਜਨਕ ਜਾਦੂ ਟ੍ਰਿਕਾਂ ਰਾਹੀਂ ਬੱਚਿਆਂ ਨੂੰ ਹੈਰਾਨ ਕਰ ਦਿੱਤਾ।ਬੱਚੇ ਇਹ ਮੈਜਿਕ ਸ਼ੋਅ ਦੇਖ ਕੇ ਬਹੁਤ ਹੈਰਾਨ ਹੋ ਗਏ ਤੇ ਆਨੰਦ ਮਹਿਸੂਸ ਕਰ ਰਹੇ ਸਨ, ਇਹ ਉਨ੍ਹਾਂ ਦੀਆਂ ਤਾਲੀਆਂ ਦੀ ਆਵਾਜ਼ ਰਾਹੀਂ ਪਤਾ ਚੱਲ ਰਿਹਾ ਸੀ ਕਿ ਬੱਚਿਆਂ ਨੂੰ ਇਸ ਮੈਜਿਕ ਸ਼ੋਅ ਰਾਹੀਂ ਬਹੁਤ ਹੀ ਆਨੰਦ ਮਹਿਸੂਸ ਹੋ ਰਿਹਾ ਹੈ।ਛੋਟੇ ਬੱਚੇ ਬਹੁਤ ਹੀ ਧਿਆਨ ਨਾਲ ਮੈਜਿਕ ਸ਼ੋਅ ਨੂੰ ਦੇਖ ਰਹੇ ਸਨ।ਸਕੂਲ ਪ੍ਰਿੰਸੀਪਲ ਸ਼ਾਕਸ਼ੀ ਗੁਲੇਰੀਆ ਨੇ ਕਿਹਾ ਕਿ ਇਹ ਜਾਦੂ ਸ਼ੋ ਸਿਰਫ ਮਨੋਰੰਜਨ ਲਈ ਨਹੀਂ ਸੀ, ਸਗੋਂ ਇਸ ਰਾਹੀ ਅਸੀਂ ਬੱਚਿਆਂ ਨੂੰ ਇੱਕ ਨਵੀਂ ਦਿਸ਼ਾ ਦੇਣ ਦੀ ਕੋਸ਼ਿਸ਼ ਕੀਤੀ ਹੈ, ਜਿਸ ਨਾਲ ਉਹ ਅਜਿਹੀਆਂ ਵਿਗਿਆਨਕ ਚੀਜ਼ਾਂ ਪਿੱਛੇ ਦੀ ਲੋਜਿਕ ਨੂੰ ਸਮਝਣ ਦੀ ਕੋਸ਼ਿਸ਼ ਕਰਨ।ਬੱਚਿਆਂ ਨੇ ਵੀ ਇਸ ਮੌਕੇ ਨੂੰ ਪੂਰੀ ਤਰ੍ਹਾਂ ਲੁੱਟਿਆ ਤੇ ਜਾਦੂਗਰ ਨਾਲ ਗੱਲਾਂ ਕਰਕੇ ਆਪਣੀ ਉਤਸੁਕਤਾ ਦਰਸਾਈ।ਇਸ ਮੌਕੇ ਸਕੂਲ ਚੇਅਰਮੈਨ ਸੁਭਾਸ਼ ਪਲਤਾ, ਡਾਇਰੈਕਟਰ ਅਮਿਤ ਪਲਤਾ, ਸ੍ਰੈਆ ਪਲਤਾ ਤੇ ਸਕੂਲ ਪ੍ਰਿੰਸੀਪਲ ਸ਼ਾਕਸ਼ੀ ਗੁਲੇਰੀਆ ਨੇ ਦੱਸਿਆ ਕਿ ਅੱਗੇ ਵੀ ਅਜਿਹੀਆਂ ਰਚਨਾਤਮਿਕ ਗਤੀਵਿਧੀਆਂ ਕਰਵਾਈਆਂ ਜਾਂਦੀਆਂ ਰਹਿਣਗੀਆਂ।

## ਲਾਇਨਜ਼ ਕਲੱਬ ਰਾਇਲ ਨੇ ਪ੍ਰਧਾਨ ਦੀ ਅਗਵਾਈ 'ਚ ਬੂਟੇ ਲਾਏ




**ਕੋਟਕਪੂਰਾ (ਰਛਪਾਲ ਭੁੱਲਰ)**-ਲਾਇਨਜ਼ ਕਲੱਬ ਕੋਟਕਪੂਰਾ ਰਾਇਲ ਦੇ ਪ੍ਰਧਾਨ ਮਨਜੀਤ ਸਿੰਘ ਔਲਖ ਦੀ ਅਗਵਾਈ ਹੇਠ ਪ੍ਰੋਜੈਕਟ ਚੇਅਰਮੈਨ ਅਸ਼ੋਕ ਕੁਮਾਰ ਦੇ ਦਿਸ਼ਾ ਨਿਰਦੇਸ਼ਾਂ ਤਹਿਤ ਕਲੱਬ ਮੈਂਬਰਾਂ ਵੱਲੋਂ ਵਣ ਮਹਾਂਉਤਸਵ ਮਨਾਉਂਦਿਆਂ ਪੌਦੇ ਲਾਉਣ ਦੀ ਮੁਹਿੰਮ ਦਾ ਆਗਾਜ਼ ਕੀਤਾ ਗਿਆ।ਪੀਆਰਓ ਨੰਬਰਦਾਰ ਸੁਖਵਿੰਦਰ ਸਿੰਘ ਪੱਪੂ ਮੁਤਾਬਿਕ ਪੀਐਸਪੀਸੀਐਲ ਦਫਤਰ ਸਬ ਅਰਬਨ ਸਬ ਡਵੀਜ਼ਨ ਮੁਕਤਸਰ ਰੋਡ ਕੋਟਕਪੂਰਾ ਵਿਖੇ ਕਲੱਬ ਵੱਲੋਂ ਛਾਂਦਾਰ ਬੂਟੇ ਲਾਏ ਗਏ।ਡਾ. ਸੁਨੀਲ ਛਾਬੜਾ ਤੇ ਭੁਪਿੰਦਰ ਸਿੰਘ ਮੱਕੜ ਨੇ ਦੱਸਿਆ ਕਿ ਵਾਤਾਵਰਨ ਦੀ ਸੰਭਾਲ ਦਾ ਪ੍ਰਣ ਕਰਦਿਆਂ ਪਿਛਲੇ ਦਿਨੀਂ ਕਲੱਬ ਮੈਂਬਰਾਂ ਨੇ ਇਸ ਸੀਜ਼ਨ ਵਿੱਚ ਵੱਧ ਤੋਂ ਵੱਧ ਬੂਟੇ ਲਾ ਕੇ ਉਨ੍ਹਾਂ ਦੀ ਸੰਭਾਲ ਕਰਨ ਦਾ ਫੈਸਲਾ ਕੀਤਾ ਗਿਆ ਸੀ। ਮਨਜੀਤ ਸਿੰਘ ਲਵਲੀ, ਭੁਪਿੰਦਰ ਸਿੰਘ, ਅਮਰਦੀਪ ਸਿੰਘ ਮੀਤਾ ਤੇ ਬੀਰਇੰਦਰ ਪਾਲ ਸ਼ਰਮਾ ਨੇ ਆਖਿਆ ਕਿ ਰੁੱਖ ਲਾਉਣ ਦਾ ਇਹ ਸਿਲਸਿਲਾ ਭਵਿੱਖ ਵਿੱਚ ਵੀ ਜਾਰੀ ਰਹੇਗਾ।ਪੀਐੱਸਪੀਸੀਐੱਲ ਦੇ ਐੱਸਡੀਓ ਇੰਜੀ. ਇਕਬਾਲ ਸਿੰਘ ਦੀ ਅਗਵਾਈ ਵਾਲੇ ਸਟਾਫ ਨੇ ਕਲੱਬ ਦੇ ਉਕਤ ਉਪਰਾਲੇ ਦੀ ਭਰਪੂਰ ਪ੍ਰਸੰਸਾ ਕਰਦਿਆਂ ਵਿਸ਼ਵਾਸ ਦਿਵਾਇਆ ਕਿ ਇਨ੍ਹਾਂ ਬੂਟਿਆਂ ਦੀ ਸਾਂਭ ਸੰਭਾਲ ਯਕੀਨੀ ਬਣਾਈ ਜਾਵੇਗੀ।ਇਸ ਮੌਕੇ ਕਲੱਬ ਦੇ ਸਮੂਹ ਮੈਂਬਰਾਂ ਤੋਂ ਇਲਾਵਾ ਇਲਾਕੇ ਦੇ ਪਤਵੰਤੇ ਸੱਜਣ ਵੀ ਹਾਜ਼ਰ ਸਨ।

ਨਵਾਂ ਜ਼ਮਾਨਾ
ਪੋਸਟ ਬਾਕਸ ਨੰ. 134

Printed and Published by Printer, Publisher and Editor : Chand Singh @ Chand Fatehpuri for Arjan Singh Gargaj Foundation, Jalandhar printed at Nawan Zamana Printers, Nehru Garden Road, Jalandhar and published at Nawan Zamana office, Nehru Garden Road, Jalandhar.

ਪ੍ਰਕਾਸ਼ਕ, ਛਾਪਕ ਤੇ ਸੰਪਾਦਕ : ਚੰਦ ਸਿੰਘ ਉਰਫ ਚੰਦ ਫਤਿਹਪੁਰੀ ਨੇ ਨਵਾਂ ਜ਼ਮਾਨਾ ਪ੍ਰਿੰਟਰਜ਼, ਨਹਿਰੂ ਗਾਰਡਨ ਰੋਡ, ਜਲੰਧਰ ਤੋਂ ਛਪਵਾ ਕੇ ਅਰਜਨ ਸਿੰਘ ਗੜਗੱਜ ਫਾਊਂਡੇਸ਼ਨ, ਨਹਿਰੂ ਗਾਰਡਨ ਰੋਡ, ਜਲੰਧਰ ਲਈ ਪ੍ਰਕਾਸ਼ਤ ਕੀਤਾ। * ਪੀ ਆਰ ਬੀ ਐਕਟ ਤਹਿਤ ਖ਼ਬਰਾਂ ਦੀ ਚੋਣ ਲਈ ਜ਼ਿੰਮੇਵਾਰ।

ਫੋਨ ਨੰਬਰ ਪ੍ਰਬੰਧਕੀ ਵਿਭਾਗ : 0181-5097300, ਸਮਾਚਾਰ ਵਿਭਾਗ : 0181-5097310, ਈ-ਮੇਲ : nawanzamana@gmail.com * Web : www.nawanzamana.in

# ਅਜਨਾਲਾ ਦੇ ਫਾਇਰ ਸਟੇਸ਼ਨ ਦੀ ਅਪਗਰੇਡੇਸ਼ਨ ਲਈ ਦੋ ਕਰੋੜ ਰੁਪਏ ਦੀ ਰਾਸ਼ੀ ਮਨਜ਼ੂਰ : ਧਾਲੀਵਾਲ



**ਚੇਤਨਪੁਰਾ (ਸੁਖਦੇਵ ਚੇਤਨਪੁਰੀ)**- ਹਲਕਾ ਵਿਧਾਇਕ ਕੁਲਦੀਪ ਸਿੰਘ ਧਾਲੀਵਾਲ ਨੇ ਨਗਰ ਕੌਂਸਲ ਅਜਨਾਲਾ ਵਿਖੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਦੱਸਿਆ ਕਿ ਅਜਨਾਲਾ ਵਿੱਚ ਫਾਇਰ ਸਟੇਸ਼ਨ ਦੇ ਅਪਗਰੇਡ ਲਈ ਪੰਜਾਬ ਸਰਕਾਰ ਵੱਲੋਂ 1.98 ਕਰੋੜ ਰੁਪਏ ਦੀ ਰਾਸ਼ੀ ਜਾਰੀ ਕੀਤੀ ਜਾ ਚੁੱਕੀ ਹੈ।ਉਨ੍ਹਾਂ ਦੱਸਿਆ ਕਿ ਇੱਕ ਨਵੀਂ ਗੱਡੀ ਵੀ ਖਰੀਦੀ ਜਾਵੇਗੀ ਤਾਂ ਜੋ ਕਿਸੇ ਵੀ ਹੰਗਾਮੀ ਹਾਲਤ ਨਾਲ ਨਜਿੱਠਿਆ ਜਾ ਸਕੇ।ਇਸ ਤੋਂ ਇਲਾਵਾ ਅਜਨਾਲਾ ਸ਼ਹਿਰ ਦੀਆਂ ਗਲੀਆਂ ਨਾਲੀਆਂ ਲਈ ਸਰਕਾਰ ਵੱਲੋਂ ਪ੍ਰਵਾਨ ਕੀਤੇ ਗਏ 9 ਕਰੋੜ ਰੁਪਏ ਵਿੱਚੋਂ ਦੂਸਰੀ ਕਿਸ਼ਤ ਵੀ ਤਿੰਨ ਕਰੋੜ ਰੁਪਏ ਦੀ ਪ੍ਰਾਪਤ ਹੋ ਚੁੱਕੀ ਹੈ।ਸ੍ਰੀ ਧਾਲੀਵਾਲ ਨੇ ਦੱਸਿਆ ਕਿ ਰਮਦਾਸ ਨਗਰ ਕੌਂਸਲ ਲਈ ਸਰਕਾਰ ਵੱਲੋਂ ਡੇਢ ਕਰੋੜ ਰੁਪਏ ਦੀ ਰਾਸ਼ੀ ਕੰਮ ਕਰਵਾਉਣ ਲਈ ਆ ਚੁੱਕੀ ਹੈ।ਅਜਨਾਲਾ ਵਿੱਚ ਲੱਗਣ ਵਾਲੀਆਂ 260 ਸਟਰੀਟ ਲਾਈਟਾਂ ਬਾਰੇ ਗੱਲ ਕਰਦੇ ਦੱਸਿਆ ਕਿ ਇਸ ਕੰਮ ਲਈ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਸਰਕਾਰ ਵੱਲੋਂ 92.72 ਲੱਖ ਰੁਪਏ ਦੀ ਪ੍ਰਵਾਨਗੀ ਦਿੱਤੀ ਗਈ ਸੀ ਪਰ ਅਸੀਂ ਟੈਂਡਰ ਲਗਾ ਕੇ ਇਹ ਕੰਮ ਕਰਵਾਇਆ ਜੋ ਕਿ 28.76 ਪਤੀਸ਼ਤ ਘਾਟੇ ਉੱਤੇ ਅਲਾਟ ਹੋਇਆ, ਜਿਸ ਨਾਲ ਸਰਕਾਰ ਦਾ 26.67 ਲੱਖ ਰੁਪਿਆ ਬਚਿਆ ਹੈ। ਇਸ ਸਟਰੀਟ ਲਾਈਟ ਪੋਲ ਸਾਢੇ ਅੱਠ ਫੁੱਟ ਉੱਚਾ ਹੋਵੇਗਾ ਅਤੇ 130 ਕਿਲੋ ਦੇ ਕਰੀਬ ਭਾਰਾ ਹੋਵੇਗਾ।ਉਨ੍ਹਾਂ ਸ਼ਹਿਰ ਵਿੱਚ ਲੱਗਦੇ ਟਰੈਫਿਕ ਜਾਮ ਲਈ ਕਸੂਰਵਾਰ ਦੁਕਾਨਦਾਰਾਂ ਨੂੰ ਮੁਖ਼ਾਤਿਬ ਹੁੰਦੇ ਕਿਹਾ ਕਿ ਉਹ ਅਗਲੇ 48 ਘੰਟਿਆਂ ਵਿੱਚ ਜਾਂ ਤਾਂ ਆਪਣਾ ਸਾਮਾਨ ਸਮੇਟ ਲੈਣ ਨਹੀਂ ਤਾਂ ਕਾਰਵਾਈ ਲਈ ਤਿਆਰ ਰਹਿਣ। ਉਨ੍ਹਾਂ ਕਿਹਾ ਕਿ ਅਜਨਾਲੇ ਦੇ ਬਾਈਪਾਸ ਉਸਾਰੀ ਅਧੀਨ ਹਨ ਅਤੇ ਜਦ ਉਹ ਬਣ ਗਏ ਤਾਂ ਸ਼ਹਿਰ ਹੋਰ ਸੋਹਣਾ ਹੋ ਜਾਵੇਗਾ।ਸ਼ਹਿਰ ਦੀਆਂ ਸੜਕਾਂ ਸਾਫ਼ ਰੱਖਣ ਦੀ ਲੋੜ ਹੈ, ਜੋ ਇਸ ਲਈ ਸਾਰਿਆਂ ਨੂੰ ਇੱਕ ਟੀਮ ਵਜੋਂ ਕੰਮ ਕਰਨ ਦੀ ਲੋੜ ਹੈ।ਅਜਨਾਲਾ ਸ਼ਹਿਰ ਵਿੱਚ ਸਟਰੀਟ ਲਾਈਟਾਂ ਲਗਾਉਣ ਲਈ ਸਰਕਾਰ ਵੱਲੋਂ 92.72 ਲੱਖ ਰੁਪਏ ਮਨਜ਼ੂਰ ਕੀਤੇ ਗਏ ਸਨ ਪਰ ਟੈਂਡਰ ਦੀ ਅਲਾਟਮੈਂਟ 66.05 ਲੱਖ ਰੁਪਏ ਵਿਚ ਕਰਕੇ 26.67 ਲੱਖ ਰੁਪਏ ਬੱਚਤ ਕਰਕੇ ਸਰਕਾਰ ਨੂੰ ਦਿੱਤੇ ਗਏ ਹਨ। ਅਜਨਾਲਾ ਸ਼ਹਿਰ ਦੇ ਵਿਕਾਸ ਕਾਰਜਾਂ ਲਈ 3 ਕਰੋੜ ਰੁਪਏ ਜਾਰੀ ਕੀਤੇ ਗਏ ਹਨ। ਫਾਇਰ ਸਟੇਸ਼ਨ ਦੇ ਨਵ-ਨਿਰਮਾਣ ਲਈ 1.90 ਕਰੋੜ ਰੁਪਏ ਜਾਰੀ ਹੋ ਚੁੱਕੇ ਹਨ।ਜਲਦੀ ਹੀ ਅਜਨਾਲਾ ਨੂੰ ਨਵਾਂ ਫਾਇਰ ਸਟੇਸ਼ਨ ਅਤੇ ਇੱਕ ਹੋਰ ਫਾਇਰ ਬ੍ਰਿਗੇਡ ਦੀ ਗੱਡੀ ਮਿਲੇਗੀ।



# ਜ਼ਿਮਨੀ ਚੋਣ ਤਰਨਤਾਰਨ 'ਚ ਕਾਂਗਰਸ ਪਾਰਟੀ ਇਤਿਹਾਸ ਰਚੇਗੀ : ਕਰਨਬੀਰ ਸਿੰਘ ਬੁਰਜ

**ਸਰਾਏ ਅਮਾਨਤ ਖਾਂ (ਮੱਖਣ ਮਨੋਜ)**- ਹਲਕਾ ਤਰਨਤਾਰਨ ਵਿੱਚ ਹੋਣ ਵਾਲੀ ਜ਼ਿਮਨੀ ਚੋਣ ਵਿੱਚ ਕਾਂਗਰਸ ਪਾਰਟੀ ਵੱਡੀ ਲੀਡ ਨਾਲ ਜਿੱਤ ਕੇ ਇਕ ਨਵਾਂ ਇਤਿਹਾਸ ਲਿਖੇਗੀ ਅਤੇ ਪੰਜਾਬ ਵਿਚ 2027 ਦੀ ਸਰਕਾਰ ਦਾ ਮੁੱਢ ਬੰਨ੍ਹੇਗੀ।ਇਨ੍ਹਾਂ ਵਿਚਾਰਾਂ ਦਾ ਪ੍ਰਗਟਾਵਾ ਕਾਂਗਰਸ ਦੇ ਜ਼ਿਲ੍ਹਾ ਮੀਤ ਪ੍ਰਧਾਨ ਕਰਨਬੀਰ ਸਿੰਘ ਬੁਰਜ ਨੇ ਪਿੰਡ ਮੰਨਣ ਵਿਖੇ ਹੋਏ ਇਕ ਭਰਵੇਂ ਇਕੱਠ ਨੂੰ ਸੰਬੋਧਨ ਕਰਦਿਆਂ ਕੀਤਾ।ਬੁਰਜ ਨੇ ਕਿਹਾ ਕਿ ਵੱਖ-ਵੱਖ ਪਿੰਡਾਂ ਤੋਂ ਲੋਕਾਂ ਦਾ ਵੱਡਾ ਹੁੰਗਾਰਾ ਮਿਲ ਰਿਹਾ ਹੈ ਅਤੇ ਲੋਕ ਕਾਂਗਰਸੀ ਉਮੀਦਵਾਰ ਨੂੰ ਜਿਤਾਉਣ ਦਾ ਮਨ ਬਣਾ ਚੁੱਕੇ ਹਨ, ਬੱਸ ਉਮੀਦਵਾਰ ਦੇ ਐਲਾਨ ਦੀ ਉਡੀਕ ਰਹੇ ਹਨ।ਇਸ ਸਮੇਂ ਮੰਨਣ ਵਾਸੀਆਂ ਨੇ ਕਰਨ ਬੁਰਜ ਨੂੰ ਹਰ ਤਰ੍ਹਾਂ ਦਾ ਸਹਿਯੋਗ ਦੇਣ ਦਾ ਭਰੋਸਾ ਦਿੰਦਿਆਂ ਸਨਮਾਨਤ ਕੀਤਾ।ਇਸ ਸਮੇਂ ਇਕੱਠ ਵਿੱਚ ਸਾਬਕਾ ਸਰਪੰਚ ਗੁਰਪਾਲ ਸਿੰਘ ਜਗਤਪੁਰ, ਸਰਪੰਚ ਗੁਰਚਰਨ ਸਿੰਘ ਖੇੜਾ, ਸਾਬਕਾ ਸਰਪੰਚ ਸੁੱਚਾ ਸਿੰਘ ਖੇੜਾ, ਸੁਖਵਿੰਦਰ ਸਿੰਘ ਸੋਨੂੰ ਪ੍ਰਧਾਨ, ਹਰਜਿੰਦਰ ਸਿੰਘ, ਦਵਿੰਦਰ ਸਿੰਘ, ਤਜਬੀਰ ਸਿੰਘ, ਮਾਨ ਸਿੰਘ, ਜਤਿੰਦਰ ਸਿੰਘ, ਸੁਖਚੈਨ ਸਿੰਘ, ਕਰਨਬੀਰ ਸਿੰਘ, ਸਵਰਨ ਸਿੰਘ ਫੌਜੀ, ਬਲਵਿੰਦਰ ਸਿੰਘ, ਦਰਸ਼ਨ ਸਿੰਘ, ਹੀਰਾ ਸਿੰਘ, ਕਮਲੇਸ਼ ਕੌਰ, ਚਰਨਜੀਤ ਕੌਰ, ਅਮਰਜੀਤ ਕੌਰ, ਵਰਿੰਦਰ ਕੌਰ, ਬਲਦੇਵ ਸਿੰਘ ਮੈਂਬਰ, ਜੱਜਬੀਰ ਸਿੰਘ ਖੈਰਦੀਨ ਕੇ, ਕੁਲਦੀਪ ਸਿੰਘ, ਕੁਲਜੀਤ ਸਿੰਘ,ਸਕੱਤਰਬੀਰ ਸਿੰਘ ਫੌਜੀ, ਮਿੱਤਰ ਸਿੰਘ, ਬਲਜੀਤ ਸਿੰਘ, ਸਕੱਤਰਬੀਰ ਸਿੰਘ ਫੌਜੀ, ਗੁਰਜੰਟ ਸਿੰਘ ਠੱਠਗੜ੍ਹ, ਆਦਿ ਹਾਜ਼ਰ ਸਨ।

# 'ਆਪ' ਸਰਕਾਰ ਵੱਲੋਂ ਦੀਨਾਨਗਰ ਸ਼ਹਿਰ ਨੂੰ ਇਕ ਹੋਰ ਆਮ ਆਦਮੀ ਕਲੀਨਿਕ ਦਾ ਤੋਹਫਾ



**ਦੀਨਾਨਗਰ (ਬਲਵਿੰਦਰ ਸਿੰਘ ਬਿੱਲਾ)**- ਸਿਹਤ ਸੇਵਾਵਾਂ ਦੇ ਖੇਤਰ ਵਿੱਚ ਉਚੇਚੇ ਤੌਰ 'ਤੇ ਕੰਮ ਕਰ ਰਹੀ ਆਮ ਆਦਮੀ ਪਾਰਟੀ ਦੀ ਸਰਕਾਰ ਨੇ ਦੀਨਾਨਗਰ ਸ਼ਹਿਰ ਨੂੰ ਇਕ ਹੋਰ ਆਮ ਆਦਮੀ ਕਲੀਨਿਕ ਦਾ ਤੋਹਫਾ ਦਿੰਦਿਆਂ ਸ਼ਹਿਰ ਅੰਦਰ ਦੂਜੇ ਅਤੇ ਵਿਧਾਨਸਭਾ ਹਲਕਾ ਦੀਨਾਨਗਰ ਦੇ ਨੌਵੇਂ ਆਮ ਆਦਮੀ ਕਲੀਨਿਕ ਦਾ ਨਿਰਮਾਣ ਕੰਮ ਸ਼ੁਰੂ ਕਰਵਾ ਦਿੱਤਾ ਹੈ।ਆਮ ਆਦਮੀ ਕਲੀਨਿਕ ਦੇ ਨਿਰਮਾਣ ਕੰਮ ਦਾ ਉਦਘਾਟਨ ਕਰਦਿਆਂ ਹਲਕਾ ਇੰਚਾਰਜ ਸ਼ਮਸ਼ੇਰ ਸਿੰਘ ਨੇ ਕਿਹਾ ਕਿ ਸੂਬੇ ਦੇ ਲੋਕਾਂ ਨਾਲ ਆਮ ਆਦਮੀ ਪਾਰਟੀ ਨੇ ਮਿਆਰੀ ਅਤੇ ਘਰ ਦੇ ਨੇੜੇ ਸਿਹਤ ਸਹੂਲਤਾਂ ਦੇਣ ਦਾ ਜੋ ਵਾਅਦਾ ਕੀਤਾ ਸੀ ਉਸੇ ਤਹਿਤ ਵਿਧਾਨਸਭਾ ਹਲਕਾ ਦੀਨਾਨਗਰ ਅੰਦਰ ਨੌਵੇਂ ਅਤੇ ਦੀਨਾਨਗਰ ਸ਼ਹਿਰ ਅੰਦਰ ਦੂਜੇ ਆਮ ਆਦਮੀ ਕਲੀਨਿਕ ਨੂੰ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਆਮ ਆਦਮੀ ਪਾਰਟੀ ਦੀ ਸਰਕਾਰ ਸ਼ੁਰੂ ਕਰਨ ਜਾ ਰਹੀ ਹੈ।ਹਲਕਾ ਇੰਚਾਰਜ ਸ਼ਮਸ਼ੇਰ ਸਿੰਘ ਨੇ ਕਿਹਾ ਕਿ ਸੇਵਾ ਕੇਂਦਰ ਦੀ ਪੁਰਾਣੀ ਇਮਾਰਤ, ਜੋ ਕਿ ਪਿਛਲੇ ਕਈ ਸਾਲਾਂ ਤੋਂ ਖਾਲੀ ਪਈ ਹੋਈ ਸੀ, ਨੂੰ ਵਰਤੋਂ ਵਿੱਚ ਲਿਆ ਕੇ ਇਸ ਉਪਰ ਹੋਰ 24.85 ਲੱਖ ਰੁਪਏ ਖਰਚ ਕਰਕੇ ਪੰਜਾਬ ਸਰਕਾਰ ਇਸ ਇਮਾਰਤ ਨੂੰ ਆਮ ਆਦਮੀ ਕਲੀਨਿਕ ਵਜੋਂ ਤਿਆਰ ਕਰੇਗੀ ਅਤੇ ਇਹ ਇਮਾਰਤ ਆਉਂਦੀ 20 ਅਗਸਤ ਤੱਕ ਬਣ ਕੇ ਤਿਆਰ ਹੋ ਜਾਵੇਗੀ। ਉਨ੍ਹਾਂ ਕਿਹਾ ਕਿ ਉਹ ਉਚੇਚੇ ਤੌਰ 'ਤੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਅਤੇ ਸਿਹਤ ਮੰਤਰੀ ਡਾ. ਬਲਬੀਰ ਸਿੰਘ ਦੇ ਧੰਨਵਾਦੀ ਹਨ, ਜੋ ਵਿਧਾਨਸਭਾ ਹਲਕਾ ਦੀਨਾਨਗਰ ਵੱਲੋਂ ਵਿਸ਼ੇਸ਼ ਤਵੱਜੋ ਦੇ ਰਹੇ ਹਨ।ਇਸ ਮੌਕੇ ਮੰਡੀ ਬੋਰਡ ਦੇ ਐੱਸਡੀਓ ਅਸ਼ੋਕ ਕੁਮਾਰ, ਆਮ ਆਦਮੀ ਪਾਰਟੀ ਦੇ ਬਲਾਕ ਪ੍ਰਧਾਨ ਗੌਰਵ ਧੀਰ, ਸਿਮਰਨ ਬੈਂਸ, ਮਨਮੋਹਨ ਸਿੰਘ ਧਮਰਾਈ, ਗੋਰਾ ਕੱਤੋਵਾਲ, ਮਨੋਜ ਘੇਸਲ, ਸਰਪੰਚ ਗੁਰਨਾਮ ਸਿੰਘ ਸਿੰਘੋਵਾਲ, ਕਾਮਰੇਡ ਸੁਭਾਸ਼ ਕੈਰੇ, ਚਮਨ ਲਾਲ, ਸੰਜੀਵ ਸੂਰੀ ਅਤੇ ਰਜੇਸ਼ ਕੁਮਾਰ ਡੇਜੀ ਵੀ ਮੌਜੂਦ ਸਨ।

# ਚੇਅਰਮੈਨ ਸੇਖਵਾਂ ਦੀਆਂ ਕੋਸ਼ਿਸ਼ਾਂ ਸਦਕਾ ਸੜਕ ਦੇ ਨਵੀਨੀਕਰਨ ਪ੍ਰੋਜੈਕਟ ਨੂੰ ਮਿਲੀ ਮਨਜ਼ੂਰੀ

**ਧਾਰੀਵਾਲ/ਕਾਹਨੂੰਵਾਨ (ਮਨਦੀਪ ਸਿੰਘ ਵਿੱਕੀ)**- ਜ਼ਿਲ੍ਹਾ ਯੋਜਨਾ ਕਮੇਟੀ ਗੁਰਦਾਸਪੁਰ ਦੇ ਚੇਅਰਮੈਨ ਐਡਵੋਕੇਟ ਜਗਰੂਪ ਸਿੰਘ ਸੇਖਵਾਂ ਦੀਆਂ ਕੋਸ਼ਿਸ਼ਾਂ ਸਦਕਾ ਪੰਜਾਬ ਸਰਕਾਰ ਵੱਲੋਂ ਵਿਧਾਨ ਸਭਾ ਹਲਕਾ ਕਾਦੀਆਂ ਦੀਆਂ ਸੰਪਰਕ ਸੜਕਾਂ ਦੀ ਮੁਰੰਮਤ ਤੇ ਨਵੀਨੀਕਰਨ ਪ੍ਰੋਜੈਕਟ ਲਈ ਜਿੱਥੇ ਪਹਿਲਾਂ ਹੀ 25.98 ਕਰੋੜ ਰੁਪਏ ਦੀ ਰਕਮ ਜਾਰੀ ਕੀਤੀ ਗਈ ਹੈ ਉਥੇ ਹੁਣ 8.28 ਕਰੋੜ ਰੁਪਏ ਦੀ ਲਾਗਤ ਨਾਲ ਕਾਹਨੂੰਵਾਨ ਤੋਂ ਵਾਇਆ ਚੱਕ ਯਕੂਬ, ਜਾਗੋਵਾਲ ਭੱਟੀਆਂ ਰਾਹੀਂ ਘੋੜੇਵਾਹ ਤੱਕ ਸੜਕ ਦੇ ਨਵੀਨੀਕਰਨ ਪ੍ਰੋਜੈਕਟ ਨੂੰ ਵੀ ਮਨਜ਼ੂਰੀ ਦੇ ਦਿੱਤੀ ਗਈ ਹੈ।ਇਸ ਸਬੰਧੀ ਜਾਣਕਾਰੀ ਦਿੰਦੇ ਹੋਏ ਚੇਅਰਮੈਨ ਐਡਵੋਕੇਟ ਜਗਰੂਪ ਸਿੰਘ ਸੇਖਵਾਂ ਨੇ ਦੱਸਿਆ ਕਿ ਕਾਹਨੂੰਵਾਨ ਤੋਂ ਵਾਇਆ ਚੱਕ ਯਕੂਬ, ਜਾਗੋਵਾਲ ਭੱਟੀਆਂ ਰਾਹੀਂ ਘੋੜੇਵਾਹ ਤੱਕ ਸੜਕ ਦੇ ਪ੍ਰੋਜੈਕਟ ਉਪਰ 8.28 ਕਰੋੜ ਰੁਪਏ ਖ਼ਰਚ ਕੀਤੇ ਜਾਣਗੇ, ਜਦਕਿ 5 ਸਾਲ ਤੱਕ ਇਸ ਸੜਕ ਦੇ ਰੱਖ-ਰਖਾਅ ਲਈ 73.68 ਲੱਖ ਰੁਪਏ ਮਨਜ਼ੂਰ ਕੀਤੇ ਗਏ ਹਨ।ਉਨ੍ਹਾਂ ਕਿਹਾ ਕਿ ਸੜਕ ਦੇ ਇਸ ਪ੍ਰੋਜੈਕਟ ਨੂੰ ਲੋਕ ਨਿਰਮਾਣ ਵਿਭਾਗ ਵੱਲੋਂ ਟੈਕਨੀਕਲ ਅਪਰੂਵਲ ਜਾਰੀ ਕਰ ਦਿੱਤੀ ਗਈ ਹੈ ਅਤੇ ਟੈਂਡਰ ਪ੍ਰਕਿਰਿਆ ਪੂਰੀ ਹੋਣ ਤੋਂ ਬਾਅਦ ਜਲਦੀ ਹੀ ਇਸ ਸੜਕ ਦੇ ਨਵੀਨੀਕਰਨ ਪ੍ਰੋਜੈਕਟ ਉੱਪਰ ਕੰਮ ਸ਼ੁਰੂ ਹੋ ਜਾਵੇਗਾ।ਚੇਅਰਮੈਨ ਜਗਰੂਪ ਸਿੰਘ ਸੇਖਵਾਂ ਨੇ ਕਿਹਾ ਕਿ ਵਿਧਾਨ ਸਭਾ ਹਲਕਾ ਕਾਦੀਆਂ ਨੂੰ ਵਿਕਾਸ ਪੱਖੋਂ ਮੋਹਰੀ ਬਣਾਇਆ ਜਾਵੇਗਾ।ਉਨ੍ਹਾਂ ਕਿਹਾ ਕਿ ਹਲਕੇ ਵਿੱਚ ਬਣਨ ਵਾਲੀਆਂ ਇਹ ਸੜਕਾਂ ਸਿਰਫ਼ ਆਵਾਜਾਈ ਲਈ ਨਹੀਂ, ਸਗੋਂ ਇਲਾਕੇ ਦੀ ਆਰਥਿਕਤਾ ਅਤੇ ਸਥਾਨਕ ਵਿਕਾਸ ਲਈ ਇੱਕ ਨਵੀਂ ਰਾਹਦਾਰੀ ਸਾਬਤ ਹੋਣਗੀਆਂ।



# ਨਸ਼ਈ ਪੁੱਤ ਦੇ ਨਸ਼ੇ ਤੋਂ ਤੰਗ ਆ ਕੇ ਮਾਂ ਨੇ ਜ਼ਹਿਰ ਨਿਗਲ ਲਿਆ, ਮੌਤ

**ਪਠਾਨਕੋਟ (ਦਵਿੰਦਰ ਸਿੰਘ)** ਨਸ਼ੇ ਦੀ ਲਤ ਨੇ ਇੱਕ ਹੋਰ ਪਰਿਵਾਰ ਨੂੰ ਤਬਾਹ ਕਰ ਦਿੱਤਾ ਹੈ।ਪੁੱਤਰ ਨਸ਼ੇ ਦਾ ਆਦੀ ਸੀ ਅਤੇ ਘਰ ਵਿੱਚ ਮੁਸੀਬਤਾਂ ਪੈਦਾ ਕਰਦਾ ਸੀ, ਜਿਸ ਨੂੰ ਦੇਖ ਕੇ ਮਾਂ ਨੇ ਖਾਣੇ ਵਿੱਚ ਜ਼ਹਿਰ ਮਿਲਾ ਕੇ ਮੌਤ ਨੂੰ ਗਲੇ ਲਗਾ ਲਿਆ। ਪੁਲਸ ਨੇ ਪੁੱਤਰ ਵਿਰੁੱਧ ਕਾਰਵਾਈ ਸ਼ੁਰੂ ਕਰ ਦਿੱਤੀ ਹੈ।ਪੁਲਸ ਸੂਬੇ ਵਿੱਚ ਵਗਦੇ ਨਸ਼ਿਆਂ ਦੇ ਛੇਵੇਂ ਦਰਿਆ ਨੂੰ ਰੋਕਣ ਲਈ ਅਣਥੱਕ ਯਤਨ ਕਰ ਰਹੀ ਹੈ, ਪਰ ਇਸਦੇ ਬਾਵਜੂਦ ਨਸ਼ਾ ਤਸਕਰ ਆਮ ਵਾਂਗ ਆਪਣਾ ਕੰਮ ਜਾਰੀ ਰੱਖ ਰਹੇ ਹਨ। ਪਠਾਨਕੋਟ ਵਿੱਚ ਇੱਕ ਮਾਂ ਨੇ ਖੁਦਕੁਸ਼ੀ ਕਰ ਲਈ ਕਿਉਂਕਿ ਉਸਦਾ ਪੁੱਤਰ ਇੱਕ ਡਰੱਗ ਗਰੋਹ ਵਿੱਚ ਫਸਿਆ ਹੋਇਆ ਸੀ ਅਤੇ ਅਕਸਰ ਘਰ ਵਿੱਚ ਪੈਸੇ ਮੰਗਦਾ ਸੀ ਅਤੇ ਪੈਸੇ ਨਾ ਦੇਣ ਤੇ ਖੁਦਕੁਸ਼ੀ ਕਰਨ ਦੀ ਧਮਕੀ ਦਿੰਦਾ ਸੀ ਅਤੇ ਇਸ ਰੋਜ਼ਾਨਾ ਦੇ ਕਲੇਸ਼ ਤੋਂ ਤੰਗ ਆ ਕੇ 60 ਸਾਲਾ ਔਰਤ ਮਨਜੀਤ ਕੌਰ ਪਤਨੀ ਸੁਰਿੰਦਰ ਪਾਲ ਸਿੰਘ ਵਾਸੀ ਬੈਂਕ ਕਲੋਨੀ ਪਠਾਨਕੋਟ ਨੇ ਜ਼ਹਿਰ ਨਿਗਲ ਕੇ ਆਪਣੀ ਜੀਵਨ ਲੀਲਾ ਸਮਾਪਤ ਕਰ ਲਈ।ਇਸ ਸਬੰਧੀ ਮ੍ਰਿਤਕਾ ਦੇ ਪਤੀ ਸੁਰਿੰਦਰ ਪਾਲ ਸਿੰਘ ਨੇ ਪੁਲਸ ਨੂੰ ਬਿਆਨ ਦਿੰਦੇ ਹੋਏ ਕਿਹਾ ਕਿ ਉਸਦਾ ਪੁੱਤਰ ਨਸ਼ੇ ਦਾ ਆਦੀ ਹੈ, ਜਿਸ ਕਾਰਨ ਉਹ ਅਕਸਰ ਘਰ ਵਿੱਚ ਪੈਸਿਆਂ ਲਈ ਝਗੜਾ ਕਰਦਾ ਰਹਿੰਦਾ ਸੀ, ਜਿਸ ਤੋਂ ਤੰਗ ਆ ਕੇ ਉਸਦੀ ਪਤਨੀ ਨੇ ਜ਼ਹਿਰ ਖਾ ਕੇ ਖੁਦਕੁਸ਼ੀ ਕਰ ਲਈ।ਪੁਲਸ ਨੇ ਮ੍ਰਿਤਕਾ ਦੇ ਪਤੀ ਦੇ ਬਿਆਨ ਦਰਜ ਕਰਕੇ ਕਾਰਵਾਈ ਸ਼ੁਰੂ ਕਰ ਦਿੱਤੀ ਹੈ।



# ਸਰਵ ਭਾਰਤ ਨੌਜਵਾਨ ਸਭਾ ਵੱਲੋਂ ਡੀਸੀ ਦਫਤਰ ਅੱਗੇ ਪ੍ਰਦਰਸ਼ਨ

**● ਹਰ ਬੇਰੁਜ਼ਗਾਰ ਮੁੰਡੇ ਕੁੜੀ ਨੂੰ ਰੁਜ਼ਗਾਰ ਦੀ ਗਰੰਟੀ ਮਿਲੇ : ਵਲਟੋਹਾ**

**ਤਰਨ ਤਾਰਨ (ਪ੍ਰਿਤਪਾਲ ਸਿੰਘ)**— ਸਰਵ ਭਾਰਤ ਨੌਜਵਾਨ ਸਭਾ ਵੱਲੋਂ ਜ਼ਿਲ੍ਹਾ ਹੈੱਡਕੁਆਰਟਰਾਂ ਵਿਖੇ ਭਗਤ ਸਿੰਘ ਰੁਜਗਾਰ ਗਰੰਟੀ ਐਕਟ ਬਣਾਉਣ ਦੀ ਮੰਗ ਨੂੰ ਲੈ ਕੇ ਪ੍ਰਦਰਸ਼ਨ ਕੀਤੇ ਗਏ। ਇਸੇ ਲੜੀ ਤਹਿਤ ਤਰਨ ਤਾਰਨ ਡੀਸੀ ਦਫਤਰ ਅੱਗੇ ਵੀ ਵਿਸ਼ਾਲਦੀਪ ਸਿੰਘ ਵਲਟੋਹਾ ਤੇ ਗੁਰਚਰਨ ਸਿੰਘ ਕੰਡਾ ਦੀ ਅਗਵਾਈ ਵਿੱਚ ਬਨੇਗਾ ਡੇ ਪ੍ਰਦਰਸ਼ਨ ਕੀਤਾ ਗਿਆ। ਯਾਦ ਰਹੇ ਕਿ ਪਿਛਲੇ ਸੱਤ ਮਹੀਨਿਆਂ ਦੌਰਾਨ ਇਹ ਸੱਤਵਾਂ ਪ੍ਰਦਰਸ਼ਨ ਸੀ। ਇਸ ਮੌਕੇ ਆਗੂਆਂ ਨੇ ਕਿਹਾ ਕਿ ਇਸ ਵੇਲੇ ਪੰਜਾਬ ਸਮੇਤ ਦੇਸ਼ ਵਿੱਚ ਤਿੰਨ ਚਾਰ ਕਰੋੜ ਨੌਜਵਾਨ ਬੇਰੁਜ਼ਗਾਰੀ ਦੀ ਚੱਕੀ ਵਿੱਚ ਪਿਸ ਰਹੇ ਹਨ। ਬੇਰੁਜ਼ਗਾਰ ਨੌਜਵਾਨਾਂ ਮੁੰਡੇ ਕੁੜੀਆਂ ਨੂੰ ਰੁਜ਼ਗਾਰ ਦੇਣ ਦੀ ਬਜਾਏ ਨਸ਼ਿਆਂ, ਲੁੱਟਾਂ ਖੋਹਾਂ, ਗੈਂਗਸਟਰਵਾਦ ਤੇ ਖੁਦਕੁਸ਼ੀਆਂ ਦੇ ਰਾਹ ਪਾਇਆ ਜਾ ਰਿਹਾ ਹੈ। ਉਨ੍ਹਾਂ ਮੰਗ ਕੀਤੀ ਕਿ ਭਗਤ ਸਿੰਘ ਰੁਜ਼ਗਾਰ ਗਰੰਟੀ ਕਾਨੂੰਨ ਪਾਰਲੀਮੈਂਟ ਵਿੱਚ ਪਾਸ ਕੀਤਾ ਜਾਵੇ। ਹਰ ਨੌਜਵਾਨ ਮੁੰਡੇ ਕੁੜੀ ਨੂੰ ਉਸਦੀ ਲਿਆਕਤ ਅਨੁਸਾਰ ਰੁਜ਼ਗਾਰ ਦਿੱਤਾ ਜਾਵੇ ਅਤੇ ਅਣਸਿੱਖਿਅਤ ਕਾਮੇ ਲਈ ਘੱਟੋ-ਘੱਟ ਉਜਰਤ 35000 ਰੁਪਏ, ਸਿੱਖਿਅਤ ਲਈ 45000 ਤੇ ਉੱਚ ਸਿੱਖਿਅਤ ਲਈ 60000 ਰੁਪਏ ਦਿੱਤੀ ਜਾਵੇ। ਜੇਕਰ ਕੰਮ ਨਹੀਂ ਦਿੱਤਾ ਜਾਂਦਾ ਤਾਂ ਉਜਰਤ ਦਾ ਅੱਧ ਕੰਮ ਇੰਤਜ਼ਾਰ ਭੱਤਾ ਦਿੱਤਾ ਜਾਵੇ। ਉਨ੍ਹਾਂ ਮੰਗ ਕੀਤੀ ਕਿ ਹਰ ਬੱਚੇ ਨੂੰ ਬਾਰ੍ਹਵੀਂ ਤੱਕ ਮੁਫਤ ਤੇ ਲਾਜ਼ਮੀ ਸਿੱਖਿਆ ਦਿੱਤੀ ਜਾਵੇ। ਉੱਚ ਸਿੱਖਿਆ ਮੁਫਤ ਹੋਵੇ। 20 ਬੱਚਿਆਂ ਪਿੱਛੇ ਇੱਕ ਅਧਿਆਪਕ ਦਿੱਤਾ ਜਾਵੇ, ਅਤਿ ਅਧੁਨਿਕ ਮਸ਼ੀਨੀ ਯੁੱਗ ਵਿੱਚ ਕੰਮ ਦਿਹਾੜੀ ਸਮਾਂ ਛੇ ਘੰਟੇ ਕੀਤਾ ਜਾਵੇ, ਵੱਧ ਤੋਂ ਵੱਧ ਨੌਜਵਾਨਾਂ ਨੂੰ ਰੁਜ਼ਗਾਰ ਮਿਲੇ। ਇਸ ਮੌਕੇ ਹੋਰਨਾਂ ਤੋਂ ਇਲਾਵਾ ਗੁਰਲਾਲ ਸਿੰਘ ਵਲਟੋਹਾ, ਗੁਰਸੇਵਕ ਸਿੰਘ, ਗੁਰਬੀਰ ਸਿੰਘ, ਗੁਰਪ੍ਰਤਾਪ ਸਿੰਘ, ਹੁਸਨ ਆਸਲ, ਅਮਰੋਜ਼ ਰਾਜੋਕੇ ਵੀ ਹਾਜ਼ਰ ਸਨ।




# ਦੇਸ ਰਾਜ ਡੀਏਵੀ ਸਕੂਲ ਬਟਾਲਾ ਦੀ ਗਤਕਾ ਟੀਮ ਨੇ ਗੋਲਡ ਮੈਡਲ ਜਿੱਤੇ

**ਬਟਾਲਾ (ਡਾ. ਮਲਵਿੰਦਰ ਸਿੰਘ)**- ਪੰਜਾਬ ਸਰਕਾਰ ਦੁਆਰਾ ਸਕੂਲੀ ਪੱਧਰ ਤੋਂ ਸਟੇਟ ਪੱਧਰ ਤੱਕ ਜੋ ਗਤਕੇ ਦੇ ਮੁਕਾਬਲੇ ਕਰਵਾਏ ਜਾ ਰਹੇ ਹਨ, ਵਿੱਚ ਦੇਸ ਰਾਜ ਡੀਏਵੀ ਸੀਨੀਅਰ ਸੈਕੰਡਰੀ ਪਬਲਿਕ ਸਕੂਲ ਬਟਾਲਾ ਦੀ ਗਤਕਾ ਟੀਮ ਨੇ ਵੀ ਹਿੱਸਾ ਲਿਆ ।ਇਨ੍ਹਾਂ ਮੁਕਾਬਲਿਆਂ ਦੀ ਮੇਜ਼ਬਾਨੀ ਸ੍ਰੀ ਗੁਰੂ ਨਾਨਕ ਅਕੈਡਮੀ ਜਲੰਧਰ ਰੋਡ ਦੁਆਰਾ ਕੀਤੀ ਗਈ ਜਿਸ ਵਿੱਚ ਦੇਸ ਰਾਜ ਡੀਏਵੀ ਸੀਨੀਅਰ ਸੈਕੰਡਰੀ ਪਬਲਿਕ ਸਕੂਲ ਦੀ ਗਤਕਾ ਟੀਮ ਦੇ ਵਿਦਿਆਰਥੀਆਂ ਜਗਦੀਪਕ ਸਿੰਘ, ਪ੍ਰਭ ਨੂਰ ਸਿੰਘ, ਗੁਰ ਨੂਰ ਸਿੰਘ ਨੇ ਪਹਿਲਾ ਸਥਾਨ ਪ੍ਰਾਪਤ ਕਰਕੇ ਗੋਲਡ ਮੈਡਲ ਹਾਸਲ ਕਰਕੇ ਸਕੂਲ ਦਾ ਨਾਮ ਰੌਸ਼ਨ ਕੀਤਾ। ਸਿੰਗਲ ਸੋਟੀ ਗਤਕਾ ਮੁਕਾਬਲੇ ਵਿੱਚ ਵੀ ਵਿਦਿਆਰਥੀਆਂ ਵੱਲੋਂ ਪਹਿਲਾ ਸਥਾਨ ਪ੍ਰਾਪਤ ਕੀਤਾ ਗਿਆ ।ਇਸ ਵਿੱਚ ਵੀ ਵਿਦਿਆਰਥੀਆਂ ਗੋਲਡ ਮੈਡਲ ਹਾਸਲ ਕੀਤੇ ।ਇਸ ਮੌਕੇ ਸਕੂਲ ਦੀ ਮੈਨੇਜਰ ਹਰਪ੍ਰੀਤ ਕੌਰ ਅਤੇ ਪ੍ਰਿੰਸੀਪਲ ਸਵਿਤਾ ਭਾਸਕਰ ਵੱਲੋਂ ਵਿਦਿਆਰਥੀਆਂ ਅਤੇ ਉਨ੍ਹਾਂ ਦੇ ਮਾਪਿਆਂ ਨੂੰ ਵਧਾਈ ਦਿੱਤੀ ਗਈ।ਉਨ੍ਹਾਂ ਨੇ ਵਿਦਿਆਰਥੀਆਂ ਨੂੰ ਹੋਰ ਵੀ ਅਜਿਹੇ ਮੁਕਾਬਲਿਆਂ ਵਿੱਚ ਹਿੱਸਾ ਲੈਣ ਦੀ ਪ੍ਰੇਰਨਾ ਦਿੱਤੀ।



# ਅਵਤਾਰ ਸਿੰਘ ਬੁਟਰ ਐੱਸ ਐੱਸ ਓ ਨੇ 66 ਕੇਵੀ ਸਬ-ਸਟੇਸ਼ਨ ਕਾਹਨੂੰਵਾਨ ਦਾ ਅਹੁਦਾ ਸੰਭਾਲਿਆ

**ਕਾਦੀਆਂ (ਯਾਦਵਿੰਦਰ ਸਿੰਘ ਮਲਹੋਤਰਾ)**- ਅਵਤਾਰ ਸਿੰਘ ਬੁੱਟਰ ਐੱਸਐੱਸਏ ਤੋਂ ਐੱਸਐੱਸਓ ਪ੍ਰਮੋਟ ਹੋਣ ਉਪਰੰਤ 66 ਕੇਵੀ ਸਬ ਸਟੇਸ਼ਨ ਕਾਹਨੂੰਵਾਨ ਵਿਖੇ ਅਹੁਦਾ ਸੰਭਾਲਣ ਉਪਰੰਤ ਉਨ੍ਹਾਂ ਵੱਲੋਂ ਕੰਮਕਾਜ ਸ਼ੁਰੂ ਕਰ ਦਿੱਤਾ ਗਿਆ। ਸਟਾਫ ਮੈਂਬਰਾਂ ਵੱਲੋਂ ਉਨ੍ਹਾਂ ਦਾ ਸਵਾਗਤ ਕੀਤਾ ਗਿਆ।ਇਸ ਦੌਰਾਨ ਹੋਰਨਾਂ ਤੋਂ ਇਲਾਵਾ ਹਰਚੋਵਾਲ ਸਬ ਡਵੀਜ਼ਨ ਦੇ ਸਾਥੀਆਂ ਨੇ ਵੀ ਹਾਜ਼ਰੀ ਭਰੀ ਅਤੇ ਨਾਲ ਹੀ ਉਨਾਂ ਦੇ ਪਿਤਾ ਅਜੀਤ ਸਿੰਘ ਦਰਦੀ ਸਾਬਕਾ ਸਰਪੰਚ ਪਿੰਡ ਰੂੜਾ ਅਤੇ ਮੌਜੂਦਾ ਸਰਪੰਚ ਪ੍ਰਤਾਪ ਸਿੰਘ ਵੱਲੋਂ ਵੀ ਹਾਜ਼ਰੀ ਭਰਦੇ ਹੋਏ ਅਵਤਾਰ ਸਿੰਘ ਨੂੰ ਵਧਾਈ ਦਿੱਤੀ ਗਈ।ਇਸ ਮੌਕੇ ਅਵਤਾਰ ਸਿੰਘ ਨੇ ਕਿਹਾ ਕਿ ਉਹ ਆਪਣੇ ਡਿਊਟੀ ਨੂੰ ਪੂਰੀ ਇਮਾਨਦਾਰੀ ਅਤੇ ਤਨਦੇਹੀ ਦੇ ਨਾਲ ਨਿਭਾਉਂਦੇ ਰਹਿਣਗੇ।ਇਸ ਮੌਕੇ ਹੋਰਨਾਂ ਤੋਂ ਇਲਾਵਾ ਰਣਜੀਤ ਸਿੰਘ ਬੁੱਟਰ, ਸੁਰਿੰਦਰ ਸਿੰਘ ਗਿੱਲ ਸਬ ਡਵੀਜ਼ਨ ਪ੍ਰਧਾਨ ਕਰਮਚਾਰੀ ਦਲ, ਰਣਜੀਤ ਸਿੰਘ ਜੇਈ, ਜੇਈ ਯਸ਼ਪਾਲ, ਪਰਮਿੰਦਰ ਸਿੰਘ ਐੱਸਐੱਸਓ, ਗੁਰਪ੍ਰੀਤ ਸਿੰਘ ਐੱਸਐੱਸਓ, ਅਮੋਲਕ ਸਿੰਘ ਐੱਸਐੱਸਏ, ਪ੍ਰੇਮ ਚੰਦ ਐੱਲਐੱਮ, ਮੁਕੇਸ਼ ਕੁਮਾਰ ਐੱਲਐੱਮ, ਸੁਸ਼ੀਲ ਕੁਮਾਰ, ਨਿਰਦੇਵ ਸਿੰਘ ਅਤੇ ਸੁਰਿੰਦਰ ਸਿੰਘ ਆਦਿ ਹਾਜ਼ਰ ਸਨ ।



# ਭਾਰੀ ਰੁਝੇਵੇਂ ਹੋਣ 'ਤੇ ਵੀ ਪੌਦਿਆਂ ਦੀ ਦੇਖਭਾਲ ਕਰਨਾ ਨਹੀਂ ਭੁੱਲਦਾ ਬਲਜਿੰਦਰ ਸਿੰਘ

**ਤਰਨ ਤਾਰਨ (ਪ੍ਰਿਤਪਾਲ ਸਿੰਘ)**— ਕੱਦਗਿਲ ਦੇ ਨੌਜਵਾਨ ਬਲਜਿੰਦਰ ਸਿੰਘ ਵਿੱਕੀ ਨੂੰ ਕਰੀਬ ਅੱਠ ਕੁ ਸਾਲ ਪਹਿਲਾਂ ਵਾਤਾਵਰਨ ਸਾਂਭ-ਸੰਭਾਲ ਦੀ ਇੱਕ ਅਜਿਹੀ ਚੇਟਕ ਲੱਗੀ ਜਿਸ ਤੋਂ ਪ੍ਰਭਾਵਿਤ ਹੋ ਕੇ ਉਸਨੇ ਪੌਦੇ ਲਗਾਉਣੇ ਸ਼ੁਰੂ ਕਰ ਦਿੱਤੇ ਜੋ ਹੌਲੀ-ਹੌਲੀ ਇੱਕ ਬਗੀਚੀ ਦੇ ਰੂਪ ਵਿੱਚ ਬਦਲ ਗਏ।ਤਿਆਰ ਕੀਤੀ ਬਗੀਚੀ ਵਿੱਚ ਅਮਰੂਦ, ਸੰਤਰੇ, ਅਨਾਰ, ਪਪੀਤੇ, ਅੰਜ਼ੀਰ, ਕੜ੍ਹੀਪੱਤਾ ਤੋਂ ਇਲਾਵਾ ਗੈਂਡਾ, ਹਾਰਸ਼ਿੰਗਾਰ, ਹਰਾ ਫਾਇਕਸ, ਗੁਲਾਬ ਆਦਿ ਫੁੱਲਦਾਰ, ਫਲਦਾਰ ਅਤੇ ਕਈ ਕੁਦਰਤੀ ਤੱਤਾਂ ਨਾਲ ਭਰਪੂਰ ਪੌਦੇ ਇਸ ਬਗੀਚੀ ਦਾ ਸ਼ਿੰਗਾਰ ਬਣੇ ਹੋਏ ਹਨ।ਬਲਜਿੰਦਰ ਸਿੰਘ ਵਿੱਕੀ ਪਿੰਡ ਦਾ ਨੰਬਰਦਾਰ, ਡਿਪੂ ਹੋਲਡਰ ਅਤੇ ਸਾਬਕਾ ਪੰਚ ਹੋਣ ਦੇ ਨਾਲ-ਨਾਲ ਆਪਣੇ ਟਰਾਂਸਪੋਰਟ ਦੇ ਭਾਰੀ ਰੁਝੇਵਿਆਂ ਵਿੱਚੋਂ ਸਮਾਂ ਕੱਢ ਕੇ ਸਵੇਰੇ ਸ਼ਾਮ ਆਪਣੀ ਇਸ ਬਗੀਚੀ ਨੂੰ ਸਮਾਂ ਦੇਣਾ ਨਹੀਂ ਭੁੱਲਦਾ। ਇਸ ਸਬੰਧੀ ਬਲਜਿੰਦਰ ਸਿੰਘ ਨੇ ਦੱਸਿਆ ਕਿ ਉਹ ਜਦੋਂ ਹਿਮਾਚਲ ਪ੍ਰਦੇਸ਼ ਜਾਂਦਾ ਤਾਂ ਉਥੋਂ ਦੇ ਹਰੇ ਭਰੇ ਵਾਤਾਵਰਣ ਦਾ ਮਾਹੌਲ ਦੇਖ ਕੇ ਉਸ ਦਾ ਮਨ ਬਹੁਤ ਖੁਸ਼ ਤੇ ਪ੍ਰਭਾਵਿਤ ਹੁੰਦਾ।ਇਸ ਮੌਕੇ ਉਸ ਨੇ ਕਿਹਾ ਕਿ ਪੌਦੇ ਬਹੁਤ ਸਾਰੀਆਂ ਸੰਸਥਾਵਾਂ ਲਗਾ ਰਹੀਆਂ ਹਨ ਜਿਨ੍ਹਾਂ ਦੀ ਸਾਂਭ-ਸੰਭਾਲ ਰੱਖਣਾ ਵੀ ਅੱਜ ਦੇ ਸਮੇਂ ਦੀ ਬਹੁਤ ਵੱਡੀ ਜ਼ਰੂਰਤ ਹੈ ।



# ਨਸ਼ਾ ਮੁਕਤੀ ਯਾਤਰਾ ਦੌਰਾਨ ਵਿਧਾਇਕ ਰੰਧਾਵਾ ਵੱਲੋਂ ਵੱਖ-ਵੱਖ ਪਿੰਡ 'ਚ ਨਸ਼ਿਆਂ ਵਿਰੁੱਧ ਲਾਮਬੰਦੀ

**ਡੇਰਾ ਬਾਬਾ ਨਾਨਕ, (ਰਮੇਸ਼ ਸ਼ਰਮਾ)**- ਪੰਜਾਬ ਨੂੰ ਨਸ਼ਾ ਮੁਕਤ ਕਰਕੇ ਸਿਹਤਮੰਦ ਤੇ ਰੰਗਲਾ ਪੰਜਾਬ ਬਣਾਉਣ ਲਈ ਵਿੱਢੀ ਗਈ ਮੁਹਿੰਮ ਯੁੱਧ ਨਸ਼ਿਆਂ ਵਿਰੁੱਧ ਨੂੰ ਸਫਲ ਬਣਾਉਣ ਲਈ ਲੋਕਾਂ ਦਾ ਪੂਰਨ ਸਹਿਯੋਗ ਮਿਲ ਰਿਹਾ ਹੈ।ਇਹ ਪ੍ਰਗਟਾਵਾ ਡੇਰਾ ਬਾਬਾ ਨਾਨਕ ਦੇ ਵਿਧਾਇਕ ਸ. ਗੁਰਦੀਪ ਸਿੰਘ ਰੰਧਾਵਾ ਨੇ ਪਿੰਡ ਭਗਠਾਨਾ ਬੋਹੜਵਾਲਾ, ਭਗਠਾਨਾ ਤੁੱਲੀਆਂ, ਰਣਸੀਕੇ ਮੀਰਾ ਤੇ ਸਾਧਾਂਵਾਲੀ ਵਿਖੇ ਕਰਵਾਏ ਗਏ ਜਨਤਕ ਇਕੱਠਾਂ ਨੂੰ ਸੰਬੋਧਨ ਕਰਦਿਆਂ ਕੀਤਾ।ਉਨ੍ਹਾਂ ਕਿਹਾ ਕਿ ਲੋਕਾਂ ਦੇ ਸਹਿਯੋਗ ਨਾਲ ਹੀ ਨਸ਼ਿਆਂ ਦੀ ਇਸ ਭੈੜੀ ਅਲਾਮਤ ਤੋਂ ਛੁਟਕਾਰਾ ਪਾਇਆ ਜਾ ਸਕਦਾ ਹੈ।ਵਿਧਾਇਕ ਰੰਧਾਵਾ ਨੇ ਪਿੰਡਾਂ ਦੇ ਵਸਨੀਕਾਂ ਨੂੰ ਇਹ ਵੀ ਅਪੀਲ ਕੀਤੀ ਕਿ ਕਿਸੇ ਵੀ ਨਸ਼ਾ ਤਸਕਰ ਦਾ ਕੋਈ ਵੀ ਸਾਥ ਨਾ ਦੇਵੇ ਅਤੇ ਜੇਕਰ ਇਸ ਤਰ੍ਹਾਂ ਦਾ ਕੋਈ ਕੇਸ ਸਾਹਮਣੇ ਆਉਂਦਾ ਹੈ ਤਾਂ ਉਸ ਦੀ ਸੂਚਨਾ ਤੁਰੰਤ ਪੁਲਸ ਨੂੰ ਦਿੱਤੀ ਜਾਵੇ।ਉਨ੍ਹਾਂ ਪਿੰਡਾਂ ਦੀਆਂ ਪੰਚਾਇਤਾਂ ਨੂੰ ਵੀ ਅਪੀਲ ਕੀਤੀ ਕਿ ਨਸ਼ਿਆਂ ਦੇ ਆਦੀ ਵਿਅਕਤੀਆਂ ਦਾ ਨਸ਼ਾ ਛੁਡਵਾਉਣ ਲਈ ਉਨ੍ਹਾਂ ਨੂੰ ਸਰਕਾਰੀ ਨਸ਼ਾ ਛੁਡਾਊ ਕੇਂਦਰਾਂ ਵਿੱਚ ਦਾਖਲ ਕਰਵਾਇਆ ਜਾਵੇ। ਇਸ ਮੌਕੇ ਉਨ੍ਹਾਂ ਲੋਕਾਂ ਨੂੰ ਸਹੁੰ ਵੀ ਚੁਕਵਾਈ ਕਿ ਪਿੰਡਾਂ ਵਿਚ ਨਸ਼ਾ ਤਸਕਰਾਂ ਨੂੰ ਬਰਦਾਸ਼ਤ ਨਹੀਂ ਕੀਤਾ ਜਾਵੇਗਾ।ਸਮਾਗਮਾਂ ਮੌਕੇ ਸਟੇਜ ਸਕੱਤਰ ਦੀ ਭੂਮਿਕਾ ਨਸ਼ਾ ਮੁਕਤੀ ਮੋਰਚਾ ਦੇ ਹਲਕਾ ਕੋਆਰਡੀਨੇਟਰ ਪਰਵਿੰਦਰ ਸਿੰਘ ਘਣੀਆਂ ਵੱਲੋਂ ਬਾਖ਼ੂਬੀ ਨਿਭਾਈ ਗਈ।ਇਸ ਮੌਕੇ ਉਨ੍ਹਾਂ ਨਾਲ ਐੱਸਡੀਐੱਮ ਡੇਰਾ ਬਾਬਾ ਨਾਨਕ ਗੁਰਮੰਦਰ ਸਿੰਘ, ਬੀਡੀਪੀਓ ਅਮਨਦੀਪ ਕੌਰ, ਚੇਅਰਮੈਨ ਬਲਵਿੰਦਰ ਸਿੰਘ ਹਰੂਵਾਲ, ਨਸ਼ਾ ਮੁਕਤੀ ਮੋਰਚਾ ਦੇ ਹਲਕਾ ਕੋਆਰਡੀਨੇਟਰ ਪਰਵਿੰਦਰ ਸਿੰਘ ਘਣੀਆਂ, ਐੱਸਐੱਚਓ ਗੁਰਮਿੰਦਰ ਸਿੰਘ, ਬਲਵਿੰਦਰ ਸਿੰਘ ਬਿੱਲੂ ਗੁਰਾਇਆ, ਨਿਰਮਲ ਸਿੰਘ ਮੋਹਲੋਵਾਲੀ, ਇਲਾਕੇ ਦੇ ਪੰਚ-ਸਰਪੰਚ ਤੇ ਹੋਰ ਮੋਹਤਬਰ ਵਿਅਕਤੀ ਵੀ ਹਾਜ਼ਰ ਸਨ।



# ਪੈਨਸ਼ਨਰ ਅੱਜ ਬਿਜਲੀ ਮੰਤਰੀ ਦੀ ਰਿਹਾਇਸ਼ ਅੱਗੇ ਕਰਨਗੇ ਰੋਸ ਪ੍ਰਦਰਸ਼ਨ : ਸੈਣੀ



**ਧਾਰੀਵਾਲ (ਮਨਦੀਪ ਸਿੰਘ ਵਿੱਕੀ)**- ਪਾਵਰਕਾਮ ਤੇ ਟਰਾਂਸਕੋ ਪੈਨਸ਼ਨਜ਼ ਯੂਨੀਅਨ ਏਟਕ ਸਰਕਲ ਗੁਰਦਾਸਪੁਰ ਦੀ ਮੀਟਿੰਗ ਸਰਕਲ ਪ੍ਰਧਾਨ ਹਜਾਰਾ ਸਿੰਘ ਗਿੱਲ ਦੀ ਅਗਵਾਈ ਹੇਠ 132 ਕੇ ਵੀ ਸਬ ਸਟੇਸ਼ਨ ਧਾਰੀਵਾਲ ਵਿੱਚ ਹੋਈ। ਮੀਟਿੰਗ ਦੌਰਾਨ ਪੰਜਾਬ ਸਰਕਾਰ ਤੇ ਪਾਵਰਕਾਮ ਮੈਨੇਜਮੈਂਟ ਵਿਰੁੱਧ 27 ਜੁਲਾਈ ਨੂੰ ਨਿਊ ਅੰਮ੍ਰਿਤਸਰ ਵਿਖੇ ਬਿਜਲੀ ਮੰਤਰੀ ਦੀ ਰਿਹਾਇਸ਼ ਸਾਹਮਣੇ ਰੈਲੀ ਵਿੱਚ ਸ਼ਾਮਲ ਹੋਣ ਦੀਆਂ ਤਿਆਰੀਆਂ ਸੰਬਧੀ ਵਿਚਾਰ ਵਟਾਂਦਰਾ ਅਤੇ ਵਿਉਂਤਬੰਦੀ ਕੀਤੀ ਗਈ। ਮੀਟਿੰਗ ਵਿੱਚ ਸਕੱਤਰ ਦਵਿੰਦਰ ਸਿੰਘ ਸੈਣੀ ਨੇ ਦੱਸਿਆ ਕਿ ਪਾਵਰ ਕਾਰਪੋਰੇਸ਼ਨ ਲਿਮਟਿਡ ਦੀ ਮੈਨੇਜਮੈਂਟ ਨਾਲ ਸਾਂਝਾ ਫਰੰਟ ਤੇ ਬਿਜਲੀ ਮੁਲਾਜ਼ਮ ਏਕਤਾ ਮੰਚ ਪੰਜਾਬ ਦੀਆਂ ਹੋਈਆਂ ਮੀਟਿੰਗ ਦੌਰਾਨ ਕਈ ਮੰਗਾਂ 'ਤੇ ਸਹਿਮਤੀ ਹੋਈ ਸੀ। ਪਰ ਪਾਵਰਕਾਮ ਮੈਨਜਮੈਂਟ ਹੋਈਆਂ ਸਹਿਮਤੀਆਂ ਨੂੰ ਲਾਗੂ ਕਰਨ ਤੋਂ ਆਨਾਕਾਨੀ ਕਰ ਰਹੀ ਹੈ। ਯੂਨੀਅਨ ਆਗੂਆਂ ਨੇ ਕਿਹਾ ਕਿ ਪੰਜਾਬ ਸਰਕਾਰ ਤੇ ਪਾਵਰਕਾਮ ਮੈਨੇਜਮੈਂਟ ਵਿਰੁੱਧ 27 ਜੁਲਾਈ ਨੂੰ ਨਿਊ ਅੰਮ੍ਰਿਤਸਰ ਵਿਖੇ ਬਿਜਲੀ ਮੰਤਰੀ ਦੀ ਰਿਹਾਇਸ਼ ਸਾਹਮਣੇ ਰੈਲੀ ਹੋ ਰਹੀ ਰੈਲੀ ਵਿੱਚ ਜ਼ਿਲ੍ਹਾ ਗੁਰਦਾਸਪੁਰ ਤੋਂ ਪੈਨਸ਼ਨਰ ਵੱਡੀ ਪੱਧਰ 'ਤੇ ਸ਼ਾਮਿਲ ਹੋ ਕੇ ਰੋਸ ਪ੍ਰਦਰਸ਼ਨ ਕਰਨਗੇ। ਮੀਟਿੰਗ ਵਿੱਚ ਸਾਥੀ ਮਹਿੰਦਰ ਪਾਲ ਸਿੰਘ, ਬਾਵਾ ਸਿੰਘ ਠੀਕਰੀਵਾਲ, ਸੁਰਜੀਤ ਸਿੰਘ ਰਿਆੜ, ਪਰਮਜੀਤ ਸਿੰਘ ਕੋਟ, ਕੁਲਵੰਤ ਸਿੰਘ ਕਲੇਰ, ਹਰਕਿਰਪਾਲ ਸਿੰਘ ਸੋਹਲ, ਤਰਸੇਮ ਸਿੰਘ, ਰਵੇਲ ਸਿੰਘ ਕਲੇਰ ਆਦਿ ਪੈਨਸ਼ਨਰ ਹਾਜ਼ਰ ਸਨ।

# ਗੋਲਡ ਮੈਡਲ ਜੇਤੂ ਨਿਮਰਤ ਸਿੰਘ ਤੇ ਅਰਮਾਨ ਕੌਰ ਦਾ ਸੱਚਰ ਵੱਲੋਂ ਸਨਮਾਨ

**ਤਰਸਿੱਕਾ (ਤਰਸੇਮ ਸਿੰਘ ਸਾਧਪੁਰ)**- ਬੀਤੇ ਦਿਨੀਂ ਇੰਡੋ ਨੇਪਾਲ ਯੂਥ ਸਪੋਰਟਸ ਵਿੱਚ ਹਲਕਾ ਮਜੀਠਾ ਦੇ ਪਿੰਡ ਸਿਧਵਾਂ ਦੇ ਨਿਮਰਤ ਸਿੰਘ ਨੇ 100 ਮੀਟਰ ਰੇਸ ਵਿੱਚ ਪਹਿਲਾ ਗੋਲਡ ਮੈਡਲ ਜਿੱਤਿਆ ਤੇ ਪਿੰਡ ਬੱਠੂਚੱਕ ਦੀ ਬੇਟੀ ਅਰਮਾਨ ਕੌਰ ਜੋ ਨਾਂ ਬੋਲ ਸਕਦੀ ਹੈ ਤੇ ਨਾ ਸੁਣ ਸਕਦੀ ਹੈ (ਗੂੰਗੀ) ਨੇ ਵੀ ਮੈਡਲ ਜਿੱਤ ਕੇ ਸਾਡੇ ਇਲਾਕੇ ਦਾ ਨਾਮ ਰੌਸ਼ਨ ਕੀਤਾ। ਵਿਧਾਨ ਸਭਾ ਹਲਕਾ ਮਜੀਠਾ ਦੇ ਕਾਂਗਰਸ ਪਾਰਟੀ ਵੱਲੋਂ ਇੰਚਾਰਜ ਭਗਵੰਤ ਪਾਲ ਸਿੰਘ ਸੱਚਰ ਤੇ ਉਨ੍ਹਾਂ ਦੇ ਸਾਥੀਆਂ ਵੱਲੋਂ ਉਨ੍ਹਾਂ ਨੂੰ ਘਰ ਜਾ ਕੇ ਮੁਬਾਰਕਾਂ ਦਿੰਦਿਆਂ ਸਨਮਾਨਿਤ ਕੀਤਾ ਗਿਆ। ਇਸ ਮੌਕੇ ਭਗਵੰਤ ਪਾਲ ਸਿੰਘ ਸਚਨ ਨੇ ਕਿਹਾ ਕਿ ਇਨ੍ਹਾਂ ਦੋਵਾਂ ਬੱਚਿਆਂ ਨੇ ਸਾਡਾ ਅਤੇ ਸਾਡੇ ਹਲਕੇ ਦਾ ਨਾਮ ਸਾਰੀ ਦੁਨੀਆ ਦੇ ਵਿੱਚ ਗੋਲਡ ਮੈਡਲ ਜਿੱਤ ਕੇ ਉਚਾ ਕੀਤਾ ਹੈ। ਇਸ ਲਈ ਸਾਡਾ ਸਾਰਿਆਂ ਦਾ ਫਰਜ਼ ਬਣਦਾ ਹੈ ਕਿ ਅਸੀਂ ਇਹੋ ਜਿਹੇ ਖਿਡਾਰੀਆਂ ਦਾ ਸਨਮਾਨ ਕਰੀਏ ਤਾਂ ਜੋ ਹੋਰ ਬੱਚੇ ਵੀ ਇਨਾਂ ਤੋਂ ਪ੍ਰੇਰਨਾ ਲੈ ਕੇ ਖੇਡਾਂ ਵੱਲ ਪ੍ਰੇਰਤ ਹੋ ਸਕਣ। ਇਸ ਮੌਕੇ ਹੋਰਨਾਂ ਤੋਂ ਇਲਾਵਾ ਕਾਂਗਰਸ ਕਮੇਟੀ ਬਲਾਕ ਤਰਸਿਕਾ ਦੇ ਪ੍ਰਧਾਨ ਸਤਨਾਮ ਸਿੰਘ ਕਾਜ਼ੀਕੋਟ, ਝਿਲਮਿਲ ਸਿੰਘ ਸਾਧਪੁਰ, ਸੁਰਜੀਤ ਸਿੰਘ ਭੀਲੋਵਾਲ, ਗੁਰਮੀਤ ਸਿੰਘ ਬਾਠ ਭੀਲੋਵਾਲ, ਹਰਮਨ ਟਾਹਲੀ ਸਾਹਿਬ, ਸੁਖਬੀਰ ਸਿੰਘ ਬੋਪਾਰਾਏ, ਬਖਸ਼ੀਸ਼ ਸਿੰਘ ਉਦੋਕੇ, ਸੁਰਜੀਤ ਸਿੰਘ ਦੁਧਾਲਾ, ਨੰਬਰਦਾਰ ਪ੍ਰਭਪਾਲ ਸਿੰਘ ਮਾਗਾ ਸਰਾਏ, ਸਰਦਾਰ ਪੈਂਟਰ ਮੱਤੇਵਾਲ, ਤਜਿੰਦਰ ਸਿੰਘ ਸਾਹ ਤਰਫਾਨ ਅਤੇ ਹੋਰ ਆਗੂ ਵੀ ਹਾਜ਼ਰ ਸਨ ।





# ਪਿੰਡ-ਪਿੰਡ ਨਸ਼ਾ ਵਿਰੋਧੀ ਪ੍ਰੋਗਰਾਮਾਂ 'ਚ ਤਲਬੀਰ ਗਿੱਲ ਨੇ ਲੋਕਾਂ ਨੂੰ ਕੀਤਾ ਜਾਗਰੂਕ



**ਮਜੀਠਾ (ਸੋਇਮ ਆਨੰਦ)**- ਨਸ਼ਿਆਂ ਨੂੰ ਜੜ੍ਹੋਂ ਖਤਮ ਕਰਨ ਅਤੇ ਸਮਾਜ ਨੂੰ ਨਸ਼ਾ ਮੁਕਤ ਕਰਨ ਲਈ ਪੰਜਾਬ ਸਰਕਾਰ ਦੀ 'ਯੁੱਧ ਨਸ਼ਿਆਂ ਵਿਰੁੱਧ' ਮੁਹਿੰਮ ਤਹਿਤ ਹਲਕਾ ਮਜੀਠਾ ਦੇ ਵੱਖ-ਵੱਖ ਪਿੰਡਾਂ ਜਿਨ੍ਹਾਂ 'ਚ ਕੋਟਲਾ ਗੁੱਜਰਾਂ, ਮਹੱਦੀਪੁਰਾ, ਪੰਧੇਰ ਖੁਰਦ, ਜੌਹਲ ਪੰਧੇਰ, ਨਾਗ ਨਵੇਂ, ਰੱਖ ਨਾਗ ਅਤੇ ਨਾਗ ਖੁਰਦ ਵਿੱਚ ਵਿਸ਼ੇਸ਼ ਪ੍ਰੋਗਰਾਮ ਕਰਵਾਏ ਗਏ, ਜਿਨ੍ਹਾਂ ਵਿੱਚ ਹਲਕਾ ਮਜੀਠਾ ਦੇ ਆਮ ਆਦਮੀ ਪਾਰਟੀ (ਆਪ) ਦੇ ਇੰਚਾਰਜ ਤਲਬੀਰ ਸਿੰਘ ਗਿੱਲ ਵਿਸ਼ੇਸ਼ ਤੌਰ ਤੇ ਪਹੁੰਚੇ।ਵੱਖ-ਵੱਖ ਇਕੱਠਾਂ ਨੂੰ ਸੰਬੋਧਨ ਕਰਦਿਆਂ ਤਲਬੀਰ ਸਿੰਘ ਗਿੱਲ ਨੇ ਕਿਹਾ ਕਿ ਨਸ਼ੇ ਪੰਜਾਬ ਦੀ ਜਵਾਨੀ ਨੂੰ ਬਰਬਾਦ ਕਰ ਰਹੇ ਹਨ।ਆਮ ਆਦਮੀ ਪਾਰਟੀ ਦੀ ਸਰਕਾਰ ਨਸ਼ਾ ਤਸਕਰਾਂ ਵਿਰੁੱਧ ਸਖ਼ਤ ਕਾਰਵਾਈ ਕਰ ਰਹੀ ਹੈ।ਅਸੀਂ ਪਿੰਡ-ਪਿੰਡ ਜਾ ਕੇ ਲੋਕਾਂ ਨੂੰ ਜਾਗਰੂਕ ਕਰ ਰਹੇ ਹਾਂ ਅਤੇ ਉਨ੍ਹਾਂ ਨੂੰ ਨਸ਼ਿਆਂ ਵਿਰੁੱਧ ਲੜਾਈ ਵਿੱਚ ਸ਼ਾਮਲ ਹੋਣ ਲਈ ਪ੍ਰੇਰਿਤ ਕਰ ਰਹੇ ਹਾਂ।ਉਨ੍ਹਾਂ ਨੇ ਪਿੰਡ ਵਾਸੀਆਂ ਨੂੰ ਨਸ਼ਾ ਵਿਰੋਧੀ ਸਹੁੰ ਚੁਕਾਈ ਅਤੇ ਇਸ ਸਮੱਸਿਆ ਨੂੰ ਜੜ੍ਹੋਂ ਖਤਮ ਕਰਨ ਦਾ ਪ੍ਰਣ ਕਰਵਾਇਆ। ਪਿੰਡ ਵਾਸੀਆਂ ਨੇ ਇਸ ਪਹਿਲਕਦਮੀ ਦੀ ਸ਼ਲਾਘਾ ਕੀਤੀ ਅਤੇ ਆਪਣੇ ਪਿੰਡਾਂ ਨੂੰ ਨਸ਼ਾ ਮੁਕਤ ਬਣਾਉਣ ਦਾ ਵਾਅਦਾ ਕੀਤਾ। ਇਸ ਜਾਗਰੂਕਤਾ ਮੁਹਿੰਮ ਦੌਰਾਨ ਸਥਾਨਕ ਲੋਕਾਂ ਸਮੇਤ ਪਿੰਡਾਂ ਦੇ ਸਰਪੰਚਾਂ, ਪੰਚਾਂ ਨੇ ਪ੍ਰੋਗਰਾਮ ਵਿੱਚ ਵਧ-ਚੜ੍ਹ ਕੇ ਹਿੱਸਾ ਲਿਆ।ਇਸ ਮੌਕੇ ਬਲਜਿੰਦਰ ਸਿੰਘ ਸਲਾਹਕਾਰ ਗਿੱਲ, ਬੀਡੀਪੀਓ ਮਜੀਠਾ, ਐੱਸਐੱਚਓ ਮਜੀਠਾ ਕਰਮਪਾਲ ਸਿੰਘ, ਸਰਪੰਚ ਰਵੀਇੰਦਰ ਸਿੰਘ, ਮਨਦੀਪ ਸਿੰਘ, ਪੰਚ ਖਜਾਨ ਸਿੰਘ, ਪੰਚ ਸਤਪਾਲ ਸਿੰਘ, ਪੰਚ ਸੁਰਜੀਤ ਸਿੰਘ, ਜਗਰੂਪ ਸਿੰਘ, ਗੁਰਦੀਪ ਸਿੰਘ, ਕਸ਼ਮੀਰ ਸਿੰਘ, ਸੁਖਦੇਵ ਸਿੰਘ, ਸਾਬਕਾ ਸਰਪੰਚ ਸਵਿੰਦਰ ਸਿੰਘ, ਪੰਚ ਗੋਪੀ, ਰਾਜਵਿੰਦਰ ਸਿੰਘ, ਪ੍ਰੀਤਇੰਦਰ ਸਿੰਘ, ਬਿਕਰਮ ਸਿੰਘ, ਬਲਕਾਰ ਸਿੰਘ, ਗੁਰਬੀਰ ਸਿੰਘ, ਸਕੱਤਰ ਫੌਜੀ, ਗੁਰਧੀਰ ਸਿੰਘ ਆਦਿ ਹਾਜ਼ਰ ਸਨ।

# ਸੂਬਾ ਪੱਧਰੀ ਸਬ-ਜੂਨੀਅਰ ਬਾਕਸਿੰਗ ਮੁਕਾਬਲੇ ਲਈ ਖਿਡਾਰੀਆਂ ਦੇ ਟਰਾਇਲ ਲਏ



**ਧਾਰੀਵਾਲ (ਮਨਦੀਪ ਸਿੰਘ ਵਿੱਕੀ)**- ਬਾਕਸਿੰਗ ਐਸੋਸੀਏਸਨ ਆਫ਼ ਗੁਰਦਾਸਪੁਰ ਵੱਲੋਂ ਬਾਬਾ ਬੰਦਾ ਸਿੰਘ ਬਹਾਦਰ ਪਬਲਿਕ ਸਕੂਲ ਧਾਰੀਵਾਲ ਵਿਖੇ ਬਾਕਸਿੰਗ ਸਬ ਜੂਨੀਅਰ ਲੜਕਿਆਂ ਦੇ ਸੂਬਾ ਪੱਧਰੀ ਮੁਕਾਬਲਿਆਂ ਲਈ ਵੱਖ-ਵੱਖ ਭਾਰ ਵਰਗ ਦੇ ਬਾਕਸਿੰਗ ਖਿਡਾਰੀਆਂ ਦੇ ਟਰਾਇਲ ਲਏ ਗਏ ਜਿਸ ਵਿੱਚ ਜ਼ਿਲ੍ਹਾ ਪੱਧਰੀ ਸਬ ਜੂਨੀਅਰ ਮੁਕਾਬਲਿਆਂ ਵਿੱਚ ਵੱਖ-ਵੱਖ ਸਕੂਲਾਂ ਦੇ ਜੇਤੂ ਖਿਡਾਰੀਆਂ ਨੇ ਹਿੱਸਾ ਲਿਆ। ਇਸ ਮੌਕੇ ਬਾਕਸਿੰਗ ਖਿਡਾਰੀ ਵਿਦਿਆਰਥੀਆਂ ਦੇ ਮਾਪੇ ਅਤੇ ਹੋਰ ਪਤਵੰਤੇ ਵੀ ਹਾਜ਼ਰ ਸਨ। ਇਹ ਟਰਾਇਲ ਬਾਕਸਿੰਗ ਐਸੋਸੀਏਸ਼ਨ ਦੇ ਸਕੱਤਰ ਵਰਿਆਮ ਸਿੰਘ, ਕੋਚ ਹਰਪ੍ਰੀਤ ਕੌਰ, ਕੋਚ ਨਵਤੇਜ ਸਿੰਘ, ਬਾਬਾ ਬੰਦਾ ਸਿੰਘ ਬਹਾਦਰ ਸਕੂਲ ਦੇ ਪ੍ਰਿੰਸੀਪਲ ਕਿਰਨ ਕੇਸਰ ਦੀ ਨਿਗਰਾਨੀ ਹੇਠ ਹੋਏ। ਬਾਕਸਿੰਗ ਐਸੋਸੀਏਸਨ ਆਫ਼ ਗੁਰਦਾਸਪੁਰ ਦੇ ਸਕੱਤਰ ਵਰਿਆਮ ਸਿੰਘ ਨੇ ਦੱਸਿਆ ਕਿ ਇਨ੍ਹਾਂ ਟਰਾਇਲਾਂ ਵਿੱਚ ਸੂਬਾ ਪੱਧਰੀ ਮੁਕਾਬਲੇ ਲਈ ਚੁਣੇ ਬਾਕਸਿੰਗ ਖਿਡਾਰੀਆਂ ਵਿੱਚ ਸਾਹਿਬਜ਼ਾਦਾ ਜ਼ੋਰਾਵਰ ਸਿੰਘ ਫਤਿਹ ਸਿੰਘ ਪਬਲਿਕ ਸਕੂਲ ਕਲਾਨੌਰ ਦੇ 2 ਬਾਕਸਿੰਗ ਖਿਡਾਰੀ, ਦੂਨ ਇੰਟਰਨੈਸ਼ਨਲ ਸਕੂਲ ਗੁਰਦਾਸਪੁਰ ਦੇ 2 ਖਿਡਾਰੀ, ਰੈਂਕਰ ਇੰਟਰਨੈਸ਼ਨਲ ਸਕੂਲ ਕੋਟ ਧੰਦਲ ਦਾ ਇਕ ਖਿਡਾਰੀ, ਗੁਰੂ ਗੋਬਿੰਦ ਸਿੰਘ ਮਾਡਰਨ ਸਕੂਲ ਬਖਤਪੁਰ ਦੇ 2 ਖਿਡਾਰੀ, ਦਾ ਸਟਾਲ ਵਾਰਟ ਸਕੂਲ ਬਟਾਲਾ ਦੇ 2 ਖਿਡਾਰੀ, ਮੀਰੀ ਪੀਰੀ ਸਕੂਲ ਕਾਦੀਆਂ ਦਾ ਇਕ ਖਿਡਾਰੀ, ਰਤਨ ਸਾਗਰ ਸਕੂਲ ਗੁਰਦਾਸਪੁਰ ਦਾ ਇਕ ਖਿਡਾਰੀ ਦੀ ਚੋਣ ਹੋਈ ਹੈ। ਇਹ ਚੁਣੇ ਗਏ ਖਿਡਾਰੀ ਹੁਣ ਸੂਬਾ ਪੱਧਰੀ ਸਬ ਜੂਨੀਅਰ ਬਾਕਸਿੰਗ ਮੁਕਾਬਲੇ ਵਿੱਚ ਭਾਗ ਲੈਣਗੇ।

# ਸਿਹਤ ਵਿਭਾਗ ਕਾਦੀਆਂ ਨੇ ਵੱਖ-ਵੱਖ ਥਾਵਾਂ 'ਤੇ ਡੇਂਗੂ ਦਾ ਲਾਰਵਾ ਚੈੱਕ ਕੀਤਾ

**ਕਾਦੀਆਂ (ਯਾਦਵਿੰਦਰ ਸਿੰਘ ਮਲਹੋਤਰਾ)**- ਸਿਵਲ ਸਰਜਨ ਗੁਰਦਾਸਪੁਰ ਦੇ ਦਿਸ਼ਾ ਨਿਰਦੇਸ਼ਾਂ ਹੇਠ ਮੈਡੀਕਲ ਅਫਸਰ ਕਾਦੀਆਂ ਡਾ. ਸ਼ੁਭਨੀਤ ਕੁਮਾਰ ਦੀ ਅਗਵਾਈ ਹੇਠ ਹਰ ਸ਼ੁੱਕਰਵਾਰ ਡੇਂਗੂ ਤੇ ਵਾਰ ਅਧੀਨ ਵੱਖ-ਵੱਖ ਥਾਵਾਂ ਤੇ ਜਾ ਕੇ ਸਿਹਤ ਵਿਭਾਗ ਦੀ ਟੀਮ ਨੇ ਡੇਂਗੂ ਦੇ ਲਾਰਵੇ ਦੀ ਜਾਂਚ ਕੀਤੀ। ਇਸ ਸਬੰਧੀ ਵਿਭਾਗ ਦੀ ਟੀਮ ਨੇ ਦੱਸਿਆ ਕਿ ਪਾਣੀ ਦੇ ਸਰੋਤਾਂ ਨੂੰ ਹਰ ਹਫ਼ਤੇ ਖਾਲੀ ਕਰਨਾ ਚਾਹੀਦਾ ਹੈ। ਕੂਲਰਾਂ, ਗਮਲਿਆਂ, ਫਰਿੱਜਾਂ ਦੀਆਂ ਟਰੇਆਂ, ਹੋਰ ਪਾਣੀ ਦੇ ਬਰਤਨਾਂ ਨੂੰ ਚੰਗੀ ਤਰ੍ਹਾਂ ਖਾਲੀ ਕਰਕੇ ਸੁਕਾ ਕੇ ਦੁਬਾਰਾ ਵਰਤੋਂ ਵਿੱਚ ਲਿਆਉਣਾ ਚਾਹੀਦਾ ਹੈ ਅਤੇ ਨੀਵੀਆਂ ਥਾਵਾਂ ਤੇ ਮਿੱਟੀ ਪਾ ਕੇ ਭਰ ਦੇਣੀਆਂ ਚਾਹੀਦੀਆਂ ਹਨ।ਜਿਨ੍ਹਾਂ ਥਾਵਾਂ ਤੋਂ ਪਾਣੀ ਸਾਫ਼ ਨਹੀਂ ਕੀਤਾ ਜਾ ਸਕਦਾ, ਉਥੇ ਹਰ ਹਫ਼ਤੇ ਕਾਲਾ ਸੜਿਆ ਹੋਇਆ ਤੇਲ ਪਾਉਣਾ ਚਾਹੀਦਾ ਹੈ।ਸੌਣ ਲੱਗਿਆਂ ਮੱਛਰ ਭਜਾਉਣ ਵਾਲੀਆਂ ਕਰੀਮਾਂ ਦਾ ਇਸਤੇਮਾਲ ਕਰੋ ਅਤੇ ਸਰੀਰ ਢੱਕਣੇ ਕੱਪੜੇ ਪਾਓ।ਬੁਖਾਰ ਹੋਣ 'ਤੇ ਨੇੜੇ ਦੇ ਸਿਹਤ ਕੇਂਦਰ ਤੋਂ ਜਾਂਚ ਕਰਵਾਈ ਜਾਵੇ ਅਤੇ ਡੇਂਗੂ ਦਾ ਇਲਾਜ ਸਾਰੇ ਸਰਕਾਰੀ ਹਸਪਤਾਲਾਂ ਵਿੱਚ ਮੁਫ਼ਤ ਕੀਤਾ ਜਾਂਦਾ ਹੈ।ਇਸ ਮੌਕੇ ਹੈਲਥ ਇੰਸਪੈਕਟਰ ਸਰਵਣ ਸਿੰਘ ਦੇ ਨਾਲ ਸਤਪਾਲ ਸਿੰਘ, ਲਖਬੀਰ ਸਿੰਘ ਬਲਵਿੰਦਰ ਸਿੰਘ, ਕੁਲਦੀਪ ਕੁਮਾਰ ਆਦਿ ਸਿਹਤ ਵਿਭਾਗ ਦੀ ਟੀਮ ਦੇ ਮੈਂਬਰ ਅਤੇ ਡੇਂਗੂ ਬਰੀਡਿੰਗ ਚੈੱਕਰ ਮੈਂਬਰ ਗੁਰਮੁਖ ਸਿੰਘ, ਪੰਮਾ ਗੁਰਵਿੰਦਰ ਸਿੰਘ ਹਾਜ਼ਰ ਸਨ।



# ਅਧਿਆਪਕਾਂ ਨੇ ਮੁੱਢਲੇ ਤਿੰਨ ਸਾਲਾਂ ਦੀ ਪੂਰੀ ਤਨਖਾਹ ਦਾ ਕੇਸ ਜਿੱਤਿਆ

**ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ, ਕੰਵਲਜੀਤ ਸਿੰਘ)**- ਪੰਜਾਬ ਸਰਕਾਰ ਸਿੱਖਿਆ ਵਿਭਾਗ ਸਿੱਖਿਆ ਸ਼ਾਖਾ-5 ਦੇ ਹੁਕਮ 250 ਜੁਲਾਈ 2025 ਅਨੁਸਾਰ ਸੈਕੰਡਰੀ ਸਕੂਲ ਸਿੱਖਿਆ ਅਧੀਨ ਸਰਕਾਰੀ ਸਕੂਲਾਂ ਵਿੱਚ ਕੰਮ ਕਰਦੇ 5178 ਨੂੰ ਪਰਖ ਸਮੇਂ ਦੀ ਪੂਰੀ ਤਨਖਾਹ ਮਿਲੇਗੀ।ਇਸ ਨਾਲ ਸਿੱਖਿਆ ਵਿਭਾਗ ਵਿੱਚ ਕੰਮ ਕਰਦੇ 3582, 2047 ,6060 ਆਦਿ ਕੈਟਾਗਰੀ ਦੇ ਪ੍ਰਾਇਮਰੀ ਤੇ ਸੈਕੰਡਰੀ ਅਧਿਆਪਕ ਤੇ ਹੋਰ ਵਿਭਾਗਾਂ ਵਿੱਚ ਇਸੇ ਤਰਜ਼ ਤੇ ਭਰਤੀ ਹੋਏ ਮੁਲਾਜ਼ਮ ਵੀ ਇਸ ਲਾਭ ਦੇ ਹੱਕਦਾਰ ਬਣਦੇ ਹਨ।ਪ੍ਰੈੱਸ ਨੂੰ ਇਹ ਜਾਣਕਾਰੀ ਦਿੰਦਿਆਂ ਪੰਜਾਬ ਸੁਬਾਰਡੀਨੇਟ ਸਰਵਿਸਿਜ਼ ਫੈਡਰੇਸ਼ਨ ਅਤੇ ਗੌਰਮਿੰਟ ਸਕੂਲ ਟੀਚਰਜ਼ ਯੂਨੀਅਨ ਦੇ ਆਗੂ ਬਲਕਾਰ ਸਿੰਘ ਵਲਟੋਹਾ, ਪ੍ਰਭਜੀਤ ਉੱਪਲ, ਅਜੈ ਸਨੋਤਰਾ, ਕਾਰਜ ਸਿੰਘ ਕੈਰੋਂ, ਜਸਵੰਤ ਰਾਏ, ਰਜਵੰਤ ਬਾਗੜੀਆਂ, ਗੁਰਪ੍ਰੀਤ ਮਾੜੀਮੇਘਾ, ਬਲਜਿੰਦਰ ਵਡਾਲੀ, ਰਕੇਸ਼ ਧਵਨ, ਬਲਜੀਤ ਟੌਮ, ਨਰਿੰਦਰ ਨੂਰ ਤੇ ਧਰਮਿੰਦਰ ਸਿੰਘ ਛੀਨਾ ਨੇ ਕਿਹਾ ਕਿ ਭਾਂਵੇ ਇਹ ਕੇਸ ਅਦਾਲਤ ਰਾਹੀਂ ਜਿੱਤਿਆ ਗਿਆ ਹੈ, ਪਰ ਪਿਛਲੀਆਂ ਸਰਕਾਰਾਂ ਤੋਂ ਲੈ ਕੇ ਹੁਣ ਵਾਲੀ ਪੰਜਾਬ ਸਰਕਾਰ ਨੇ ਨਵੇਂ ਭਰਤੀ ਹੋ ਰਹੇ ਅਧਿਆਪਕਾਂ ਤੇ ਮੁਲਾਜ਼ਮਾਂ ਨਾਲ ਇਹ ਧੋਖਾ ਜਾਰੀ ਰੱਖਿਆ ਹੈ, ਜਿਸ ਵਿਰੁੱਧ ਪੰਜਾਬ ਸੁਬਾਰਡੀਨੇਟ ਸਰਵਿਸਿਜ਼ ਫੈਡਰੇਸ਼ਨ, ਗੌਰਮਿੰਟ ਸਕੂਲ ਟੀਚਰਜ਼ ਯੂਨੀਅਨ ਤੇ ਹੋਰ ਅਧਿਆਪਕ ਮੁਲਾਜ਼ਮ ਜਥੇਬੰਦੀਆਂ ਲਗਾਤਾਰ ਸੰਘਰਸ਼ਸ਼ੀਲ ਹਨ।ਆਗੂਆਂ ਨੇ ਸਰਕਾਰ ਨੂੰ ਕਿਹਾ ਕਿ 5178 ਅਧਿਆਪਕਾਂ ਦੇ ਨਾਲ-ਨਾਲ ਬਾਕੀ ਅਜਿਹੀਆਂ ਕੈਟੇਗਿਰੀਆਂ ਦੇ ਅਧਿਆਪਕਾਂ ਤੇ ਮੁਲਾਜ਼ਮਾਂ 'ਤੇ ਵੀ ਤੁਰੰਤ ਇਹ ਫੈਸਲਾ ਲੈ ਕੇ ਸੱਚ ਦੇ ਰਾਹ ਫੜੋ।ਨਹੀਂ ਤਾਂ ਹਨੇਰ ਸਵੇਰ ਅਧਿਆਪਕ ਤੇ ਮੁਲਾਜ਼ਮ ਆਪਣਾ ਇਹ ਹੱਕ ਲੈ ਕੇ ਰਹਿਣਗੇ।



# ਥਰੀਏਵਾਲ ਦੇ ਦਰਜਨਾਂ ਪਰਿਵਾਰ ਰਵਾਇਤੀ ਪਾਰਟੀਆਂ ਨੂੰ ਛੱਡ ਕੇ 'ਆਪ' ਨਾਲ ਜੁੜੇ



**ਮਜੀਠਾ (ਸੋਇਮ ਆਨੰਦ)**- ਥਰੀਏਵਾਲ ਦੇ ਦਰਜਨਾਂ ਪਰਿਵਾਰ ਰਵਾਇਤੀ ਪਾਰਟੀਆਂ ਨੂੰ ਛੱਡ ਕੇ ਆਮ ਆਦਮੀ ਪਾਰਟੀ ਵਿੱਚ ਸ਼ਾਮਲ ਹੋ ਗਏ।ਇਹ ਸਭ ਵਿਜੇ ਬਾਊ ਅਤੇ ਸਾਹਿਬ ਸਿੰਘ ਬਿੱਟਾ (ਰੰਗੀਲਪੁਰਾ) ਦੀ ਅਗਵਾਈ ਵਿੱਚ ਹੋਇਆ।ਇਸ ਮੌਕੇ ਤਲਬੀਰ ਸਿੰਘ ਗਿੱਲ ਨੇ ਨਵੇਂ ਆਏ ਸਮਰਥਕਾਂ ਅਤੇ ਉਨ੍ਹਾਂ ਦੇ ਪਰਿਵਾਰਾਂ ਦਾ ਸਿਰੋਪਾਓ ਦੇ ਕੇ ਸਨਮਾਨ ਕੀਤਾ।ਉਨ੍ਹਾਂ ਵਿਸ਼ਵਾਸ ਦਿਵਾਇਆ ਕਿ ਪਾਰਟੀ ਵਿੱਚ ਹਰ ਮੈਂਬਰ ਨੂੰ ਪੂਰਾ ਮਾਣ ਤੇ ਸਤਿਕਾਰ ਮਿਲੇਗਾ।ਉਨ੍ਹਾਂ ਨਵੇਂ ਸ਼ਾਮਲ ਪਰਿਵਾਰਾਂ ਨੂੰ ਵੀ ਪਾਰਟੀ ਦੇ ਮਿਸ਼ਨ ਨੂੰ ਘਰ-ਘਰ ਪਹੁੰਚਾਉਣ ਲਈ ਕਿਹਾ।ਉਨ੍ਹਾਂ ਨੇ ਇਹ ਵੀ ਭਰੋਸਾ ਦਿੱਤਾ ਕਿ ਇਲਾਕੇ ਦੇ ਵਿਕਾਸ ਵਿੱਚ ਕਿਸੇ ਕਿਸਮ ਦੀ ਕਮੀ ਨਹੀਂ ਰਹਿਣ ਦਿੱਤੀ ਜਾਵੇਗੀ।ਗਿੱਲ ਨੇ ਕਿਹਾ ਕਿ ਆਮ ਆਦਮੀ ਪਾਰਟੀ ਪੰਜਾਬ ਦੇ ਲੋਕਾਂ ਦੀਆਂ ਉਮੀਦਾਂ ਤੇ ਖਰੀ ਉਤਰੀ ਹੈ ਅਤੇ ਇਸ ਦੀ ਸੁਚੱਜੀ ਸੋਚ ਅਤੇ ਇਮਾਨਦਾਰੀ ਨੇ ਲੋਕਾਂ ਦਾ ਵਿਸ਼ਵਾਸ ਜਿੱਤਿਆ ਹੈ।ਸਮਾਗਮ ਵਿੱਚ ਅਜੀਤ ਸਿੰਘ, ਪੱਪੂ, ਸਾਹਿਬ ਸਿੰਘ ਰੰਗੀਲਪੁਰ, ਅਸ਼ਵਨੀ ਕੁਮਾਰ ਲਾਟੀ, ਦਲਵਿੰਦਰ ਸਿੰਘ, ਕੁਲਵੰਤ ਸਿੰਘ, ਜਸਵੰਤ ਸਿੰਘ, ਮਨਿੰਦਰ ਸਿੰਘ ਬੱਬੀ ਮਰੜੀ ਸਰਪੰਚ, ਬਲਵਿੰਦਰ ਕੁਮਾਰ, ਪਦੀਪ, ਜੋਤੀ, ਰਜੇਸ਼ ਬੌਬੀ, ਗੁਰਮੀਤ ਸਿੰਘ, ਜਸਵਿੰਦਰ ਸਿੰਘ, ਸੋਹਣ ਲਾਲ, ਮੋਹਨ ਲਾਲ, ਅਮਨ, ਦੀਪਕ, ਪ੍ਰੇਮ ਸਿੰਘ, ਹਰਦੇਵ ਸਿੰਘ, ਮਹੇਸ਼ੀ ਅਤੇ ਹੋਰ ਕਈ ਵਿਅਕਤੀ ਸ਼ਾਮਲ ਸਨ।

# ਬੱਦੋਵਾਲ ਦੇ ਡੇਰਿਆਂ ਨੂੰ ਜਾਂਦੇ ਰਸਤਿਆਂ ਨੂੰ ਪੱਕਿਆਂ ਕਰਨ ਦਾ ਵਿਧਾਇਕ ਕਿਸ਼ਨਕੋਟ ਵੱਲੋਂ ਉਦਘਾਟਨ

**ਕਾਦੀਆਂ (ਯਾਦਵਿੰਦਰ ਸਿੰਘ ਮਲਹੋਤਰਾ)**- ਸ੍ਰੀ ਹਰਗੋਬਿੰਦਪੁਰ ਸਾਹਿਬ ਦੇ ਹਲਕੇ ਵਿੱਚ ਕਰਵਾਏ ਜਾ ਰਹੇ ਵਿਕਾਸ ਕਾਰਜਾਂ ਦੀ ਲੜੀ ਤਹਿਤ ਪਿੰਡ ਬੱਦੋਵਾਲ ਦੇ ਡੇਰਿਆਂ ਨੂੰ ਜਾਂਦੇ ਰਸਤਿਆਂ ਨੂੰ ਪੱਕਿਆਂ ਕਰਨ ਦਾ ਉਦਘਾਟਨ ਹਲਕਾ ਸ੍ਰੀ ਹਰਗੋਬਿੰਦਪੁਰ ਸਾਹਿਬ ਦੇ ਵਿਧਾਇਕ ਐਡਵੋਕੇਟ ਅਮਰਪਾਲ ਸਿੰਘ ਕਿਸ਼ਨਕੋਟ ਵਲੋਂ ਕੀਤਾ ਗਿਆ। ਇਸ ਮੌਕੇ ਸੰਬੋਧਨ ਕਰਦਿਆਂ ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਪਿੰਡਾਂ ਦੇ ਵਿਕਾਸ ਕਾਰਜ ਕਰਨ ਲਈ ਵਚਨਬੱਧ ਹੈ ਅਤੇ ਹਲਕਾ ਸ੍ਰੀ ਹਰਗੋਬਿੰਦਪੁਰ ਸਾਹਿਬ ਨੂੰ ਵਿਕਾਸ ਕਾਰਜਾਂ ਪੱਖੋਂ ਪਹਿਲੇ ਨੰਬਰ 'ਤੇ ਬਣਾਇਆ ਜਾਵੇਗਾ।



# ਕੀਤੇ ਕੰਮ ਦੀ ਉਜਰਤ ਨਾ ਮਿਲਣ 'ਤੇ ਮਨਰੇਗਾ ਕਾਮਿਆਂ ਵੱਲੋਂ ਰੋਸ ਪ੍ਰਦਰਸ਼ਨ



**ਕਲਾਨੌਰ (ਮਨਦੀਪ ਕੋਹਲੀ)**- ਮਨਰੇਗਾ ਅਧੀਨ ਕੰਮ ਕਰਨ ਵਾਲੇ ਕਾਮਿਆਂ ਨੂੰ ਪਿਛਲੇ ਲੰਮੇ ਸਮੇਂ ਤੋਂ ਕੰਮ ਕਰਨ ਦੇ ਬਾਵਜੂਦ ਉਨ੍ਹਾਂ ਦੇ ਖਾਤਿਆਂ ਵਿੱਚ ਪੈਸੇ ਨਾ ਆਉਣ ਕਾਰਨ ਉਨ੍ਹਾਂ ਵੱਲੋਂ ਪ੍ਰਦਰਸ਼ਨ ਕੀਤਾ ਗਿਆ। ਪ੍ਰਾਪਤ ਕੀਤੀ ਜਾਣਕਾਰੀ ਅਨੁਸਾਰ ਜ਼ਿਲ੍ਹਾ ਗੁਰਦਾਸਪੁਰ ਦੇ ਬਲਾਕ ਡੇਰਾ ਬਾਬਾ ਨਾਨਕ ਅਧੀਨ ਆਉਂਦੇ ਪਿੰਡ ਗਵਾਰਾ ਦੇ ਮਨਰੇਗਾ ਕਾਮਿਆਂ ਵੱਲੋਂ ਇਕੱਠੇ ਹੋ ਕੇ ਪ੍ਰਸ਼ਾਸਨ ਅਤੇ ਸਰਕਾਰ ਦੇ ਖਿਲਾਫ ਪ੍ਰਦਰਸ਼ਨ ਕੀਤਾ ਗਿਆ। ਗੱਲਬਾਤ ਕਰਦਿਆਂ ਮਨਰੇਗਾ ਸਕੀਮ ਅਧੀਨ ਕੰਮ ਕਰਨ ਵਾਲੇ ਸੁਲੱਖਣ ਸਿੰਘ, ਹਰਪਾਲ ਸਿੰਘ, ਅਵਤਾਰ ਸਿੰਘ, ਜੱਜ, ਪੂਰਨ, ਜਗੀਰ ਕੌਰ ਆਦਿ ਨੇ ਦੱਸਿਆ ਕਿ ਪਿੰਡ ਦੇ ਕਰੀਬ 50 ਤੋਂ 55 ਗਰੀਬ ਲੋਕ ਜੋ ਕਿ ਮਨਰੇਗਾ ਅਧੀਨ ਕੰਮ ਕਰ ਰਹੇ ਸਨ, ਨੂੰ ਪਿਛਲੇ ਕਰੀਬ ਤਿੰਨ ਚਾਰ ਮਹੀਨਿਆਂ ਤੋਂ ਕੋਈ ਵੀ ਪੈਸਾ ਨਹੀਂ ਮਿਲਿਆ ਜਿਸ ਕਰਕੇ ਉਨ੍ਹਾਂ ਵੱਲੋਂ ਪ੍ਰਦਰਸਨ ਕੀਤਾ ਗਿਆ ਹੈ। ਪ੍ਰਦਰਸ਼ਨ ਕਰਦੇ ਲੋਕਾਂ ਵੱਲੋਂ ਪਿੰਡ ਦੇ ਸਰਪੰਚ ਅਤੇ ਇੱਕ ਆਪ ਆਗੂ ਕੁਲਦੀਪ ਸਿੰਘ 'ਤੇ ਵੀ ਦੋਸ਼ ਲਗਾਏ ਗਏ ਕਿ ਉਨ੍ਹਾਂ ਵੱਲੋਂ ਮਨਰੇਗਾ ਅਧਿਕਾਰੀਆਂ ਦੀ ਮਿਲੀਭੁਗਤ ਨਾਲ ਉਨ੍ਹਾਂ ਦੇ ਖਾਤਿਆਂ ਵਿੱਚ ਪੈਸੇ ਨਹੀਂ ਆ ਰਹੇ। ਕੁਲਦੀਪ ਸਿੰਘ ਜਿਨ੍ਹਾਂ ਦਾ ਲੋਕ ਨਾਮ ਲੈ ਰਹੇ ਸਨ, ਨਾਲ ਗੱਲਬਾਤ ਕੀਤੀ ਤਾਂ ਉਨ੍ਹਾਂ ਵੱਲੋਂ ਸਾਫ ਕਿਹਾ ਗਿਆ ਕਿ ਇਹ ਲੋਕ ਜੋ ਵੀ ਇਲਜ਼ਾਮ ਲਗਾ ਰਹੇ ਹਨ ਉਹ ਬਿਲਕੁਲ ਬੇਬੁਨਿਆਦ ਹਨ ਕਿਉਂਕਿ ਸਰਪੰਚ ਦਾ ਕੰਮ ਹੁੰਦਾ ਹੈ ਮਨਰੇਗਾ ਦੇ ਕੰਮ ਕਰਨ ਵਾਲੇ ਮਜ਼ਦੂਰਾਂ ਦੀ ਹਾਜ਼ਰੀ ਲਗਾਉਣਾ। ਇਸ ਸੰਬੰਧ ਵਿੱਚ ਜਦੋਂ ਮਨਰੇਗਾ ਸੈਕਟਰੀ ਨਾਲ ਗੱਲਬਾਤ ਕੀਤੀ ਤਾਂ ਉਨ੍ਹਾਂ ਨੇ ਵੀ ਇਹੀ ਗੱਲ ਕਹੀ ਕਿ ਇਨ੍ਹਾਂ ਦੇ ਖਾਤਿਆਂ ਵਿੱਚ ਪੈਸੇ ਜਦੋਂ ਸਰਕਾਰ ਭੇਜੇਗੀ, ਆਪਣੇ ਆਪ ਆ ਜਾਣਗੇ। ਹਾਜ਼ਰੀਆਂ ਸਾਰੇ ਕੰਮ ਕਰਨ ਵਾਲੇ ਲੋਕਾਂ ਦੀਆਂ ਲੱਗੀਆਂ ਹੋਈਆਂ ਹਨ। ਇਸ ਸਬੰਧ ਵਿੱਚ ਕਾਂਗਰਸ ਪਾਰਟੀ ਨਾਲ ਸੰਬੰਧ ਰੱਖਣ ਵਾਲੇ ਨਵਜੋਤ ਸਿੰਘ ਨੇ ਮਨਰੇਗਾ ਕਾਮਿਆਂ ਦੇ ਹੱਕ ਵਿੱਚ ਬੋਲਦਿਆਂ ਕਿਹਾ ਕਿ ਇਹਨਾਂ ਲੋਕਾਂ ਨੇ ਭਰ ਗਰਮੀ ਵਿੱਚ ਕੰਮ ਕੀਤਾ ਹੋਇਆ ਹੈ ਤੇ ਅਜੇ ਤੱਕ ਪੈਸੇ ਨਹੀਂ ਪਏ ਸੋ ਜਾਂਚ ਹੋ ਕੇ ਜਲਦੀ ਤੋਂ ਜਲਦੀ ਇਹਨਾਂ ਦੇ ਖਾਤਿਆਂ ਵਿੱਚ ਪੈਸੇ ਆਉਣੇ ਚਾਹੀਦੇ ਹਨ।

# ਪੁਲਸ ਨੇ ਸਰਕਾਰੀ ਸਕੂਲ ਦੀ ਦੀਵਾਰ ਨੇੜੇ ਹੋ ਰਹੀ ਦੁਕਾਨ ਦੀ ਨਜਾਇਜ਼ ਉਸਾਰੀ ਨੂੰ ਰੁਕਵਾਇਆ

**ਕਾਦੀਆਂ (ਯਾਦਵਿੰਦਰ ਸਿੰਘ ਮਲਹੋਤਰਾ)**- ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਹਰਚੋਵਾਲ ਦੇ ਨਜ਼ਦੀਕ ਸਰਕਾਰੀ ਸਕੂਲ ਦੀ ਦੀਵਾਰ ਦੇ ਬਿਲਕੁਲ ਕੋਲ ਕਿਸੇ ਵਿਅਕਤੀ ਦੇ ਵੱਲੋਂ ਨਜਾਇਜ਼ ਤਰੀਕੇ ਨਾਲ ਕੀਤੀ ਜਾ ਰਹੀ ਦੁਕਾਨ ਦੀ ਉਸਾਰੀ ਨੂੰ ਲੈ ਕੇ ਸਕੂਲ ਪ੍ਰਬੰਧਕਾਂ ਦੇ ਵੱਲੋਂ ਪੁਲਸ ਨੂੰ ਸ਼ਿਕਾਇਤ ਦੇਣ ਤੇ ਪੁਲਸ ਵੱਲੋਂ ਉਸਾਰੀ ਨੂੰ ਰੋਕਣ ਦਾ ਸਮਾਚਾਰ ਮਿਲਿਆ ਹੈ।ਸਬੰਧਤ ਵਿਅਕਤੀ ਸਿਰਫ ਰਾਤ ਵੇਲੇ ਹੀ ਆਪਣੀ ਦੁਕਾਨ ਦੀ ਉਸਾਰੀ ਕਰਦਾ ਸੀ।ਪ੍ਰਿੰਸੀਪਲ ਲਖਵਿੰਦਰ ਸਿੰਘ ਦੇ ਵੱਲੋਂ ਤੁਰੰਤ ਪੁਲਸ ਚੌਂਕੀ ਹਰਚੋਵਾਲ ਨੂੰ ਸੂਚਿਤ ਕੀਤਾ ਗਿਆ। ਪੁਲਸ ਚੌਂਕੀ ਹਰਚੋਵਾਲ ਦੇ ਇੰਚਾਰਜ ਸਰਵਨ ਸਿੰਘ ਦੇ ਵੱਲੋਂ ਦੱਸਿਆ ਗਿਆ ਕਿ ਸ਼ਿਕਾਇਤ ਉਨਾਂ ਦੇ ਕੋਲ ਪਹੁੰਚ ਚੁੱਕੀ ਹੈ ਅਤੇ ਉਨ੍ਹਾਂ ਦੇ ਵੱਲੋਂ ਸ਼ਿਕਾਇਤ ਮਿਲਣ ਤੋਂ ਬਾਅਦ ਕੰਮ ਨੂੰ ਰੁਕਵਾ ਦਿੱਤਾ ਗਿਆ ਅਤੇ ਪੁਲਸ ਵੱਲੋਂ ਅਗਲੀ ਕਾਰਵਾਈ ਕੀਤੀ ਜਾ ਰਹੀ ਹੈ। ਉਧਰ ਦੂਜੇ ਪਾਸੇ ਜਦੋਂ ਇਸ ਸਾਰੇ ਮਾਮਲੇ ਸੰਬੰਧੀ ਜ਼ਿਲਾ ਗੁਰਦਾਸਪੁਰ ਦੇ ਏਡੀਸੀ ਹਰਜਿੰਦਰ ਸਿੰਘ ਬੇਦੀ ਨਾਲ ਫੋਨ ਤੇ ਗੱਲਬਾਤ ਕੀਤੀ ਗਈ ਤਾਂ ਉਨ੍ਹਾਂ ਕਿਹਾ ਕਿ ਇਹ ਮਾਮਲਾ ਮੇਰੇ ਧਿਆਨ ਵਿੱਚ ਆ ਗਿਆ ਹੈ।ਜਲਦ ਹੀ ਇਸ ਦੀ ਜਾਂਚ ਕਰਵਾ ਕੇ ਇਸ ਉਸਾਰੀ ਨੂੰ ਇੱਥੋਂ ਹਟਾਇਆ ਜਾਵੇਗਾ।ਜਿਸ ਨੇ ਵੀ ਨਜਾਇਜ਼ ਤਰੀਕੇ ਨਾਲ ਇਹ ਉਸਾਰੀ ਕੀਤੀ ਹੈ ਉਸ ਦੇ ਖਿਲਾਫ ਬਣਦੀ ਕਾਨੂੰਨੀ ਕਾਰਵਾਈ ਕੀਤੀ ਜਾਵੇਗੀ।



## ਸੰਦੀਪ ਜੈਨ ਨੂੰ ਚੇਅਰਮੈਨ ਤੇ ਸੁਰੇਸ਼ ਬਾਂਸਲ ਨੂੰ ਵਾਈਸ ਚੇਅਰਮੈਨ ਨਿਯੁਕਤ ਕੀਤਾ



**ਸੁਨਾਮ (ਅਸ਼ੋਕ ਬਾਂਸਲ)**-ਰੋਇਲ ਰੈਸਟੋਰੈਂਟ 'ਚ ਪੰਜਾਬ ਪ੍ਰਦੇਸ਼ ਵਪਾਰ ਮੰਡਲ ਦੀ ਵਿਸ਼ੇਸ਼ ਮੀਟਿੰਗ ਮੰਡਲ ਦੇ ਪ੍ਰਧਾਨ ਨਰੇਸ਼ ਭੋਲਾ ਦੀ ਅਗਵਾਈ ਹੇਠ ਕੀਤੀ ਗਈ।ਸਮਾਗਮ 'ਚ ਡੀਐਸਪੀ ਹਰਵਿੰਦਰ ਸਿੰਘ ਖੈਰਾ ਮੁੱਖ ਮਹਿਮਾਨ ਦੇ ਰੂਪ 'ਚ ਸ਼ਾਮਲ ਹੋਏ।ਮੀਟਿੰਗ ਦੌਰਾਨ ਮੰਡਲ ਦੇ ਖ਼ਜ਼ਾਨਚੀ ਰਾਜੇਸ਼ ਪਾਲੀ ਨੇ ਵਪਾਰੀ ਮੈਂਬਰਾਂ ਸਾਹਮਣੇ ਵਿੱਤੀ ਲੇਖਾ-ਜੋਖਾ ਵਿਸਥਾਰ ਨਾਲ ਪੇਸ਼ ਕੀਤਾ।ਵਪਾਰਕ ਸੰਗਠਨਾਂ ਦੇ ਅਹੁਦੇਦਾਰਾਂ ਨੇ ਆਪਣੇ ਖੇਤਰਾਂ ਦੀਆਂ ਸਮੱਸਿਆਵਾਂ ਤੇ ਵਪਾਰੀਆਂ ਨੂੰ ਦਰਪੇਸ਼ ਚੁਣੌਤੀਆਂ ਉਤੇ ਵਿਚਾਰ ਸਾਂਝੇ ਕੀਤੇ।ਪੰਜਾਬ ਪ੍ਰਦੇਸ਼ ਵਪਾਰ ਮੰਡਲ ਵੱਲੋਂ ਸੰਦੀਪ ਜੈਨ ਨੂੰ ਪੰਜਾਬ ਪ੍ਰਦੇਸ਼ ਵਪਾਰ ਮੰਡਲ ਸੁਨਾਮ ਦਾ ਚੇਅਰਮੈਨ ਤੇ ਸੁਰੇਸ਼ ਬਾਂਸਲ ਨੂੰ ਵਾਈਸ ਚੇਅਰਮੈਨ ਨਿਯੁਕਤ ਕੀਤਾ ਗਿਆ। ਸਮਾਗਮ ਦੌਰਾਨ ਵਪਾਰ ਮੰਡਲ ਦੇ ਅਹੁਦੇਦਾਰਾਂ ਨੂੰ ਸਨਮਾਨਤ ਕੀਤਾ ਗਿਆ।ਡੀਐੱਸਪੀ ਹਰਵਿੰਦਰ ਸਿੰਘ ਖੈਰਾ ਨੂੰ ਇਕ ਮਾਮਲੇ ਦੌਰਾਨ ਬਹਾਦਰੀ ਦਿਖਾਉਂਦਿਆਂ ਆਪਣੀ ਜਾਨ ਦੀ ਪ੍ਰਵਾਹ ਕੀਤੇ ਬਿਨਾਂ ਨਹਿਰ ਵਿੱਚ ਕੁੱਦ ਕੇ ਇਕ ਸਕੂਲ ਅਧਿਆਪਕ ਦੀ ਜਾਨ ਬਚਾਉਣ ਲਈ ਵਿਸ਼ੇਸ਼ ਤੌਰ 'ਤੇ ਸਨਮਾਨਤ ਕੀਤਾ ਗਿਆ।ਇਸ ਮੌਕੇ ਮੌਜੂਦ ਵਪਾਰਕ ਭਾਈਚਾਰੇ ਵੱਲੋਂ ਪੰਜਾਬ ਸਰਕਾਰ ਕੋਲ ਅਪੀਲ ਕੀਤੀ ਗਈ ਕਿ ਡੀਐਸਪੀ ਖੈਰਾ ਨੂੰ ਰਾਜ ਪੱਧਰੀ ਵੀਰਤਾ ਪੁਰਸਕਾਰ ਦਿੱਤਾ ਜਾਵੇ।

## 30 ਦੇ ਟਰੈਕਟਰ ਮਾਰਚ ਦੀਆਂ ਤਿਆਰੀਆਂ ਸੰਬੰਧੀ ਮੀਟਿੰਗ




**ਸਮਰਾਲਾ (ਸੁਰਜੀਤ ਸਿੰਘ)**-ਪੰਜਾਬ ਸਰਕਾਰ ਦੁਆਰਾ ਲੈਂਡ ਪੂਲਿੰਗ ਪਾਲਿਸੀ ਤਹਿਤ ਪਿੰਡ ਬਾਲਿਓਂ ਦੀ 250 ਏਕੜ ਜ਼ਮੀਨ ਇਸ ਪਾਲਿਸੀ ਤਹਿਤ ਐਕੁਆਇਰ ਕੀਤੀ ਜਾਣੀ ਹੈ, ਜਿਸ ਦੇ ਵਿਰੋਧ ਵਿੱਚ ਸੰਯੁਕਤ ਕਿਸਾਨ ਮੋਰਚੇ ਦੇ ਆਗੂਆਂ ਸੁਖਵਿੰਦਰ ਸਿੰਘ ਭੱਟੀਆਂ ਸੂਬਾ ਮੀਤ ਪ੍ਰਧਾਨ ਬੀ.ਕੇ.ਯੂ. (ਰਾਜੇਵਾਲ), ਮੋਹਣ ਸਿੰਘ ਬਾਲਿਓਂ ਜ਼ਿਲ੍ਹਾ ਖਜ਼ਾਨਚੀ ਬੀ.ਕੇ.ਯੂ. (ਕਾਦੀਆਂ), ਦਲਜੀਤ ਸਿੰਘ ਕੁਲਾਰ ਬਲਾਕ ਜਨਰਲ ਸਕੱਤਰ ਬੀ.ਕੇ.ਯੂ. (ਲੱਖੋਵਾਲ), ਪਰਮਜੀਤ ਸਿੰਘ ਜਮਹੂਰੀ ਕਿਸਾਨ ਸਭਾ ਨੇ ਪਿੰਡ ਵਾਸੀਆਂ ਨਾਲ ਸਾਂਝੇ ਤੌਰ 'ਤੇ 30 ਜੁਲਾਈ ਨੂੰ ਸਵੇਰੇ 9 ਵਜੇ ਪਿੰਡ ਬਾਲਿਓਂ ਤੋਂ ਐੱਸ.ਡੀ.ਐੱਮ. ਦੇ ਦਫਤਰ ਤੱਕ ਕੱਢੇ ਜਾ ਰਹੇ ਰੋਸ ਟਰੈਕਟਰ ਮਾਰਚ ਸਬੰਧੀ ਮੀਟਿੰਗ ਕੀਤੀ ਗਈ।ਆਗੂਆਂ ਨੇ ਕਿਹਾ ਕਿ ਪੰਜਾਬ ਸਰਕਾਰ ਲੈਂਡ ਪੂਲਿੰਗ ਨੀਤੀ ਤਹਿਤ ਪੂਰੇ ਦਿੱਲੀ ਵਾਲਿਆਂ ਦੇ ਧੱਕੇ ਚੜ੍ਹ ਕੇ ਪੰਜਾਬ ਨੂੰ ਬਰਬਾਦ ਕਰਨ ਵੱਲ ਤੁਰੀ ਹੋਈ ਹੈ, ਪੈਤ੍ਰਕ ਪੰਜਾਬ ਦੇ ਕਿਸਾਨ ਆਪਣੀ ਧਰਤੀ ਮਾਂ ਨੂੰ ਕਿਸੇ ਵੀ ਕੀਮਤ 'ਤੇ ਨਹੀਂ ਵੇਚਣਗੇ, ਕਿਉਂਕਿ ਪੰਜਾਬ ਦੀ ਆਰਥਿਕਤਾ ਖੇਤੀਬਾੜੀ ਉੱਤੇ ਨਿਰਭਰ ਹੈ, ਜੇਕਰ ਇਸ ਨੀਤੀ ਤਹਿਤ ਸਰਕਾਰ ਨੇ ਕਿਸਾਨਾਂ ਦੀ ਉਪਜਾਊ ਜ਼ਮੀਨ ਹੜੱਪਣ ਦੀ ਕੋਸ਼ਿਸ਼ ਕੀਤੀ ਤਾਂ ਪੂਰਾ ਪੰਜਾਬ ਬਰਬਾਦ ਹੋ ਜਾਵੇਗਾ, ਇਸ ਦਾ ਅਸਰ ਕੇਵਲ ਖੇਤੀਬਾੜੀ ਧੰਦੇ ਉੱਤੇ ਹੀ ਨਹੀਂ ਬਲਕਿ ਪਿੰਡਾਂ ਉੱਤੇ ਵੀ ਪਵੇਗਾ।ਇਸ ਲਈ ਸਰਕਾਰ ਨੂੰ ਇਹ ਨੀਤੀ ਵਾਪਸ ਲੈਣੀ ਹੀ ਪਵੇਗੀ, ਜਿਸ ਦਾ ਵਿਰੋਧ ਪ੍ਰਗਟ ਕਰਨ ਲਈ ਇਹ ਟਰੈਕਟਰ ਮਾਰਚ ਕੱਢਿਆ ਜਾ ਰਿਹਾ ਹੈ।ਆਗੂਆਂ ਨੇ ਪਿੰਡਾਂ ਦੇ ਕਿਸਾਨਾਂ ਤੇ ਮਜ਼ਦੂਰਾਂ ਨੂੰ ਅਪੀਲ ਕੀਤੀ ਕਿ ਉਹ ਇਸ ਟਰੈਕਟਰ ਮਾਰਚ ਵਿੱਚ ਵੱਧ ਗਿਣਤੀ 'ਚ ਸ਼ਮੂਲੀਅਤ ਕਰਨ।

## ਲੈਂਡ ਪੂਲਿੰਗ ਸਕੀਮ ਖਿਲਾਫ਼ ਜਨਤਕ ਲਾਮਬੰਦੀ ਦਾ ਅਗਾਜ਼



**ਜਗਰਾਉਂ (ਅਮਿਤ ਖੰਨਾ)**-ਦਿੱਲੀ ਦੀ ਸ਼ਹਿ 'ਤੇ ਲੈਂਡ ਪੂਲਿੰਗ ਸਕੀਮ ਰਾਹੀਂ ਪੰਜਾਬ ਦੇ ਕਿਰਤੀ ਕਿਸਾਨ ਭਰਾਵਾਂ ਦੀਆਂ ਜ਼ਮੀਨਾਂ 'ਤੇ ਕਬਜ਼ਾ ਕਰਨ ਦੀ ਘਿਨਾਉਣੀ ਸਾਜ਼ਿਸ਼ ਖਿਲਾਫ਼ ਸ਼੍ਰੋਮਣੀ ਅਕਾਲੀ ਦਲ ਪਿੰਡ-ਪਿੰਡ ਜਨਤਕ ਚੇਤਨਾ ਮੁਹਿੰਮ ਦਾ ਅਗਾਜ਼ ਕਰੇਗਾ।ਇਹ ਫੈਸਲਾ ਮਣੀ ਅਕਾਲੀ ਦਲ ਦੇ ਕੋਰ ਕਮੇਟੀ ਮੈਂਬਰ ਤੇ ਹਲਕਾ ਇੰਚਾਰਜ ਐੱਸ ਆਰ ਕਲੇਰ ਦੀ ਅਗਵਾਈ ਹੇਠ ਅਕਾਲੀ ਦਲ ਦੇ ਸਮੁੱਚੀ ਲੀਡਰਸ਼ਿਪ ਦੀ ਮੌਜੂਦਗੀ 'ਚ ਲਿਆ।ਆਗੂਆਂ ਨੇ ਆਖਿਆ ਕਿ ਸੂਬੇ ਦੇ ਹਾਲਾਤ ਬਦਤਰ ਨੇ ਤੇ ਸੂਬੇ ਦਾ ਮੁੱਖ ਮੰਤਰੀ ਕੁਰਸੀ ਦੀ ਚੌਧਰ ਖਾਤਰ ਪੰਜਾਬ ਨੂੰ ਨਿਲਾਮ ਕਰਕੇ ਕੰਗਾਲ ਕਰਨ ਦੇ ਰਾਹ ਤੁਰਿਆ ਹੋਇਆ ਹੈ।ਉਨ੍ਹਾਂ ਦੱਸਿਆ ਕਿ ਸ਼੍ਰੋਮਣੀ ਅਕਾਲੀ ਦਲ ਪਿੰਡਾਂ ਦੇ ਘਰ-ਘਰ ਜਾ ਕੇ ਜਨਤਕ ਚੇਤਨਾ ਮੁਹਿੰਮ ਦਾ ਅਗਾਜ਼ ਕਰੇਗਾ ਤੇ ਇਸ ਚੇਤਨਾ ਮੁਹਿੰਮ ਰਾਹੀਂ ਕੇਜਰੀਵਾਲ ਲਾਣੇ ਦੀ ਖੋਟੀ ਨੀਅਤ ਦਾ ਪਰਦਾਫਾਸ਼ ਵੀ ਕੀਤਾ ਜਾਵੇਗਾ।ਪੰਜਾਬ ਨੂੰ ਲੁੱਟਣ ਵਾਲੇ ਲਟੇਰੇ ਮੌਕੇ ਦੀ ਤਾਕ 'ਚ ਬਹਿਰੂਪੀਆਂ ਵਾਂਗ ਆਉਂਦੇ ਹਨ ਤੇ ਪੰਜਾਬ ਦੇ ਭੋਲੇ-ਭਾਲੇ ਲੋਕਾਂ ਨੂੰ ਲੁੱਟ ਕੇ ਚਲਦੇ ਬਣਦੇ ਹਨ। ਇਸ ਮੌਕੇ ਸੀਨੀ. ਮੀਤ ਪ੍ਰਧਾਨ ਭਾਈ ਗੁਰਚਰਨ ਸਿੰਘ ਗਰੇਵਾਲ, ਸਾਬਕਾ ਚੇਅਰਮੈਨ ਕਮਲਜੀਤ ਸਿੰਘ ਮੱਲ੍ਹਾ, ਜ਼ਿਲ੍ਹਾ ਪ੍ਰਧਾਨ ਚੰਦ ਸਿੰਘ ਡੱਲਾ, ਸਾਬਕਾ ਚੇਅਰਮੈਨ ਦੀਦਾਰ ਸਿੰਘ ਮਲਕ, ਸਰਕਲ ਪ੍ਰਧਾਨ ਪਰਮਿੰਦਰ ਸਿੰਘ ਚੀਮਾ, ਸਰਕਲ ਪ੍ਰਧਾਨ ਸ਼ਿਵਰਾਜ ਸਿੰਘ ਸਰਪੰਚ, ਸਰਕਲ ਪ੍ਰਧਾਨ ਸਰਪ੍ਰੀਤ ਸਿੰਘ ਕਾਉਂਕੇ, ਸਰਕਲ ਪ੍ਰਧਾਨ ਤੇਜਿੰਦਰਪਾਲ ਸਿੰਘ ਕੰਨੀਆ, ਸਰਕਲ ਪ੍ਰਧਾਨ ਮਨਦੀਪ ਸਿੰਘ ਬਿੱਟੂ ਗਾਲਿਬ ਹਾਜ਼ਰ।

## ਰਮਿੰਦਰ ਆਵਲਾ ਵੱਲੋਂ ਪ੍ਰੈੱਸ ਕਲੱਬ ਨੂੰ ਰਾਸ਼ੀ ਭੇਟ



**ਗੁਰੂ ਹਰਸਹਾਏ (ਮਨਦੀਪ ਸਿੰਘ ਸੋਢੀ)**-ਸਾਬਕਾ ਵਿਧਾਇਕ ਰਮਿੰਦਰ ਸਿੰਘ ਆਵਲਾ ਨਾਲ ਪ੍ਰੈੱਸ ਕਲੱਬ ਵੱਲੋਂ ਮੁਲਾਕਾਤ ਕੀਤੀ ਗਈ।ਸਾਬਕਾ ਵਿਧਾਇਕ ਆਵਲਾ ਵੱਲੋਂ ਇਕ ਲੱਖ ਰੁਪਏ ਦਾ ਚੈੱਕ ਸੌਂਪਿਆ ਗਿਆ।ਰਮਿੰਦਰ ਸਿੰਘ ਆਵਲਾ ਨੇ ਕਿਹਾ ਕਿ ਪ੍ਰੈੱਸ ਕਲੱਬ ਗੁਰੂਹਰਸਹਾਏ ਵੱਲੋਂ ਲੋਕਾਂ ਨੂੰ ਦਰਪੇਸ਼ ਮੁਸ਼ਕਲਾਂ ਸਬੰਧੀ ਸਮੇਂ-ਸਮੇਂ ਸਿਰ ਆਮ ਲੋਕਾਂ ਦੀ ਆਵਾਜ਼ ਸਰਕਾਰੇ-ਦਰਬਾਰੇ ਪੁੱਜਦੀ ਕੀਤੀ ਜਾ ਰਹੀ ਹੈ।ਉਨ੍ਹਾਂ ਕਿਹਾ ਕਿ ਪੱਤਰਕਾਰ ਪ੍ਰਸ਼ਾਸਨ ਤੇ ਸਰਕਾਰ ਵਿੱਚ ਇਕ ਕੜੀ ਦਾ ਕੰਮ ਕਰਦੇ ਹਨ ਤੇ ਲੋਕਾਂ ਨੂੰ ਇਨਸਾਫ਼ ਦਿਵਾਉਣ ਲਈ ਮਦਦਗਾਰ ਹਨ।ਉਨ੍ਹਾਂ ਕਿਹਾ ਕਿ ਮੇਰੇ ਵੱਲੋਂ ਪ੍ਰੈੱਸ ਕਲੱਬ ਨੂੰ ਇੱਕ ਲੱਖ ਦੀ ਰਾਸ਼ੀ ਵਾਲਾ ਚੈੱਕ ਭੇਟ ਕੀਤਾ ਗਿਆ ਹੈ।

## ਅਧਿਆਪਕ ਜਥੇਬੰਦੀ ਦੇ ਵਫ਼ਦ ਨੇ ਡਾਇਰੈਕਟਰ ਨੂੰ ਦਿੱਤਾ ਮੰਗ ਪੱਤਰ



**ਮਾਨਸਾ (ਆਤਮਾ ਸਿੰਘ ਪਮਾਰ)**-ਮੁੱਖ ਅਧਿਆਪਕ ਤੇ ਕੇਂਦਰ ਮੁੱਖ ਅਧਿਆਪਕ ਜਥੇਬੰਦੀ ਪੰਜਾਬ ਦਾ ਇੱਕ ਵਫਦ ਸੂਬਾ ਸਕੱਤਰ ਰਾਕੇਸ਼ ਗੋਇਲ ਬਰੇਟਾ ਦੀ ਅਗਵਾਈ ਵਿੱਚ ਡਾਇਰੈਕਟਰ ਐਸ. ਸੀ. ਈ. ਆਰ. ਟੀ. ਮੈਮ ਕਿਰਨ ਸ਼ਰਮਾ ਨੂੰ ਮਿਲਿਆ।ਜਥੇਬੰਦੀ ਵੱਲੋਂ ਮੰਗ ਰੱਖੀ ਗਈ ਕਿ 2024 ਵਿੱਚ ਮਿਸ਼ਨ ਸਮਰੱਥ ਦੇ ਕੈਂਪ ਬਲਾਕ ਪੱਧਰ 'ਤੇ ਲਾਏ ਗਏ ਸਨ, ਉਨ੍ਹਾਂ ਦੀ ਰਾਸ਼ੀ ਤੁਰੰਤ ਜਾਰੀ ਕੀਤੀ ਜਾਵੇ, ਕਿਉਂਕਿ ਅਧਿਆਪਕਾਂ ਵੱਲੋਂ ਖਰਚ ਕੀਤੀ ਇਸ ਰਾਸ਼ੀ ਨੂੰ ਡੇਢ ਸਾਲ ਤੋਂ ਵੀ ਵੱਧ ਦਾ ਸਮਾਂ ਬੀਤ ਚੁੱਕਾ ਹੈ।ਉਨ੍ਹਾਂ ਕਿਹਾ ਕਿ ਬਹੁਤੇ ਜ਼ਿਲ੍ਹਿਆਂ ਨੂੰ ਰਾਸ਼ੀ ਮਿਲ ਚੁੱਕੀ ਹੈ, ਪ੍ਰੰਤੂ 6-7 ਜ਼ਿਲ੍ਹੇ ਅਜੇ ਵੀ ਉਕਤ ਰਾਸ਼ੀ ਤੋਂ ਵਾਂਝੇ ਹੀ ਚਲੇ ਆ ਰਹੇ ਹਨ।ਇਸ ਲਈ ਇਨ੍ਹਾਂ ਜ਼ਿਲ੍ਹਿਆਂ ਨੂੰ ਵੀ ਰਾਸ਼ੀ ਤੁਰੰਤ ਜਾਰੀ ਕੀਤੀ ਜਾਵੇ ਤਾਂ ਜੁ ਅਧਿਆਪਕ ਦੀਆਂ ਜੇਬਾਂ ਵਿੱਚੋਂ ਖਰਚ ਕੀਤੇ ਗਏ ਪੈਸੇ ਉਨ੍ਹਾਂ ਨੂੰ ਮਿਲ ਸਕਣ।

## ਕੜੀ ਚਾਵਲ ਦਾ ਲੰਗਰ ਲਗਾਇਆ



**ਸਮਾਣਾ (ਇਕਬਾਲ ਸਿੰਘ ਬੱਲ, ਗੁਰਪਿਆਰ ਸਿੰਘ ਬੱਲ)**-ਮਾਤਾ ਨੈਣਾਂ ਦੇਵੀ ਜੀ ਦੇ ਸ਼ੁੱਭ ਨਰਾਤਿਆਂ ਦੀ ਸ਼ੁਰੂਆਤ ਮੌਕੇ ਅੱਜ ਗਾਂਧੀ ਗਰਾਊਂਡ ਸਮਾਣਾ ਨੇੜੇ ਬਾਂਸ ਬਜ਼ਾਰ ਵਿਖੇ ਸਮੂਹ ਦੁਕਾਨਦਾਰਾਂ ਵੱਲੋਂ ਕੜੀ ਚਾਵਲ ਦਾ ਲੰਗਰ ਭੰਡਾਰਾ ਲਗਾਇਆ ਗਿਆ, ਜਿੱਥੇ ਸਮੂਹ ਦੁਕਾਨਦਾਰਾਂ ਵੱਲੋਂ ਬਹੁਤ ਹੀ ਸ਼ਰਧਾ ਭਾਵਨਾ ਨਾਲ ਸੇਵਾ ਕੀਤੀ ਗਈ ਅਤੇ ਸੰਗਤਾਂ ਨੂੰ ਲੰਗਰ ਵਰਤਾਇਆ ਗਿਆ।ਇਸ ਮੌਕੇ ਕਾਂਗਰਸ ਦੇ ਨਵੇਂ ਬਣੇ ਬਲਾਕ ਪ੍ਰਧਾਨ ਰਿਸ਼ੂ ਸਿੰਗਲਾ, ਸ਼ਿਵ ਸੈਨਾ ਪ੍ਰਧਾਨ ਪ੍ਰਵੀਨ ਸ਼ਰਮਾ, ਸੁਮਿਤ ਸ਼ੈਂਟੀ, ਜੀਵਨ ਗਰਗ, ਕਮਲ ਕਿਸ਼ੋਰ ਧਨੇਠੇ ਵਾਲੇ, ਮੰਗਤ ਰਾਏ, ਹੈਪੀ ਨਾਗਪਾਲ, ਆਸ਼ੂ ਅਗਰਵਾਲ, ਸੁਰਿੰਦਰ, ਜਸ਼ਨ, ਜੱਜ ਤੁਲਾਨੀ, ਗੁੱਲੂ ਵਧਵਾ, ਬਿੰਨੀ ਚਾਵਲਾ, ਸਾਹਿਲ ਮਹਿਰਾ, ਕਾਕੂ, ਦੀਪਕ ਸੁਖੀਜਾ, ਦੀਪਕ ਗੋਗੀਆ, ਈਸ਼ਵਰ ਤੇ ਗਾਂਧੀ ਆਦਿ ਮੌਜੂਦ ਸਨ।

## ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਵੱਲੋਂ ਜਾਗਰੂਕਤਾ ਸੈਮੀਨਾਰ

**ਫਿਰੋਜ਼ਪੁਰ (ਅਸ਼ੋਕ ਸ਼ਰਮਾ)**-ਮਾਨਯੋਗ ਮੈਂਬਰ ਸਕੱਤਰ ਪੰਜਾਬ ਰਾਜ ਕਾਨੂੰਨੀ ਸੇਵਾਵਾਂ ਅਥਾਰਟੀ, ਐੱਸਏਐੱਸ ਨਗਰ ਮੋਹਾਲੀ ਦੇ ਦਿਸ਼ਾ-ਨਿਰਦੇਸ਼ਾਂ ਦੀ ਪਾਲਣਾ ਕਰਦੇ ਹੋਏ, ਮਿਸ ਅਨੁਰਾਧਾ, ਚੀਫ ਜੁਡੀਸ਼ੀਅਲ ਮੈਜਿਸਟਰੇਟ ਸਹਿਤ ਸਕੱਤਰ ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਫ਼ਿਰੋਜ਼ਪੁਰ ਵੱਲੋਂ ਪ੍ਰਾਇਮਰੀ ਸਕੂਲ ਫ਼ਿਰੋਜ਼ਪੁਰ ਸ਼ਹਿਰ ਵਿਖੇ ਕਾਨੂੰਨੀ ਸਾਖਰਤਾ ਸਬੰਧੀ ਸੈਮੀਨਾਰ ਕੀਤਾ ਗਿਆ।

ਇਸ ਸੈਮੀਨਾਰ ਵਿੱਚ ਮਾਨਯੋਗ ਚੀਫ ਜੁਡੀਸ਼ੀਅਲ ਮੈਜਿਸਟਰੇਟ-ਸਹਿਤ-ਸਕੱਤਰ ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ, ਮਿਸ ਅਨੁਰਾਧਾ ਨੇ ਦੱਸਿਆ ਕਿ ਪੋਕਸੋ ਐਕਟ ਕਦੋਂ ਬਣਿਆ ਤੇ ਇਸ ਦੇ ਸੈਕਸ਼ਨਾਂ ਵਿੱਚ ਕੀ-ਕੀ ਨਿਰਦੇਸ਼ ਜਾਰੀ ਕੀਤੇ ਗਏ ਹਨ। ਉਨ੍ਹਾਂ ਸੌਖੇ ਸ਼ਬਦਾਂ ਵਿੱਚ ਬੱਚਿਆਂ ਤੇ ਉਨ੍ਹਾਂ ਦੇ ਮਾਪਿਆਂ ਨੂੰ ਸਮਝਾਇਆ ਕਿ ਜੇਕਰ ਕੋਈ ਉਨ੍ਹਾਂ ਜਾਂ ਉਨ੍ਹਾਂ ਦੇ ਨਜ਼ਦੀਕ ਕਿਸੇ ਬੱਚੇ ਨਾਲ ਸਰੀਰਕ ਸ਼ੋਸ਼ਣ ਹੁੰਦਾ ਹੈ ਤਾਂ ਉਹ ਕੀ ਕਰ ਸਕਦੇ ਹਨ ਤੇ ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਉਨ੍ਹਾਂ ਦੀ ਕਿਸ ਪ੍ਰਕਾਰ ਮੱਦਦ ਕਰ ਸਕਦੀ ਹੈ। ਜੱਜ ਸਾਹਿਬ ਦੇ ਨਾਲ ਗਗਨ ਗੋਕਲਾਨੀ, ਪੈਨਲ ਐਡਵੋਕੇਟ ਮੌਜੂਦ ਸਨ, ਜਿਨ੍ਹਾਂ ਵੱਲੋਂ ਏਡੀਆਰ ਸੈਂਟਰ, ਫਿਰੋਜ਼ਪੁਰ ਵੱਲੋਂ ਦਿੱਤੀਆਂ ਜਾ ਰਹੀਆਂ ਸੇਵਾਵਾਂ ਬਾਰੇ ਵੀ ਜਾਣਕਾਰੀ ਦਿੱਤੀ ਗਈ। ਇਸ ਤੋਂ ਇਲਾਵਾ ਦਫ਼ਤਰ ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਵੱਲੋਂ ਟੋਲ ਫਰੀ ਨੰਬਰ 15100 ਅਤੇ ਲੈਂਡਲਾਈਨ ਨੰਬਰ 01632-235034 ਦਾ ਵੀ ਪ੍ਰਚਾਰ ਕੀਤਾ ਗਿਆ। ਅੰਤ ਇਸ ਸਕੂਲ ਦੇ ਇੰਚਾਰਜ ਪ੍ਰਿੰਸੀਪਲ ਵੱਲੋਂ ਜੱਜ ਸਾਹਿਬ ਦਾ ਅਤੇ ਦਫ਼ਤਰ ਦੀ ਟੀਮ ਦਾ ਇਸ ਜਾਗਰੂਕਤਾ ਸੈਸ਼ਨ ਦੇ ਆਯੋਜਨ ਲਈ ਤਹਿ ਦਿਲੋਂ ਧੰਨਵਾਦ ਕੀਤਾ ਗਿਆ।

# ਲੈਂਡ ਪੂਲਿੰਗ ਨੀਤੀ ਦੇ ਫਾਇਦੇ ਦੱਸਣ ਪਹੁੰਚੇ ਅਧਿਕਾਰੀਆਂ ਦਾ ਕਾਲੇ ਝੰਡਿਆਂ ਨਾਲ ਵਿਰੋਧ

### 30 ਜੁਲਾਈ ਦਾ ਟਰੈਕਟਰ ਮਾਰਚ ਲਾਮਿਸਾਲ ਹੋਵੇਗਾ



**ਜਗਰਾਉਂ (ਨਛੱਤਰ ਸੰਧੂ)**

ਅਲੀਗੜ੍ਹ ਤੇ ਪੋਨਾ ਪਿੰਡਾਂ 'ਚ ਲੈਂਡ ਪੂਲਿੰਗ ਨੀਤੀ ਦੇ ਫਾਇਦੇ ਦੱਸਣ ਪਹੁੰਚੇ ਸਰਕਾਰੀ ਅਧਿਕਾਰੀਆਂ ਦਾ ਦੋਹਾਂ ਪਿੰਡਾਂ ਦੇ ਲੋਕਾਂ ਨੇ ਕਾਲੇ ਝੰਡੇ ਲਹਿਰਾ ਕੇ ਡੱਟਵਾਂ ਵਿਰੋਧ ਕੀਤਾ।ਸਰਪੰਚ ਹਰਦੀਪ ਸਿੰਘ ਪਾਲੀ ਤੇ ਸਾਬਕਾ ਸਰਪੰਚ ਨਿਰਭੈ ਸਿੰਘ ਦੀ ਅਗਵਾਈ 'ਚ ਕਿਸਾਨਾਂ ਨੇ ਕਿਹਾ ਕਿ ਅਸੀਂ ਅੰਨਦਾਤਾ ਕਹਾਉਂਦੇ ਹਾਂ, ਬੁੱਧੂ ਤੇ ਕਮਲੇ ਨਹੀ ਹਾਂ।ਆਓ, ਅਸੀਂ ਤੁਹਾਨੂੰ ਦੱਸੀਏ ਕਿ ਦਿੱਲੀ ਤੋਂ ਮੂੰਹ ਭੰਨਾ ਕੇ ਪੰਜਾਬ 'ਚ ਚੌਧਰ ਕਰਨ ਆਏ ਕੇਜਰੀਵਾਲ ਦੇ ਵਪਾਰੀ ਦਿਮਾਗ ਦੀ ਉਪਜ ਇਹ ਪਾਲਸੀ ਕਾਰਪੋਰੇਟਾਂ ਨੂੰ ਵੱਡੇ ਵੱਡੇ ਕੋਲੋਨਾਇਜ਼ਰਾਂ ਨੂੰ ਮਾਲਾਮਲ ਕਰੇਗੀ ਤੇ ਕਿਸਾਨਾਂ ਮਜ਼ਦੂਰਾਂ ਨੂੰ ਭਿਖਾਰੀ ਬਣਾਵੇਗੀ।ਉਨ੍ਹਾਂ ਕਿਹਾ ਕਿ ਇਹ ਪਾਲਸੀ ਮੋਦੀ ਦੇ ਖੇਤੀ ਸਬੰਧੀ ਕਾਲੇ ਕਨੂੰਨਾਂ ਦੀ ਨਵੀਂ ਸ਼ਕਲ ਹੈ।ਮੋਦੀ ਅਮਰੀਕਾ ਨਾਲ ਮੁਕਤ ਵਪਾਰ ਸਮਝੌਤਾ ਲਾਗੂ ਕਰਕੇ ਸਾਡੀ ਖੇਤੀ ਨੂੰ ਬਰਬਾਦ ਕਰੇਗਾ ਤੇ ਭਗਵੰਤ ਮਾਨ ਵਿਹਲੇ ਕੀਤੇ ਕਿਸਾਨਾਂ ਦੀਆਂ ਜ਼ਮੀਨਾਂ ਵੱਡੇ ਮੁਨਾਫੇਖੋਰਾਂ ਲੁਟੇਰਿਆਂ ਦੇ ਹਵਾਲੇ ਕਰਕੇ ਸਾਨੂੰ ਮੌਤ ਦੇ ਮੂੰਹ 'ਚ ਸੁੱਟੇਗਾ।ਇਸ ਸਮੇਂ ਪਿੰਡ ਵਾਸੀਆਂ ਨੇ ਪਾਏ ਮਤੇ ਅਧਿਕਾਰੀਆਂ ਨੂੰ ਸੌਂਪੇ।ਇਸ ਸਮੇਂ ਪੀੜਤ ਕਿਸਾਨ ਤੇ ਜ਼ਮੀਨ ਬਚਾਓ ਮੋਰਚੇ ਦੇ ਆਗੂ ਦੀਦਾਰ ਸਿੰਘ ਮਲਕ ਨੇ ਕਿਹਾ ਕਿ ਤਿੰਨੇ ਪਿੰਡ ਗਲਾਡਾ ਦਫਤਰ ਮੂਹਰੇ ਚੱਲ ਰਹੇ ਨਿਰੰਤਰ ਧਰਨੇ 'ਚ ਵਾਰੀ ਸਿਰ ਸ਼ਾਮਲ ਹੋ ਰਹੇ ਹਨ।30 ਜੁਲਾਈ ਦੇ ਟਰੈਕਟਰ ਮਾਰਚ 'ਚ ਕਿਸਾਨ ਜਥੇਬੰਦੀਆਂ ਦੇ ਸਹਿਯੋਗ ਨਾਲ ਇਲਾਕੇ ਭਰ 'ਚ ਲਾਮਿਸਾਲ ਟਰੈਕਟਰ ਮਾਰਚ ਕੱਢ ਕੇ ਪੰਜਾਬ ਸਰਕਾਰ ਦੀ ਨੀਂਦ ਹਰਾਮ ਕੀਤੀ ਜਾਵੇਗੀ, ਕਿਉਂਕਿ ਵਸਦੇ ਰਸਦੇ ਪਿੰਡਾਂ ਦੀ ਨੀਂਦ ਭਗਵੰਤ ਮਾਨ ਦੀ ਸਰਕਾਰ ਨੇ ਖੋਹ ਲਈ ਹੈ।ਉਨ੍ਹਾਂ ਕਿਹਾ ਕਿ ਮਰ ਤਾਂ ਜਾਵਾਂਗੇ, ਪਰ ਇੱਕ ਮਰਲਾ ਜ਼ਮੀਨ ਨਹੀਂ ਦੇਵਾਂਗੇ।ਇਸ ਸਮੇਂ ਸਰਪੰਚ ਹਰਪ੍ਰੀਤ ਸਿੰਘ ਪੋਨਾ, ਸਰਪੰਚ ਜਗਤਾਰ ਸਿੰਘ ਮਲਕ, ਸਾਬਕਾ ਸਰਪੰਚ ਬਲਵੀਰ ਸਿੰਘ ਮਲਕ, ਹਰਜੋਤ ਸਿੰਘ, ਬੂਟਾ ਸਿੰਘ, ਹਰਮੇਲ ਸਿੰਘ ਗਰੇਵਾਲ, ਜਗਦੇਵ ਸਿੰਘ ਮਾਨ, ਸ਼ਮਿੰਦਰ ਸਿੰਘ ਢਿੱਲੋਂ, ਜਗਰਾਜ ਸਿੰਘ, ਧਨਵੰਤ ਸਿੰਘ, ਗੁਰਿੰਦਰ ਸਿੰਘ, ਬਲਜੀਤ ਸਿੰਘ ਪੋਨਾ, ਜਤਿੰਦਰ ਨੰਬਰਦਾਰ ਗਗਨ ਜਵੰਦਾ, ਜਥੇਦਾਰ ਬਲਬੀਰ ਸਿੰਘ ਅਗਵਾੜ ਲੋਪੋ ਆਦਿ ਹਾਜ਼ਰ ਸਨ।

## ਸ਼ਹੀਦੀ ਪਾਰਕ 'ਚ ਤੀਜ ਦਾ ਤਿਉਹਾਰ ਧੂਮਧਾਮ ਤੇ ਜੋਸ਼ ਨਾਲ ਮਨਾਇਆ

**ਮੋਗਾ (ਇਕਬਾਲ ਸਿੰਘ ਖਹਿਰਾ)**-ਮੋਗਾ ਦੇ ਸ਼ਹੀਦੀ ਪਾਰਕ ਵਿੱਚ ਸਮਾਜ ਸੇਵਿਕਾ ਰਜਨੀ ਸ਼ਰਮਾ ਤੇ ਅਮਨ ਗਾਬਾ ਦੀ ਅਗਵਾਈ ਹੇਠ ਸਾਵਣ ਤੀਜ ਦਾ ਤਿਉਹਾਰ ਧੂਮਧਾਮ ਤੇ ਜੋਸ਼ ਨਾਲ ਮਨਾਇਆ ਗਿਆ।ਇਸ ਇਕੱਠ ਦੌਰਾਨ ਸੈਲਫੀ ਪੁਆਇੰਟ 'ਤੇ ਰੰਗ-ਬਿਰੰਗੇ ਪੰਜਾਬੀ ਪਹਿਰਾਵੇ ਵਿੱਚ ਸਜੀਆਂ ਔਰਤਾਂ ਨੇ ਇੱਕ ਦੂਜੇ ਨਾਲ ਸੈਲਫੀ ਲਈ।ਔਰਤਾਂ ਨੇ ਗਾਇਣ ਤੇ ਨਾਚ ਮੁਕਾਬਲਿਆਂ ਵਿੱਚ ਵੀ ਹਿੱਸਾ ਲਿਆ।ਇਸ ਮੌਕੇ ਔਰਤਾਂ ਨੇ ਆਪਣੀ ਪ੍ਰਤਿਭਾ ਤੇ ਹੁਨਰ ਦਾ ਪ੍ਰਦਰਸ਼ਨ ਕਰਕੇ ਸਾਰਿਆਂ ਨੂੰ ਪ੍ਰਭਾਵਿਤ ਕੀਤਾ।ਇਸ ਮੌਕੇ ਰਜਨੀ ਸ਼ਰਮਾ ਤੇ ਅਮਨ ਗਾਬਾ ਨੇ ਔਰਤਾਂ ਦੇ ਮਨੋਰੰਜਨ ਲਈ ਤੰਬੋਲਾ ਖੇਡ ਦੇ ਨਾਲ-ਨਾਲ ਵੱਖ-ਵੱਖ ਮਜ਼ੇਦਾਰ ਖੇਡਾਂ ਦਾ ਵੀ ਆਯੋਜਨ ਕੀਤਾ, ਜਿਸ ਵਿੱਚ ਜੇਤੂਆਂ ਨੂੰ ਇਨਾਮ ਦੇ ਕੇ ਸਨਮਾਨਤ ਕੀਤਾ ਗਿਆ।

ਇਸ ਮੌਕੇ ਔਰਤਾਂ ਨੇ ਡੀਜੇ 'ਤੇ ਨੱਚਣ ਦੇ ਨਾਲ-ਨਾਲ ਪੰਜਾਬੀ ਸੱਭਿਆਚਾਰ 'ਤੇ ਆਧਾਰਤ ਬੋਲੀਆਂ ਉੱਪਰ ਗਿੱਧਾ ਪਾ ਕੇ ਇਸ ਇਕੱਠ ਨੂੰ ਯਾਦਗਾਰੀ ਬਣਾਇਆ। ਇਕੱਠ ਵਿੱਚ ਰਿਫਰੈਸ਼ਮੈਂਟ ਦਾ ਵੀ ਪ੍ਰਬੰਧ ਕੀਤਾ ਗਿਆ।ਇਕੱਠ ਦੇ ਅੰਤ ਵਿੱਚ ਪ੍ਰਬੰਧਕਾਂ ਵੱਲੋਂ ਇਕੱਠ ਵਿੱਚ ਹਿੱਸਾ ਲੈਣ ਵਾਲੀਆਂ ਸਾਰੀਆਂ ਔਰਤਾਂ ਨੂੰ ਤੋਹਫ਼ੇ ਵੀ ਦਿੱਤੇ ਗਏ।

## ਸਮਾਜ ਸੇਵੀ ਸੰਸਥਾਵਾਂ ਵੱਲੋਂ ਖ਼ੂਨਦਾਨ ਕੈਂਪ



**ਪਟਿਆਲਾ (ਰਾਜਿੰਦਰ ਥਿੰਦ)**-ਜ਼ਿਲ੍ਹੇ ਦੀਆਂ ਨਾਮਵਰ ਸਮਾਜ ਸੇਵੀ ਸੰਸਥਾਵਾਂ ਯੂਥ ਫੈਡਰੇਸ਼ਨ ਆਫ਼ ਇੰਡੀਆ, ਪਾਵਰ ਹਾਊਸ ਯੂਥ ਕਲੱਬ, ਯੂਥਕ ਸੇਵਾਵਾਂ ਕਲੱਬ ਦੀਪ ਨਗਰ ਵੱਲੋਂ ਗਰਮੀ ਦੇ ਮੌਸਮ ਤੇ ਬਲੱਡ ਬੈਂਕਾਂ ਵਿੱਚ ਖ਼ੂਨ ਦੀ ਕਮੀ ਨੂੰ ਵੇਖਦਿਆਂ ਖ਼ੂਨਦਾਨ ਕੈਂਪ ਦਾ ਆਯੋਜਨ ਕੀਤਾ ਗਿਆ, ਜਿਸ ਵਿੱਚ ਮੁੱਖ ਮਹਿਮਾਨ ਸਟੇਟ ਐਵਾਰਡੀ ਪਰਮਿੰਦਰ ਭਲਵਾਨ ਮੈਂਬਰ ਨਸ਼ਾ ਮੁਕਤ ਭਾਰਤ ਅਭਿਆਨ, ਮੈਂਬਰ ਜ਼ਿਲ੍ਹਾ ਸਾਂਝ ਕੇਂਦਰ, ਮੈਂਬਰ ਯੂਥ ਸਾਂਝ ਕਮੇਟੀ, ਮੈਂਬਰ ਭਰੂਣ ਕੌਂਸਲਿੰਗ ਸੈੱਲ ਨੇ ਸ਼ਿਰਕਤ ਕੀਤੀ।ਪ੍ਰੋਗਰਾਮ ਦੀ ਪ੍ਰਧਾਨਗੀ ਗਵਰਨਰ ਐਵਾਰਡੀ ਜਤਵਿੰਦਰ ਗਰੇਵਾਲ ਮੈਂਬਰ ਨਸ਼ਾ ਮੁਕਤ ਭਾਰਤ ਅਭਿਆਨ ਤੇ ਅਮਰੀਕ ਸਿੰਘ ਕਲੇਰ ਯੂਥ ਕਲੱਬ ਸੂਬਾ ਪ੍ਰਧਾਨ ਨੈਸ਼ਨਲ ਯੂਥ ਪ੍ਰੋਜੈਕਟ ਨੇ ਕੀਤੀ। ਵਿਸ਼ੇਸ਼ ਤੌਰ 'ਤੇ ਸਟੇਟ ਐਵਾਰਡੀ ਰੁਪਿੰਦਰ ਕੌਰ, ਗੁਰਦਰੂਪ ਸਿੰਘ ਪ੍ਰਧਾਨ ਯੂਥਕ ਸੇਵਾਵਾਂ ਕਲੱਬ ਦੀਪ ਨਗਰ, ਯਸ਼ਵੀਰ ਸਿੰਘ ਚੀਮਾ, ਗੁਰਜੀਤ ਸਿੰਘ ਲੱਕੀ ਹਰਦਾਸਪੁਰ, ਹਰਮਨਜੀਤ ਸਿੰਘ ਰੰਧਾਵਾ, ਜਿੰਦਰ ਜਲਵੇੜਾ, ਮਨਪ੍ਰੀਤ ਖਾਨ ਨੇ ਸ਼ਿਰਕਤ ਕੀਤੀ। ਸਟੇਟ ਐਵਾਰਡੀ ਪਰਮਿੰਦਰ ਭਲਵਾਨ ਤੇ ਗਵਰਨਰ ਐਵਾਰਡੀ ਜਤਵਿੰਦਰ ਗਰੇਵਾਲ ਨੇ ਕਿਹਾ ਕਿ ਨੌਜਵਾਨਾਂ ਵੱਲੋਂ ਖ਼ੂਨ ਦਾਨ ਕਰਕੇ ਕਿਸੇ ਵਿਅਕਤੀ ਨੂੰ ਨਵੀਂ ਜ਼ਿੰਦਗੀ ਦੇਣਾ ਸਭ ਤੋਂ ਵੱਡਾ ਸ਼ਲਾਘਾਯੋਗ ਉਪਰਾਲਾ ਹੈ। ਯਸ਼ਵੀਰ ਸਿੰਘ ਚੀਮਾ ਨੇ ਅਠਾਰਵੀਂ ਵਾਰ ਖ਼ੂਨ ਦਾਨ ਕੀਤਾ ਤੇ ਪਹਿਲੀ ਵਾਰ ਖ਼ੂਨ ਦਾਨ ਕੀਤਾ।ਇਸ ਮੌਕੇ ਲਾਈਫ ਲਾਈਨ ਬਲੱਡ ਬੈਂਕ ਵੱਲੋਂ ਡਾਕਟਰ ਅਰਸ਼ਪ੍ਰੀਤ ਕੌਰ ਦੀ ਟੀਮ ਤੇ ਮੋਟੀਵੇਟਰ ਸਾਗਰ ਅਰੋੜਾ ਵਲੋਂ ਬਖੂਬੀ ਸ਼ਿਰਕਤ ਕੀਤਾ ਗਿਆ।

## ਭਾਂਡੇ ਵੇਚਣ ਆਈ ਔਰਤ ਨੇ ਨਸ਼ੀਲੀ ਚੀਜ਼ ਸੁੰਘਾ ਕੇ ਕਈ ਘਰਾਂ 'ਚੋਂ ਨਗਦੀ ਤੇ ਗਹਿਣੇ ਲੁੱਟੇ



**ਮਹਿਲ ਕਲਾਂ (ਪ੍ਰਦੀਪ ਸਿੰਘ ਲੋਹਗੜ੍ਹ)**-ਪਿੰਡ ਛਾਪਾ (ਬਰਨਾਲਾ) ਵਿਖੇ ਇੱਕ ਔਰਤ ਵੱਲੋਂ ਪੁਰਾਣੇ ਭਾਂਡਿਆਂ ਬਦਲੇ ਨਵੇਂ ਭਾਂਡੇ ਦੇਣ ਦੇ ਬਹਾਨੇ ਨਸ਼ੀਲੀ ਵਸਤੂ ਸੁੰਘਾ ਕੇ ਤਿੰਨ ਘਰਾਂ 'ਚੋਂ ਕਰੀਬ 20 ਤੋਲੇ ਚਾਂਦੀ ਦੇ ਗਹਿਣੇ ਤੇ ਹੋਰ ਅੱਠ ਘਰਾਂ 'ਚੋਂ ਸੈਂਕੜੇ ਰੁਪਏ ਦਾ ਘਰੇਲੂ ਸਾਮਾਨ ਚੋਰੀ ਕਰ ਲਿਆ ਗਿਆ ਹੈ।ਇਹ ਔਰਤ ਸਵੇਰੇ ਕਰੀਬ 10 ਵਜੇ ਦੇ ਕਰੀਬ ਪਿੰਡ ਛਾਪਾ 'ਚ ਦਾਖਲ ਹੋਈ ਅਤੇ ਘਰ-ਘਰ ਜਾ ਕੇ ਔਰਤਾਂ ਨੂੰ ਭਰੋਸੇ 'ਚ ਲੈ ਕੇ ਨਸ਼ੀਲੀ ਵਸਤੂ ਸੁੰਘਾ ਉਨ੍ਹਾਂ ਕੋਲੋਂ ਕੀਮਤੀ ਸਾਮਾਨ ਚੋਰੀ ਕਰਕੇ ਫਰਾਰ ਹੋ ਗਈ। ਵੇਰਵੇ ਅਨੁਸਾਰ ਪਰਮਜੀਤ ਕੌਰ ਪਤਨੀ ਕਰਮ ਸਿੰਘ ਕੋਲੋਂ 6 ਤੋਲੇ ਚਾਂਦੀ ਦੀ ਚੇਨ ਤੇ 2 ਤੋਲੇ ਚਾਂਦੀ ਦੀਆਂ ਚੂੜੀਆਂ, ਹਰਜੀਤ ਕੌਰ ਪਤਨੀ ਗੁਰਮੇਲ ਸਿੰਘ ਕੋਲੋਂ ਢਾਈ ਤੋਲੇ ਦੀ ਚਾਂਦੀ, ਮਹਿੰਦਰ ਕੌਰ ਪਤਨੀ ਬਲੌਰ ਸਿੰਘ ਕੋਲੋਂ 9 ਤੋਲੇ ਚਾਂਦੀ ਦੀਆਂ ਤਿੰਨ ਚੇਨੀਆਂ, ਇੱਕ ਤੋਲਾ ਚਾਂਦੀ ਤੇ ਕਈ ਘਰਾਂ ਤੋਂ ਘਰੇਲੂ ਭਾਂਡੇ ਚੋਰੀ ਕਰਕੇ ਫਰਾਰ ਹੋ ਗਈ। ਪੀੜਤ ਲੋਕਾਂ ਨੇ ਇਸ ਘਟਨਾ ਦੀ ਨਿੰਦਾ ਕਰਦਿਆਂ ਕਿਹਾ ਕਿ ਨੌਸਰਬਾਜ਼ ਔਰਤ ਵੱਲੋਂ ਚਾਂਦੀ ਦੇ ਗਹਿਣੇ ਤੇ ਹੋਰ ਕੀਮਤੀ ਸਮਾਨ ਚੋਰੀ ਕਰ ਲੈ ਜਾਣ ਨਾਲ ਪਿੰਡ ਅੰਦਰ ਸਹਿਮ ਦਾ ਮਾਹੌਲ ਬਣ ਚੁੱਕਾ ਹੈ।ਉਨ੍ਹਾਂ ਪ੍ਰਸ਼ਾਸਨ ਤੋਂ ਮੰਗ ਕੀਤੀ ਕਿ ਲੋਕਾਂ ਨਾਲ ਧੋਖਾਧੜੀ ਕਰਨ ਵਾਲੀਆਂ ਔਰਤਾਂ ਦੀ ਪਛਾਣ ਕਰਕੇ ਸਖ਼ਤ ਸਜ਼ਾਵਾਂ ਦਿੱਤੀਆਂ ਜਾਣ।ਸਰਪੰਚ ਗੁਰਦੀਪ ਸਿੰਘ ਛਾਪਾ ਨੇ ਕਿਹਾ ਕਿ ਪਿੰਡ ਵਾਸੀਆਂ ਨੂੰ ਅਪੀਲ ਕਰਦਾ ਹਾਂ ਕਿ ਬਿਨਾਂ ਜਾਣ ਪਛਾਣ ਕਿਸੇ ਵੀ ਔਰਤ ਜਾਂ ਵਿਅਕਤੀ ਨੂੰ ਘਰਾਂ ਵਿੱਚ ਦਾਖਲ ਨਾ ਹੋਣ ਦਿੱਤਾ ਜਾਵੇ ਤਾਂ ਜੁ ਅਜਿਹੀਆਂ ਘਟਨਾਵਾਂ ਤੋਂ ਬਚਿਆ ਜਾ ਸਕੇ।

## ਐੱਮ ਏ ਪੰਜਾਬੀ ਤੀਸਰਾ ਸਮੈਸਟਰ ਦਾ ਨਤੀਜਾ ਸ਼ਾਨਦਾਰ



**ਚੀਮਾ ਮੰਡੀ (ਰਵਿੰਦਰ ਚੀਮਾ)**-ਪੰਜਾਬੀ ਯੂਨੀਵਰਸਿਟੀ ਪਟਿਆਲਾ ਵੱਲੋਂ ਐਲਾਨੇ ਗਏ ਦਸੰਬਰ ਪ੍ਰੀਖਿਆਵਾਂ ਦੇ ਨਤੀਜੇ ਵਿੱਚ ਮਾਡਰਨ ਕਾਲਜ ਬੀਰ ਕਲਾਂ ਦੇ ਐੱਮ ਏ ਭਾਗ ਦੂਜਾ ਸਮੈਸਟਰ ਤੀਜਾ ਦਾ ਨਤੀਜਾ ਸ਼ਾਨਦਾਰ ਰਿਹਾ, ਜਿਸ ਬਾਰੇ ਅਸਿਸਟੈਂਟ ਪ੍ਰੋਫੈਸਰ ਅਮਨਦੀਪ ਕੌਰ ਨੇ ਦੱਸਿਆ ਕਿ ਬਲਵਿੰਦਰ ਸਿੰਘ ਤੇ ਪ੍ਰਦੀਪ ਸਿੰਘ 78 ਫੀਸਦੀ ਅੰਕ ਪ੍ਰਾਪਤ ਕਰਕੇ ਪਹਿਲਾ, ਜਸਪ੍ਰੀਤ ਕੌਰ, ਅਰਸ਼ਦੀਪ ਸਿੰਘ ਤੇ ਲਵਪ੍ਰੀਤ ਕੌਰ ਨੇ 76% ਫੀਸਦੀ ਅੰਕ ਪ੍ਰਾਪਤ ਕਰਕੇ ਦੂਸਰਾ ਤੇ ਰਣਜੀਤ ਸਿੰਘ ਨੇ 74% ਅੰਕ ਪ੍ਰਾਪਤ ਕਰਕੇ ਤੀਜਾ ਸਥਾਨ ਹਾਸਲ ਕੀਤਾ ਹੈ।ਇਸ ਮੌਕੇ ਕਾਲਜ ਦੇ ਚੇਅਰਮੈਨ ਡਾਕਟਰ ਰਵਿੰਦਰ ਬਾਂਸਲ ਤੇ ਪ੍ਰਿੰਸੀਪਲ ਡਾਕਟਰ ਵੀ ਕੇ ਰਾਏ ਨੇ ਚੰਗੇ ਅੰਕ ਪ੍ਰਾਪਤ ਕਰਨ ਵਾਲੇ ਵਿਦਿਆਰਥੀਆਂ ਨੂੰ ਵਧਾਈ ਦਿੱਤੀ। ਇਸ ਮੌਕੇ ਅਸਿਸਟੈਂਟ ਪ੍ਰੋਫੈਸਰ ਗੁਰਵਿੰਦਰ ਕੌਰ, ਗੁਰਸੇਵਕ ਸਿੰਘ ਤੇ ਜਗਤਾਰ ਸਿੰਘ ਹਾਜ਼ਰ ਸਨ।

# ਵਿਧਾਇਕਾ ਵੱਲੋਂ ਸੇਮ ਨਾਲਾ ਟੁੱਟਣ ਨਾਲ ਪ੍ਰਭਾਵਿਤ ਹਰਗੋਬਿੰਦ ਨਗਰ ਦਾ ਦੌਰਾ

### ਰਾਸ਼ਨ ਕਿੱਟਾਂ ਵੰਡੀਆਂ ਤੇ ਪੀੜਤ ਪਰਵਾਰਾਂ ਨੂੰ ਜਲਦੀ ਮੁਆਵਜ਼ਾ ਦੇਣ ਦਾ ਭਰੋਸਾ ਦਿੱਤਾ



**ਮੋਗਾ (ਇਕਬਾਲ ਸਿੰਘ ਖਹਿਰਾ)**-ਮੋਗਾ ਸ਼ਹਿਰ ਦੇ ਵਾਰਡ ਨੰਬਰ 16 ਦੇ ਬਹੋਨਾ ਚੌਕ ਅਧੀਨ ਆਉਂਦੇ ਹਰਗੋਬਿੰਦ ਨਗਰ ਵਿੱਚ ਸੇਮ ਨਾਲਾ ਟੁੱਟਣ ਕਾਰਨ ਲੋਕਾਂ ਦੇ ਘਰਾਂ ਵਿੱਚ ਪਾਣੀ ਪਹੁੰਚ ਗਿਆ, ਜਿਸ ਕਾਰਨ ਕਈ ਘਰਾਂ ਨੂੰ ਨੁਕਸਾਨ ਪਹੁੰਚਿਆ।ਹਲਕਾ ਵਿਧਾਇਕ ਡਾ. ਅਮਨਦੀਪ ਕੌਰ ਅਰੋੜਾ ਨੇ ਨਗਰ ਨਿਗਮ ਤੇ ਪ੍ਰਸ਼ਾਸਨ ਦੇ ਅਧਿਕਾਰੀਆਂ ਨਾਲ ਘਰ-ਘਰ ਜਾ ਕੇ ਲੋਕਾਂ ਦਾ ਹਾਲ ਜਾਣਿਆ ਤੇ ਪ੍ਰਭਾਵਿਤ ਪਰਵਾਰਾਂ ਨੂੰ ਰਾਸ਼ਨ ਕਿੱਟਾਂ ਵੰਡੀਆਂ।

ਇਸ ਮੌਕੇ ਹਲਕਾ ਵਿਧਾਇਕ ਡਾ. ਅਮਨਦੀਪ ਕੌਰ ਅਰੋੜਾ ਨੇ ਲੋਕਾਂ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਪਟਵਾਰੀਆਂ ਨੂੰ ਉਨ੍ਹਾਂ ਲੋਕਾਂ ਦੀ ਗਿਰਦਾਵਰੀ ਕਰਨ ਦੇ ਨਿਰਦੇਸ਼ ਦਿੱਤੇ ਗਏ ਹਨ, ਜਿਨ੍ਹਾਂ ਦੇ ਘਰਾਂ ਨੂੰ ਨੁਕਸਾਨ ਪਹੁੰਚਿਆ ਹੈ ਤੇ ਜਲਦੀ ਹੀ ਇਨ੍ਹਾਂ ਪਰਵਾਰਾਂ ਨੂੰ ਢੁਕਵਾਂ ਮੁਆਵਜ਼ਾ ਦਿੱਤਾ ਜਾਵੇਗਾ।ਉਨ੍ਹਾਂ ਕਿਹਾ ਕਿ ਉਹ ਆਪਣੇ ਹਲਕੇ ਦੇ ਪਰਵਾਰਾਂ ਨਾਲ ਹਰ ਤਰ੍ਹਾਂ ਨਾਲ ਖੜ੍ਹੇ ਹਨ।ਉਨ੍ਹਾਂ ਕਿਹਾ ਕਿ ਜੋ ਵੀ ਲੋੜ ਹੋਵੇ, ਸਰਕਾਰ ਦੇ ਨਾਲ-ਨਾਲ ਉਹ ਨਿੱਜੀ ਤੌਰ 'ਤੇ ਵੀ ਲੋਕਾਂ ਦੀ ਸੇਵਾ ਕਰਨ ਲਈ ਵਚਨਬੱਧ ਹਨ।ਉਨ੍ਹਾਂ ਕਿਹਾ ਕਿ ਪੰਜਾਬ ਦੀ ਭਗਵੰਤ ਮਾਨ ਸਰਕਾਰ ਕੁਦਰਤੀ ਆਫ਼ਤ ਨਾਲ ਨਜਿੱਠਣ ਲਈ ਲੋਕਾਂ ਨੂੰ ਹਰ ਸੰਭਵ ਮਦਦ ਪ੍ਰਦਾਨ ਕਰੇਗੀ।ਉਨ੍ਹਾਂ ਲੋਕਾਂ ਨੂੰ ਕਿਹਾ ਕਿ ਜੇਕਰ ਉਨ੍ਹਾਂ ਨੂੰ ਅਜੇ ਵੀ ਕਿਸੇ ਕਿਸਮ ਦੀ ਸਮੱਸਿਆ ਆਉਂਦੀ ਹੈ, ਤਾਂ ਉਹ ਇਸ ਨੂੰ ਉਨ੍ਹਾਂ ਦੇ ਧਿਆਨ ਵਿੱਚ ਲਿਆਉਣ, ਜਿਸ ਦਾ ਹੱਲ ਪਹਿਲ ਦੇ ਆਧਾਰ 'ਤੇ ਕੀਤਾ ਜਾਵੇਗਾ।ਉਨ੍ਹਾਂ ਨੇ ਸਬੰਧਤ ਅਧਿਕਾਰੀਆਂ ਨੂੰ ਲੋਕਾਂ ਨੂੰ ਦਰਪੇਸ਼ ਸਮੱਸਿਆਵਾਂ ਦੇ ਹੱਲ ਲਈ, ਸਿਹਤ ਵਿਭਾਗ ਨੂੰ ਸੇਮ ਨਾਲਾ ਦੇ ਖੜ੍ਹੇ ਮੀਂਹ ਤੇ ਗੰਦੇ ਪਾਣੀ 'ਤੇ ਸਪਰੇਅ ਕਰਨ ਤੇ ਇਲਾਕੇ ਵਿੱਚ ਫੌਗਿੰਗ ਕਰਵਾਉਣ ਦੇ ਨਿਰਦੇਸ਼ ਜਾਰੀ ਕੀਤੇ, ਤਾਂ ਜੋ ਇਲਾਕੇ ਦੇ ਵਸਨੀਕਾਂ ਨੂੰ ਕਿਸੇ ਵੀ ਤਰ੍ਹਾਂ ਦੀ ਸਮੱਸਿਆ ਦਾ ਸਾਹਮਣਾ ਨਾ ਕਰਨਾ ਪਵੇ।ਇਸ ਮੌਕੇ ਨਗਰ ਨਿਗਮ ਦੇ ਮੇਅਰ ਬਲਜੀਤ ਸਿੰਘ ਚਾਨੀ, ਸੀਨੀਅਰ ਡਿਪਟੀ ਮੇਅਰ ਪ੍ਰਵੀਨ ਸ਼ਰਮਾ, ਕੌਂਸਲਰ ਵਿਜੇ ਭੂਸ਼ਣ ਟੀਟੂ ਤੋਂ ਇਲਾਵਾ ਆਮ ਆਦਮੀ ਪਾਰਟੀ ਦੇ ਮੈਂਬਰ, ਵਲੰਟੀਅਰ ਤੇ ਵਾਰਡ ਇੰਚਾਰਜ ਮੌਜੂਦ ਸਨ।

## ਛੱਪੜਾਂ ਦੀ ਸਫ਼ਾਈ ਨਾ ਹੋਣ ਕਾਰਨ ਲੋਕ ਪ੍ਰੇਸ਼ਾਨ





**ਸਨੌਰ (ਰਾਜਿੰਦਰ ਸਿੰਘ ਥਿੰਦ)**-ਪੰਜਾਬ ਸਰਕਾਰ ਤੇ ਸੈਨੀਟੇਸ਼ਨ ਵਿਭਾਗ ਪੰਜਾਬ ਵੱਲੋਂ ਜਿੱਥੇ ਪਿੰਡਾਂ ਦੇ ਨਿਕਾਸੀ ਪਾਣੀ ਦੀ ਸਮੱਸਿਆ ਨੂੰ ਦੂਰ ਕਰਨ ਲਈ ਛੱਪੜਾਂ ਦੀ ਸਫ਼ਾਈ 'ਤੇ ਲੱਖਾਂ ਰੁਪਏ ਖਰਚ ਕੀਤੇ ਜਾਣ ਦਾ ਦਾਅਵੇ ਕੀਤੇ ਜਾ ਰਹੇ ਹਨ, ਪ੍ਰੰਤੂ ਇਹ ਦਾਅਵੇ ਸਨੌਰ ਹਲਕੇ ਦੇ ਕਈ ਪਿੰਡਾਂ 'ਚ ਬਣੇ ਛੱਪੜ ਦੀ ਸਫ਼ਾਈ ਨਾ ਹੋਣ ਕਾਰਨ ਖੋਖਲੇ ਦਿਖਾਈ ਦੇ ਰਹੇ ਹਨ। ਅੰਤ ਦੀ ਫੈਲੀ ਗੰਦਗੀ ਕਾਰਨ ਜਿੱਥੇ ਪਿੰਡ ਵਾਸੀਆਂ ਦਾ ਜਿਊਣਾ ਮੁਸ਼ਕਲ ਹੈ, ਉੱਥੇ ਮਹਾਂਮਾਰੀ ਫੈਲਣ ਦਾ ਖ਼ਤਰਾ ਲੋਕਾਂ ਦੇ ਸਿਰ 'ਤੇ ਮੰਡਰਾਉਂਦਾ ਨਜ਼ਰ ਆ ਰਿਹਾ ਹੈ। ਜਾਣਕਾਰੀ ਅਨੁਸਾਰ ਬਲਾਕ ਸਨੌਰ ਤੇ ਬਲਾਕ ਭੁੰਨਰਹੇੜੀ ਦੇ ਦਰਜਨਾਂ ਪਿੰਡਾ ਦੇ ਛੱਪੜਾਂ 'ਚ ਸਾਫ਼-ਸਫ਼ਾਈ ਦਾ ਕੋਈ ਪ੍ਰਬੰਧ ਨਹੀਂ ਹੈ।ਬਰਸਾਤ ਦੇ ਮੌਸਮ ਕਰਕੇ ਇਨ੍ਹਾਂ 'ਚ ਐਨੀ ਗੰਦਗੀ ਭਰ ਗਈ ਹੈ ਕਿ ਉੱਥੇ ਆਸ-ਪਾਸ ਰਹਿੰਦੇ ਵਸਨੀਕਾਂ ਦਾ ਜਿਊਣਾ ਮੁਸ਼ਕਲ ਹੋ ਗਿਆ।ਆਲ ਇੰਡੀਆ ਕਾਂਗਰਸ ਕਿਸਾਨ ਸੈਲ ਦੇ ਜਨਰਲ ਸੈਕਟਰੀ ਗੁਰਵਿੰਦਰ ਸਿੰਘ, ਗੌਰਵ ਸੰਧੂ ਨੇ ਦੱਸਿਆ ਕਿ ਖੜ੍ਹੇ ਗੰਦੇ ਪਾਣੀ 'ਚ ਮਹਾਂਮਾਰੀ ਵਰਗੀਆਂ ਭਿਆਨਕ ਬਿਮਾਰੀਆਂ ਫੈਲਣ ਦਾ ਖਦਸ਼ਾ ਹੈ।ਹਲਕੇ ਸਨੌਰ ਅਧੀਨ ਪਿੰਡਾਂ ਦੇ ਛੱਪੜਾਂ 'ਚ ਗੰਦੇ ਪਾਣੀ ਦੇ ਨਿਕਾਸ ਦਾ ਕੋਈ ਖ਼ਾਸ ਪ੍ਰਬੰਧ ਨਹੀਂ।ਉਨ੍ਹਾਂ ਕਿਹਾ ਕਿ ਇਸ ਮਾਮਲੇ ਨੂੰ ਪੰਜਾਬ ਸਰਕਾਰ ਧਿਆਨ ਦੇਵੇ ਹਲਕੇ ਦੇ ਛੱਪੜਾ ਨੂੰ ਸਾਫ਼ ਕਰਨ ਲਈ ਕੋਈ ਠੋਸ ਉਪਰਾਲੇ ਕੀਤੇ ਜਾਣ।ਨੂਰਖੇੜੀਆ ਪਿੰਡ ਦੇ ਹਰਪ੍ਰੀਤ ਸਿੰਘ ਹੈਪੀ ਸਰਪੰਚ ਨਾਲ ਗੱਲਬਾਤ ਕੀਤੀ ਤਾਂ ਉਨ੍ਹਾਂ ਕਿਹਾ ਕਿ ਬੀਤੇ ਕੁਝ ਸਮੇਂ ਪਹਿਲਾਂ ਬੀ.ਡੀ.ਪੀ.ਓ ਦਫਤਰ ਵੱਲੋਂ ਛੱਪੜ ਦਾ ਪਾਣੀ ਕੱਢ ਕੇ ਸਫਾਈ ਕਰਾਉਣ ਦੇ ਆਰਡਰ ਦਿੱਤੇ ਗਏ, ਪਰ ਪਿੰਡ 'ਚ ਦੂਜੀਆਂ ਧਿਰਾਂ ਦੇ ਲੋਕਾਂ ਵੱਲੋਂ ਮੇਰੇ ਖਿਲਾਫ ਕੇਸ ਕਰ ਦਿੱਤਾ ਗਿਆ।

# ਵਿਵੇਕਾਨੰਦ ਜੂਨੀਅਰ ਦੇ ਬੱਚਿਆਂ ਵੱਲੋਂ ਕਾਰਗਿਲ ਸ਼ਹੀਦਾਂ ਨੂੰ ਸ਼ਰਧਾਂਜਲੀ

### ਬੀ ਐੱਸ ਐੱਫ ਕੈਂਪ ਦਾ ਕੀਤਾ ਦੌਰਾ



**ਫਿਰੋਜ਼ਪੁਰ (ਅਸ਼ੋਕ ਸ਼ਰਮਾ)**-ਕਾਰਗਿਲ ਵਿਜੇ ਦਿਵਸ ਦੇ ਸ਼ੁਭ ਮੌਕੇ ਵਿਵੇਕਾਨੰਦ ਜੂਨੀਅਰ-ਪ੍ਰਾਇਮਰੀ ਸਕੂਲ ਦੇ ਛੋਟੇ ਬੱਚਿਆਂ ਨੇ ਸਾਡੇ ਸੈਨਿਕਾਂ ਦੀ ਬਹਾਦਰੀ ਤੇ ਕੁਰਬਾਨੀ ਨੂੰ ਯਾਦ ਕਰਨ ਲਈ ਇਕ ਅਨੋਖੀ ਪਹਿਲਕਦਮੀ ਕੀਤੀ। ਇਨ੍ਹਾਂ ਨਿੱਕੇ-ਨਿੱਕੇ ਦੇਸ਼ਭਗਤਾਂ ਨੇ ਬਾਰਡਰ ਸਕਿਉਰਿਟੀ ਫੋਰਸ ਬੀਐੱਸਐੱਫ ਦੇ ਸੈਕਟਰ ਹੈੱਡਕੁਆਰਟਰ ਦਾ ਦੌਰਾ ਕੀਤਾ ਤੇ ਉਨ੍ਹਾਂ ਮਹਾਨ ਸ਼ਹੀਦਾਂ ਨੂੰ ਆਪਣੀ ਦਿਲੋਂ ਸ਼ਰਧਾਂਜਲੀ ਭੇਟ ਕੀਤੀ, ਜਿਨ੍ਹਾਂ ਨੇ ਦੇਸ਼ ਦੀ ਜਿੱਤ ਲਈ ਆਪਣੀਆਂ ਜਾਨਾਂ ਨਿਛਾਵਰ ਕਰ ਦਿੱਤੀਆਂ। ਬੀਐੱਸਐੱਫ ਕੈਂਪ ਦੇ ਇਸ ਦੌਰੇ ਦੌਰਾਨ ਵਿਦਿਆਰਥੀਆਂ ਨੂੰ ਵੱਖ-ਵੱਖ ਵਿਭਾਗਾਂ ਦੇ ਕੰਮਕਾਜ ਤੋਂ ਜਾਣੂ ਕਰਵਾਇਆ ਗਿਆ। ਉਨ੍ਹਾਂ ਆਪਣੇ ਬਹਾਦਰ ਜਵਾਨਾਂ ਦੇ ਰੋਜ਼ਾਨਾ ਦੇ ਮੁਸ਼ਕਲ ਫਰਜ਼ਾਂ ਨੂੰ ਬੜੇ ਨੇੜੇ ਤੋਂ ਦੇਖਿਆ। ਬੱਚਿਆਂ ਨੇ ਖਾਸ ਤੌਰ 'ਤੇ ਡੌਗ ਸਕਵਾਡ ਦੀ ਸਿਖਲਾਈ, ਜਵਾਨਾਂ ਲਈ ਲੋੜੀਂਦੇ ਸਾਮਾਨ ਵਾਲੀਆਂ ਦੁਕਾਨਾਂ ਤੇ ਹੋਰ ਢਾਂਚੇ ਵਿੱਚ ਡੂੰਘੀ ਦਿਲਚਸਪੀ ਦਿਖਾਈ। ਇਹ ਦੇਖ ਕੇ ਸਾਰੇ ਹੈਰਾਨ ਰਹਿ ਗਏ ਕਿ ਕਿਵੇਂ ਛੋਟੇ ਬੱਚੇ ਸਾਡੇ ਦੇਸ਼ ਦੇ ਰਾਖਿਆਂ ਦੀ ਜ਼ਿੰਦਗੀ ਨੂੰ ਸਮਝਣ ਲਈ ਉਤਸੁਕ ਸਨ। ਬੀਐੱਸਐੱਫ ਅਧਿਕਾਰੀਆਂ ਨੇ ਇਨ੍ਹਾਂ ਮਾਸੂਮ ਮਹਿਮਾਨਾਂ ਦਾ ਬੜੀ ਨਿੱਘੀ ਭਾਵਨਾ ਨਾਲ ਸਵਾਗਤ ਕੀਤਾ। ਉਨ੍ਹਾ ਬੱਚਿਆਂ ਦੇ ਹਰ ਸਵਾਲ ਦਾ ਬੜੇ ਧੀਰਜ ਤੇ ਪਿਆਰ ਨਾਲ ਜਵਾਬ ਦਿੱਤਾ। ਬੱਚਿਆਂ ਨੇ ਵੀ ਆਪਣੀ ਸ਼ਰਧਾ ਤੇ ਪਿਆਰ ਦਾ ਪ੍ਰਗਟਾਵਾ ਕਰਦਿਆਂ, ਆਪਣੇ ਹੱਥਾਂ ਨਾਲ ਬਣਾਏ ਹੋਏ ਤਿਰੰਗੇ ਦੇ ਟੈਗਸ ਸਿਪਾਹੀਆਂ ਨੂੰ ਭੇਟ ਕੀਤੇ। ਇਹ ਛੋਟਾ ਜਿਹਾ ਕਦਮ ਇਕ ਵੱਡੇ ਸੰਦੇਸ਼ ਦਾ ਪ੍ਰਤੀਕ ਸੀ-ਸਾਡੇ ਦੇਸ਼ ਦੇ ਭਵਿੱਖ ਦੀ ਪੀੜ੍ਹੀ ਵੀ ਆਪਣੇ ਸੈਨਿਕਾਂ ਨੂੰ ਸਲਾਮ ਕਰਦੀ ਹੈ। ਵਿਵੇਕਾਨੰਦ ਜੂਨੀਅਰ ਸਕੂਲ ਲਈ ਇਹ ਬੜੇ ਮਾਣ ਵਾਲਾ ਪਲ ਸੀ ਕਿ ਉਸ ਦੇ ਨਿੱਕੇ ਵਿਦਿਆਰਥੀਆਂ ਨੇ ਅਸਲ ਹੀਰੋਆਂ ਪ੍ਰਤੀ ਇੰਨੀ ਸੱਚੀ ਤੇ ਸੁਹਿਰਦ ਸ਼ਰਧਾ ਜਤਾਈ।

## ਸਾਇੰਸ ਲੈਬ 'ਚ ਬੱਚਿਆਂ ਨੇ ਜੀਵਨ ਦੇ ਰਹੱਸਾਂ ਦੀ ਜਾਣਕਾਰੀ ਲਈ



**ਅਜੀਤਵਾਲ (ਨਛੱਤਰ ਸੰਧੂ)**-ਇਲਾਕੇ ਦੀ ਪ੍ਰਸਿੱਧ ਵਿੱਦਿਅਕ ਸੰਸਥਾ ਹੋਲੀ ਹਾਰਟ ਸਕੂਲ ਅਜੀਤਵਾਲ ਵਿੱਚ ਬੱਚਿਆਂ ਨੂੰ ਸਾਇੰਸ ਲੈਬ ਵਿੱਚ ਲਜਾਇਆ ਗਿਆ, ਜਿੱਥੇ ਜਾ ਕੇ ਉਨ੍ਹਾਂ ਨੇ ਆਪਣੇ ਜੀਵਨ ਦੇ ਰਹੱਸਾਂ ਦੀ ਜਾਣਕਾਰੀ ਪ੍ਰਾਪਤ ਕੀਤੀ।ਸਕੂਲ ਵਿੱਚ ਪਾਠਕ੍ਰਮਾਂ ਨੂੰ ਸਿਰਫ ਕਿਤਾਬਾਂ ਤੱਕ ਸੀਮਤ ਨਾ ਰੱਖ ਕੇ ਉਸ ਨੂੰ ਅਨੁਭਵਾਤਮਕ ਸਿੱਖਿਆ ਨਾਲ ਜੋੜਨ ਲਈ ਲਗਾਤਾਰ ਯਤਨ ਕੀਤੇ ਜਾ ਰਹੇ ਹਨ।ਇਸੇ ਕੜੀ ਹੇਠ ਸਕੂਲ ਵਿੱਚ ਬੱਚਿਆਂ ਨੂੰ ਇੱਕ ਵਿਲੱਖਣ ਅਨੁਭਵ ਦਿਵਾਉਣ ਲਈ ਬਾਇਓਲੋਜੀ ਲੈਬ ਦਾ ਦੌਰਾ ਕਰਵਾਇਆ ਗਿਆ।ਵਿਦਿਆਰਥੀਆਂ ਨੇ ਲੈਬ ਵਿੱਚ ਜੀਵਨ ਦੇ ਵੱਖ-ਵੱਖ ਰੂਪਾਂ, ਕੋਸ਼ਿਕਾਵਾਂ ਦੀ ਬਣਤਰ ਤੇ ਪਰਾਲੀਕਤੰਤਰ ਦੀਆਂ ਜਟਿਲਤਾਵਾਂ ਨੂੰ ਆਪਣੀਆਂ ਅੱਖਾਂ ਸਾਹਮਣੇ ਦੇਖਿਆ ਤੇ ਜਾਣਿਆ।ਬੱਚਿਆਂ ਦੀਆਂ ਅੱਖਾਂ 'ਚ ਉਤਸੁਕਤਾ ਤੇ ਹੈਰਾਨੀ ਸਾਫ ਝਲਕ ਰਾਹੀਂ। ਅਧਿਆਪਕਾਂ ਨੇ ਕਿਹਾ ਕਿ ਲੈਬ ਦੀਆਂ ਗਤੀਆਂ ਨਾ ਸਿਰਫ ਵਿਦਿਆਰਥੀਆਂ ਦੀ ਵਿਗਿਆਨਕ ਸੋਚ ਨੂੰ ਵਿਕਸਤ ਕਰਦੀਆਂ ਹਨ, ਬਲਕਿ ਉਨ੍ਹਾਂ ਨੂੰ ਪ੍ਰਸ਼ਨ ਪੁੱਛਣ ਤੇ ਉੱਤਰ ਲੱਭਣ ਲਈ ਵੀ ਪ੍ਰੇਰਤ ਕਰਦੀਆਂ ਹਨ।ਉਨ੍ਹਾਂ ਇਸ ਗੱਲ 'ਤੇ ਵੀ ਜ਼ੋਰ ਦਿੱਤਾ ਕਿ ਆਧੁਨਿਕ ਯੁੱਗ ਵਿੱਚ ਸਿੱਖਿਆ ਸਿਰਫ ਕਿਤਾਬੀ ਗਿਆਨ ਤੱਕ ਸੀਮਤ ਨਹੀਂ ਰਹਿਣੀ ਚਾਹੀਦੀ, ਸਗੋਂ ਵਿਦਿਆਰਥੀਆਂ ਨੂੰ ਐਸੀਆਂ ਗਤੀਵਿਧੀਆਂ ਨਾਲ ਜੋੜਨਾ ਚਾਹੀਦਾ ਹੈ ਜੋ ਉਨ੍ਹਾਂ ਨੂੰ ਹੱਥੀਂ ਕਰਕੇ ਸਿੱਖਣ ਦਾ ਮੌਕਾ ਦੇਣ।ਵਿਦਿਆਰਥੀਆਂ ਨੇ ਇਸ ਅਨੁਭਵ ਨੂੰ ਬਹੁਤ ਦਿਲਚਸਪ ਤੇ ਪ੍ਰੇਰਨਾਦਾਇਕ ਦੱਸਿਆ।ਇਸ ਮੌਕੇ ਸਕੂਲ ਚੇਅਰਮੈਨ ਸੁਭਾਸ਼ ਪਲਤਾ, ਡਾਇਰੈਕਟਰ ਅਮਿਤ ਪਲਤਾ, ਸ੍ਰੈਆ ਪਲਤਾ ਤੇ ਸਕੂਲ ਪ੍ਰਿੰਸੀਪਲ ਸ਼ਾਕਸ਼ੀ ਗੁਲੇਰੀਆ ਨੇ ਬੱਚਿਆਂ ਨਾਲ ਆਪਣੇ ਵਿਚਾਰ ਸਾਂਝੇ ਕੀਤੇ।

## ਨਸ਼ਾ ਛੱਡਣ ਦੇ ਚਾਹਵਾਨ ਨਸ਼ਾ ਛੁਡਾਊ ਕੇਂਦਰ 'ਚ ਮੁਫ਼ਤ ਕਰਾਉਣ ਇਲਾਜ : ਵਧਾਇਕ

**ਫ਼ਾਜ਼ਿਲਕਾ (ਨਿਸ਼ਾ ਸ਼ਰਮਾ)**-ਨਸ਼ਿਆਂ ਦੇ ਖਾਤਮੇ ਲਈ ਪੰਜਾਬ ਸਰਕਾਰ ਵੱਲੋਂ ਸ਼ੁਰੂ ਕੀਤੀ ਗਈ ਯੁੱਧ ਨਸ਼ਿਆਂ ਦੇ ਵਿਰੁੱਧ ਮੁਹਿੰਮ ਦੇ ਤਹਿਤ ਜ਼ਿਲ੍ਹੇ ਵਿੱਚ ਸਰਕਾਰੀ ਨਸ਼ਾ ਛੁਡਾਊ ਕੇਂਦਰ ਚੱਲ ਰਹੇ ਹਨ, ਜਿੱਥੇ ਨਸ਼ੇ ਛੱਡਣ ਦੇ ਚਾਹਵਾਨ ਦਾ ਇਲਾਜ ਬਿਲਕੁਲ ਮੁਫ਼ਤ ਕੀਤਾ ਜਾਂਦਾ ਹੈ ਤੇ ਉਸਦਾ ਖਾਣ-ਪੀਣ, ਦਵਾਈਆਂ ਰਹਿਣ ਸਹਿਣ ਆਦਿ ਸਾਰੀਆਂ ਸਹੂਲਤਾਂ ਮੁਫ਼ਤ ਹਨ।ਇਹ ਪ੍ਰਗਟਾਵਾ ਵਿਧਾਇਕ ਫਾਜ਼ਿਲਕਾ ਸ੍ਰੀ. ਨਰਿੰਦਰਪਾਲ ਸਿੰਘ ਸਵਨਾ ਨੇ ਹਲਕੇ ਦੇ ਪਿੰਡ ਬੋਦੀਵਾਲਾ ਪੀਥਾ, ਖੁਈਖੇੜਾ, ਬੇਗਾਂਵਾਲੀ, ਕਿੱਕਰਵਾਲਾ ਰੂਪਾ, ਮੁੰਬੇਕਾ ਤੇ ਨਵਾਂ ਮੁੰਬੇਕਾ ਵਿਖੇ ਜਨ ਸਭਾਵਾਂ ਨੂੰ ਸੰਬੋਧਨ ਕਰਨ ਮੌਕੇ ਕੀਤਾ।ਇਸ ਮੌਕੇ ਉਨ੍ਹਾਂ ਦੀ ਧਰਮਪਤਨੀ ਖੁਸ਼ਬੂ ਸਾਵਨਸੁੱਖਾ ਸਵਨਾ ਵੀ ਮੌਜੂਦ ਸਨ।ਉਨ੍ਹਾਂ ਕਿਹਾ ਕਿ ਨਸ਼ਾ ਤਸਕਰਾਂ ਦੀ ਜਾਣਕਾਰੀ ਦੇਣ ਤੋਂ ਬਾਅਦ ਘਬਰਾਉਣ ਦੀ ਲੋੜ ਨਹੀਂ, ਉਹ ਪਿੰਡ ਵਾਸੀਆਂ ਦੇ ਨਾਲ ਖੜੇ ਹਨ।ਉਨ੍ਹਾਂ ਕਿਹਾ ਕਿ ਨਸ਼ਾ ਕਰਨ ਵਾਲੇ ਨਾਲ ਸਾਨੂੰ ਹਮਦਰਦੀ ਭਰਿਆ ਵਰਤਾਰਾ ਰੱਖਣਾ ਚਾਹੀਦਾ ਹੈ ਤੇ ਉਸ ਨੂੰ ਸਮਝਾਉਣਾ ਚਾਹੀਦਾ ਹੈ ਤੇ ਉਸ ਦੇ ਇਲਾਜ ਬਾਰੇ ਉਸ ਨੂੰ ਜਾਗਰੂਕ ਕਰਨਾ ਚਾਹੀਦਾ ਹੈ।ਉਨ੍ਹਾਂ ਕਿ ਹੁਣ ਪੰਜਾਬ ਸਰਕਾਰ ਵੱਲੋਂ ਨੌਜਵਾਨਾਂ ਨੂੰ ਨਸ਼ਿਆਂ ਤੋਂ ਦੂਰ ਰੱਖਣ ਲਈ ਤੇ ਖੇਡਾਂ ਵੱਲ ਉਤਸ਼ਾਹਤ ਕਰਨ ਲਈ ਪੰਜਾਬ ਵਿੱਚ 13 ਹਜ਼ਾਰ ਖੇਡ ਗਰਾਊਂਡ ਬਣਨਗੇ ਤੇ ਪਹਿਲੇ ਪੜਾਅ ਵਿੱਚ 3 ਹਜ਼ਾਰ 80 ਖੇਡ ਗਰਾਊਂਡ ਬਣਨਗੇ।ਪਹਿਲੇ ਪੜਾਅ 'ਚ ਫ਼ਾਜ਼ਿਲਕਾ ਜ਼ਿਲ੍ਹੇ 'ਚ ਵੀ 36 ਆਧੁਨਿਕ ਖੇਡ ਗਰਾਊਂਡ ਬਣਨਗੇ ਤਾਂ ਲੋਕ ਨੌਜਵਾਨ ਨਸ਼ਿਆਂ ਤੋਂ ਦੂਰ ਰਹਿ ਕੇ ਖੇਡਾਂ ਪ੍ਰਤੀ ਆਕਰਸ਼ਿਤ ਹੋ ਸਕਣ।ਉਨ੍ਹਾਂ ਪਿੰਡ ਵਾਸੀਆਂ ਨੂੰ 31 ਮੈਂਬਰਾਂ ਇਕੱਠੇ ਕਰਨ ਉਨ੍ਹਾਂ ਦਾ ਰਜਿਸਟਰਡ ਯੂਥ ਕਲੱਬ ਬਣਾ ਕੇ ਦਿੱਤਾ ਜਾਵੇਗਾ, ਜਿਸ ਰਾਹੀਂ ਨੌਜਵਾਨਾਂ ਨੂੰ ਖੇਡਾਂ ਦਾ ਸਾਮਾਨ ਦਿੱਤਾ ਜਾਵੇਗਾ।ਮੈਡਮ ਖੁਸ਼ਬੂ ਸਾਵਨਸੁੱਖਾ ਸਵਨਾ ਨੇ ਪੰਜਾਬ ਸਰਕਾਰ ਵੱਲੋਂ ਛੇੜੀ ਨਸ਼ਿਆਂ ਖਿਲਾਫ ਜੰਗ ਰਾਹੀਂ ਤੁਸੀਂ ਆਪਣੇ ਪਿੰਡ ਦੇ ਨਸ਼ੇ ਦੇ ਆਦੀ ਨੌਜਵਾਨਾਂ ਦਾ ਇਲਾਜ ਮੁਫ਼ਤ ਕਰਵਾਓ ਤੇ ਨਸ਼ਾ ਤਸਕਰਾਂ ਦੀ ਜਾਣਕਾਰੀ ਸਰਕਾਰ, ਪੁਲਸ ਨੂੰ ਦੇਵੋ ਤਾਂ ਜੁ ਨਸ਼ਿਆਂ ਦਾ ਖਾਤਮਾ ਕੀਤਾ ਜਾ ਸਕੇ।


# ਸਰਕਾਰ ਬੋਹਾ ਸ਼ਹਿਰ ਦੇ ਸਰਬਪੱਖੀ ਵਿਕਾਸ ਲਈ ਵਚਨਬੱਧ : ਵਿਧਾਇਕ ਬੁੱਧ ਰਾਮ

### ਵਾਰਡ ਨੰਬਰ ਗਿਆਰਾਂ 'ਚ ਧਰਮਸ਼ਾਲਾ ਦਾ ਕੀਤਾ ਉਦਘਾਟਨ



**ਬੋਹਾ (ਨਿਰੰਜਨ ਬੋਹਾ)**-ਵਿਧਾਇਕ ਪ੍ਰਿੰਸੀਪਲ ਬੁੱਧ ਰਾਮ ਵੱਲੋਂ ਵਾਰਡ ਨੰਬਰ ਗਿਆਰਾਂ ਦੀ ਬਣੀ ਨਵੀਂ ਧਰਮਸ਼ਾਲਾ ਦਾ ਉਦਘਾਟਨ ਕੀਤਾ ਗਿਆ।ਇਸ ਸਮੇਂ ਉਨ੍ਹਾਂ ਪੰਜਾਬ ਸਰਕਾਰ ਵੱਲੋਂ ਸ਼ੁਰੂ ਕੀਤੀ ਯੁੱਧ ਨਸ਼ਿਆਂ ਵਿਰੁੱਧ ਤਹਿਤ ਸ਼ਹਿਰ ਦੇ ਲੋਕਾਂ ਨੂੰ ਨਸ਼ਿਆਂ ਦਾ ਤਿਆਗ ਕਰਨ ਦੀ ਸਹੁੰ ਵੀ ਚੁਕਾਈ।ਸੰਬੋਧਨ 'ਚ ਉਨ੍ਹਾਂ ਕਿਹਾ ਕਿ ਪੰਜਾਬ ਵਿਚਲੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠਲੀ ਸਰਕਾਰ ਗੱਲਾਂ ਵਿੱਚ ਨਹੀਂ ਸਗੋਂ ਕੰਮ ਕਰਕੇ ਵਿਖਾਉਣ ਵਿੱਚ ਵਿਸ਼ਵਾਸ ਰੱਖਦੀ ਹੈ।ਉਨ੍ਹਾਂ ਕਿਹਾ ਕਿ ਇਹ ਸਰਕਾਰ ਪੰਜਾਬ ਦੇ ਹਰੇਕ ਪਿੰਡ ਤੇ ਸ਼ਹਿਰ ਦਾ ਵਿਕਾਸ ਕਰਨ ਲਈ ਵਚਨਬੱਧ ਹੈ।ਬੋਹਾ ਸ਼ਹਿਰ 'ਚ ਹੋਏ ਵਿਕਾਸ ਕਾਰਜਾਂ ਦਾ ਜ਼ਿਕਰ ਕਰਦੇ ਹੋਏ ਉਨ੍ਹਾਂ ਕਿਹਾ ਕਿ ਆਉਣ ਵਾਲੇ ਸਮੇਂ ਵਿੱਚ ਗੰਦੇ ਪਾਣੀ ਦੀ ਨਿਕਾਸੀ ਦੀ ਸਮੱਸਿਆ ਦਾ ਹੱਲ ਕਰਨ ਲਈ ਇਹ ਕੰਮ ਸੀਵਰੇਜ ਬੋਰਡ ਤੋਂ ਲੈ ਕੇ ਨਗਰ ਪੰਚਾਇਤ ਦੇ ਹਵਾਲੇ ਕਰ ਦਿੱਤਾ ਜਾਵੇਗਾ।ਉਨ੍ਹਾਂ ਐਲਾਨ ਕੀਤਾ ਕਿ ਦੋ ਕਰੋੜ ਦੀ ਲਾਗਤ ਨਾਲ ਬੋਹਾ ਦੇ ਨਵੇਂ ਬੱਸ ਅੱਡੇ ਦਾ ਨਿਰਮਾਣ ਵੀ ਛੇਤੀ ਹੀ ਕਰ ਦਿੱਤਾ ਜਾਵੇਗਾ।ਉਨ੍ਹਾਂ ਕਿਹਾ ਕਿ ਉਹ ਜਦੋਂ ਵੀ ਚੰਡੀਗੜ੍ਹ ਜਾਂਦੇ ਹਨ ਤਾਂ ਇਲਾਕੇ ਦੇ ਵਿਕਾਸ ਵਾਸਤੇ ਗ੍ਰਾਂਟਾਂ ਦੇ ਵੱਡੇ ਗੱਫੇ ਹੀ ਵਾਪਸ ਲੈ ਕੇ ਮੁੜਦੇ ਹਨ, ਜਿਸ ਸਦਕਾ ਸਾਰੇ ਵਿਧਾਨ ਸਭਾ ਹਲਕੇ ਵਿੱਚ ਵਿਕਾਸ ਕਾਰਜ ਤੇਜ਼ੀ ਨਾਲ ਚੱਲ ਰਹੇ ਹਨ।ਨਗਰ ਪੰਚਾਇਤ ਦੇ ਪ੍ਰਧਾਨ ਕਮਲਜੀਤ ਸਿੰਘ ਬਾਵਾ, ਥਾਣਾ ਬੋਹਾ ਦੇ ਮੁਖੀ ਇੰਸਪੈਕਟਰ ਅਮਰੀਕ ਸਿੰਘ, ਆਮ ਆਦਮੀ ਪਾਰਟੀ ਦੇ ਸੀਨੀਅਰ ਆਗੂ ਦਰਸ਼ਨ ਘਾਰੂ ਤੇ ਸੰਤੋਖ ਸਾਗਰ ਨੇ ਵੀ ਆਪਣੇ ਵਿਚਾਰਾਂ ਦਾ ਪ੍ਰਗਟਾਵਾ ਕੀਤਾ।

## ਗਲੋਬਲ ਸਕੂਲ ਦੇ ਵਿਦਿਆਰਥੀਆਂ ਨੂੰ ਪੀ ਐੱਨ ਬੀ ਦਾ ਦੌਰਾ ਕਰਵਾਇਆ



**ਰਾਮਪੁਰਾ ਫੂਲ (ਦਰਸ਼ਨ ਜਿੰਦਲ)**-ਸੀ. ਬੀ. ਐੱਸ. ਈ. ਦੁਆਰਾ ਮਾਨਤਾ ਪ੍ਰਾਪਤ ਸਰਾਫ ਐਜੂਬੀਕਨ ਗਲੋਬਲ ਡਿਸਕਵਰੀ ਸਕੂਲ ਰਾਮਪੁਰਾ ਫੂਲ ਦੇ ਚੌਥੀ ਜਮਾਤ ਦੇ ਵਿਦਿਆਰਥੀਆਂ ਸਕਿਲ ਡਿਵੈੱਲਪਮੈਂਟ ਪ੍ਰੋਗਰਾਮ ਤਹਿਤ ਪੰਜਾਬ ਨੈਸ਼ਨਲ ਬੈਂਕ, ਰਾਮਪੁਰਾ ਫੂਲ ਦਾ ਵਿੱਦਿਅਕ ਦੌਰਾ ਕਰਵਾਇਆ ਗਿਆ।ਇਸ ਦੌਰਾਨ ਵਿਦਿਆਰਥੀਆਂ ਨੂੰ ਬੈਂਕਿੰਗ ਦੀ ਕਾਰਜਪ੍ਰਣਾਲੀ, ਏ ਟੀ ਐੱਮ ਮਸ਼ੀਨਾਂ, ਵੱਖ ਵੱਖ ਬੈਂਕਿੰਗ ਯੋਜਨਾਵਾਂ ਤੇ ਮਹੱਤਵਪੂਰਨ ਦਸਤਾਵੇਜ਼ਾਂ ਬਾਰੇ ਜਾਣੂ ਕਰਵਾਇਆ ਗਿਆ।ਬੈਂਕ ਅਧਿਕਾਰੀਆਂ ਨੇ ਵਿਦਿਆਰਥੀਆਂ ਨੂੰ ਖਾਤਾ ਖੋਲ੍ਹਣ ਤੇ ਬੰਦ ਕਰਨ ਦੀ ਪ੍ਰਕਿਰਿਆ, ਚੈੱਕ ਭਰਨ ਦਾ ਤਰੀਕਾ ਤੇ ਟੋਕਨ ਪ੍ਰਣਾਲੀ ਬਾਰੇ ਵੀ ਜਾਣਕਾਰੀ ਦਿੱਤੀ।ਵਿਦਿਆਰਥੀਆਂ ਦੀਆਂ ਜਿਗਿਆਸਾਵਾਂ ਦਾ ਸੰਤੋਸ਼ਜਨਕ ਉੱਤਰ ਦਿੰਦਿਆਂ ਅਧਿਕਾਰੀਆਂ ਨੇ ਉਨ੍ਹਾਂ ਨੂੰ ਬੈਂਕਿੰਗ ਸੇਵਾਵਾਂ ਦੇ ਪੱਖਾਂ ਨਾਲ ਰੂਬਰੂ ਕਰਵਾਇਆ। ਅਧਿਆਪਕਾਂ ਨੇ ਵੀ ਇਸ ਮੌਕੇ ਵਿਦਿਆਰਥੀਆਂ ਨੂੰ ਸਰਵਜਨਕ ਥਾਵਾਂ ਦੀ ਮਰਿਆਦਾ, ਸਫਾਈ ਤੇ ਸੁਰੱਖਿਆ ਪ੍ਰਤੀ ਜਾਗਰੂਕ ਕੀਤਾ।ਸਕੂਲ ਦੇ ਚੇਅਰਮੈਨ ਇੰਜੀਨੀਅਰ ਕਮਲੇਸ਼ ਸਰਾਫ ਨੇ ਬੱਚਿਆਂ ਨੂੰ ਜਾਣਕਾਰੀ ਦੇਣ ਵਿੱਚ ਸਹਿਯੋਗ ਦੇਣ ਲਈ ਬੈਂਕ ਮੈਨੇਜਰ ਰਮੇਸ਼ ਸ਼ਰਮਾ ਤੇ ਉਨ੍ਹਾਂ ਦੀ ਟੀਮ ਦਾ ਧੰਨਵਾਦ ਕੀਤਾ।

# ਮੈਡੀਕਲ ਪ੍ਰੈਕਟੀਸ਼ਨਰਜ਼ ਐਸੋਸੀਏਸ਼ਨ ਦੀ ਜਥੇਬੰਦਕ ਕਨਵੈਨਸ਼ਨ



**ਮਾਨਸਾ (ਆਤਮਾ ਸਿੰਘ ਪਮਾਰ)**

ਮੈਡੀਕਲ ਪ੍ਰੈਕਟੀਸ਼ਨਰਜ਼ ਐਸੋਸੀਏਸ਼ਨ ਪੰਜਾਬ ਰਜਿ. 295 ਦੇ ਸੂਬਾ ਪ੍ਰਧਾਨ ਵੈਦ ਧੰਨਾ ਮੱਲ ਗੋਇਲ ਨੇ ਦੱਸਿਆ ਕਿ ਜ਼ਿਲ੍ਹਾ ਪੱਧਰੀ ਜਥੇਬੰਦਕ ਕਨਵੈਨਸ਼ਨ ਪ੍ਰਧਾਨ ਡਾ. ਲਛਮਣ ਦਾਸ ਟੋਨੀ ਗੌਤਮ ਦੀ ਪ੍ਰਧਾਨਗੀ ਹੇਠ ਹੋਈ।ਜ਼ਿਲ੍ਹਾ ਕਮੇਟੀ ਦੇ ਨਾਲ ਬਲਾਕ ਮੰਡੀ ਗੋਬਿੰਦਗੜ੍ਹ ਤੇ ਬਲਾਕ ਬੱਸੀ ਪਠਾਣਾਂ ਦੀ ਆਗੂ ਟੀਮ ਤੇ ਸਮੂਹ ਮੈਂਬਰ ਸਾਥੀਆਂ ਨੇ ਸ਼ਮੂਲੀਅਤ ਕੀਤੀ। ਕਨਵੈਨਸ਼ਨ 'ਚ ਜ਼ਿਲ੍ਹਾ ਜਨਰਲ ਸਕੱਤਰ ਡਾ. ਸ਼ਮਸ਼ੇਰ ਸਿੰਘ, ਮੀਤ ਪ੍ਰਧਾਨ ਡਾ. ਬਚਿੱਤਰ ਸਿੰਘ ਛੋਟੂ, ਕੈਸ਼ੀਅਰ ਡਾ.ਸਤਪਾਲ ਸਿੰਘ ਕੁੰਭੜਾ, ਬਲਾਕ ਮੰਡੀ ਗੋਬਿੰਦਗੜ੍ਹ ਦੇ ਪ੍ਰਧਾਨ ਡਾ. ਮਨਜੀਤ ਸਿੰਘ ਮੁਗਲ ਮਾਜਰਾ, ਜਨਰਲ ਸਕੱਤਰ ਡਾ. ਸੋਨੂੰ ਮਹਿਰੋਲੀਆ, ਕੈਸ਼ੀਅਰ ਡਾ. ਮਨਜੀਤ ਸਿੰਘ ਲੋਹਾਰ ਮਾਜਰਾ ਤੇ ਬਲਾਕ ਬੱਸੀ ਪਠਾਣਾਂ ਦੇ ਪ੍ਰਧਾਨ ਡਾ. ਦੀਪਕ ਕੁਮਾਰ, ਜਨਰਲ ਸਕੱਤਰ ਵਿਕਰਮ, ਕੈਸ਼ੀਅਰ ਡਾ. ਜਗਜੀਤ ਸਿੰਘ ਤੇ ਵੱਡੀ ਗਿਣਤੀ ਮੈਂਬਰ ਸਾਥੀ ਹਾਜ਼ਰ ਹੋਏ। ਕਨਵੈਨਸ਼ਨ ਦੌਰਾਨ ਜਥੇਬੰਦੀ ਦੇ ਇਤਿਹਾਸ ਸਬੰਧੀ ਜਾਣਕਾਰੀ ਦਿੰਦਿਆਂ ਸੂਬਾ ਪ੍ਰਧਾਨ ਵੈਦ ਧੰਨਾ ਮੱਲ ਗੋਇਲ, ਸੂਬਾ ਕਮੇਟੀ ਮੈਂਬਰ ਮਨਜੀਤ ਸਿੰਘ ਇਕਬਾਲ ਨਗਰ ਤੇ ਹਰਪ੍ਰੀਤ ਸਿੰਘ ਬੱਸੀ ਪਠਾਣਾਂ ਤੇ ਜ਼ਿਲ੍ਹਾ ਪ੍ਰਧਾਨ ਟੋਨੀ ਗੌਤਮ ਨੇ ਦੱਸਿਆ ਕਿ ਪ੍ਰੈਕਟੀਸ਼ਨਰਾਂ ਦੀ ਮਾਨਤਾ ਸਬੰਧੀ ਕੀਤੇ ਗਏ ਸੰਘਰਸ਼ਾਂ ਦੌਰਾਨ ਦਰਪੇਸ਼ ਅਨੇਕਾਂ ਦਿੱਕਤਾਂ, ਪੁਲਸ ਤਸ਼ੱਦਦ, ਚੰਡੀਗੜ੍ਹ ਤੇ ਤਰਨਤਾਰਨ ਰੈਲੀਆਂ ਦੌਰਾਨ ਬਣੇ ਝੂਠੇ ਕੇਸਾਂ ਨੂੰ ਜਥੇਬੰਦੀ ਵੱਲੋਂ ਵਿਉਂਤਬੰਦੀ ਨਾਲ ਸਾਹਮਣਾ ਕੀਤਾ ਗਿਆ।ਏਕਤਾ ਦੇ ਨਾਂਅ 'ਤੇ ਗੁਮਰਾਹਕੁੰਨ ਤੇ ਕੂੜ ਪ੍ਰਚਾਰ ਕਰਨ ਵਾਲਿਆਂ ਤੋਂ ਸੁਚੇਤ ਰਹਿੰਦਿਆਂ ਸੂਬਾ ਕਮੇਟੀ ਵੱਲੋਂ ਉਲੀਕੇ ਹਰ ਪ੍ਰੋਗਰਾਮ ਨੂੰ ਨੇਪਰੇ ਚਾੜ੍ਹਨ ਦੇ ਯਤਨ ਕਰਨ ਲਈ ਪ੍ਰੇਰਿਤ ਕੀਤਾ ਜਾਂਦਾ ਹੈ।ਉਨ੍ਹਾਂ ਦੱਸਿਆ ਕਿ ਸਮੂਹ ਮੈਡੀਕਲ ਪ੍ਰੈਕਟੀਸ਼ਨਰਾਂ ਦੀ ਅਣਥੱਕ ਮਿਹਨਤ ਸਦਕਾ 26 ਨਵੰਬਰ 2024 ਵਿੱਚ ਸੂਬਾਈ ਟੀਮ ਨਾਲ ਸਿਹਤ ਮੰਤਰੀ ਡਾ. ਬਲਵੀਰ ਸਿੰਘ ਦੀ ਰਹਿਨੁਮਾਈ ਹੇਠ ਸਿਹਤ ਵਿਭਾਗ ਦੇ ਆਹਲਾ ਅਧਿਕਾਰੀਆਂ ਦੀ ਮੌਜੂਦਗੀ ਵਿੱਚ ਹੋਈ ਮੀਟਿੰਗ ਵਿੱਚ ਟ੍ਰੇਨਿੰਗ ਦੇਣ ਲਈ ਉੱਚ ਅਧਿਕਾਰੀਆਂ ਨੂੰ ਹਦਾਇਤ ਕੀਤੀ ਸੀ ਤੇ ਇਸ ਕਾਰਜ ਲਈ ਸੂਬਾ ਆਗੂਆਂ ਨੂੰ ਵੀ ਸਹਿਯੋਗ ਦੇਣ ਲਈ ਕਿਹਾ ਗਿਆ ਸੀ, ਪ੍ਰੰਤੂ ਜਾਪਦਾ ਹੈ ਕਿ ਫ਼ਾਇਲ ਕਾਨੂੰਨੀ ਸਲਾਹ ਦੀ ਆੜ ਵਿੱਚ ਠੰਢੇ ਬਸਤੇ ਵਿੱਚ ਪਾ ਦਿੱਤੀ ਗਈ ਹੈ।ਇਸ ਦਾ ਖਮਿਆਜ਼ਾ ਪੰਜਾਬ ਸਰਕਾਰ ਨੂੰ ਭਵਿੱਖ 'ਚ ਭੁਗਤਣਾ ਪਵੇਗਾ।ਪਿਛਲੇ ਦਿਨੀਂ ਲੁਧਿਆਣਾ ਦੀ ਡਾ. ਅੰਬੇਡਕਰ ਯੂਥ ਸੈਨਾ ਦੇ ਆਪਣੇ ਆਪ ਨੂੰ ਪ੍ਰਧਾਨ ਦੱਸਣ ਵਾਲੇ ਰਾਜ ਕੁਮਾਰ ਤੇ ਉਸ ਦੇ ਸਾਥੀਆਂ ਵੱਲੋਂ ਅਣਰਜਿਸਟਰਡ ਮੈਡੀਕਲ ਪ੍ਰੈਕਟੀਸ਼ਨਰਾਂ ਪ੍ਰਤੀ ਭੱਦੀ ਨਾਅਰੇਬਾਜ਼ੀ ਤੇ ਅਰਥੀ ਫੂਕਣ ਦੀ ਘਟੀਆ ਕਾਰਗੁਜ਼ਾਰੀ ਦੀ ਸਖ਼ਤ ਸ਼ਬਦਾਂ 'ਚ ਨਿਖੇਧੀ ਕੀਤੀ ਗਈ।

## ਲੈਂਡ ਪੂਲਿੰਗ ਨੀਤੀ ਨੂੰ ਕਿਸੇ ਹਾਲਤ 'ਚ ਲਾਗੂ ਨਹੀਂ ਹੋਣ ਦੇਵਾਂਗੇ : ਢੀਂਡਸਾ

**ਮਹਿਲ ਕਲਾਂ (ਪ੍ਰਦੀਪ ਸਿੰਘ ਲੋਹਗੜ੍ਹ)**-ਸ਼੍ਰੋਮਣੀ ਅਕਾਲੀ ਦਲ ਲੈਂਡ ਪੂਲਿੰਗ ਨੀਤੀ ਤਹਿਤ ਕਿਸਾਨਾਂ ਦੀ ਜ਼ਮੀਨ ਕਿਸੇ ਵੀ ਹਾਲਤ ਵਿੱਚ ਐਕਵਾਇਰ ਨਹੀਂ ਹੋਣ ਦੇਵੇਗਾ।ਇਹ ਪ੍ਰਗਟਾਵਾ ਸ਼੍ਰੋਮਣੀ ਅਕਾਲੀ ਦੇ ਸੀਨੀਅਰ ਮੀਤ ਪ੍ਰਧਾਨ ਸੰਤ ਬਲਵੀਰ ਸਿੰਘ ਘੁੰਨਸ ਨੇ ਪਿੰਡ ਠੁੱਲੀਵਾਲ ਵਿਖੇ ਵਿਸ਼ੇਸ਼ ਗੱਲਬਾਤ ਦੌਰਾਨ ਕੀਤਾ।ਉਨ੍ਹਾਂ ਕਿਹਾ ਕਿ ਇਸ ਧੱਕੇਸ਼ਾਹੀ ਖਿਲਾਫ ਅਕਾਲੀ ਦਲ ਵੱਲੋਂ ਸੰਘਰਸ਼ ਸ਼ੁਰੂ ਕੀਤਾ ਜਾ ਚੁੱਕਾ ਹੈ।ਸੂਬਾ ਸਰਕਾਰ ਲੋਕ ਹਿਤੈਸ਼ੀ ਹੋਣ ਦਾ ਸਿਰਫ ਵਿਖਾਵਾ ਕਰ ਰਹੀ ਹੈ।ਲੋਕਾਂ ਦੀ ਭਲਾਈ ਦੀ ਬਜਾਏ ਲੋਕ ਮਾਰੂ ਫੈਸਲੇ ਲੈ ਕੇ ਆਰਥਿਕ ਤੌਰ 'ਤੇ ਟੁੱਟ ਚੁੱਕੇ ਲੋਕਾਂ ਨੂੰ ਭੁੱਖਮਰੀ ਦੀ ਕਗਾਰ 'ਤੇ ਖੜ੍ਹਾ ਕਰ ਦਿੱਤਾ ਗਿਆ ਹੈ।ਸੰਤ ਘੁੰਨਸ ਨੇ ਕਿਹਾ ਕਿ ਸੂਬਾ ਸਰਕਾਰ ਦੀਆਂ ਲੋਕ ਮਾਰੂ ਨੀਤੀਆਂ ਤੋਂ ਅੱਕੇ ਹੋਏ ਲੋਕ ਵਿਧਾਨ ਸਭਾ ਚੋਣਾਂ ਦੇ ਦਿਨ ਨੂੰ ਬੜੀ ਹੀ ਬੇ-ਸਬਰੀ ਨਾਲ ਉਡੀਕ ਰਹੇ ਹਨ, ਤਾਂ ਜੋ ਹੋਈਆਂ ਵਧੀਕੀਆਂ ਦਾ ਹਿਸਾਬ ਕਿਤਾਬ ਪੂਰਾ ਕੀਤਾ ਜਾ ਸਕੇ।ਉਨ੍ਹਾਂ ਦਾਅਵੇ ਨਾਲ ਕਿਹਾ ਕਿ ਸੂਬੇ ਅੰਦਰ ਆਉਣ ਵਾਲੀ ਸਰਕਾਰ ਸ਼੍ਰੋਮਣੀ ਅਕਾਲੀ ਦਲ ਦੀ ਅਗਵਾਈ ਹੇਠ ਹੀ ਬਣੇਗੀ।ਇਸ ਮੌਕੇ ਸਾਬਕਾ ਚੇਅਰਮੈਨ ਕਰਨੈਲ ਸਿੰਘ ਠੁੱਲੀਵਾਲ, ਭੁਪਿੰਦਰ ਸਿੰਘ ਧਾਲੀਵਾਲ ਕੈਨੇਡਾ, ਮੰਗਤ ਸਿੰਘ ਸਿੱਧੂ, ਜਸਵਿੰਦਰ ਸਿੰਘ ਲੱਧੜ, ਰਮਨਦੀਪ ਸਿੰਘ ਠੁੱਲੀਵਾਲ, ਜਗਤਾਰ ਸਿੰਘ ਦਾਨਗੜ੍ਹ, ਬਲਜਿੰਦਰ ਸਿੰਘ ਢਿੱਲੋਂ, ਬਲਵੰਤ ਸਿੰਘ ਚੁਹਾਣਕੇ, ਢਾਡੀ ਕਰਨੈਲ ਸਿੰਘ ਛਾਪਾ ਆਦਿ ਹਾਜ਼ਰ ਸਨ।

## ਸਿਹਤ ਕਾਮਿਆਂ ਦਾ ਡੈਪੂਟੇਸ਼ਨ ਡਾਇਰੈਕਟਰ ਨੂੰ ਮਿਲਿਆ



**ਸ਼ੇਰਪੁਰ (ਰਵੀ ਟਿੱਬਾ)**-ਸਾਥੀ ਗੁਲਜ਼ਾਰ ਖਾਂ ਕਨਵੀਨਰ ਤਾਲਮੇਲ ਕਮੇਟੀ ਪੈਰਾ ਮੈਡੀਕਲ ਤੇ ਸਿਹਤ ਕਰਮਚਾਰੀ ਪੰਜਾਬ ਦੀ ਅਗਵਾਈ ਹੇਠ ਦੋਨੇ ਡਾਇਰੈਕਟਰਾਂ ਨੂੰ ਮਿਲਿਆ, ਜਿਸ ਵਿੱਚ ਸਿਹਤ ਵਿਭਾਗ ਵਿੱਚ ਕੰਮ ਕਰਦੇ ਸਮੁੱਚੇ ਪੈਰਾ ਮੈਡੀਕਲ ਕਾਮਿਆਂ ਦੀਆਂ ਮੰਗਾਂ 'ਤੇ ਵਿਚਾਰ ਚਰਚਾ ਕੀਤੀ ਗਈ। ਇਸ ਦੇ ਨਾਲ ਹੀ ਪੈਰਾ ਮੈਡੀਕਲ ਕਾਮਿਆਂ ਦੀਆਂ ਬਦਲੀਆਂ ਸਬੰਧੀ ਅਰਜ਼ੀਆਂ ਦਿੱਤੀਆਂ ਗਈਆਂ ਤੇ ਵੱਖ ਵੱਖ ਕੈਟਾਗਰੀ ਦੀਆਂ ਪ੍ਰਮੋਸ਼ਨਾਂ ਸਬੰਧੀ ਗੱਲਬਾਤ ਕੀਤੀ ਗਈ, ਜਿਸ ਵਿੱਚ ਲੈਬ ਟੈਕਨੀਸ਼ੀਅਨ ਤੇ ਏ ਐੱਮ ਓ ਦੀਆਂ ਲਮੇਂ ਸਮੇਂ ਤੋਂ ਲਟਕ ਰਹੀਆਂ ਪ੍ਰਮੋਸ਼ਨਾਂ 'ਤੇ ਜ਼ੋਰ ਦਿੱਤਾ ਗਿਆ। ਸਿਹਤ ਮਹਿਕਮੇ ਵਿੱਚ ਰੀ ਸਟੈਕਚਰ ਦੇ ਚੱਲ ਰਹੇ ਪ੍ਰੋਸਿਸ ਬਾਰੇ ਜਾਣਕਾਰੀ ਹਾਸਲ ਕਰਕੇ ਅਗਲੀ ਵਿਉਂਤਬੰਦੀ ਕੀਤੀ ਗਈ ਅਤੇ ਮੰਗ ਪੱਤਰ ਵਿੱਚ ਦਰਜ ਮੰਗਾਂ ਦੇ ਹੱਲ ਲਈ ਚਰਚਾ ਕੀਤੀ ਗਈ ਇਸ ਸਮੇਂ ਗਗਨਦੀਪ ਸਿੰਘ ਕੋ ਕਨਵੀਨਰ, ਸੁਖਵਿੰਦਰ ਸਿੰਘ ਦੋਦਾ ਚੀਫ ਆਰਗੇਨਾਈਜ਼ਰ, ਸੁਖਵੀਰ ਸਿੰਘ ਰੋਪੜ, ਕਰਮਦੀਨ ਮਲੇਰਕੋਟਲਾ, ਇੰਦਰਜੀਤ ਸਿੰਘ, ਕੁਲਵੰਤ ਸਿੰਘ ਪੰਜਗਰਾਈਆਂ, ਕਰਮਜੀਤ ਸਿੰਘ, ਗਗਨਦੀਪ ਸਿੰਘ ਫਾਰਮੇਸੀ ਅਫਸਰ, ਸੱਤਪਾਲ ਸਿੰਘ, ਪਰਮਲ ਸਿੰਘ, ਲਖਵਿੰਦਰ ਸਿੰਘ ਲਾਡੀ ਬਰਨਾਲਾ, ਮੁਨੀਸ਼ ਕੁਮਾਰ ਬਠਿੰਡਾ, ਵਰਿੰਦਰ ਸਿੰਘ, ਦਲਜੀਤ ਸਿੰਘ ਜਸਪ੍ਰੀਤ ਸਿੰਘ, ਅਮਨਦੀਪ ਕੁਮਾਰ ਆਗੂ ਹਾਜ਼ਰ ਸਨ।

# ਵਿਦਿਆਰਥੀਆਂ ਨੂੰ ਇਨਸਾਫ਼ ਦਿਵਾਉਣ ਲਈ ਨਰਸਿੰਗ ਕਾਲਜ ਅੱਗੇ ਪ੍ਰਦਰਸ਼ਨ

- ਲੋਕ ਰੋਹ ਮੂਹਰੇ ਝੁਕਦਿਆਂ ਵਿਦਿਆਰਥਣਾਂ ਨੂੰ ਵਾਪਸ ਕੀਤੀਆਂ ਫ਼ੀਸਾਂ ਤੇ ਅਸਲ ਸਰਟੀਫ਼ਿਕੇਟ
- ਕਾਲਜ 'ਚ ਹੋ ਰਹੀਆਂ ਬੇਨਿਯਮੀਆਂ ਦੀ ਜਾਂਚ ਕਰਾ ਕੇ ਜ਼ਿੰਮੇਵਾਰਾਂ ਖ਼ਿਲਾਫ਼ ਕਾਰਵਾਈ ਕਰੇ ਸਰਕਾਰ : ਖਿਆਲੀ



**ਮਹਿਲ ਕਲਾਂ (ਪ੍ਰਦੀਪ ਸਿੰਘ ਲੋਹਗੜ੍ਹ)**-ਭਾਈ ਲਾਲੋ ਪੰਜਾਬੀ ਮੰਚ ਦੀ ਅਗਵਾਈ ਹੇਠ ਮਹਿਲ ਕਲਾਂ ਵਿਖੇ ਸਥਿਤ ਨਰਸਿੰਗ ਕਾਲਜ ਦਾ ਘਿਰਾਓ ਕਰ ਕੇ ਜ਼ੋਰਦਾਰ ਰੋਸ ਪ੍ਰਦਰਸ਼ਨ ਕੀਤਾ ਗਿਆ। ਇਸ ਮੌਕੇ ਪੀੜਤ ਵਿਦਿਆਰਥੀਆਂ, ਉਨ੍ਹਾਂ ਦੇ ਮਾਪੇ ਤੇ ਹੋਰ ਇਨਸਾਫ਼ ਪਸੰਦ ਲੋਕਾਂ ਨੇ ਭਾਗ ਲੈਂਦਿਆਂ ਪ੍ਰਬੰਧਕਾਂ ਵੱਲੋਂ ਵਿਦਿਆਰਥੀਆਂ ਨਾਲ ਕੀਤੀ ਜਾ ਰਹੀ ਧੱਕੇਸ਼ਾਹੀ ਦੀ ਸਖ਼ਤ ਸ਼ਬਦਾਂ 'ਚ ਨਿੰਦਾ ਕੀਤੀ। ਇਸ ਮੌਕੇ ਬੋਲਦਿਆਂ ਆਗੂ ਹਰਜੀਤ ਸਿੰਘ ਖਿਆਲੀ ਨੇ ਕਿਹਾ ਕਿ ਪਿਛਲੀ ਕਾਂਗਰਸ ਤੇ ਹੁਣ ਆਮ ਆਦਮੀ ਪਾਰਟੀ ਦੀਆਂ ਸਰਕਾਰਾਂ ਦੀ ਮਿਲੀਭੁਗਤ ਦੇ ਚਲਦੇ ਅਜਿਹੇ ਕਾਲਜਾਂ ਵੱਲੋਂ ਵਿਦਿਆਰਥੀਆਂ ਦਾ ਭਵਿੱਖ ਹਨੇਰੇ ਵੱਲ ਧੱਕਿਆ ਜਾ ਰਿਹਾ ਹੈ। ਰੈਗੂਲਰ ਸੀਟਾਂ 'ਤੇ ਨਾਨ-ਅਟੈਂਡਿੰਗ ਦਾਖ਼ਲੇ ਕਰ ਕੇ ਜਿੱਥੇ ਵਿਦਿਆਰਥੀਆਂ ਤੋਂ ਮੋਟੀਆਂ ਫ਼ੀਸਾਂ ਵਸੂਲੀਆਂ ਜਾਂਦੀਆਂ ਹਨ, ਉੱਥੇ ਤਰ੍ਹਾਂ-ਤਰ੍ਹਾਂ ਦੇ ਜੁਰਮਾਨੇ ਤੇ ਨਕਲ ਕਰਵਾਉਣ ਬਦਲੇ ਪੈਸਿਆਂ ਦੀ ਮੰਗ ਕੀਤੀ ਜਾਂਦੀ ਹੈ। ਉਨ੍ਹਾਂ ਕਿਹਾ ਕਿ ਕਾਨੂੰਨੀ ਤੌਰ 'ਤੇ ਕੋਈ ਵਿੱਦਿਅਕ ਸੰਸਥਾ ਵਿਦਿਆਰਥੀਆਂ ਦੇ ਅਸਲੀ ਸਰਟੀਫ਼ਿਕੇਟ ਆਪਣੇ ਕਬਜ਼ੇ 'ਚ ਨਹੀਂ ਰੱਖ ਸਕਦਾ, ਪਰ ਇਨ੍ਹਾਂ ਵੱਲੋਂ ਨਿਯਮਾਂ ਦੀ ਉਲੰਘਣਾ ਕਰ ਕੇ ਅਜਿਹਾ ਕੀਤਾ ਜਾ ਰਿਹਾ ਹੈ। ਇਸ ਤੋਂ ਇਲਾਵਾ ਵਿਦਿਆਰਥਣਾਂ ਨੂੰ ਮੂੰਹ ਖੋਲ੍ਹਣ ਤੋਂ ਰੋਕਣ ਲਈ ਤਰ੍ਹਾਂ-ਤਰ੍ਹਾਂ ਦੀਆਂ ਧਮਕੀਆਂ ਦਿੱਤੀਆਂ ਜਾਂਦੀਆਂ ਹਨ। ਇਸ ਮੌਕੇ ਬਲਾਕ ਪ੍ਰਧਾਨ ਬਲਦੇਵ ਸਿੰਘ ਸਹਿਜੜਾ, ਸਰਪੰਚ ਜਗਰਾਜ ਸਿੰਘ ਟੱਲੇਵਾਲ, ਸਿੱਧੂਪੁਰ ਆਗੂ ਰਣਜੀਤ ਸਿੰਘ ਗਾਂਧੀ, ਬਲਵਿੰਦਰ ਸਿੰਘ ਸਹਿਜੜਾ, ਮਾ: ਫਕੀਰ ਚੰਦ ਦੱਧਾਹੂਰ, ਨੇਕ ਦਰਸ਼ਨ ਸਿੰਘ ਸਹਿਜੜਾ, ਕੁੱਲ ਹਿੰਦ ਕਿਸਾਨ ਆਗੂ ਮੁਖਤਿਆਰ ਸਿੰਘ ਦੱਧਾਹੂਰ, ਕੇਵਲ ਸਿੰਘ ਜੌਹਲ, ਕੁਲਦੀਪ ਸਿੰਘ ਜੌਹਲ ਨੇ ਕਿਹਾ ਕਿ ਜੇਕਰ ਕਿਸੇ ਵੀ ਵਿਦਿਆਰਥੀ ਜਾਂ ਵਿਦਿਆਰਥਣ ਨਾਲ ਧੱਕੇਸ਼ਾਹੀ ਹੋਈ ਹੈ ਜਾਂ ਹੋ ਰਹੀ ਹੈ, ਉਹ ਆਗੂਆਂ ਨਾਲ ਤੁਰੰਤ ਸੰਪਰਕ ਕਰਨ, ਕਾਲਜ ਪ੍ਰਬੰਧਕਾਂ ਦੀਆਂ ਮਨਮਾਨੀਆਂ ਨੂੰ ਕਿਸੇ ਵੀ ਕੀਮਤ 'ਤੇ ਬਰਦਾਸ਼ਤ ਨਹੀਂ ਕੀਤਾ ਜਾਵੇਗਾ।ਉਨ੍ਹਾਂ ਆਪਣੇ ਬੱਚਿਆਂ ਦੇ ਭਵਿੱਖ ਨੂੰ ਅਜਿਹੇ ਸਿੱਖਿਆ ਮਾਫ਼ੀਏ ਕੋਲੋਂ ਸੁਰੱਖਿਅਤ ਕਰਨ ਲਈ ਇਕਜੁੱਟ ਹੋਣ ਦੀ ਅਪੀਲ ਕੀਤੀ।ਪੀੜਤ ਵਿਦਿਆਰਥਣਾਂ ਰਾਜਵੀਰ ਕੌਰ, ਸਿਮਰਨਪ੍ਰੀਤ ਕੌਰ, ਹੰਸਪ੍ਰੀਤ ਕੌਰ, ਕਰਮਜੀਤ ਕੌਰ, ਮਨਵੀਰ ਕੌਰ, ਬੇਅੰਤ ਕੌਰ, ਵਿਦਿਆਰਥੀ ਸੁਖਵਿੰਦਰ ਸਿੰਘ, ਅਰਸ਼ਦੀਪ ਸਿੰਘ, ਮਨਿੰਦਰ ਪਾਲ ਕੌਰ ਨੇ ਆਪਣੀ ਹੱਡ-ਬੀਤੀ ਬਿਆਨ ਕਰਦਿਆਂ ਇਨਸਾਫ਼ ਦੀ ਮੰਗ ਕੀਤੀ।ਧਰਨਾਕਾਰੀਆਂ ਦੇ ਵਧਦੇ ਰੋਹ ਨੂੰ ਦੇਖਦਿਆਂ ਕਾਲਜ ਦੀ ਪ੍ਰਿੰਸੀਪਲ ਨੇ ਸਾਰੇ ਵਿਦਿਆਰਥੀਆਂ ਨੂੰ ਉਨ੍ਹਾਂ ਵੱਲੋਂ ਓ. ਟੀ. ਅਟੈਂਡੈਂਟ ਕੋਰਸ ਕਰਨ ਲਈ 10 ਵਿਦਿਆਰਥੀਆਂ ਵੱਲੋਂ ਭਰੀ 30 ਹਜ਼ਾਰ ਪ੍ਰਤੀ ਵਿਦਿਆਰਥੀ ਫ਼ੀਸ, ਨੈਨੀ ਤੇ ਜੀ.ਐੱਨ.ਐੱਮ. ਦੀਆਂ ਦੋ ਵਿਦਿਆਰਥਣਾਂ ਦੀ 10-10 ਹਜ਼ਾਰ ਫ਼ੀਸ, ਪਾਰਟੀ ਕਰਨ ਲਈ ਅਲੱਗ ਤੋਂ ਵਸੂਲੇ 1200 ਪ੍ਰਤੀ ਵਿਦਿਆਰਥੀ, ਸਾਰੇ ਅਸਲੀ ਸਰਟੀਫ਼ਿਕੇਟ ਬਿਨਾਂ ਸ਼ਰਤ ਵਾਪਸ ਕਰਨ ਲਈ ਮਜਬੂਰ ਹੋਣਾ ਪਿਆ।ਇਸ ਨੂੰ ਸੰਘਰਸ਼ ਦੀ ਜਿੱਤ ਕਰਾਰ ਦਿੰਦਿਆਂ ਆਗੂ ਹਰਜੀਤ ਸਿੰਘ ਖਿਆਲੀ ਨੇ ਮਾਪਿਆਂ ਨੂੰ ਅਪੀਲ ਕੀਤੀ ਕਿ ਉਹ ਵਿਦਿਆਰਥੀਆਂ ਨੂੰ ਹੱਕਾਂ ਪ੍ਰਤੀ ਜਾਗਰੂਕ ਕਰਨ ਤੇ ਉਨ੍ਹਾਂ ਨਾਲ ਖੜ੍ਹਨ।ਉਨ੍ਹਾਂ ਪੰਜਾਬ ਸਰਕਾਰ ਤੋਂ ਮੰਗ ਕੀਤੀ ਇਸ ਅਦਾਰੇ 'ਚ ਹੋ ਰਹੀਆਂ ਬੇਨਿਯਮੀਆਂ ਦੀ ਉੱਚ ਪੱਧਰੀ ਜਾਂਚ ਕਰ ਕੇ ਪ੍ਰਬੰਧਕਾਂ ਖ਼ਿਲਾਫ਼ ਕਾਰਵਾਈ ਕੀਤੀ ਜਾਵੇ।ਇਸ ਮੌਕੇ ਗੁਰਦੇਵ ਸਿੰਘ ਮਹਿਲ ਕਲਾਂ, ਮੇਜਰ ਸਿੰਘ ਸਹਿਜੜਾ, ਕੌਰ ਸਿੰਘ ਸਹਿਜੜਾ, ਸਾਧੂ ਸਿੰਘ ਮਹਿਲ ਖੁਰਦ, ਜਸਵੀਰ ਸਿੰਘ ਸਹੌਰ, ਜਗਸੀਰ ਸਿੰਘ ਖਿਆਲੀ, ਹਰਜਿੰਦਰ ਕੌਰ, ਸੁਰਿੰਦਰ ਕੌਰ, ਮਹਿੰਦਰ ਕੌਰ, ਹਰਨੇਕ ਸਿੰਘ ਮਹਿਲ ਕਲਾਂ, ਕਾਮਰੇਡ ਕੁਲਵਿੰਦਰ ਸਿੰਘ, ਕੁਲਦੀਪ ਸਿੰਘ, ਚੇਅਰਮੈਨ ਅਮਨਦੀਪ ਸਿੰਘ ਅਮਨੀ, ਰਛਪਾਲ ਸਿੰਘ ਬੱਟੀ ਆਦਿ ਤੋਂ ਇਲਾਵਾ ਵੱਡੀ ਗਿਣਤੀ 'ਚ ਲੋਕ ਹਾਜ਼ਰ ਸਨ।ਇਸ ਸਾਰੇ ਘਟਨਾਕ੍ਰਮ ਸਬੰਧੀ ਜਦੋਂ ਪੱਤਰਕਾਰਾਂ ਨੇ ਕਾਲਜ ਦੀ ਪ੍ਰਿੰਸੀਪਲ ਨਾਲ ਗੱਲਬਾਤ ਕਰਨੀ ਚਾਹੀ ਤਾਂ ਉਨ੍ਹਾਂ ਕੁਝ ਵੀ ਕਹਿਣ ਤੋਂ ਸਾਫ਼ ਇਨਕਾਰ ਕਰ ਦਿੱਤਾ।

# ਪੁੱਡਾ ਵੱਲੋਂ ਅਰਬਨ ਅਸਟੇਟ 'ਚ ਫੈਲੀ ਗੰਦਗੀ ਦੀ ਸਫਾਈ ਕਰਵਾਉਣ ਦੇ ਦਾਅਵੇ ਖੋਖਲੇ

- ਖਬਰਾਂ ਪ੍ਰਕਾਸ਼ਤ ਹੋਣ ਤੋਂ ਬਾਅਦ ਲੀਪਾ-ਪੋਚੀ ਕਰਕੇ ਡੰਗ ਸਾਰਿਆ
- ਏ ਡੀ ਸੀ ਦੇ ਖਾਲੀ ਪਲਾਟਾਂ ਦੀ ਸਾਫ-ਸਫਾਈ ਸਬੰਧੀ ਕੀਤੀ ਜਾ ਰਹੀ ਹੈ ਉਲੰਘਣਾ



**ਪਟਿਆਲਾ/ਸਨੌਰ (ਰਾਜਿੰਦਰ ਥਿੰਦ)**
ਪੁੱਡਾ ਵੱਲੋਂ ਅਰਬਨ ਐਸਟੇਟ ਅੰਦਰ ਫੈਲੀ ਗੰਦਗੀ ਤੇ ਕੂੜੇ ਦੇ ਢੇਰਾਂ ਸਬੰਧੀ ਪਿਛਲੇ ਦਿਨਾਂ ਵਿੱਚ ਅਖਬਾਰਾਂ ਵਿਚ ਪ੍ਰਕਾਸ਼ਿਤ ਹੋਈਆਂ ਖਬਰਾਂ ਦਾ ਪੁੱਡਾ ਉੱਤੇ ਹਾਲੇ ਵੀ ਕੋਈ ਅਸਰ ਦਿਖਾਈ ਨਹੀਂ ਦੇ ਰਿਹਾ, ਕਿਉਂਕਿ ਅਖਬਾਰਾਂ ਵਿੱਚ ਖਬਰਾਂ ਪ੍ਰਕਾਸ਼ਿਤ ਹੋਣ ਤੋਂ ਬਾਅਦ ਪੁੱਡਾ ਪ੍ਰਸ਼ਾਸਨ ਵੱਲੋਂ ਅਰਬਨ ਐਸਟੇਟ ਫੇਜ਼-1 ਤੇ 2 ਵਿੱਚ ਫੈਲੀ ਗੰਦਗੀ ਦੀ 10 ਤੋਂ 20 ਪ੍ਰਤੀਸ਼ਤ ਤੱਕ ਸਫਾਈ ਕਰਵਾ ਕੇ ਅਖਬਾਰਾਂ ਵਿੱਚ ਅਰਬਨ ਅਸਟੇਟ ਦੀ ਸਫਾਈ ਮੁਕੰਮਲ ਕਰਵਾਉਣ ਦਾ ਦਾਅਵਾ ਕੀਤਾ ਗਿਆ, ਪ੍ਰੰਤੂ ਹਾਲੇ ਵੀ ਅਰਬਨ ਅਸਟੇਟ ਦੀਆਂ ਸੜਕਾਂ 'ਤੇ ਲੱਗੇ ਕੂੜੇ ਦੇ ਢੇਰਾਂ ਤੇ ਪਾਰਕਾਂ ਦੀ ਕੱਟ-ਕਟਾਈ ਤੋਂ ਬਾਅਦ ਘਾਹ ਤੇ ਦਰੱਖਤਾਂ ਦੇ ਕਚਰੇ ਦੇ ਢੇਰ ਜਿਉਂ ਦੇ ਤਿਉਂ ਪੁੱਡਾ ਦਾ ਮੂੰਹ ਚਿੜ੍ਹਾ ਰਹੇ ਹਨ।

ਫੇਜ਼-2 ਦੇ ਬਾਹਰਲੇ ਪਾਸੇ ਜਾਂਦੀ ਸਾਧੂ ਵੇਲਾ ਰੋਡ 'ਤੇ ਪਟਿਆਲਾ ਜੀ. ਟੀ. ਰੋਡ ਤੋਂ ਚਿਨਾਰ ਬਾਗ ਵਾਲੇ ਗੇਟ ਤੱਕ ਜੋ ਪਾਰਕ ਹਨ, ਉਨ੍ਹਾਂ ਦੇ ਨਾਲ-ਨਾਲ ਅਜੇ ਤੱਕ ਕਿਸੇ ਨੇ ਗੰਦਗੀ ਤੇ ਕੂੜੇ ਦੇ ਢੇਰਾਂ ਨੂੰ ਚੁੱਕਵਾਉਣ ਵੱਲ ਕੋਈ ਧਿਆਨ ਨਹੀਂ ਦਿੱਤਾ, ਬਸ ਸਿਰਫ਼ ਬਾਹਰੋਂ-ਬਾਹਰੋਂ ਲੀਪਾ-ਪੋਚੀ ਕਰਕੇ ਕੰਮ ਸਾਰਿਆ ਜਾ ਰਿਹਾ ਹੈ, ਜੇਕਰ ਫੇਜ਼-1 ਦੀ ਗੱਲ ਕੀਤੀ ਜਾਵੇ ਤਾਂ ਦੁਸਹਿਰਾ ਗਰਾਊਂਡ ਦੇ ਸਾਹਮਣੇ ਸੜਕ ਤੇ ਖਾਲੀ ਪਲਾਟਾਂ ਨੂੰ ਪੁੱਡਾ ਵੱਲੋਂ ਕੂੜੇ ਤੇ ਗੰਦਗੀ ਦੇ ਡੰਪ ਬਣਾ ਕੇ ਵਰਤਿਆ ਜਾ ਰਿਹਾ ਹੈ।ਇਨ੍ਹਾਂ ਥਾਵਾਂ 'ਤੇ ਫੈਲੀ ਗੰਦਗੀ ਬਰਸਾਤਾਂ ਦੇ ਇਸ ਮੌਸਮ ਵਿੱਚ ਬਿਮਾਰੀਆਂ ਨੂੰ ਜਿੱਥੇ ਸੱਦਾ ਦੇ ਰਹੀ ਹੈ, ਉਥੇ ਪੁੱਡਾ ਵੱਲੋਂ ਕੀਤੇ ਜਾ ਰਹੇ ਸਫਾਈ ਦੇ ਦਾਅਵਿਆਂ ਦੀ ਫੂਕ ਨਿਕਲਦੀ ਦਿਖਾਈ ਦੇ ਰਹੀ ਹੈ। ਇਥੇ ਇਹ ਵੀ ਦੱਸਣਯੋਗ ਹੈ ਕਿ ਫੇਜ਼-1, 2 ਤੇ 3 ਦਾ ਖੇਤਰ ਮੌਜੂਦਾ ਸਿਹਤ ਮੰਤਰੀ ਡਾ. ਬਲਬੀਰ ਸਿੰਘ ਦੇ ਵਿਧਾਨ ਸਭਾ ਹਲਕੇ ਅਧੀਨ ਆਉਂਦਾ ਹੈ, ਪਰ ਪੁੱਡਾ ਪ੍ਰਸ਼ਾਸਨ ਵੱਲੋਂ ਸਰਕਾਰ ਤੇ ਮੰਤਰੀ ਦੇ ਹੁਕਮਾਂ ਨੂੰ ਟਿੱਚ ਸਮਝਿਆ ਜਾ ਰਿਹਾ ਹੈ।ਬਰਸਾਤਾਂ ਦੇ ਇਸ ਮੌਸਮ ਵਿੱਚ ਫੇਜ਼-1, 2 ਤੇ 3 ਦੀਆਂ ਸੜਕਾਂ ਅਤੇ ਖਾਲੀ ਪਲਾਟਾਂ ਦੀ ਕੋਈ ਸਫਾਈ ਨਹੀਂ ਕਰਵਾਈ ਗਈ, ਜਿਸ ਕਾਰਨ ਜੰਗਲੀ ਕਾਂਗਰਸੀ ਜੜ੍ਹੀ ਬੂਟੀ ਦਾ ਰਾਜ ਹੈ, ਜਿਸ ਕਾਰਨ ਅਰਬਨ ਅਸਟੇਟ ਵਾਸੀਆਂ ਨੂੰ ਕਈ ਬਿਮਾਰੀਆਂ ਨਾਲ ਪੀੜਤ ਹੋਣ ਦਾ ਖਤਰਾ ਵਧਦਾ ਜਾ ਰਿਹਾ ਹੈ।ਅਰਬਨ ਅਸਟੇਟ ਫੇਜ-1, 2 ਤੇ 3 ਦੀਆਂ ਸੜਕਾਂ ਵਿੱਚ ਪਏ ਦੋ-ਦੋ, ਤਿੰਨ-ਤਿੰਨ ਡੂੰਘੇ ਟੋਇਆਂ ਵਿੱਚ ਮੀਂਹ ਦਾ ਪਾਣੀ ਭਰਨ ਕਾਰਨ ਲੋਕਾਂ ਦਾ ਪੈਦਲ ਲੰਘਣਾ ਵੀ ਮੁਸ਼ਕਲ ਹੋਇਆ ਪਿਆ ਹੈ।ਪਟਿਆਲਾ-ਚੰਡੀਗੜ੍ਹ ਰੋਡ ਤੋਂ ਫੇਜ਼-2 ਦੀ ਬਾਹਰੀ ਸੜਕ, ਜੋ ਸਾਧੂ ਵੇਲਾ ਰਾਹੀਂ ਲੁਧਿਆਣਾ ਬਾਈਪਾਸ ਤੱਕ ਜਾਂਦੀ ਹੈ, ਉਸ ਦੀ ਖਸਤਾ ਹਾਲਤ ਰਾਹਗੀਰਾਂ ਲਈ ਪ੍ਰੇਸ਼ਾਨੀਆਂ ਪੈਦਾ ਕਰ ਰਹੀ ਹੈ। ਬੇਸ਼ੱਕ ਡੇਢ ਸਾਲ ਪਹਿਲਾਂ ਇਸ ਸੜਕ ਨੂੰ ਨਵੇਂ ਸਿਰੇ ਤੋਂ ਬਣਾਉਣ ਤੇ ਹੋਰ ਵਿਕਾਸ ਕਾਰਜਾਂ ਲਈ ਹਲਕੇ ਦੇ ਵਿਧਾਇਕ ਤੇ ਮੌਜੂਦਾ ਸਿਹਤ ਮੰਤਰੀ ਡਾ. ਬਲਬੀਰ ਸਿੰਘ ਵੱਲੋਂ ਫੇਜ਼-3 ਦੀ ਕਮਰਸ਼ੀਅਲ ਸਾਈਟ 'ਤੇ ਛੇ ਨੀਂਹ ਪੱਥਰ ਰੱਖੇ ਗਏ ਸਨ, ਪਰ ਹਾਲੇ ਤੱਕ ਸੜਕਾਂ ਤਾਂ ਕੀ ਬਣਨੀਆਂ ਸਨ, ਪਰ ਹਾਲਾਤ ਇਹ ਹਨ ਕਿ ਨੀਂਹ ਪੱਥਰਾਂ ਦੀਆਂ ਸਲਾਈਡਾਂ ਹੀ ਗਾਇਬ ਹੋ ਚੁੱਕੀਆਂ ਹਨ, ਜਿਸ ਦੇ ਚਲਦਿਆਂ ਸਿਰਫ਼ ਤੇ ਸਿਰਫ਼ ਇੱਟਾਂ ਨਾਲ ਬਣੇ ਨੀਂਹ ਪੱਥਰ ਹੀ ਦਿਖਾਈ ਦੇ ਰਹੇ ਹਨ।

ਅਰਬਨ ਅਸਟੇਟ ਫੇਜ਼-2 ਦੀ ਰੈਜ਼ੀਡੈਂਸ ਵੈੱਲਫੇਅਰ ਦੇ ਪ੍ਰਧਾਨ ਪਰਮਜੀਤ ਸਿੰਘ ਮਹਿਮੂਦਪੁਰ, ਸਾਬਕਾ ਆਈ. ਏ. ਐੱਸ. ਅਧਿਕਾਰੀ ਮਨਜੀਤ ਸਿੰਘ ਨਾਰੰਗ, ਆੜ੍ਹਤੀ ਐਸੋ. ਪੰਜਾਬ ਦੇ ਸੂਬਾ ਪ੍ਰਧਾਨ ਜਸਵਿੰਦਰ ਸਿੰਘ ਰਾਣਾ, ਨਵਦੀਪ ਸਿੰਘ ਬਿੱਟੂ, ਸ਼ਾਮ ਲਾਲ ਫੀਲਡ ਅਫ਼ਸਰ, ਲਾਲ ਸਿੰਘ ਇੰਸਪੈਕਟਰ ਪਨਸਪ, ਜਗਰੂਪ ਸਿੰਘ ਤੋਂ ਇਲਾਵਾ ਫੇਜ਼-3 ਦੇ ਨਿਵਾਸੀ, ਰਾਜਿੰਦਰ ਸਿੰਘ ਥਿੰਦ, ਪਰੇਮ ਸਿੰਘ ਸਰਪੰਚ ਸਵਾਈ ਸਿੰਘ ਵਾਲਾ, ਗੁਰਦੀਪ ਸਿੰਘ (ਡੀ. ਐੱਫ. ਐੱਸ. ਸੀ. ਰਿਟਾਇਰਡ), ਡਾ. ਮਲਕੀਤ ਸਿੰਘ ਮਾਨ, ਆਰ. ਕੇ. ਸੈਣੀ, ਜਸਬੀਰ ਸਿੰਘ ਗਿੱਲ, ਗੁਰਦੀਪ ਸਿੰਘ ਬੈਂਕ ਮੈਨੇਜਰ, ਮਨਮੋਹਨ ਸਿੰਘ ਅਰੋੜਾ, ਬੀ. ਐੱਸ. ਸਿੱਧੂ, ਅਮੋਲਕ ਸਿੰਘ ਫੀਲਡ ਅਫ਼ਸਰ, ਬੂਟਾ ਸਿੰਘ ਸਾਬਕਾ ਪ੍ਰਧਾਨ ਗੁਰਦੁਆਰਾ ਪ੍ਰਬੰਧਕ ਕਮੇਟੀ, ਰਾਜ ਕੁਮਾਰ ਇੰਸਪੈਕਟਰ, ਬੀ. ਐੱਸ. ਭੰਗੂ, ਡਾ. ਯਾਦਵਿੰਦਰ ਸਿੰਘ ਨੇ ਪੁੱਡਾ ਪ੍ਰਸ਼ਾਸਨ ਤੇ ਸਰਕਾਰ ਤੋਂ ਮੰਗ ਕੀਤੀ ਕਿ ਇਨ੍ਹਾਂ ਕਾਲੋਨੀਆਂ ਦੇ ਵਸਨੀਕਾਂ ਨੂੰ ਪੇਸ਼ ਆ ਰਹੀਆਂ ਮੁਸ਼ਕਲਾਂ ਤੋਂ ਪਹਿਲ ਦੇ ਆਧਾਰ 'ਤੇ ਨਿਜਾਤ ਦੁਆਈ ਜਾਵੇ।

## ਕਾਤਰਾਂ

### ਅੱਜ ਬਿਜਲੀ ਬੰਦ ਰਹੇਗੀ

**ਮੂਨਕ (ਰਾਜਪਾਲ ਸਿੰਗਲਾ)**-ਬਿਜਲੀ ਲਾਈਨਾਂ ਦੀ ਹੋ ਰਹੀ ਮੁਰੰਮਤ ਨੂੰ ਲੈ ਕੇ ਕੁੱਝ ਇਲਾਕੇ ਦੀ 24 ਘੰਟੇ ਵਾਲੀ ਬਿਜਲੀ ਬੰਦ ਰਹੇਗੀ।ਇਸ ਸਬੰਧੀ ਪਾਵਰਕਾਮ ਦਫਤਰ ਮੂਨਕ ਦੇ ਐੱਸਡੀਓ ਜੋਧਾ ਰਾਮ ਨੇ ਪ੍ਰੈੱਸ ਨੂੰ ਜਾਣਕਾਰੀ ਦਿੰਦੇ ਹੋਏ ਕਿਹਾ ਕਿ 27 ਜੁਲਾਈ 2025 ਨੂੰ ਬੱਲਰਾ ਤੇ ਪਾਪੜਾ ਫੀਡਰ ਦੀ 24 ਘੰਟੇ ਵਾਲੀ ਬਿਜਲੀ ਲਾਈਨਾਂ ਦੀ ਚੱਲ ਰਹੀ ਮੁਰੰਮਤ ਨੂੰ ਲੈ ਕੇ ਸਵੇਰੇ 8 ਵਜੇ ਤੋਂ ਸ਼ਾਮ 6 ਵਜੇ ਤੱਕ ਬਿਜਲੀ ਬੰਦ ਰਹੇਗੀ।ਇਸ ਦੇ ਨਾਲ ਹੀ ਉਨ੍ਹਾਂ ਨੇ ਕਿਹਾ ਕਿ ਹੋਣ ਵਾਲੇ ਕੰਮ ਨੂੰ ਦੇਖਦੇ ਹੋਏ ਬਿਜਲੀ ਬੰਦ ਦੇ ਸਮੇਂ ਵਿੱਚ ਵੱਧ ਘੱਟ ਹੋ ਸਕਦਾ ਹੈ।

### ਸੁਰਜੀਤ ਸਿੰਘ ਦੁੱਲਟ ਨਮਿੱਤ ਪਾਠ ਦਾ ਭੋਗ ਅੱਜ



**ਲੌਂਗੋਵਾਲ (ਪ੍ਰਦੀਪ ਸਿੰਘ ਸੱਪਲ)**-ਭਾਜਪਾ ਦੇ ਸੀਨੀਅਰ ਆਗੂ ਤੇ ਸਾਬਕਾ ਸਰਪੰਚ ਪਰਮਜੀਤ ਸਿੰਘ ਨੂੰ ਉਸ ਸਮੇਂ ਵੱਡਾ ਸਦਮਾ ਪੁੱਜਾ, ਜਦੋਂ ਉਨ੍ਹਾਂ ਦੇ ਪਿਤਾ ਸੁਰਜੀਤ ਸਿੰਘ ਦੁੱਲਟ ਦਾ ਦਿਹਾਂਤ ਹੋ ਗਿਆ।ਉਨ੍ਹਾ ਦੀ ਮੌਤ 'ਤੇ ਭਾਜਪਾ ਦੇ ਸੀਨੀਅਰ ਆਗੂ ਮੈਡਮ ਦਾਮਨ ਥਿੰਦ ਬਾਜਵਾ, ਭਾਈ ਗੋਬਿੰਦ ਸਿੰਘ ਲੌਂਗੋਵਾਲ, ਕੈਬਨਿਟ ਮੰਤਰੀ ਪੰਜਾਬ ਅਮਨ ਅਰੋੜਾ, ਬਲਵਿੰਦਰ ਸਿੰਘ ਢਿੱਲੋਂ, ਅੰਮ੍ਰਿਤਪਾਲ ਸਿੰਘ ਸਿੱਧੂ, ਅਮਰਜੀਤ ਸਿੰਘ ਗਿੱਲ, ਭਾਜਪਾ ਆਗੂ ਵਿਜੇ ਗੋਇਲ, ਕਾਲਾ ਮਿੱਤਲ ਤੇ ਸੰਜੇ ਸੈਨ ਤੋਂ ਇਲਾਵਾ ਵੱਖ-ਵੱਖ ਪਾਰਟੀਆਂ ਦੇ ਆਗੂਆਂ ਨੇ ਡੂੰਘੇ ਦੁੱਖ ਦਾ ਪ੍ਰਗਟਾਵਾ ਕੀਤਾ ਹੈ।ਉਨ੍ਹਾਂ ਦੀ ਆਤਮਿਕ ਸ਼ਾਂਤੀ ਲਈ ਰੱਖੇ ਗਏ ਸ੍ਰੀ ਸਹਿਜ ਪਾਠ ਦਾ ਭੋਗ 27 ਜੁਲਾਈ ਨੂੰ ਗੁਰੂ ਨਾਨਕ ਰਾਈਸ ਐਂਡ ਐਗਰੋ ਮਿੱਲ ਪੀਰ ਖਾਨਾ ਰੋਡ ਲੌਂਗੋਵਾਲ ਵਿਖੇ ਪਵੇਗਾ।

### ਸ਼ਹੀਦੀ ਦਿਹਾੜੇ ਧਾਰਮਿਕ ਮਰਿਆਦਾ ਅਨੁਸਾਰ ਮਨਾਏ ਜਾਣ : ਲੌਂਗੋਵਾਲ

**ਲੌਂਗੋਵਾਲ (ਪ੍ਰਦੀਪ ਸਿੰਘ ਸੱਪਲ)**-ਸ਼੍ਰੋਮਣੀ ਕਮੇਟੀ ਦੇ ਸਾਬਕਾ ਪ੍ਰਧਾਨ ਭਾਈ ਗੋਬਿੰਦ ਸਿੰਘ ਲੌਂਗੋਵਾਲ ਨੇ ਪੰਜਾਬ ਸਰਕਾਰ ਵੱਲੋਂ ਸਿੱਖ ਮਰਿਆਦਾ ਦੇ ਉਲਟ ਕਰਵਾਏ ਪ੍ਰੋਗਰਾਮ ਦੀ ਸਖ਼ਤ ਨਿੰਦਾ ਕੀਤੀ ਹੈ।ਭਾਈ ਲੌਂਗੋਵਾਲ ਨੇ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਜੰਮੂ ਕਸ਼ਮੀਰ ਦੇ ਸ੍ਰੀਨਗਰ ਵਿੱਚ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੇ 350 ਸਾਲਾ ਸ਼ਹੀਦੀ ਪੁਰਬ ਨੂੰ ਸਮਰਪਤ ਇਕ ਪ੍ਰੋਗਰਾਮ ਕਰਵਾਇਆ ਗਿਆ।ਇਸ ਪ੍ਰੋਗਰਾਮ ਵਿੱਚ ਪੰਜਾਬ ਸਰਕਾਰ ਵੱਲੋਂ ਗਾਇਕ ਬੀਰ ਸਿੰਘ ਨੂੰ ਬੁਲਾਇਆ ਗਿਆ।ਇਹ ਸਮਾਗਮ ਧਾਰਮਿਕ ਨਾ ਹੋ ਕੇ ਨਿਰੋਲ ਧਰਮ ਵਿਰੋਧੀ ਪ੍ਰੋਗਰਾਮ ਦੀ ਦਿੱਖ ਪੇਸ਼ ਕਰਦਾ ਸੀ, ਕਿਉਂਕਿ ਇਸ ਪ੍ਰੋਗਰਾਮ ਵਿੱਚ ਗੀਤਾਂ ਦੀ ਜੋ ਪੇਸ਼ਕਾਰੀ ਕੀਤੀ ਗਈ, ਉਹ ਨਿਰੋਲ ਧਰਮ ਵਿਰੋਧੀ ਸੀ, ਜਿਸ ਤਰ੍ਹਾਂ ਦੀ ਸ਼ਬਦਾਵਲੀ ਗੀਤਾਂ ਦੇ ਰੂਪ ਵਿੱਚ ਸੰਗਤਾਂ ਨੂੰ ਪੇਸ਼ ਕੀਤੀ ਗਈ, ਉਹ ਕਿਸੇ ਵੀ ਤਰੀਕੇ ਨਾਲ ਕਿਸੇ ਧਾਰਮਿਕ ਪ੍ਰੋਗਰਾਮ ਦੀ ਸ਼ਬਦਾਵਲੀ ਨਾਲ ਮੇਲ ਨਹੀਂ ਸੀ ਖਾਂਦੀ ਸੀ ਤੇ ਸਭ ਤੋਂ ਹੈਰਾਨੀ ਦੀ ਗੱਲ ਇਹ ਹੈ ਕਿ ਉਸ ਜਗ੍ਹਾ 'ਤੇ ਪੰਜਾਬ ਸਰਕਾਰ ਦੇ ਕੈਬਨਿਟ ਮੰਤਰੀ ਹਰਜੋਤ ਸਿੰਘ ਬੈਂਸ ਤੇ ਭਾਸ਼ਾ ਵਿਭਾਗ ਦੇ ਡਾਇਰੈਕਟਰ ਜਸਵੰਤ ਸਿੰਘ ਜ਼ਫ਼ਰ ਵੀ ਮੌਜੂਦ ਸਨ।ਉਨ੍ਹਾਂ ਕਿਹਾ ਕਿ ਸਰਕਾਰ ਨੂੰ ਚਾਹੀਦਾ ਸੀ ਕਿ ਸ਼ਹੀਦੀ ਸਮਾਗਮ ਧਾਰਮਿਕ ਮਾਣ ਮਰਿਆਦਾ ਅਨੁਸਾਰ ਤੇ ਸਿੱਖਾਂ ਦੀ ਸਿਰਮੌਰ ਸੰਸਥਾ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਅਗਵਾਈ ਵਿੱਚ ਕਰਵਾਏ ਜਾਂਦੇ ਅਤੇ ਸਰਕਾਰ ਵੱਲੋਂ ਉਨ੍ਹਾਂ ਦਾ ਸਹਿਯੋਗ ਕੀਤਾ ਜਾਂਦਾ।

# ਦੇਸ਼ ਭਗਤ ਗਲੋਬਲ ਸਕੂਲ ਵਿਖੇ ਲਾਲ ਦਿਵਸ ਮਨਾਇਆ

### ਲਾਲ ਦਿਵਸ ਦਾ ਉਦੇਸ਼ ਬੱਚਿਆਂ ਨੂੰ ਰੰਗਾਂ ਦੀ ਪਹਿਚਾਣ ਕਰਵਾਉਣਾ ਤੇ ਰੰਗਾਂ ਪ੍ਰਤੀ ਰੁਚੀ ਪੈਦਾ ਕਰਨਾ : ਡਾ. ਜਿੰਦਲ



**ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰ ਪਾਲ, ਪੂਜਾ)**-ਦੇਸ਼ ਭਗਤ ਕੈਂਪਸ ਸ੍ਰੀ ਮੁਕਤਸਰ ਸਾਹਿਬ ਦੇ ਚੇਅਰਮੈਨ ਤੇ ਦੇਸ਼ ਭਗਤ ਯੂਨੀਵਰਸਿਟੀ ਦੇ ਚਾਂਸਲਰ ਡਾਕਟਰ ਜ਼ੋਰਾ ਸਿੰਘ ਅਤੇ ਪ੍ਰੋ ਚਾਂਸਲਰ ਡਾਕਟਰ ਤੇਜਿੰਦਰ ਕੌਰ ਦੀ ਯੋਗ ਅਗਵਾਈ ਹੇਠ ਪ੍ਰਿੰਸੀਪਲ ਡਾਕਟਰ ਸੰਜੀਵ ਜਿੰਦਲ ਤੇ ਵਾਈਸ ਪ੍ਰਿੰਸੀਪਲ ਡਾਕਟਰ ਪਰਮਪ੍ਰੀਤ ਕੌਰ ਦੀ ਦੇਖ ਰੇਖ ਹੇਠ ਦੇਸ਼ ਭਗਤ ਗਲੋਬਲ ਸਕੂਲ ਵਿੱਚ ਪਲੇਅਵੇ, ਨਰਸਰੀ ਤੇ ਕੇ. ਜੀ. ਦੇ ਵਿਦਿਆਰਥੀਆਂ ਵੱਲੋਂ ਲਾਲ ਦਿਵਸ ਹਰਸ਼ ਤੇ ਹੁਲਾਸ ਨਾਲ ਮਨਾਇਆ ਗਿਆ।ਇਸ ਮੌਕੇ ਬੱਚਿਆਂ ਨੇ ਆਪਣੇ ਹੱਥੀਂ ਲਾਲ ਗੁਬਾਰੇ, ਖਿਡੌਣੇ ਤੇ ਫਲ-ਸਬਜ਼ੀਆਂ ਰੱਖੀਆਂ ਹੋਈਆਂ ਸਨ।ਕਲਾਸਾਂ ਨੂੰ ਵੀ ਲਾਲ ਰੰਗ ਦੀਆਂ ਚੀਜ਼ਾਂ ਨਾਲ ਸਜਾਇਆ ਗਿਆ।ਬੱਚਿਆਂ ਨੇ ਲਾਲ ਰੰਗ ਦੀਆਂ ਚੀਜ਼ਾਂ ਬਾਰੇ ਜਾਣਕਾਰੀ ਹਾਸਲ ਕੀਤੀ ਤੇ ਵੱਖ-ਵੱਖ ਗਤਿਵਿਧੀਆਂ ਵਿੱਚ ਭਾਗ ਲਿਆ।

ਇਸ ਮੌਕੇ ਪ੍ਰਿੰ. ਡਾਕਟਰ ਸੰਜੀਵ ਜਿੰਦਲ ਨੇ ਕਿਹਾ ਕਿ ਲਾਲ ਦਿਵਸ ਦਾ ਉਦੇਸ਼ ਬੱਚਿਆਂ ਨੂੰ ਰੰਗਾਂ ਦੀ ਪਹਿਚਾਣ ਕਰਵਾਉਣਾਅਤੇ ਰੰਗਾਂ ਪ੍ਰਤੀ ਰੁਚੀ ਪੈਦਾ ਕਰਨਾ ਸੀ।ਉਨ੍ਹਾਂ ਕਿਹਾ ਕਿ ਇਸ ਤਰ੍ਹਾਂ ਦੀਆਂ ਗਤੀਵਿਧੀਆਂ ਨਾਲ ਬੱਚੇ ਵੱਖੋ ਵੱਖਰੇ ਰੰਗਾਂ ਦੀ ਪਹਿਚਾਣ ਕਰਨਾ ਸਿੱਖਦੇ ਹਨ।ਵਾਈਸ ਪ੍ਰਿੰਸੀਪਲ ਡਾਕਟਰ ਪਰਮਪ੍ਰੀਤ ਕੌਰ ਨੇ ਦੱਸਿਆ ਕਿ ਇਸ ਤਰ੍ਹਾਂ ਦੇ ਈਵੈਂਟਾਂ ਰਾਹੀਂ ਬੱਚਿਆਂ ਵਿੱਚ ਸਿੱਖਣ ਦੀ ਲਾਲਸਾ ਵਧਦੀ ਹੈ ਤੇ ਉਹ ਖੁਸ਼ ਹੋ ਕੇ ਭਾਗ ਲੈਂਦੇ ਹਨ।

# ਕੁੱਟਮਾਰ ਦੀ ਨਮੋਸ਼ੀ ਨੂੰ ਨਾ ਸਹਾਰਦਿਆਂ ਦੋ ਦੋਸਤਾਂ ਵੱਲੋਂ ਖੁਦਕੁਸ਼ੀ

### ਖੁਦਕੁਸ਼ੀ ਕਰਨ ਤੋਂ ਪਹਿਲਾਂ ਮੋਬਾਈਲ 'ਤੇ ਬਣਾਈ ਵੀਡੀਓ



**ਪਾਤੜਾਂ (ਨਿਸ਼ਾਨ ਸਿੰਘ ਬਣਵਾਲਾ)**-ਸਬ ਡਵੀਜ਼ਨ ਪਾਤੜਾਂ ਅਧੀਨ ਆਉਂਦੇ ਪਿੰਡ ਨਿਆਲ ਵਿਖੇ ਦੋ ਦੋਸਤਾਂ ਵੱਲੋਂ ਜ਼ਹਿਰੀਲੀ ਦਵਾਈ ਖਾ ਕੇ ਖੁਦਕੁਸ਼ੀ ਕਰ ਲਏ ਜਾਣ ਦਾ ਮਾਮਲਾ ਸਾਹਮਣੇ ਆਇਆ ਹੈ। ਟਰੱਕ ਡਰਾਈਵਰ ਤੇ ਹੈਲਪਰ ਵਜੋਂ ਕੰਮ ਕਰਦੇ ਆ ਰਹੇ ਦੋਵੇਂ ਮਰਨ ਵਾਲੇ ਵਿਅਕਤੀਆਂ ਨੇ ਜ਼ਹਿਰੀਲੀ ਦਵਾਈ ਨਿਗਲਣ ਤੋਂ ਪਹਿਲਾਂ ਆਪਣੇ ਮੋਬਾਈਲ ਫੋਨ ਉੱਤੇ ਵੀਡੀਓ ਬਣਾ ਕੇ ਟਰੱਕ ਦੇ ਮਾਲਕ ਵੱਲੋਂ ਪੈਸੇ ਚੋਰੀ ਕਰਨ ਦੇ ਲਗਾਏ ਗਏ ਇਲਜ਼ਾਮਾਂ ਦੇ ਚਲਦਿਆਂ ਉਨ੍ਹਾਂ ਦੀ ਭਾਰੀ ਕੁੱਟਮਾਰ ਕਰਨ ਦੇ ਦੋਸ਼ ਲਗਾਏ ਹਨ।ਇਸ ਦੌਰਾਨ ਪਾਤੜਾਂ ਪੁਲਸ ਨੇ ਮ੍ਰਿਤਕ ਵਿਅਕਤੀਆਂ ਦੇ ਪਰਿਵਾਰਕ ਮੈਂਬਰਾਂ ਦੇ ਬਿਆਨਾਂ ਦੇ ਆਧਾਰ ਉੱਤੇ ਅਗਲੀ ਕਾਰਵਾਈ ਸ਼ੁਰੂ ਕਰ ਦਿੱਤੀ ਹੈ।ਜਾਣਕਾਰੀ ਦਿੰਦਿਆਂ ਮ੍ਰਿਤਕ ਦਵਿੰਦਰ ਸਿੰਘ ਦੇ ਪਿਤਾ ਮਲਕੀਤ ਸਿੰਘ ਨੇ ਦੱਸਿਆ ਕਿ ਉਸ ਦਾ ਲੜਕਾ ਤੇ ਉਸ ਦਾ ਇੱਕ ਦੋਸਤ ਹਰਪ੍ਰੀਤ ਸਿੰਘ ਟਰੱਕ ਡਰਾਈਵਰ ਤੇ ਹੈਲਪਰ ਵਜੋਂ ਕੰਮ ਕਰਦੇ ਸਨ ਅਤੇ ਕੁਝ ਦਿਨ ਪਹਿਲਾਂ ਹੀ ਉਨ੍ਹਾਂ ਦੋਵਾਂ ਨੇ ਪਿੰਡ ਹਰਿਆਊ ਦੇ ਇੱਕ ਪੁਲਸ ਮੁਲਾਜ਼ਮ ਵਿਅਕਤੀ ਦੇ ਟਰੱਕ ਉੱਤੇ ਕੰਮ ਕਰਨਾ ਸ਼ੁਰੂ ਕੀਤਾ ਸੀ।ਉਹ ਹੁਸ਼ਿਆਰਪੁਰ ਵਿਖੇ ਟਰੱਕ ਖਾਲੀ ਕਰਕੇ ਭਾੜਾ ਲੈ ਕੇ ਵਾਪਸ ਆ ਰਹੇ ਸੀ ਤਾਂ ਲੁਧਿਆਣਾ ਵਿਖੇ ਜਦੋਂ ਉਹ ਰੋਟੀ ਖਾ ਕੇ ਆਰਾਮ ਕਰ ਰਹੇ ਸੀ ਤਾਂ ਉਸ ਸਮੇਂ ਪੈਸੇ ਚੋਰੀ ਹੋ ਗਏ।ਉਨ੍ਹਾਂ ਦੋਸ਼ ਲਗਾਇਆ ਕਿ ਉਕਤ ਪੁਲਸ ਮੁਲਾਜ਼ਮ ਨੇ ਇੱਕ ਹੋਰ ਵਿਅਕਤੀ, ਜਿਸ ਦੀ ਜ਼ਿੰਮੇਵਾਰੀ ਉਤੇ ਇਨ੍ਹਾਂ ਦੋਹਾਂ ਨੂੰ ਕੰਮ ਉੱਤੇ ਰੱਖਿਆ ਗਿਆ ਸੀ, ਉਸ ਦੀ ਕੰਮ ਵਾਲੀ ਥਾਂ ਉੱਤੇ ਬੁਲਾ ਕੇ ਇਨ੍ਹਾਂ ਦੋਵਾਂ ਦੀ ਕਥਿਤ ਤੌਰ 'ਤੇ ਭਾਰੀ ਕੁੱਟਮਾਰ ਕੀਤੀ, ਜਿਸ 'ਤੇ ਬੇਸ਼ਰਮੀ ਨਾ ਸਹਾਰਦੇ ਹੋਏ ਦੋਨਾਂ ਨੇ ਇਕੱਠਿਆਂ ਹੀ ਸਲਫਾਸ ਨਿਗਲ ਲਈ।ਪਰਿਵਾਰਕ ਮੈਂਬਰ ਜਦੋਂ ਦੋਵਾਂ ਨੂੰ ਹਸਪਤਾਲ ਲੈ ਕੇ ਜਾ ਰਹੇ ਸੀ ਤਾਂ ਰਸਤੇ ਵਿੱਚ ਉਨ੍ਹਾਂ ਦੀ ਮੌਤ ਹੋ ਗਈ। ਮਾਮਲੇ ਸਬੰਧੀ ਥਾਣਾ ਪਾਤੜਾਂ ਦੇ ਇੰਚਾਰਜ ਹਰਮਿੰਦਰ ਸਿੰਘ ਨੇ ਦੱਸਿਆ ਕਿ ਰਜਿੰਦਰਾ ਹਸਪਤਾਲ ਪਟਿਆਲਾ ਤੋਂ ਉਨ੍ਹਾਂ ਨੂੰ ਵਾਇਰਲੈੱਸ ਆਈ ਹੈ।ਪਰਿਵਾਰਕ ਮੈਂਬਰਾਂ ਦੇ ਆਉਣ 'ਤੇ ਉਨ੍ਹਾਂ ਦੇ ਬਿਆਨ ਦਰਜ ਕਰਕੇ ਦੋਸ਼ੀ ਵਿਅਕਤੀਆਂ ਖਿਲਾਫ ਸਖਤ ਕਾਨੂੰਨੀ ਕਾਰਵਾਈ ਕੀਤੀ ਜਾਵੇਗੀ।

**ਮਾਮਲਾ ਐੱਸ ਬੀ ਆਈ ਦੇ ਰਿਟਾਇਰਡ ਮੈਨੇਜਰ ਨਾਲ ਠੱਗੀ ਦਾ**


# ਦੋਸ਼ੀਆਂ 'ਤੇ ਕੇਸ ਦਰਜ ਨਾ ਕਰਨ 'ਤੇ ਪ੍ਰੈੱਸ ਕਲੱਬ ਵੱਲੋਂ ਪੁਲਸ ਪ੍ਰਸ਼ਾਸਨ ਦਾ ਬਾਈਕਾਟ

**ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰਪਾਲ, ਪੂਜਾ, ਕੁਲਭੂਸ਼ਨ ਚਾਵਲਾ)**-ਐੱਸਬੀਆਈ ਦੇ ਰਿਟਾਇਰਡ ਮੈਨੇਜਰ ਓ ਪੀ ਤਨੇਜਾ ਨਾਲ ਲਗਭਗ 30 ਲੱਖ ਰੁਪਏ ਦੀ ਠੱਗੀ ਮਾਮਲੇ 'ਚ ਪੁਲਸ ਪ੍ਰਸ਼ਾਸਨ ਵੱਲੋਂ ਅਸਲ ਦੋਸ਼ੀ ਖਿਲਾਫ ਕੇਸ ਦਰਜ ਨਾ ਕੀਤੇ ਜਾਣ ਦੇ ਰੋਸ ਵਜੋਂ ਪ੍ਰੈੱਸ ਕਲੱਬ ਵੱਲੋਂ ਪੁਲਸ ਪ੍ਰਸ਼ਾਸਨ ਵੱਲੋਂ ਕੀਤੀਆਂ ਜਾਣ ਵਾਲੀਆਂ ਪ੍ਰੈੱਸ ਕਾਨਫਰੰਸਾਂ ਦੇ ਬਾਈਕਾਟ ਦਾ ਐਲਾਨ ਕਰ ਦਿੱਤਾ ਗਿਆ ਹੈ।ਇਹ ਫੈਸਲਾ ਸ਼ਨੀਵਾਰ ਨੂੰ ਅਬੋਹਰ ਰੋਡ ਸਥਿਤ ਪ੍ਰੈੱਸ ਕਲੱਬ ਦੇ ਆਪਣਾ ਬਿਸਤਰ ਭੰਡਾਰ ਸਥਿਤ ਦਫਤਰ ਵਿਖੇ ਹੋਈ ਮੀਟਿੰਗ ਮਗਰੋਂ ਲਿਆ ਗਿਆ।

ਇਸ ਮੌਕੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਓ ਪੀ ਤਨੇਜਾ ਨੇ ਕਿਹਾ ਕਿ ਇਸ ਮਾਮਲੇ 'ਚ ਪੁਲਸ ਪ੍ਰਸ਼ਾਸਨ ਵੱਲੋਂ ਢਿੱਲੀ ਕਾਰਵਾਈ ਕੀਤੀ ਜਾ ਰਹੀ ਹੈ ਤੇ ਅਸਲ ਦੋਸ਼ੀ 'ਤੇ ਪਰਚਾ ਦਰਜ ਨਹੀਂ ਕੀਤਾ ਜਾ ਰਿਹਾ।ਉਨ੍ਹਾਂ ਕਿਹਾ ਕਿ ਉਨ੍ਹਾਂ ਵੱਲੋਂ ਪੁਲਸ ਨੂੰ ਜਿਸ ਮੁੱਖ ਦੋਸ਼ੀ ਖਿਲਾਫ ਸ਼ਿਕਾਇਤ ਦਿੱਤੀ ਗਈ ਸੀ, ਪੁਲਸ ਨੇ ਉਸ ਖਿਲਾਫ ਕੇਸ ਦਰਜ ਨਹੀਂ ਕੀਤਾ, ਸਗੋਂ ਦਿੱਲੀ ਰਹਿਣ ਵਾਲੇ ਉਸ ਦੇ ਸਾਥੀ ਖਿਲਾਫ ਕੇਸ ਦਰਜ ਕਰ ਲਿਆ ਹੈ, ਜਦਕਿ ਮੁੱਖ ਦੋਸ਼ੀ ਮੁਕਤਸਰ ਵਾਸੀ ਵਿਅਕਤੀ ਖਿਲਾਫ ਕੇਸ ਦਰਜ ਹੋਣਾ ਚਾਹੀਦਾ ਹੈ।

ਓਧਰ, ਇਸ ਮਾਮਲੇ 'ਚ ਪ੍ਰੈੱਸ ਕਲੱਬ ਵੱਲੋਂ ਪੱਤਰਕਾਰ ਪਵਨ ਤਨੇਜਾ ਤੇ ਹਰੀਸ਼ ਤਨੇਜਾ ਦੇ ਭਰਾ ਓ ਪੀ ਤਨੇਜਾ ਨਾਲ ਠੱਗੀ ਮਾਮਲੇ 'ਚ ਪੁਲਸ ਦੀ ਢਿੱਲ-ਮੱਠ ਭਰੀ ਕਾਰਵਾਈ ਦੇ ਰੋਸ ਵਜੋਂ ਪੁਲਸ ਪ੍ਰਸ਼ਾਸਨ ਵੱਲੋਂ ਕੀਤੀਆਂ ਜਾਣ ਵਾਲੀਆਂ ਪ੍ਰੈੱਸ ਕਾਨਫਰੰਸਾਂ ਦਾ ਬਾਈਕਾਟ ਕਰ ਦਿੱਤਾ ਗਿਆ ਹੈ।ਚੇਅਰਮੈਨ ਪਵਨ ਤਨੇਜਾ ਨੇ ਚਿਤਾਵਨੀ ਦਿੰਦਿਆਂ ਕਿਹਾ ਕਿ ਜਦੋਂ ਤੱਕ ਪੁਲਸ ਪ੍ਰਸ਼ਾਸਨ ਇਸ ਮਸਲੇ ਦਾ ਸੰਜੀਦਗੀ ਨਾਲ ਹੱਲ ਨਹੀਂ ਕੱਢਦੀ ਤੇ ਅਸਲ ਦੋਸ਼ੀ ਖਿਲਾਫ ਕੇਸ ਦਰਜ ਕਰਕੇ ਕਾਰਵਾਈ ਨਹੀਂ ਕਰਦੀ, ਉਦੋਂ ਤੱਕ ਇਹ ਬਾਈਕਾਟ ਜਾਰੀ ਰਹੇਗਾ।ਉਨ੍ਹਾਂ ਦੱਸਿਆ ਕਿ ਮੁਕਤਸਰ ਵਾਸੀ ਦੋਸ਼ੀ ਵੱਲੋਂ ਹੋਰ ਲੋਕਾਂ ਨਾਲ ਵੀ ਠੱਗੀਆਂ ਮਾਰੀਆਂ ਗਈਆਂ ਨੇ, ਪਰ ਪੁਲਸ ਉਸ ਖਿਲਾਫ ਕੋਈ ਜਾਂਚ ਨਹੀਂ ਕਰ ਰਹੀ।

# ਚੰਨਣਵਾਲ 'ਚ ਚਿੱਟੇ ਦੀ ਓਵਰਡੋਜ਼ ਨਾਲ ਨੌਜਵਾਨ ਦੀ ਮੌਤ, ਪਿੰਡ 'ਚ ਛਾਇਆ ਸੋਗ



**ਮਹਿਲ ਕਲਾਂ (ਪ੍ਰਦੀਪ ਸਿੰਘ ਲੋਹਗੜ੍ਹ)**-ਮਹਿਲ ਕਲਾਂ ਅਧੀਨ ਪੈਂਦੇ ਪਿੰਡ ਚੰਨਣਵਾਲ ਵਿਖੇ ਨਸ਼ੇ ਦੀ ਵੱਧ ਮਾਤਰਾ ਕਾਰਨ ਮਜ਼ਦੂਰ ਪਰਿਵਾਰ ਨਾਲ ਸੰਬੰਧਤ ਇੱਕ 26 ਸਾਲਾ ਨੌਜਵਾਨ ਦੀ ਮੌਤ ਹੋ ਗਈ।ਮ੍ਰਿਤਕ ਦੀ ਪਹਿਚਾਣ ਬੇਅੰਤ ਸਿੰਘ (26) ਪੁੱਤਰ ਭੁਪਿੰਦਰ ਸਿੰਘ ਵਾਸੀ ਚੰਨਣਵਾਲ ਵਜੋਂ ਹੋਈ ਹੈ, ਜੋ ਮਜ਼ਦੂਰ ਪਰਿਵਾਰ ਨਾਲ ਸਬੰਧਤ ਸੀ।ਮ੍ਰਿਤਕ ਨੌਜਵਾਨ ਬੇਅੰਤ ਦੇ ਪਿਤਾ ਭੁਪਿੰਦਰ ਸਿੰਘ ਨੇ ਦੱਸਿਆ ਕਿ ਉਨ੍ਹਾਂ ਦਾ ਪੁੱਤਰ ਪਿਛਲੇ ਸਮੇਂ ਤੋਂ ਚਿੱਟੇ ਦੀ ਆਦਤ ਦਾ ਸ਼ਿਕਾਰ ਸੀ।ਉਨ੍ਹਾਂ ਨੇ ਕਈ ਵਾਰ ਉਸ ਨੂੰ ਸਮਝਾਇਆ, ਪਰ ਉਹ ਗੁੱਸੇ ਵਿੱਚ ਆ ਕੇ ਪਰਿਵਾਰ ਨਾਲ ਝਗੜਾ ਕਰਦਾ ਸੀ।ਬੀਤੀ ਰਾਤ ਉਹ ਬਾਹਰੋਂ ਚਿੱਟਾ ਲੈ ਕੇ ਆਇਆ, ਰਾਤ ਨੂੰ ਖਾਣ-ਪੀਣ ਤੋਂ ਬਾਅਦ ਉਸ ਨੇ ਵੱਧ ਮਾਤਰਾ ਵਿੱਚ ਨਸ਼ਾ ਕਰ ਲਿਆ, ਜਿਸ ਕਾਰਨ ਉਸ ਦੀ ਮੌਤ ਹੋ ਗਈ।ਉਥੇ ਸਾਬਕਾ ਸਰਪੰਚ ਗੁਰਜੰਟ ਸਿੰਘ ਧਾਲੀਵਾਲ ਤੇ ਬਲਵਿੰਦਰ ਸਿੰਘ ਨੇ ਨਸ਼ੇ ਦੀ ਇਸ ਘਾਤਕ ਲਹਿਰ ਉੱਤੇ ਚਿੰਤਾ ਜਤਾਈ।ਉਨ੍ਹਾਂ ਕਿਹਾ ਕਿ ਚਿੱਟੇ ਦੇ ਤਸਕਰਾਂ ਵਿਰੁੱਧ ਪੰਜਾਬ ਸਰਕਾਰ ਨੂੰ ਸਖ਼ਤ ਕਾਰਵਾਈ ਕਰਨੀ ਚਾਹੀਦੀ ਹੈ।ਪਿੰਡ ਪੱਧਰ 'ਤੇ ਪੰਚਾਇਤ ਨੌਜਵਾਨਾਂ ਨੂੰ ਨਸ਼ਿਆਂ ਤੋਂ ਬਚਾਉਣ ਲਈ ਜਾਗਰੂਕਤਾ ਫੈਲਾਅ ਰਹੀ ਹੈ, ਪਰ ਥਾਣਾ ਮਹਿਲ ਕਲਾਂ ਵਿੱਚ ਸਟਾਫ਼ ਦੀ ਘਾਟ ਕਾਰਨ ਨਸ਼ਾ ਤਸਕਰ ਆਸਾਨੀ ਨਾਲ ਆਪਣਾ ਜਾਲ ਫੈਲਾਅ ਰਹੇ ਹਨ।ਇਸ ਮੌਕੇ ਨੌਜਵਾਨ ਦੀ ਮੌਤ 'ਤੇ ਦੁੱਖ ਸਾਂਝਾ ਕਰਦੇ ਹੋਏ ਯੂਥ ਕਾਂਗਰਸ ਆਗੂ ਜਸਵੀਰ ਸਿੰਘ ਖੇੜੀ, ਬੰਨੀ ਖਹਿਰਾ ਨੇ ਕਿਹਾ ਕਿ ਪੰਜਾਬ ਸਰਕਾਰ ਨੇ ਨਸ਼ੇ ਵਿਰੁੱਧ ਲੜਾਈ ਸਿਰਫ਼ ਕਾਗਜ਼ਾਂ ਤੱਕ ਸੀਮਿਤ ਰੱਖੀ ਹੈ।ਹਰ ਰੋਜ਼ ਨੌਜਵਾਨ ਚਿੱਟੇ ਕਾਰਨ ਆਪਣੀ ਜਾਨ ਗਵਾ ਰਹੇ ਹਨ।ਇਹ ਮੌਤਾਂ ਸਰਕਾਰ ਦੀ ਨਾਕਾਮੀ ਦਾ ਨਤੀਜਾ ਹਨ।ਉਨ੍ਹਾਂ ਕਿਹਾ ਕਿ ਸਰਕਾਰ ਦੀ ਯੁੱਧ ਨਸ਼ੇ ਵਿਰੁੱਧ ਮੁਹਿੰਮ ਪੂਰੀ ਤਰ੍ਹਾਂ ਫੇਲ੍ਹ ਹੈ।ਦੂਜੇ ਪਾਸੇ ਥਾਣਾ ਮਹਿਲ ਕਲਾਂ ਦੇ ਮੁਖੀ ਸ਼ੇਰਵਿੰਦਰ ਸਿੰਘ ਨੇ ਕਿਹਾ ਕਿ ਪਰਿਵਾਰਕ ਮੈਂਬਰਾਂ ਦੇ ਬਿਆਨ ਦਰਜ ਕਰਨ ਤੋਂ ਬਾਅਦ ਵੀ ਅਗਲੀ ਕਾਰਵਾਈ ਅਮਲ 'ਚ ਲਿਆਂਦੀ ਜਾਵੇ।


# ਨਗਰ ਕੌਂਸਲ ਪ੍ਰਧਾਨ ਸੋਨੀਆ ਗੁਪਤਾ ਦੀ ਅਗਵਾਈ ਹੇਠ ਸਾਫ਼-ਸਫਾਈ ਦੀ ਮੁਹਿੰਮ ਵਿੱਢੀ

### ਸਫਾਈ ਕਰਮਚਾਰੀਆਂ ਨੇ ਕੀਤੀ ਡਵਾਇਡੀਰਾਂ ਦੀ ਸਾਫ਼-ਸਫਾਈ



**ਬਾਘਾ ਪੁਰਾਣਾ (ਮਨੀ ਸਿੰਗਲਾ)**-ਨਗਰ ਕੌਂਸਲ ਪ੍ਰਧਾਨ ਸੋਨੀਆ ਗੁਪਤਾ ਦੇ ਦਿਸ਼ਾ ਨਿਰਦੇਸ਼ਾਂ 'ਤੇ ਅੱਜ ਨਗਰ ਕੌਂਸਲ ਬਾਘਾ ਪੁਰਾਣਾ ਦੇ ਸੈਨਟਰੀ ਇੰਸਪੈਕਟਰ ਦੀਪਕ ਕੁਮਾਰ ਦੀ ਅਗਵਾਈ ਹੇਠ ਮੇਟ ਰਾਜ ਕੁਮਾਰ ਦੀ ਟੀਮ ਵੱਲੋਂ ਨਗਰ ਕੌਂਸਲ ਬਾਘਾ ਪੁਰਾਣਾ ਨੂੰ ਸੁੰਦਰ ਬਣਾਉਣ ਦੇ ਲਈ ਸਾਫ਼ ਸਫਾਈ ਦੀ ਮੁਹਿੰਮ ਵਿੱਢੀ ਗਈ ਹੈ, ਜਿਸ ਤਹਿਤ ਨਗਰ ਕੌਂਸਲ ਬਾਘਾ ਪੁਰਾਣਾ ਦੇ 15 ਵਾਰਡਾਂ ਵਿੱਚ ਵਾਰਡ ਵਾਈਜ਼ ਸਾਫ ਸਫਾਈ ਕੀਤੀ ਜਾ ਰਹੀ ਹੈ, ਜਿਸ ਤਹਿਤ ਅੱਜ ਸਫਾਈ ਕਰਮਚਾਰੀਆਂ ਵੱਲੋਂ ਸ਼ਹਿਰ ਬਾਘਾ ਪੁਰਾਣਾ ਨੂੰ ਗੰਦਗੀ ਮੁਕਤ ਕਰਨ ਲਈ ਸ਼ਹਿਰ ਦੇ ਡਵਾਈਡਰਾਂ ਦੀ ਸਾਫ ਸਫਾਈ ਕੀਤੀ ਤਾਂ ਕਿ ਸ਼ਹਿਰ ਦੀ ਦਿੱਖ ਬਦਲੀ ਜਾ ਸਕੇ।ਨਗਰ ਕੌਂਸਲ ਪ੍ਰਧਾਨ ਨੇ ਦੱਸਿਆ ਕਿ ਸ਼ਹਿਰ ਦੀ ਸਾਫ਼ ਸਫਾਈ ਨੂੰ ਲੈ ਕੇ ਹਰ ਹਫ਼ਤੇ ਸਫਾਈ ਕਰਮਚਾਰੀਆਂ ਦੇ ਨਾਲ ਮੀਟਿੰਗ ਕੀਤੀ ਜਾਂਦੀ ਹੈ, ਜਿਸ ਵਿੱਚ ਮੇਟਾਂ ਵੱਲੋਂ ਇਸ ਮੀਟਿੰਗ ਵਿੱਚ ਸ਼ਮੂਲੀਅਤ ਕੀਤੀ ਜਾਂਦੀ ਹੈ।ਉਨ੍ਹਾਂ ਦੱਸਿਆ ਕਿ ਜਿੱਧਰ ਜ਼ਿਆਦਾ ਗੰਦਗੀ ਸਾਨੂੰ ਦਿਸਦੀ ਹੈ ਤਾਂ ਟੀਮ ਬਣਾ ਕੇ ਉਸ ਵਾਰਡ ਵਿਚ ਭੇਜੀ ਜਾਂਦੀ ਤਾਂ ਕਿ ਵਾਰਡ ਨੂੰ ਗੰਦਗੀ ਮੁਕਤ ਕੀਤਾ ਜਾ ਸਕੇ। ਇਸ ਮੌਕੇ ਨਗਰ ਕੌਂਸਲ ਪ੍ਰਧਾਨ ਸੋਨੀਆ ਗੁਪਤਾ ਨੇ ਸ਼ਹਿਰ ਵਾਸੀਆਂ ਤੋਂ ਮੰਗ ਕੀਤੀ ਕਿ ਸ਼ਹਿਰ ਨੂੰ ਸੁੰਦਰ ਬਣਾਉਣ ਲਈ ਉਨ੍ਹਾਂ ਦਾ ਸਾਥ ਦਿੱਤਾ ਜਾਵੇ ਤੇ ਪਲਾਸਟਿਕ ਦੀਆਂ ਬੋਤਲਾਂ ਤੇ ਲਿਫਾਫੇ ਨਾਲੀਆਂ ਤੇ ਨਾਲਿਆਂ ਵਿੱਚ ਨਾ ਸੁੱਟੇ ਜਾਣ, ਜੋ ਵੀ ਕੂੜਾ ਚੁੱਕਣ ਵਾਲੇ ਰੇਹੜੀ ਵਾਲੇ ਉਨ੍ਹਾਂ ਦੇ ਘਰਾਂ ਅੰਦਰ ਆਉਂਦੇ ਹਨ, ਕੂੜਾ ਉਨ੍ਹਾਂ ਦੇ ਵਾਹਨਾਂ 'ਚ ਹੀ ਪਾਇਆ ਜਾਵੇ। ਉਨ੍ਹਾ ਸ਼ਹਿਰ ਨੂੰ ਗੰਦਗੀ ਮੁਕਤ ਕਰਨ ਲਈ ਨਗਰ ਕੌਂਸਲ ਬਾਘਾ ਪੁਰਾਣਾ ਦਾ ਹਰ ਸੰਭਵ ਸਹਿਯੋਗ ਕਰਨ ਦੀ ਵੀ ਅਪੀਲ ਕੀਤੀ।

# ਬੰਬੀਹਾ ਗਰੋਹ ਦਾ ਮੈਂਬਰ ਕਾਬੂ, 4 ਪਿਸਤੌਲ ਬਰਾਮਦ




**ਮੋਗਾ (ਇਕਬਾਲ ਸਿੰਘ ਖਹਿਰਾ)**-ਮੋਗਾ ਸੀ.ਆਈ.ਏ. ਸਟਾਫ ਵੱਲੋਂ ਮੁਖਬਰ ਦੀ ਸੂਚਨਾ 'ਤੇ ਵੱਡੀ ਕਾਰਵਾਈ ਕਰਦਿਆਂ ਪਿੰਡ ਅਜੀਤਵਾਲ ਤੋਂ ਆਕਾਸ਼ਦੀਪ ਸਿੰਘ ਉਰਫ਼ ਅਕਾਸ਼ਾ ਨਾਮਕ ਨੌਜਵਾਨ ਨੂੰ ਗ੍ਰਿਫ਼ਤਾਰ ਕੀਤਾ ਹੈ, ਜਿਸ ਦੇ ਕਬਜ਼ੇ ਵਿੱਚੋਂ 32 ਬੋਰ ਦੇ 4 ਦੇਸੀ ਪਿਸਤੌਲ, ਮੈਗਜ਼ੀਨ ਤੇ 8 ਜ਼ਿੰਦਾ ਕਾਰਤੂਸ ਬਰਾਮਦ ਕੀਤੇ ਗਏ ਹਨ।ਇਸ ਸਬੰਧੀ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਐੱਸ.ਐੱਸ.ਪੀ. ਅਜੇ ਗਾਂਧੀ ਨੇ ਦੱਸਿਆ ਕਿ ਸੀ.ਆਈ.ਏ. ਸਟਾਫ ਦੀ ਪੁਲਸ ਟੀਮ ਗਸ਼ਤ 'ਤੇ ਸੀ ਤੇ ਕਸਬਾ ਅਜੀਤਵਾਲ ਬੱਸ ਸਟੈਂਡ ਨੇੜੇ ਪਹੁੰਚੀ ਤਾਂ ਇੱਕ ਵਿਸ਼ੇਸ਼ ਮੁਖਬਰ ਨੇ ਸੂਚਨਾ ਦਿੱਤੀ ਕਿ ਜ਼ਿਲ੍ਹਾ ਮੋਗਾ ਦੇ ਪਿੰਡ ਕੋਕਰੀ ਕਲਾਂ ਦਾ ਰਹਿਣ ਵਾਲਾ ਆਕਾਸ਼ਦੀਪ ਸਿੰਘ ਅਜੀਤਵਾਲ ਤੋਂ ਕੋਕਰੀ ਫੂਲਾ ਸਿੰਘ ਵਾਲਾ ਜਾਣ ਵਾਲੀ ਸੜਕ ਦੇ ਕਿਨਾਰੇ ਡਰੇਨ ਟਰੈਕ 'ਤੇ ਨਾਜਾਇਜ਼ ਹਥਿਆਰਾਂ ਨਾਲ ਖੜ੍ਹਾ ਹੈ ਤੇ ਕਿਸੇ ਦੀ ਉਡੀਕ ਕਰ ਰਿਹਾ ਹੈ।ਸੂਚਨਾ ਦੇ ਆਧਾਰ 'ਤੇ ਪੁਲਸ ਟੀਮ ਨੇ ਤੁਰੰਤ ਕਾਰਵਾਈ ਕਰਦਿਆਂ ਉਕਤ ਜਗ੍ਹਾ 'ਤੇ ਛਾਪਾ ਮਾਰਿਆ ਤੇ ਮੁਲਜ਼ਮ ਨੂੰ ਮੌਕੇ ਤੋਂ ਗ੍ਰਿਫ਼ਤਾਰ ਕਰ ਲਿਆ।ਤਲਾਸ਼ੀ ਦੌਰਾਨ ਉਸ ਕੋਲੋਂ 32 ਬੋਰ ਦੇ 4 ਦੇਸੀ ਪਿਸਤੌਲ, ਮੈਗਜ਼ੀਨ ਤੇ 8 ਜ਼ਿੰਦਾ ਕਾਰਤੂਸ ਬਰਾਮਦ ਹੋਏ।ਪੁਲਸ ਨੇ ਮੁਲਜ਼ਮ ਖ਼ਿਲਾਫ਼ ਅਜੀਤਵਾਲ ਥਾਣੇ ਵਿੱਚ ਅਸਲਾ ਐਕਟ ਤਹਿਤ ਕੇਸ ਦਰਜ ਕਰ ਲਿਆ ਹੈ।

ਮੁੱਢਲੀ ਪੁੱਛਗਿੱਛ ਦੌਰਾਨ ਆਕਾਸ਼ਦੀਪ ਸਿੰਘ ਨੇ ਖੁਲਾਸਾ ਕੀਤਾ ਕਿ ਇਹ ਹਥਿਆਰ ਉਸ ਨੂੰ ਬੰਬੀਹਾ ਗੈਂਗ ਨਾਲ ਸਬੰਧਤ ਗੈਂਗਸਟਰ ਧਰਮਿੰਦਰ ਸਿੰਘ ਉਰਫ਼ ਬਾਜੀ, ਜ਼ਿਲ੍ਹਾ ਮੋਗਾ, ਦੋਸਾਂਝ ਵੱਲੋਂ ਮੁਹੱਈਆ ਕਰਵਾਏ ਗਏ ਸਨ, ਜੋ ਅੰਮ੍ਰਿਤਸਰ ਜੇਲ੍ਹ ਵਿੱਚ ਬੰਦ ਹੈ।ਧਰਮਿੰਦਰ ਸਿੰਘ ਨੂੰ ਵੀ ਇਸ ਮਾਮਲੇ ਵਿੱਚ ਨਾਮਜ਼ਦ ਮੁਲਜ਼ਮ ਬਣਾਇਆ ਗਿਆ ਹੈ।ਆਕਾਸ਼ਦੀਪ ਸਿੰਘ ਦੀ ਉਮਰ ਲਗਭਗ 20-25 ਸਾਲ ਹੈ ਤੇ ਉਸ ਖ਼ਿਲਾਫ਼ ਪਹਿਲਾਂ ਕੋਈ ਅਪਰਾਧਿਕ ਮਾਮਲਾ ਦਰਜ ਨਹੀਂ ਹੈ।ਆਕਾਸ਼ਦੀਪ ਸਿੰਘ ਸੋਸ਼ਲ ਮੀਡੀਆ 'ਤੇ ਬੰਬੀਹਾ ਗੈਂਗ ਦੇ ਗੁੰਡਿਆਂ ਨੂੰ ਮਿਲਿਆ ਸੀ ਤੇ ਕਿਸੇ ਅਣਪਛਾਤੇ ਵਿਅਕਤੀ ਨੇ ਉਸ ਨੂੰ ਫ਼ੋਨ ਦਿੱਤਾ ਸੀ।ਆਕਾਸ਼ਦੀਪ ਸਿੰਘ ਦਾ ਫ਼ੋਨ ਫੋਰੈਂਸਿਕ ਜਾਂਚ ਲਈ ਭੇਜਿਆ ਗਿਆ ਸੀ ਤਾਂ ਜੋ ਉਨ੍ਹਾਂ ਨਾਲ ਜੋ ਵੀ ਸ਼ਾਮਲ ਹੈ, ਉਸ ਤੱਕ ਵੀ ਪਹੁੰਚ ਕੀਤੀ ਜਾ ਸਕੇ, ਜਦੋਂਕਿ ਜੇਲ੍ਹ ਵਿੱਚ ਬੰਦ ਗੈਂਗਸਟਰ ਧਰਮਿੰਦਰ ਸਿੰਘ ਖ਼ਿਲਾਫ਼ 20 ਅਪਰਾਧਿਕ ਮਾਮਲੇ ਦਰਜ ਹਨ।ਆਕਾਸ਼ਦੀਪ ਸਿੰਘ ਨੂੰ ਮੋਗਾ ਅਦਾਲਤ ਵਿੱਚ ਪੇਸ਼ ਕਰਕੇ ਪੁਲਸ ਰਿਮਾਂਡ ਲਿਆ ਗਿਆ।

# ਬਿਜਲੀ ਮੰਤਰੀ ਦੀ ਰਿਹਾਇਸ਼ 'ਤੇ ਧਰਨੇ ਦੀਆਂ ਤਿਆਰੀਆਂ ਮੁਕੰਮਲ : ਪਿਲਖਣੀ



**ਰਾਜਪੁਰਾ (ਰਮੇਸ਼ ਕਟਾਰੀਆ)**-ਜੁਆਇੰਟ ਫੋਰਮ ਪੰਜਾਬ ਬਿਜਲੀ ਮੁਲਾਜ਼ਮ ਏਕਤਾ ਮੰਚ ਪੰਜਾਬ ਦੇ ਸੱਦੇ 'ਤੇ ਪੀ ਐੱਸ ਈ ਬੀ ਇੰਪਲਾਈਜ਼ ਫੈਡਰੇਸ਼ਨ ਏਟਕ ਪੰਜਾਬ ਡਵੀਜ਼ਨ ਰਾਜਪੁਰਾ ਅਧੀਨ ਆਉਂਦੀਆਂ ਸਬ ਡਵੀਜ਼ਨਾਂ ਸ਼ਹਿਰੀ ਕਮਰਸ਼ੀਅਲ ਦੀ ਲੀਡਰਸ਼ਿਪ ਵੱਲੋਂ ਮੈਨੇਜਮੈਂਟ ਤੇ ਪੰਜਾਬ ਸਰਕਾਰ ਖਿਲਾਫ ਰੋਸ ਪ੍ਰਦਰਸ਼ਨ ਕਰਦੇ ਹੋਏ ਜ਼ੋਰਦਾਰ ਨਾਅਰੇਬਾਜ਼ੀ ਕੀਤੀ ਗਈ। ਇਸ ਰੋਸ ਪ੍ਰਦਰਸ਼ਨ ਵਿੱਚ ਵਿਸ਼ੇਸ਼ ਤੌਰ 'ਤੇ ਕੌਮੀ ਆਗੂ ਸਾਥੀ ਹਰਭਜਨ ਸਿੰਘ ਪਿਲਖਣੀ, ਜ਼ੋਨ ਕਨਵੀਨਰ ਸਰਕਲ ਪ੍ਰਧਾਨ ਗੁਰਦਿਆਲ ਸਿੰਘ ਬੱਬੂ ਨੇ ਸ਼ਮੂਲੀਅਤ ਕੀਤੀ। ਬੁਲਾਰਿਆਂ ਨੇ ਦੱਸਿਆ ਕਿ 27 ਜੁਲਾਈ 2025 ਨੂੰ ਸ੍ਰੀ ਅੰਮ੍ਰਿਤਸਰ ਸਾਹਿਬ ਬਿਜਲੀ ਮੰਤਰੀ ਦੀ ਰਿਹਾਇਸ਼ 'ਤੇ ਹੋਣ ਵਾਲੇ ਧਰਨੇ 'ਤੇ ਪਹੁੰਚਣ ਲਈ ਤਿਆਰ ਰਹਿਣ ਲਈ ਕਿਹਾ ਗਿਆ ਤੇ ਆਉਣ ਵਾਲੇ ਸੰਘਰਸ਼ਾਂ ਲਈ ਰਾਜਪੁਰਾ ਡਵੀਜ਼ਨ ਦੀ ਲੀਡਰਸ਼ਿਪ ਨੂੰ ਤਿਆਰੀਆਂ ਕਰਨ ਲਈ ਜ਼ੋਰਦਾਰ ਅਪੀਲ ਕੀਤੀ ਗਈ ਅਤੇ ਦੱਸਿਆ ਕਿ ਮੈਨੇਜਮੈਂਟ ਵਾਜਿਬ ਮੰਗਾਂ ਮੰਨਣ ਉਪਰੰਤ ਲਾਗੂ ਕਰਨ ਤੋਂ ਆਨਾ-ਕਾਨੀ ਕਰ ਰਹੀ ਹੈ, ਇਸੇ ਤਰਜ਼ 'ਤੇ ਪੰਜਾਬ ਸਰਕਾਰ ਵੀ ਸਕੇਲਾਂ ਦਾ ਬਾਕਾਇਆ ਪੈਂਡਿੰਗ ਡੀ ਏ ਪੁਰਾਣੀ ਪੈਨਸ਼ਨ ਸਕੀਮ ਬਹਾਲ ਨਾ ਕਰਨਾ, ਨਵੇਂ ਭਰਤੀ ਹੋਏ ਕਾਮਿਆਂ 'ਤੇ ਜਬਰੀ ਸੱਤਵਾਂ ਪੇ ਕਮਿਸ਼ਨ ਥੋਪਣਾ, ਕੱਚੇ ਕਾਮਿਆਂ ਨੂੰ ਪੱਕਾ ਨਾ ਕਰਨਾ ਤੇ ਹੋਰ ਮੰਨੀਆਂ ਮੰਗਾਂ ਨੂੰ ਲਾਗੂ ਕਰਵਾਉਣ ਲਈ ਹਰੇਕ ਸੰਘਰਸ਼ ਵਿੱਚ ਵੱਧ ਚੜ੍ਹ ਕੇ ਦਿੱਤੇ ਪ੍ਰਗਰਾਮ ਨੂੰ ਹਰ ਹੀਲੇ ਲਾਗੂ ਕੀਤਾ ਜਾਵੇਗਾ। ਇਸ ਪ੍ਰਦਰਸ਼ਨ ਵਿੱਚ ਸਰਕਲ ਆਗੂ ਸਾਥੀ ਸੁਖਦੇਵ ਸਿੰਘ, ਡਵੀਜ਼ਨ ਆਗੂ ਹਰਦੀਪ ਸਿੰਘ, ਜਗਜੀਤ ਸਿੰਘ, ਨਰਿੰਦਰ ਕੁਮਾਰ, ਅਤਿੰਦਰਪਾਲ ਸਿੰਘ, ਸਤਨਾਮ ਸਿੰਘ ਤੇ ਹੋਰ ਸੀਨੀਅਰ ਲੀਡਰਸ਼ਿਪ ਤੇ ਸਾਥੀਆਂ ਨੇ ਸ਼ਮੂਲੀਅਤ ਕੀਤੀ।

# ਕਾਂਗਰਸ ਦੀ ਮਜ਼ਬੂਤੀ 'ਚ ਔਰਤਾਂ ਅਹਿਮ ਭੂਮਿਕਾ ਨਿਭਾਉਣਗੀਆਂ : ਗੁਰਸ਼ਰਨ ਕੌਰ ਰੰਧਾਵਾ

## ਮਨਜੀਤ ਕੁਮਾਰੀ ਮਹਿਲਾ ਵਿੰਗ ਦੀ ਸ਼ਹਿਰੀ ਪ੍ਰਧਾਨ ਨਿਯੁਕਤ



**ਮਾਛੀਵਾੜਾ ਸਾਹਿਬ (ਸ਼ੈਂਕੀ ਸ਼ਰਮਾ, ਜਗਦੀਸ਼ ਰਾਏ)**-ਮਹਿਲਾ ਕਾਂਗਰਸ ਕਮੇਟੀ ਦੀ ਵੱਡੀ ਮੀਟਿੰਗ ਮਾਛੀਵਾੜਾ ਵਿਖੇ ਹੋਈ, ਜਿਸ ਵਿੱਚ ਵਿਸ਼ੇਸ਼ ਤੌਰ 'ਤੇ ਮਹਿਲਾ ਕਾਂਗਰਸ ਦੀ ਸੂਬਾ ਪ੍ਰਧਾਨ ਗੁਰਸ਼ਰਨ ਕੌਰ ਰੰਧਾਵਾ ਨੇ ਸ਼ਮੂਲੀਅਤ ਕੀਤੀ। ਇਸ ਮੌਕੇ ਮਾਛੀਵਾੜਾ ਦੇ ਕਾਂਗਰਸੀ ਟਕਸਾਲੀ ਪਰਿਵਾਰ ਤੇ 5 ਵਾਰ ਕੌਂਸਲਰ ਰਹਿ ਚੁੱਕੀ ਮਨਜੀਤ ਕੁਮਾਰੀ ਨੂੰ ਸ਼ਹਿਰ ਦੀ ਬਲਾਕ ਪ੍ਰਧਾਨ ਨਿਯੁਕਤ ਕੀਤਾ ਗਿਆ। ਮੀਟਿੰਗ ਨੂੰ ਸੰਬੋਧਨ ਕਰਦਿਆਂ ਸੂਬਾ ਪ੍ਰਧਾਨ ਗੁਰਸ਼ਰਨ ਕੌਰ ਰੰਧਾਵਾ ਨੇ ਕਿਹਾ ਕਿ ਔਰਤਾਂ ਅੱਜ ਹਰੇਕ ਖੇਤਰ ਵਿੱਚ ਪੁਰਸ਼ਾਂ ਨਾਲ ਮੋਢੇ ਨਾਲ ਮੋਢਾ ਜੋੜ ਕੇ ਕੰਮ ਕਰ ਰਹੀਆਂ ਹਨ, ਇਸ ਲਈ ਔਰਤਾਂ ਸਿਆਸਤ ਵਿੱਚ ਆਪਣੀ ਸਰਗਰਮ ਭੂਮਿਕਾ ਨਿਭਾਉਣ ਤਾਂ ਜੋ ਸਮਾਜ ਵਿੱਚ ਔਰਤਾਂ ਨੂੰ ਬਣਦੇ ਹੱਕ ਮਿਲ ਸਕਣ। ਉਨ੍ਹਾਂ ਕਿਹਾ ਕਿ ਕਾਂਗਰਸ ਇੱਕ ਅਜਿਹੀ ਪਾਰਟੀ ਹੈ, ਜਿੱਥੇ ਔਰਤਾਂ ਨੂੰ ਸਤਿਕਾਰ ਦਿੱਤਾ ਜਾਂਦਾ ਹੈ ਤੇ ਸਿਆਸਤ ਵਿੱਚ ਆ ਕੇ ਸੇਵਾ ਕਰਨ ਦਾ ਮੌਕਾ ਦਿੱਤਾ ਜਾਂਦਾ ਹੈ। ਪ੍ਰਧਾਨ ਰੰਧਾਵਾ ਨੇ ਕਿਹਾ ਕਿ ਕਾਂਗਰਸ ਪਾਰਟੀ ਨਾਲ ਔਰਤਾਂ ਵੱਧ ਤੋਂ ਵੱਧ ਜੁੜ ਰਹੀਆਂ ਹਨ। ਮਾਛੀਵਾੜਾ ਦੇ ਟਕਸਾਲੀ ਪਰਵਾਰ ਨਾਲ ਸਬੰਧਤ ਮਨਜੀਤ ਕੁਮਾਰੀ ਨੂੰ ਸ਼ਹਿਰੀ ਪ੍ਰਧਾਨ ਦਾ ਨਿਯੁਕਤੀ ਪੱਤਰ ਸੌਂਪਦਿਆਂ ਸੂਬਾ ਪ੍ਰਧਾਨ ਰੰਧਾਵਾ ਨੇ ਕਿਹਾ ਕਿ 5 ਵਾਰ ਕੌਂਸਲਰ ਰਹਿ ਚੁੱਕੀ ਮਨਜੀਤ ਕੁਮਾਰੀ ਤੇ ਇਨ੍ਹਾਂ ਦਾ ਪਰਿਵਾਰ ਹਮੇਸ਼ਾ ਲੋਕ ਸੇਵਾ ਨੂੰ ਸਮਰਪਤ ਰਿਹਾ ਹੈ, ਜਿਸ ਕਾਰਨ ਅਜਿਹੇ ਯੋਗ ਆਗੂਆਂ ਨੂੰ ਅਹੁਦੇ ਦੇ ਕੇ ਮਾਣ ਸਤਿਕਾਰ ਦਿੱਤਾ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਮਾਛੀਵਾੜਾ ਵਿੱਚ ਮਹਿਲਾ ਵਿੰਗ ਨੂੰ ਮਜ਼ਬੂਤ ਕੀਤਾ ਜਾਵੇ ਤਾਂ ਜੋ ਆਉਣ ਵਾਲੀਆਂ ਹਰੇਕ ਚੋਣਾਂ ਵਿੱਚ ਪਾਰਟੀ ਸ਼ਾਨਦਾਰ ਜਿੱਤ ਪ੍ਰਾਪਤ ਕਰੇ। ਬਲਾਕ ਪ੍ਰਧਾਨ ਪਰਮਿੰਦਰ ਤਿਵਾੜੀ ਵੱਲੋਂ ਮੰਚ ਸੰਚਾਲਨ ਦੀ ਭੂਮਿਕਾ ਨਿਭਾਈ ਗਈ।

ਅੰਤ ਵਿੱਚ ਮਨਜੀਤ ਕੁਮਾਰੀ ਦੇ ਸਪੁੱਤਰ ਚੇਤਨ ਕੁਮਾਰ ਵੱਲੋਂ ਸਮਾਗਮ ਵਿੱਚ ਪਹੁੰਚਣ ਵਾਲੀਆਂ ਔਰਤਾਂ ਤੇ ਪਾਰਟੀ ਵਰਕਰਾਂ ਦਾ ਧੰਨਵਾਦ ਪ੍ਰਗਟਾਇਆ ਗਿਆ। ਸਾਬਕਾ ਕੌਂਸਲਰ ਮਨਜੀਤ ਕੁਮਾਰੀ ਵੱਲੋਂ ਸੂਬਾ ਪ੍ਰਧਾਨ ਗੁਰਸ਼ਰਨ ਕੌਰ ਰੰਧਾਵਾ ਤੇ ਉਨ੍ਹਾਂ ਨਾਲ ਆਈ ਟੀਮ ਦਾ ਗੁਰੂ ਸਾਹਿਬ ਦਾ ਚਿੱਤਰ ਭੇਟ ਕਰ ਸਨਮਾਨ ਕੀਤਾ ਗਿਆ। ਇਸ ਮੌਕੇ ਬੋਲਦਿਆਂ ਪ੍ਰਿੰਸੀਪਲ ਓਮਾ ਵਰਮਾ ਨੇ ਕਿਹਾ ਕਿ ਸੂਬੇ ਵਿੱਚ ਸ਼ਾਇਦ ਮਨਜੀਤ ਕੁਮਾਰੀ ਪਹਿਲੀ ਮਹਿਲਾ ਹੋਵੇਗੀ, ਜੋ ਲਗਾਤਾਰ 5 ਵਾਰ ਕੌਂਸਲਰ ਰਹਿ ਚੁੱਕੇ ਹਨ। ਉਨ੍ਹਾਂ ਸਾਬਕਾ ਕੌਂਸਲਰ ਮਨਜੀਤ ਕੁਮਾਰੀ ਨੂੰ ਮਹਿਲਾ ਕਾਂਗਰਸ ਦੀ ਸ਼ਹਿਰੀ ਪ੍ਰਧਾਨ ਬਣਨ 'ਤੇ ਮੁਬਾਰਕਬਾਦ ਦਿੱਤੀ। ਇਸ ਮੌਕੇ ਮੀਤ ਪ੍ਰਧਾਨ ਕਿਰਨਦੀਪ ਕੌਰ, ਓਵਰਸੀਜ਼ ਕਾਂਗਰਸ ਕੈਨੇਡਾ ਪ੍ਰਧਾਨ ਜਸਪ੍ਰੀਤ ਕੌਰ, ਮਹਿਲਾ ਕਾਂਗਰਸ ਜ਼ਿਲ੍ਹਾ ਪ੍ਰਧਾਨ ਖੰਨਾ ਸਤਿੰਦਰਦੀਪ ਕੌਰ ਮਾਂਗਟ, ਮਹਿਲਾ ਕਾਂਗਰਸ ਬਲਾਕ ਪ੍ਰਧਾਨ ਸਮਰਾਲਾ ਸੁਖਵਿੰਦਰ ਕੌਰ ਬਾਠ, ਪਰੋਮਿਲਾ ਨਾਗਪਾਲ, ਕਮਲੇਸ਼ ਰਾਣੀ, ਹੇਮਾ, ਸੁਨੀਤਾ, ਬਲਜੀਤ ਕੌਰ, ਊਸ਼ਾ ਰਾਣੀ, ਬਾਲਾ ਰਾਣੀ ਤੋਂ ਇਲਾਵਾ ਜ਼ਿਲ੍ਹਾ ਉਪ ਪ੍ਰਧਾਨ ਕਸਤੂਰੀ ਲਾਲ ਮਿੰਟੂ, ਸਾਬਕਾ ਚੇਅਰਮੈਨ ਸ਼ਕਤੀ ਆਨੰਦ, ਸਾਬਕਾ ਪ੍ਰਧਾਨ ਸੁਰਿੰਦਰ ਕੁੰਦਰਾ, ਕੋਆਰਡੀਨੇਟਰ ਜਗਜੀਤ ਸਿੰਘ ਪ੍ਰਿਥੀਪੁਰ, ਡਾ. ਸੁਨੀਲ ਦੱਤ, ਨੰਦ ਕਿਸ਼ੋਰ, ਸੁਰਿੰਦਰ ਕੁਮਾਰ ਛਿੰਦੀ ਤੇ ਰਸ਼ਮੀ ਜੈਨ (ਦੋਵੇਂ ਕੌਂਸਲਰ), ਸਾਬਕਾ ਕੌਂਸਲਰ ਪਰਮਜੀਤ ਪੰਮੀ, ਜਤਿਨ ਚੌਰਾਇਆ, ਚੰਦਨ ਚੌਰਾਇਆ, ਰਜਿੰਦਰ ਕੁਮਾਰ, ਪਵਨ ਬੱਤਰਾ, ਪੀ.ਏ. ਗੁਰਮੁਖ ਸਿੰਘ, ਪੀ.ਏ. ਹਰਚੰਦ ਸਿੰਘ ਮੌਜੂਦ ਸਨ।


## ਔਰਤਾਂ ਲੋਕ ਸੇਵਾ ਲਈ ਅੱਗੇ ਆਉਣ : ਰਾਜਾ ਗਿੱਲ



ਕਾਂਗਰਸ ਦੇ ਹਲਕਾ ਸਮਰਾਲਾ ਤੋਂ ਇੰਚਾਰਜ ਰੁਪਿੰਦਰ ਸਿੰਘ ਰਾਜਾ ਗਿੱਲ ਨੇ ਆਪਣੇ ਸੰਬੋਧਨ ਕਰਦਿਆਂ ਕਿਹਾ ਕਿ ਇਲਾਕੇ ਵਿੱਚ ਔਰਤਾਂ ਨੂੰ ਵੱਧ ਤੋਂ ਵੱਧ ਪਾਰਟੀ ਨਾਲ ਜੋੜਿਆ ਜਾਵੇਗਾ ਤੇ ਅੱਜ ਸਮੇਂ ਦੀ ਜ਼ਰੂਰਤ ਹੈ ਕਿ ਮਹਿਲਾ ਲੋਕ ਸੇਵਾ ਲਈ ਅੱਗੇ ਆਉਣ। ਉਨ੍ਹਾਂ ਕਿਹਾ ਕਿ ਮਨਜੀਤ ਕੁਮਾਰੀ ਦੇ ਪਤੀ ਸਵ. ਲੇਖਰਾਜ ਵੀ ਕੌਂਸਲਰ ਰਹੇ, ਜਿਨ੍ਹਾਂ ਪਾਰਟੀ ਦੀ ਮਜ਼ਬੂਤੀ ਤੇ ਕਾਂਗਰਸ ਦੀਆਂ ਨੀਤੀਆਂ ਨੂੰ ਘਰ ਘਰ ਪਹੁੰਚਾਉਣ ਲਈ ਆਪਣਾ ਵਡਮੁੱਲਾ ਯੋਗਦਾਨ ਪਾਇਆ।

ਇਨ੍ਹਾਂ ਦੇ ਨਕਸ਼ੇ ਕਦਮ 'ਤੇ ਚੱਲਦਿਆਂ ਉਨ੍ਹਾਂ ਦੇ ਪੁੱਤਰ ਚੇਤਨ ਕੁਮਾਰ ਵੀ ਪਾਰਟੀ ਨਾਲ ਜੁੜੇ ਹੋਏ ਹਨ ਤੇ ਨੌਜਵਾਨਾਂ ਨੂੰ ਪਾਰਟੀ ਨਾਲ ਜੋੜਨ ਲਈ ਦਿਨ-ਰਾਤ ਇੱਕ ਕਰ ਰਹੇ ਹਨ, ਜਿਸ ਲਈ ਪਾਰਟੀ ਵੱਲੋਂ ਪਰਵਾਰ ਨੂੰ ਬਣਦਾ ਮਾਣ ਸਨਮਾਨ ਦਿੱਤਾ ਗਿਆ ਹੈ।

## ਮਹਿਲਾ ਵਿੰਗ ਨਾਲ ਮਿਲ ਕੇ ਕੰਮ ਕਰਾਂਗੇ : ਐਡਵੋਕੇਟ ਕਪਿਲ ਆਨੰਦ



ਮਾਛੀਵਾੜਾ ਤੋਂ ਕਾਂਗਰਸ ਦੇ ਸ਼ਹਿਰੀ ਪ੍ਰਧਾਨ ਐਡਵੋਕੇਟ ਕਪਿਲ ਆਨੰਦ ਨੇ ਕਿਹਾ ਕਿ ਉਹ ਮਹਿਲਾ ਵਿੰਗ ਨਾਲ ਮਿਲ ਕੇ ਇਲਾਕੇ ਵਿੱਚ ਪਾਰਟੀ ਲਈ ਤਨਦੇਹੀ ਨਾਲ ਕੰਮ ਕਰਨਗੇ। ਉਨ੍ਹਾਂ ਕਿਹਾ ਕਿ ਸ਼ਹਿਰ ਵਿੱਚ ਕਾਂਗਰਸ ਪਾਰਟੀ ਦਿਨੋਂ ਦਿਨ ਮਜ਼ਬੂਤ ਹੁੰਦੀ ਜਾ ਰਹੀ ਹੈ। ਸ਼ਹਿਰੀ ਪ੍ਰਧਾਨ ਕਪਿਲ ਆਨੰਦ ਨੇ ਆਉਣ ਵਾਲੀਆਂ 2027 ਦੀਆਂ ਵਿਧਾਨ ਸਭਾ ਚੋਣਾਂ ਵਿੱਚ ਔਰਤਾਂ ਵੀ ਆਪਣੀ ਅਹਿਮ ਭੂਮਿਕਾ ਅਦਾ ਕਰਨਗੀਆਂ ਤੇ ਹਲਕਾ ਇੰਚਾਰਜ ਰਾਜਾ ਗਿੱਲ ਨੂੰ ਭਾਰੀ ਬਹੁਮਤ ਨਾਲ ਜਿਤਾ ਕੇ ਸੂਬੇ ਵਿੱਚ ਕਾਂਗਰਸ ਸਰਕਾਰ ਲਿਆਉਣਗੀਆਂ।

# ਆਸ਼ਾ ਵਰਕਰ ਫੈਸਿਲੀਟੇਟਰ 1 ਸਤੰਬਰ ਨੂੰ ਸੰਗਰੂਰ 'ਚ ਕਰਨਗੇ ਰੋਸ ਪ੍ਰਦਰਸ਼ਨ



**ਮੋਗਾ (ਇਕਬਾਲ ਸਿੰਘ ਖਹਿਰਾ)**-ਆਸ਼ਾ ਵਰਕਰਜ਼ ਫੈਸਿਲੀਟੇਟਰਜ਼ ਸਾਂਝਾ ਮੋਰਚਾ ਪੰਜਾਬ ਕਨਵੀਨਰ ਅਮਰਜੀਤ ਕੌਰ ਰਣ ਸਿੰਘ ਵਾਲਾ, ਰਾਣੋ ਖੇੜੀ ਗਿੱਲਾ ਦੀ ਅਗਵਾਈ ਵਿੱਚ ਕਾਮਰੇਡ ਸ਼ਹੀਦ ਨਛੱਤਰ ਸਿੰਘ ਧਾਲੀਵਾਲ ਭਵਨ ਮੋਗਾ ਵਿਖੇ ਵਰਕਰਾਂ ਦੀਆਂ ਗੰਭੀਰ ਮੰਗਾਂ ਮੁਸ਼ਕਲਾਂ ਦੇ ਸਬੰਧ ਵਿੱਚ ਇੱਕ ਅਹਿਮ ਮੀਟਿੰਗ ਹੋਈ।ਮੀਟਿੰਗ ਵਿੱਚ ਵਿਸ਼ੇਸ਼ ਤੌਰ 'ਤੇ ਪ.ਸ.ਸ.ਫ. ਮੁੱਖ ਦਫ਼ਤਰ 1680/22-ਬੀ ਚੰਡੀਗੜ੍ਹ ਪੰਜਾਬ ਪ੍ਰਧਾਨ ਰਣਜੀਤ ਸਿੰਘ ਰਾਣਵਾਂ ਸੰਗਰੂਰ ਤੇ ਸਾਂਝੇ ਮੋਰਚੇ ਦੇ ਚੇਅਰਮੈਨ ਸੁੱਖਵਿੰਦਰ ਕੌਰ ਸੁੱਖੀ ਮਾਨਸਾ ਉਚੇਚੇ ਤੌਰ 'ਤੇ ਪਹੁੰਚੇ। ਮੀਟਿੰਗ ਨੂੰ ਸੰਬੋਧਨ ਕਰਦਿਆਂ ਅਮਰਜੀਤ ਕੌਰ, ਰਾਣੋ ਖੇੜੀ ਗਿੱਲਾ, ਦੁਰਗੋ ਬਾਈ ਫਾਜ਼ਿਲਕਾ, ਲਖਵਿੰਦਰ ਕੌਰ ਝਵਾਲ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਸਾਂਝੇ ਮੋਰਚੇ ਦੀ ਸ਼ਕਤੀ ਵਿੱਚ ਵਾਧਾ ਕਰਦਿਆਂ ਸੰਤੋਸ਼ ਕੁਮਾਰੀ ਫਿਰੋਜ਼ਪੁਰ ਆਪਣੇ ਸਾਥੀਆਂ ਸਮੇਤ ਸਾਂਝੇ ਮੋਰਚੇ ਵਿੱਚ ਸ਼ਾਮਲ ਹੋਏ। ਮੋਰਚੇ ਦੇ ਆਗੂਆਂ ਵੱਲੋਂ ਸੰਤੋਸ਼ ਭੈਣ ਦਾ ਸਾਥੀਆਂ ਸਮੇਤ ਸ਼ਾਮਲ ਹੋਣ 'ਤੇ ਧੰਨਵਾਦ ਕੀਤਾ ਗਿਆ।

ਆਗੂਆਂ ਨੇ ਕਿਹਾ ਕਿ ਭਗਵੰਤ ਸਿੰਘ ਮਾਨ ਨੇ ਸੱਤਾ ਵਿੱਚ ਆਉਣ ਤੋਂ ਪਹਿਲਾਂ ਆਗੂਆਂ ਨਾਲ ਵਾਅਦਾ ਕੀਤਾ ਸੀ ਕਿ ਸਾਡੀ ਸਰਕਾਰ ਆਉਂਦਿਆਂ ਹੀ ਤੁਹਾਡਾ ਅਨਰੇਰੀਅਨ ਫੰਡਾਂ ਵਿੱਚੋਂ ਮਿਲਣ ਵਾਲਾ ਫਿਕਸ ਭੱਤਾ ਵਧਾ ਕੇ 10 ਹਜ਼ਾਰ ਕੀਤਾ ਜਾਵੇਗਾ, ਪ੍ਰੰਤੂ ਅਜੇ ਤੱਕ ਮੀਟਿੰਗਾਂ ਤੋਂ ਸਿਵਾਏ ਕੁਝ ਨਹਿਆ ਦਿਤਾ। ਕਨਵੀਨਰਾਂ ਨੇ ਪੰਜਾਬ ਸਰਕਾਰ ਨੂੰ ਅਪੀਲ ਕੀਤੀ ਕਿ ਆਸ਼ਾ ਵਰਕਰਾਂ ਫੈਸਿਲੀਟੇਟਰਜ਼ ਨੂੰ ਉਜ਼ਰਤ ਤੇ ਕਨੂੰਨ ਅਨੁਸਾਰ ਘੱਟੋ ਘੱਟ 28000/ਰੁਪਏ ਦੇਕੇ ਰੈਗੂਲਰ ਕੀਤੇ ਜਾਵੇ, ਫੈਸਿਲੀਟੇਟਰਜ਼ ਦੇ ਟੂਰ ਮਨੀ ਵਿੱਚ ਵਾਧਾ ਕੀਤਾ ਜਾਵੇ, ਫਿੱਕਸ ਭੱਤੇ ਵਿੱਚ ਘੱਟੋ ਘੱਟ ਦਸ ਹਜ਼ਾਰ ਰੁਪਏ ਦਾ ਵਾਧਾ ਕੀਤਾ ਜਾਵੇ ਆਦਿ ਮੰਗਾਂ ਲਈ ਤੁਰੰਤ ਮੀਟਿੰਗ ਬੁਲਾ ਕੇ ਪੰਜਾਬ ਸਰਕਾਰ ਹੱਲ ਨਹੀਂ ਕਰਦੀ ਤਾਂ ਸਾਂਝਾ ਮੋਰਚਾ ਪੰਜਾਬ ਭਰ ਦੀਆਂ ਵਰਕਰਾਂ ਵੱਲੋਂ ਸਿਹਤ ਵਿਭਾਗ ਦੇ ਸਾਰੇ ਹੀ ਕੰਮਾਂ ਦਾ ਬਾਈਕਾਟ ਕਰਦਿਆਂ 25 ਅਗਸਤ ਤੋਂ 31 ਅਗਸਤ ਤੱਕ ਜ਼ਿਲ੍ਹਿਆਂ ਦੇ ਐੱਸ ਐੱਮ ਓ ਦਫ਼ਤਰ ਤੋਂ ਰੋਸ ਪ੍ਰਦਰਸ਼ਨ ਕੀਤੇ ਜਾਣਗੇ।1 ਸਤੰਬਰ ਨੂੰ ਪੰਜਾਬ ਸਰਕਾਰ ਦੇ ਇਲਾਕੇ ਸੰਗਰੂਰ ਵਿਖੇ ਸੈਂਕੜਿਆਂ ਦੀ ਗਿਣਤੀ ਵਿੱਚ ਰੋਸ ਪ੍ਰਦਰਸ਼ਨ ਕੀਤਾ ਜਾਵੇਂਗਾ।ਇਸ ਦੇ ਸਿੱਟਿਆਂ ਦੀ ਸਰਕਾਰ ਆਪ ਜ਼ਿੰਮੇਵਾਰ ਹੋਵੇਗੀ।ਮੀਟਿੰਗ ਵਿੱਚ ਸਵਰਨ ਕੌਰ, ਕਿਰਨ ਰਾਣੀ, ਬਲਕਰਨ ਕੌਰ ਫਾਜ਼ਿਲਕਾ, ਪ੍ਰਕਾਸ ਕੌਰ, ਮਨਜੀਤ ਕੌਰ ਮਾਨਸਾ, ਹਰਦੀਪ ਕੌਰ ਮਲੇਰਕੋਟਲਾ, ਅਮਨਦੀਪ ਕੌਰ ਰੱਤੂ, ਸ਼ਿੰਦਰਪਾਲ ਕੌਰ (ਅਮਨ) ਨਿੰਦਰ ਕੌਰ ਮੋਗਾ, ਭਗਵੰਤ ਕੌਰ, ਕਮਲਪ੍ਰੀਤ ਕੌਰ ਫ਼ਤਹਿਗੜ੍ਹ, ਰਾਜ ਕੌਰ ਤਰਨਤਾਰਨ, ਰਜਵੰਤ ਕੌਰ ਫਿਰੋਜ਼ਪੁਰ, ਤਜਿੰਦਰ ਕੌਰ ਸ੍ਰੀ ਮੁਕਤਸਰ ਸਾਹਿਬ, ਦਲਜੀਤ ਕੌਰ, ਸੁਖਮੰਦਰ ਕੌਰ, ਮਨਜੀਤ ਕੌਰ, ਸੁੱਖਪਾਲ ਕੌਰ ਫਰੀਦਕੋਟ ਆਦਿ ਸਾਥੀਆਂ ਨੇ ਹਿੱਸਾ ਲਿਆ।

# ਡਿਪਟੀ ਕਮਿਸ਼ਨਰ ਨੇ ਕੀਤੀ ਅਧਿਕਾਰੀਆਂ ਨਾਲ ਉੱਚ ਪੱਧਰੀ ਮੀਟਿੰਗ

**ਜਲੰਧਰ (ਸ਼ੈਲੀ ਐਲਬਰਟ)**- ਜ਼ਿਲ੍ਹਾ ਪ੍ਰਸ਼ਾਸਨ ਵਲੋਂ 15 ਅਗਸਤ ਨੂੰ ਆਜ਼ਾਦੀ ਦਿਹਾੜਾ ਸ਼ਰਧਾ ਤੇ ਉਤਸ਼ਾਹ ਨਾਲ ਮਨਾਉਣ ਦੀਆਂ ਤਿਆਰੀਆਂ ਸ਼ੁਰੂ ਕਰ ਦਿੱਤੀਆਂ ਗਈਆਂ ਹਨ। ਡਿਪਟੀ ਕਮਿਸ਼ਨਰ ਡਾ. ਹਿਮਾਂਸ਼ੂ ਅਗਰਵਾਲ ਨੇ

**• ਪੂਰੇ ਉਤਸ਼ਾਹ ਤੇ ਸ਼ਰਧਾ ਨਾਲ ਮਨਾਇਆ ਜਾਵੇਗਾ ਆਜ਼ਾਦੀ ਦਿਹਾੜਾ**



ਵੱਖ-ਵੱਖ ਵਿਭਾਗਾਂ ਦੇ ਅਧਿਕਾਰੀਆਂ ਨਾਲ ਇਕ ਉੱਚ ਪੱਧਰੀ ਮੀਟਿੰਗ ਦੌਰਾਨ ਕਿਹਾ ਕਿ ਆਜ਼ਾਦੀ ਦਿਹਾੜੇ ਸਬੰਧੀ ਸਮਾਰੋਹ ਇਸ ਵਾਰ ਵੀ ਸਥਾਨਕ ਗੁਰੂ ਗੋਬਿੰਦ ਸਿੰਘ ਸਟੇਡੀਅਮ ਵਿਖੇ ਮਨਾਇਆ ਜਾਵੇਗਾ। ਉਨ੍ਹਾਂ ਅਧਿਕਾਰੀਆਂ ਨੂੰ ਸਾਰੇ ਪ੍ਰਬੰਧ ਸਮੇਂ ਸਿਰ ਯਕੀਨੀ ਬਣਾਉਣ ਦੀਆਂ ਹਦਾਇਤਾਂ ਕੀਤੀਆਂ, ਤਾਂ ਜੋ ਇਸ ਮਹੱਤਵਪੂਰਨ ਸਮਾਗਮ ਨੂੰ ਸੁਚੱਜੇ ਢੰਗ ਨਾਲ ਨੇਪਰੇ ਚਾੜ੍ਹਿਆ ਜਾ ਸਕੇ। ਉਨ੍ਹਾਂ ਦੱਸਿਆ ਕਿ ਸਮਾਗਮ ਦੌਰਾਨ ਅਨੁਸ਼ਾਸਨ ਵਿੱਚ ਫੋਰਸ ਦੀਆਂ ਟੁਕੜੀਆਂ ਵਲੋਂ ਸ਼ਾਨਦਾਰ ਮਾਰਚ ਪਾਸਟ ਕੀਤਾ ਜਾਵੇਗਾ। ਇਸ ਤੋਂ ਇਲਾਵਾ ਵਿਕਾਸ ਅਤੇ ਲੋਕ ਭਲਾਈ ਯੋਜਨਾਵਾਂ ਨੂੰ ਦਰਸਾਉਂਦੀਆਂ ਝਾਕੀਆਂ ਵੀ ਕੱਢੀਆਂ ਜਾਣਗੀਆਂ ਅਤੇ ਵਿਦਿਆਰਥੀਆਂ ਵੱਲੋਂ ਪੀ.ਟੀ. ਸ਼ੋਅ ਅਤੇ ਦੇਸ਼ ਭਗਤੀ ਦੀ ਭਾਵਨਾ ਨਾਲ ਭਰਪੂਰ ਵੰਨਗੀਆਂ ਵੀ ਸਮਾਗਮ ਦਾ ਹਿੱਸਾ ਹੋਣਗੀਆਂ। ਉਨ੍ਹਾਂ ਕਿਹਾ ਕਿ ਦੇਸ਼ ਦੀ ਆਜ਼ਾਦੀ ਵਿੱਚ ਯੋਗਦਾਨ ਪਾਉਣ ਵਾਲੇ ਜ਼ਿਲ੍ਹੇ ਨਾਲ ਸਬੰਧਿਤ ਆਜ਼ਾਦੀ ਘੁਲਾਟੀਆਂ ਅਤੇ ਉਨ੍ਹਾਂ ਦੇ ਪਰਿਵਾਰਾਂ ਦਾ ਵਿਸ਼ੇਸ਼ ਸਨਮਾਨ ਕੀਤਾ ਜਾਵੇਗਾ। ਇਸ ਤੋਂ ਇਲਾਵਾ ਵਿਲੱਖਣ ਪ੍ਰਾਪਤੀ ਵਾਲੀਆਂ ਸ਼ਖ਼ਸੀਅਤਾਂ ਨੂੰ ਵੀ ਸਨਮਾਨਿਆ ਜਾਵੇਗਾ। ਉਨ੍ਹਾਂ ਕਿਹਾ ਕਿ ਵਧੀਆ ਕਾਰਗੁਜ਼ਾਰੀ ਵਾਲੇ ਅਧਿਕਾਰੀਆਂ/ਕਰਮਚਾਰੀਆਂ ਦਾ ਵੀ ਸਨਮਾਨ ਕੀਤਾ ਜਾਵੇਗਾ, ਇਸ ਲਈ ਵਿਭਾਗਾਂ ਦੇ ਮੁਖੀ ਆਪਣੀਆਂ ਸਿਫ਼ਾਰਿਸ਼ਾਂ 8 ਅਗਸਤ ਤੱਕ ਮੁਹੱਈਆ ਕਰਵਾਉਣਾ ਯਕੀਨੀ ਬਣਾਉਣ। ਡਾ. ਅਗਰਵਾਲ ਨੇ ਸਮਾਗਮ ਵਾਲੇ ਸਥਾਨ ਦੀ ਸਫ਼ਾਈ ਤੇ ਸਜਾਵਟ, ਪ੍ਰਮੁੱਖ ਚੌਕਾਂ ਦੀ ਸਜਾਵਟ, ਪੀਣ ਵਾਲੇ ਪਾਣੀ ਦੇ ਪ੍ਰਬੰਧ, ਬੈਠਣ ਦੇ ਇੰਤਜ਼ਾਮ, ਨਿਰਵਿਘਨ ਬਿਜਲੀ ਸਪਲਾਈ, ਮੈਡੀਕਲ ਟੀਮਾਂ ਦੀ ਤਾਇਨਾਤੀ, ਫਾਇਰ ਬ੍ਰਿਗੇਡ, ਰਿਫਰੈਸ਼ਮੈਂਟ ਸਮੇਤ ਹੋਰ ਜ਼ਰੂਰੀ ਪ੍ਰਬੰਧਾਂ ਲਈ ਅਧਿਕਾਰੀਆਂ ਨੂੰ ਲੋੜੀਂਦੇ ਦਿਸ਼ਾ-ਨਿਰਦੇਸ਼ ਦਿੱਤੇ।ਮੀਟਿੰਗ ਵਿੱਚ ਵਧੀਕ ਡਿਪਟੀ ਕਮਿਸ਼ਨਰ (ਸ਼ਹਿਰੀ ਵਿਕਾਸ) ਜਸਬੀਰ ਸਿੰਘ, ਵਧੀਕ ਡਿਪਟੀ ਕਮਿਸ਼ਨਰ (ਜਨਰਲ) ਅਮਨਿੰਦਰ ਕੌਰ, ਐਸ.ਡੀ.ਐਮ. ਜਲੰਧਰ-1 ਵਿਵੇਕ ਕੁਮਾਰ ਮੋਦੀ (ਵਾਧੂ ਚਾਰਜ ਵਧੀਕ ਡਿਪਟੀ ਕਮਿਸ਼ਨਰ, ਦਿਹਾਤੀ ਵਿਕਾਸ), ਐਸ.ਡੀ.ਐਮ. ਜਲੰਧਰ-2 ਰਣਦੀਪ ਸਿੰਘ ਹੀਰ ਤੇ ਐਸ.ਡੀ.ਐਮ. ਸ਼ਾਹਕੋਟ ਸ਼ਾਇਰੀ ਮਲਹੋਤਰਾ, ਜੁਆਇੰਟ ਕਮਿਸ਼ਨਰ ਨਗਰ ਨਿਗਮ ਜਲੰਧਰ ਸੁਮਨਦੀਪ ਕੌਰ, ਸਹਾਇਕ ਕਮਿਸ਼ਨਰ (ਯੂ.ਟੀ.) ਮੁਕਲਿਤ ਆਰ ਸਮੇਤ ਵੱਖ-ਵੱਖ ਵਿਭਾਗਾਂ ਦੇ ਅਧਿਕਾਰੀ ਵੀ ਮੌਜੂਦ ਸਨ।

# ਕੋਆ. ਸੋਸਾਇਟੀ ਦੀ ਚੋਣ ਅਮਨ-ਅਮਾਨ ਨਾਲ ਹੋਈ



**ਆਦਮਪੁਰ (ਪਰਮਜੀਤ ਸਿੰਘ)**- ਦੀ ਹਰੀਪੁਰ ਕੋਆਪਰੇਟਿਵ ਐਗਰੀਕਲਚਰ ਮਲਟੀਪਰਪਜ਼ ਸੋਸਾਇਟੀ ਲਿਮਟਿਡ ਦੀ ਚੋਣ ਅਮਨ ਅਮਾਨ ਨਾਲ ਮੁਕੰਮਲ ਹੋਈ। ਇਸ ਮੌਕੇ ਬਲਦੀਪ ਸਿੰਘ ਰਿਟਰਨਿੰਗ ਕਮ ਪ੍ਰੀਜ਼ਾਈਡਿੰਗ ਅਫ਼ਸਰ, ਗੁਰਸੇਵਕ ਸਿੰਘ ਸਹਾਇਕ ਰਿਟਰਨਿੰਗ ਅਫ਼ਸਰ ਅਤੇ ਸੁਖਵਿੰਦਰ ਕੁਮਾਰ ਸਕੱਤਰ ਹਾਜ਼ਰ ਰਹੇ। ਇਸ ਮੌਕੇ ਕਰੀਬ 273 ਵੋਟਾਂ ਪਾਈਆਂ ਗਈਆਂ। ਜਿਸ ਵਿੱਚ ਸੁਰਿੰਦਰ ਸਿੰਘ, ਅਮਰਜੀਤ ਸਿੰਘ, ਤਰਲੋਕ ਸਿੰਘ, ਅਮਨਿੰਦਰ ਸਿੰਘ, ਭੁਪਿੰਦਰ ਸਿੰਘ, ਬਲਜੀਤ ਸਿੰਘ, ਪਰਵਿੰਦਰ ਸਿੰਘ, ਮੰਗਲ ਦਾਸ ਖਿੱਚੀਪੁਰ, ਸੁਰਿੰਦਰ ਪਾਲ ਨਰੰਗਪੁਰ, ਮਨਜੀਤ ਕੌਰ ਨਰੰਗਪੁਰ ਅਤੇ ਬਲਵਿੰਦਰ ਕੌਰ ਖਿੱਚੀਪੁਰ ਜੇਤੂ ਰਹੇ। ਜਿਨਾਂ ਨੂੰ ਸਰਪੰਚ ਡਾਕਟਰ ਨਿਰਮਲ ਕੌਲ ਹਰੀਪੁਰ, ਬਲਵਿੰਦਰ ਕੁਮਾਰ ਸਰਪੰਚ ਨਰੰਗਪੁਰ ਅਤੇ ਸੁਖਵਿੰਦਰ ਕੁਮਾਰ ਸਕੱਤਰ ਵੱਲੋਂ ਵਧਾਈ ਦਿੱਤੀ ਗਈ। ਉਹਨਾਂ ਨੇ ਦੱਸਿਆ ਕਿ ਮੈਂਬਰਾਂ ਦੀ ਚੋਣ ਮੌਕੇ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਤੇ ਅਤੇ ਅਹੁਦੇਦਾਰਾਂ ਦੀ ਚੋਣ ਆਉਣ ਵਾਲੇ ਦਿਨਾਂ ਵਿੱਚ ਕਰ ਦਿੱਤੀ ਜਾਵੇਗੀ। ਇਸ ਮੌਕੇ ਹੋਰਨਾਂ ਤੋਂ ਇਲਾਵਾ ਬਲਵੀਰ ਸਿੰਘ ਦਿਉਲ, ਜਗਜੀਤ ਸਿੰਘ ਜੱਗੀ, ਦਲਜੀਤ ਸਿੰਘ ਪੰਚ, ਨਰਿੰਦਰ ਪਾਲ ਪੰਚ, ਰਣਵੀਰ ਸਿੰਘ ਸੇਠੀ ਪ੍ਰਧਾਨ ਨੌਜਵਾਨ ਸਭਾ ਹਰੀਪੁਰ, ਕੁਲਦੀਪ ਸਿੰਘ, ਸੁਨੀਲ ਦੱਤ, ਮਹਿੰਦਰ ਪਾਲ, ਅਵਤਾਰ ਸਿੰਘ ਤਾਲੀ, ਪਿਆਰਾ ਲਾਲ ਸਾਬਕਾ ਸਰਪੰਚ ਨਰੰਗਪੁਰ, ਰਜੇਸ਼ ਕੁਮਾਰ ਰਾਣਾ, ਮੇਜਰ ਸਿੰਘ, ਮਨਜੀਤ ਸਿੰਘ, ਅਸ਼ਵੰਤ ਸਿੰਘ, ਬਲਜਿੰਦਰ ਸਿੰਘ ਪੰਚ, ਭੁਪਿੰਦਰ ਸਿੰਘ ਅਤੇ ਹੋਰ ਪਿੰਡ ਵਾਸੀ ਹਾਜ਼ਰ ਸਨ।

# ਭੋਗ 'ਤੇ ਵਿਸ਼ੇਸ਼ : ਖੇਤ ਮਜ਼ਦੂਰਾਂ ਦੇ ਹੱਕਾਂ 'ਚ ਖੜ੍ਹਨ ਵਾਲਾ ਸਾਥੀ ਭਗਵੰਤ ਸਿੰਘ



ਸਾਥੀ ਭਗਵੰਤ ਸਿੰਘ ਦਾ ਜਨਮ ਮੇਲਾ ਸਿੰਘ ਦੇ ਘਰ ਪਿੰਡ ਬੁੱਧ ਸਿੰਘ ਵਾਲਾ ਵਿਖੇ ਇੱਕ ਮਜ਼ਦੂਰ ਪਰਵਾਰ ਵਿੱਚ 1942 ਵਿੱਚ ਹੋਇਆ। ਜਵਾਨ ਹੁੰਦੇ ਸਾਰ ਉਸ ਨੂੰ ਗੁਰਬਤ ਦੀ ਗੁੰਝਲਦਾਰ ਜਕੜ ਦਾ ਅਹਿਸਾਸ ਹੋਇਆ। ਇਸੇ ਹੀ ਪਿੰਡ ਦੇ ਲਾਲ ਝੰਡੇ ਦੇ ਜਰਨੈਲ ਸਾਥੀ ਉਜਾਗਰ ਸਿੰਘ ਬੁੱਧ ਸਿੰਘ ਵਾਲਾ ਦੇ ਵਿਚਾਰਾਂ ਤੋਂ ਪ੍ਰੇਰਿਤ ਹੋ ਕੇ ਇਹ ਲਾਲ ਝੰਡੇ ਦਾ ਸਿਪਾਹੀ ਬਣਿਆ। ਕਾਮਰੇਡ ਰੁਲਦੂ ਖਾਨ ਦੀ ਸੰਗਤ ਸਦਕਾ ਪੰਜਾਬ ਖੇਤ ਮਜ਼ਦੂਰ ਸਭਾ ਦੇ ਫਰੰਟ ਉੱਤੇ ਵਧੀਆ ਆਗੂ ਵਜੋਂ ਉਭਰਿਆ ਅਤੇ ਸਟੇਟ ਕੌਂਸਲ ਦਾ ਮੈਂਬਰ ਬਣਿਆ। ਅੰਤਾਂ ਦੀ ਗਰੀਬੀ ਹੰਢਾਉਂਦਾ ਹੋਇਆ ਵੀ ਲੋਕਾਂ ਨੂੰ ਗਰੀਬੀ ਦੀ ਜਿੱਲਣ ਵਿੱਚੋਂ ਕੱਢਣ ਲਈ ਸਿਸਟਮ ਦੇ ਖਿਲਾਫ ਲੜਦਾ ਰਿਹਾ। ਸਾਥੀ ਭਾਨ ਸਿੰਘ ਭੌਰਾ ਸੱਗੜ ਸਿੰਘ ਐਮ ਐਲ ਏ ਸਰਵਣ ਸਿੰਘ ਐਮ ਐਲ ਏ ਫਤਿਹ ਕੋਰਟਾਣਾ ਦੀ ਟੀਮ ਦਾ ਮੈਂਬਰ ਨਰੇਗਾ ਦੀ ਸਕੀਮ ਆਪਣੇ ਨਗਰ ਵਿੱਚ ਲੈ ਕੇ ਆਇਆ ਜਦੋਂ ਨਰੇਗਾ ਦੀ ਦਿਹਾੜੀ 123 ਰੁ. ਤੋਂ ਸ਼ੁਰੂ ਹੋਈ ਸੀ। ਸਾਥੀ ਬਹੁਤ ਹੀ ਵਫਾਦਾਰੀ ਨਾਲ ਪਾਰਟੀ ਵਿੱਚ ਨਿਭਿਆ। ਅੱਤਵਾਦ ਦੇ ਦਿਨਾਂ ਵਿੱਚ ਜਦੋਂ ਸਾਥੀ ਅਮੋਲਕ ਤੇ ਉਸ ਦੇ ਸਾਥੀ ਪਿੰਡ ਗੰਜੀ ਗੁਲਾਬ ਸਿੰਘ ਵਾਲਾ ਵਿਖੇ ਸ਼ਹੀਦ ਹੋ ਗਏ ਸਨ ਤਾਂ ਇਹ ਉਹਨਾਂ ਦੀ ਟੀਮ ਦੇ ਵਿੱਚ ਸ਼ਾਮਲ ਸੀ ਪਰ ਕੁਦਰਤੀ ਇਹ ਬਚ ਗਿਆ। ਬਾਅਦ ਵਿੱਚ ਵੀ ਅਡੋਲ ਸਾਰੀ ਉਮਰ ਉਸੇ ਅਸੂਲ 'ਤੇ ਪਹਿਰਾ ਦਿੰਦਾ ਰਿਹਾ। ਇੱਕ ਵੱਡੇ ਪਰਵਾਰ ਦਾ ਮੁਖੀ ਵਧੀਆ ਸਮਾਜ ਸੁਧਾਰਕ ਮਜ਼ਦੂਰ ਰਾਜ ਲਈ ਜੂਝਦਾ ਹੋਇਆ ਇਨਕਲਾਬ ਦੀ ਤਮੰਨਾ ਸੀਨੇ ਵਿੱਚ ਲੈ ਕੇ ਉਹ ਬੀਤੇ ਦਿਨੀਂ ਸਾਨੂੰ ਸਦੀਵੀ ਵਿਛੋੜਾ ਦੇ ਗਿਆ ਪਰ ਇਕ ਸੁਨੇਹਾ ਵੀ ਕਿ ਮਜ਼ਦੂਰ ਜਮਾਤ ਦੀ ਬੰਦਖੁਲਾਸੀ ਲਈ ਕਿਸਾਨਾਂ ਦੀ ਭਲਾਈ ਲਈ, ਆਮ ਲੋਕਾਂ ਦੇ ਭਲੇ ਲਈ ਸਿਸਟਮ ਦੀ ਤਬਦੀਲੀ ਤੱਕ ਲੜਨਾ ਹੋਏਗਾ।ਅੱਜ ਸਾਥੀ ਨਮਿਤ ਭੋਗ ਉਸ ਦੇ ਪਿੰਡ ਜੱਦੀ ਪਿੰਡ ਬੁੱਧ ਸਿੰਘ ਵਾਲਾ ਵਿਖੇ ਪਵੇਗਾ ਅਤੇ ਸ਼ਰਧਾਂਜਲੀ ਸਮਾਗਮ ਠੀਕ ਇੱਕ ਵਜੇ ਹੋਏਗਾ। ਸਭਨਾਂ ਨੂੰ ਸਮੇਂ ਸਿਰ ਪਹੁੰਚਣ ਦੀ ਅਪੀਲ ਕੀਤੀ ਜਾਂਦੀ ਹੈ।

**ਵੱਲੋਂ ਗੁਰਮੀਤ ਸਿੰਘ ਡੋਡ ਬਲਾਕ ਸਕੱਤਰ ਭਾਰਤੀ ਕਮਿਊਨਿਸਟ ਪਾਰਟੀ ਬਲਾਕ ਬਾਘਾ ਪੁਰਾਣਾ**
**ਗੁਲਜ਼ਾਰ ਗੋਰੀਆ ਜਨਰਲ ਸਕੱਤਰ ਭਾਰਤੀ ਖੇਤ ਮਜ਼ਦੂਰ ਸਭਾ ਭਾਰਤ**

# ਲਾਇਨ ਗੁਰਦੀਪ ਸਿੰਘ ਕੰਗ ਨੇ ਬੂਟੇ ਵੰਡ ਕੇ ਦਿੱਤਾ ਵਾਤਾਵਰਣ ਸੁਰੱਖਿਆ ਦਾ ਸੁਨੇਹਾ

**ਫਗਵਾੜਾ (ਜਸਵਿੰਦਰ ਢੱਡਾ)**- ਲਾਇਨਜ਼ ਇੰਟਰਨੈਸ਼ਨਲ 321-ਡੀ ਦੇ ਡਿਸਟ੍ਰਿਕਟ ਗਵਰਨਰ ਲਾਇਨ ਵੀ.ਐਮ. ਗੋਇਲ ਐਮ.ਜੇ.ਐਫ. ਦੇ ਦਿਸ਼ਾ-ਨਿਰਦੇਸ਼ਾਂ ਤਹਿਤ ਡਿਸਟ੍ਰਿਕਟ ਚੇਅਰਮੈਨ (ਪੀਸ ਪੋਸਟਰ) ਲਾਇਨ ਗੁਰਦੀਪ ਸਿੰਘ ਕੰਗ ਐਮ.ਜੇ.ਐਫ. ਨੇ ਅੱਜ ਵਾਤਾਵਰਣ ਸੁਰੱਖਿਆ ਦਾ ਸੁਨੇਹਾ ਦਿੰਦੇ ਹੋਏ ਵਾਤਾਵਰਣ ਪ੍ਰੇਮੀਆਂ ਨੂੰ ਬੂਟੇ ਵੰਡੇ। ਇਸ



ਦੌਰਾਨ ਏ.ਡੀ.ਸੀ. ਕਮ ਕਾਰਪੋਰੇਸ਼ਨ ਕਮਿਸ਼ਨਰ ਡਾ. ਅਕਸ਼ਿਤਾ ਗੁਪਤਾ ਅਤੇ ਮੇਅਰ ਰਾਮਪਾਲ ਉੱਪਲ ਨੇ ਲਾਇਨ ਕੰਗ ਦੇ ਸੈਂਟਰਲ ਟਾਊਨ ਸਥਿਤ ਦਫਤਰ ਕੰਗ ਐਂਟਰਪ੍ਰਾਈਜ਼ਿਜ਼ ਵਿਖੇ ਵਿਸ਼ੇਸ਼ ਤੌਰ 'ਤੇ ਹਾਜ਼ਰੀ ਲਗਵਾਈ। ਉਹਨਾਂ ਨੇ ਲਾਇਨ ਗੁਰਦੀਪ ਸਿੰਘ ਕੰਗ ਦੇ ਯਤਨਾਂ ਦੀ ਸ਼ਲਾਘਾ ਕਰਦਿਆਂ ਕਿਹਾ ਕਿ ਵਾਤਾਵਰਣ ਸੁਰੱਖਿਆ ਲਈ ਬੂਟੇ ਲਗਾਉਣਾ ਬਹੁਤ ਜ਼ਰੂਰੀ ਹੈ। ਏ.ਡੀ.ਸੀ. ਡਾ. ਗੁਪਤਾ ਨੇ ਅਪੀਲ ਕੀਤੀ ਕਿ ਲਗਾਏ ਜਾਣ ਵਾਲੇ ਬੂਟਿਆਂ ਦੀ ਦਰਖ਼ਤ ਬਣਨ ਤੱਕ ਚੰਗੀ ਦੇਖਭਾਲ ਕੀਤੀ ਜਾਵੇ। ਇਸ ਦੌਰਾਨ ਨਿਗਮ ਦੇ ਆਈ.ਈ.ਸੀ. ਐਕਸਪਰਟ ਪੂਜਾ ਨੇ ਦੱਸਿਆ ਕਿ ਨਗਰ ਨਿਗਮ ਫਗਵਾੜਾ ਵਲੋਂ 31 ਜੁਲਾਈ ਤੱਕ 'ਸਾਡੀ ਆਪਣੀ, ਬੀਮਾਰੀ ਭਗਾਓ' ਮੁਹਿੰਮ ਚਲਾਈ ਜਾ ਰਹੀ ਹੈ। ਇਸ ਦੌਰਾਨ ਉਚੇਚੇ ਤੌਰ 'ਤੇ ਮੌਜੂਦ ਰਹੇ ਮੇਅਰ ਰਾਮਪਾਲ ਉੱਪਲ ਨੇ ਕਿਹਾ ਕਿ ਲਾਇਨ ਕੰਗ ਹਮੇਸ਼ਾ ਸਮਾਜ ਸੇਵਾ ਅਤੇ ਵਾਤਾਵਰਣ ਸੁਰੱਖਿਆ ਪ੍ਰਤੀ ਪ੍ਰੇਰਨਾਦਾਇਕ ਯਤਨ ਕਰਦੇ ਹਨ, ਜੋ ਕਿ ਬਹੁਤ ਹੀ ਸ਼ਲਾਘਾਯੋਗ ਹੈ। ਲਾਇਨ ਗੁਰਦੀਪ ਸਿੰਘ ਕੰਗ ਨੇ ਸਮੂਹ ਪਤਵੰਤਿਆਂ ਦਾ ਪਹੁੰਚਣ ਲਈ ਧੰਨਵਾਦ ਕੀਤਾ ਅਤੇ ਕਿਹਾ ਕਿ ਵਾਤਾਵਰਣ ਦੀ ਸੁਰੱਖਿਆ ਸਾਡੇ ਸਾਰਿਆਂ ਦਾ ਮੁਢਲਾ ਫਰਜ਼ ਹੈ। ਜੇਕਰ ਰੁੱਖ ਨਾ ਰਹੇ ਤਾਂ ਮਨੁੱਖ ਹੀ ਨਹੀਂ ਸਗੋਂ ਧਰਤੀ 'ਤੇ ਸਾਹ ਲੈਣ ਵਾਲਾ ਹਰ ਜੀਵ ਅਲੋਪ ਹੋ ਜਾਵੇਗਾ। ਇਸ ਮੌਕੇ ਸਮਾਜ ਸੇਵਿਕਾ ਐਡਵੋਕੇਟ ਅਨੂ ਸ਼ਰਮਾ, ਬਾਬਾ ਬਾਲਕ ਨਾਥ ਸੇਵਾ ਸੰਮਤੀ ਦੇ ਸਰਪ੍ਰਸਤ ਧਰਮਪਾਲ ਨਿਸ਼ਚਲ ਅਤੇ ਐਸ.ਪੀ. ਬਸਰਾ, ਲਾਇਨਜ਼ ਕਲੱਬ ਫਗਵਾੜਾ ਚੈਂਪੀਅਨ ਦੇ ਸਕੱਤਰ ਲਾਇਨ ਦਿਨੇਸ਼ ਖਰਬੰਦਾ, ਕੈਸ਼ੀਅਰ ਲਾਇਨ ਅਜੇ ਕੁਮਾਰ, ਲਾਇਨ ਵਿਪਨ ਸ਼ਰਮਾ, ਸੁਖਬੀਰ ਕਿੰਨੜਾ, ਸਤਵਿੰਦਰ ਸਿੰਘ ਭਮਰਾ, ਰਮੇਸ਼ ਸ਼ਿੰਗਾਰੀ, ਵਿੱਕੀ ਚੁੰਬਰ ਆਦਿ ਹਾਜ਼ਰ ਸਨ।

# ਜ਼ਿਮਨੀ ਚੋਣ ਨਾਲ ਸਬੰਧਿਤ ਪਿੰਡਾਂ 'ਚ ਅਸਲਾ ਚੁੱਕਣ 'ਤੇ ਪਾਬੰਦੀ

**ਐਸ.ਏ.ਐਸ.ਨਗਰ (ਗੁਰਜੀਤ ਬਿੱਲਾ)**- ਪੰਜਾਬ ਰਾਜ ਵਿੱਚ ਸਰਪੰਚਾਂ ਅਤੇ ਪੰਚਾਂ ਦੀਆਂ ਖਾਲੀ ਰਹਿ ਗਈਆਂ ਸੀਟਾਂ ਦੀ ਮਿਤੀ 27 ਜੁਲਾਈ ਨੂੰ ਹੋਣ ਵਾਲੀਆਂ ਚੋਣਾਂ ਦੇ ਹੁਕਮ ਜਾਰੀ ਕੀਤੇ ਗਏ ਹਨ ਅਤੇ ਇਨ੍ਹਾਂ ਚੋਣਾਂ ਦੌਰਾਨ ਅਮਨ ਤੇ ਕਾਨੂੰਨ ਦੀ ਸਥਿਤੀ ਨੂੰ ਕਾਇਮ ਰੱਖਣ ਲਈ ਸਬੰਧਤ ਪਿੰਡਾਂ ਵਿੱਚ, ਜਿੱਥੇ ਜ਼ਿਮਨੀ ਚੋਣ ਨਿਸ਼ਚਿਤ ਕੀਤੀ ਗਈ ਹੈ, ਮਿਤੀ 28 ਜੁਲਾਈ ਤੱਕ ਅਸਲਾ ਚੁੱਕਣ ਤੇ ਪਾਬੰਦੀ ਲਗਾਈ ਗਈ ਹੈ। ਇਹ ਜਾਣਕਾਰੀ ਦਿੰਦਿਆਂ ਸ੍ਰੀਮਤੀ ਕੋਮਲ ਮਿੱਤਲ, ਆਈ.ਏ.ਐਸ., ਜ਼ਿਲ੍ਹਾ ਮੈਜਿਸਟਰੇਟ-ਕਮ-ਜ਼ਿਲ੍ਹਾ ਚੋਣ ਅਫ਼ਸਰ ਸਾਹਿਬਜ਼ਾਦਾ ਅਜੀਤ ਸਿੰਘ ਨਗਰ ਨੇ ਦੱਸਿਆ ਕਿ ਭਾਰਤੀ ਨਾਗਰਿਕ ਸੁਰੱਖਿਆ ਸੰਹਿਤਾ 2023 ਦੀ ਧਾਰਾ 163 ਦੇ ਤਹਿਤ ਮਿਲੀਆਂ ਸ਼ਕਤੀਆਂ ਦੀ ਵਰਤੋਂ ਕਰਦੇ ਹੋਏ, ਜ਼ਿਲ੍ਹਾ ਸਾਹਿਬਜ਼ਾਦਾ ਅਜੀਤ ਸਿੰਘ ਨਗਰ ਦੇ ਸਬੰਧਤ ਪਿੰਡਾਂ (ਜਿੱਥੇ 27 ਜੁਲਾਈ ਨੂੰ ਜ਼ਿਮਨੀ ਚੋਣਾਂ ਹੋ ਰਹੀਆਂ ਹਨ), ਦੀ ਹਦੂਦ ਅੰਦਰ ਹੁਕਮ ਜਾਰੀ ਹੋਣ ਤੋਂ ਮਿਤੀ 28.07.2025 ਤੱਕ ਸਬੰਧਤ ਪਿੰਡਾਂ ਵਿੱਚ ਅਸਲਾ ਚੁੱਕਣ ਤੇ ਪਾਬੰਦੀ ਦੇ ਹੁਕਮ ਜਾਰੀ ਕੀਤੇ ਜਾਂਦੇ ਹਨ। ਉਕਤ ਦਰਸਾਈ ਮਿਤੀ ਤੱਕ ਕੋਈ ਵੀ ਵਿਅਕਤੀ ਇਸ ਦੀ ਉਲੰਘਣਾ ਨਹੀ ਕਰੇਗਾ। ਇਹ ਹੁਕਮ ਸਿਵਲ ਪ੍ਰਸੋਨਲ, ਪੈਰਾ ਮਿਲਟਰੀ ਫੋਰਸ ਅਤੇ ਬਾਵਰਦੀ ਪੁਲਿਸ ਕਰਮਚਾਰੀਆਂ ਤੇ ਲਾਗੂ ਨਹੀਂ ਹੋਵੇਗਾ। ਜ਼ਿਲ੍ਹੇ ਵਿੱਚ 27 ਜੁਲਾਈ ਨੂੰ ਹੋਣ ਵਾਲੀ ਚੋਣ ਵਾਸਤੇ ਮੁਹਾਲੀ ਬਲਾਕ ਵਿੱਚ ਪਿੰਡ ਧਰਮਗੜ੍ਹ, ਗਰੀਨ ਇਨਕਲੇਵ ਦਾਊਂ ਅਤੇ ਮਾਜਰੀ ਬਲਾਕ ਵਿੱਚ ਰੁੜਕੀ ਖਾਮ ਵਿਖੇ ਪੰਚਾਇਤੀ ਚੋਣ ਲਈ ਪੋਲਿੰਗ ਬੂਥ ਬਣਾਏ ਗਏ ਹਨ।

# ਵਿਦਿਆਰਥੀਆਂ ਨੇ ਐੱਸ ਐੱਸ ਪੀ ਦਫ਼ਤਰ ਦਾ ਕੀਤਾ ਵਿਦਿਅਕ ਦੌਰਾ



**ਹੁਸ਼ਿਆਰਪੁਰ (ਬਲਵੀਰ ਸਿੰਘ ਸੈਣੀ)**- ਰਿਆਤ ਬਾਹਰਾ ਇੰਟਰਨੈਸ਼ਨਲ ਸਕੂਲ ਦੇ ਵਿਦਿਆਰਥੀਆਂ ਨੇ ਹਾਲ ਹੀ ਵਿੱਚ ਐਸ.ਐਸ.ਪੀ. ਦਫ਼ਤਰ ਦਾ ਵਿਦਿਅਕ ਅਤੇ ਪ੍ਰੇਰਣਾਦਾਇਕ ਦੌਰਾ ਕੀਤਾ। ਇਸ ਮੌਕੇ ਵਿਦਿਆਰਥੀਆਂ ਨੇ ਪੁਲਿਸ ਵਿਭਾਗ ਦੇ ਕੰਮਕਾਜ ਨੂੰ ਨੇੜਿਓਂ ਦੇਖਿਆ ਅਤੇ ਸਮਝਿਆ। ਦੌਰੇ ਦੌਰਾਨ, ਟ੍ਰੈਫਿਕ ਇੰਚਾਰਜ ਸੁਭਾਸ਼ ਭਗਤ ਨੇ ਵਿਦਿਆਰਥੀਆਂ ਨੂੰ ਸੜਕ ਸੁਰੱਖਿਆ, ਹੈਲਮੇਟ ਅਤੇ ਸੀਟ ਬੈਲਟ ਦੀ ਵਰਤੋਂ ਅਤੇ ਤੇਜ਼ ਰਫ਼ਤਾਰ ਦੇ ਖ਼ਤਰਿਆਂ ਬਾਰੇ ਜਾਣਕਾਰੀ ਦਿੱਤੀ। ਇਹ ਵਿਦਿਅਕ ਦੌਰਾ ਨਾ ਸਿਰਫ਼ ਜਾਣਕਾਰੀ ਭਰਪੂਰ ਸੀ, ਸਗੋਂ ਵਿਦਿਆਰਥੀਆਂ ਵਿੱਚ ਨਾਗਰਿਕ ਜ਼ਿੰਮੇਵਾਰੀ ਅਤੇ ਕਾਨੂੰਨ ਪ੍ਰਤੀ ਜਾਗਰੂਕਤਾ ਨੂੰ ਵਧਾਉਣ ਵਾਲਾ ਵੀ ਸਾਬਤ ਹੋਇਆ। ਉਨ੍ਹਾਂ ਨੇ ਸਿੱਖਿਆ ਕਿ ਸੁਰੱਖਿਆ ਨਿਯਮਾਂ ਦੀ ਪਾਲਣਾ ਕਰਨਾ ਨਾ ਸਿਰਫ਼ ਕਾਨੂੰਨ ਦਾ ਸਤਿਕਾਰ ਹੈ, ਸਗੋਂ ਇਹ ਸਾਡੀਆਂ ਜਾਨਾਂ ਅਤੇ ਦੂਜਿਆਂ ਦੀਆਂ ਜਾਨਾਂ ਦੀ ਰੱਖਿਆ ਲਈ ਵੀ ਜ਼ਰੂਰੀ ਹੈ। ਇਸ ਮੌਕੇ ਸਕੂਲ ਪ੍ਰਿੰਸੀਪਲ ਰਸ਼ਮੀ ਸ਼ਰਮਾ ਨੇ ਕਿਹਾ ਕਿ ਸਕੂਲ ਭਵਿੱਖ ਵਿੱਚ ਵੀ ਅਜਿਹੇ ਜਾਣਕਾਰੀ ਭਰਪੂਰ ਪ੍ਰੋਗਰਾਮਾਂ ਦਾ ਆਯੋਜਨ ਕਰਦਾ ਰਹੇਗਾ ਤਾਂ ਜੋ ਵਿਦਿਆਰਥੀ ਸਮਝ ਸਕਣ ਕਿ ਸੁਰੱਖਿਆ ਨਿਯਮਾਂ ਦੀ ਪਾਲਣਾ ਕਰਨਾ ਸਾਡੇ ਜੀਵਨ ਦਾ ਇੱਕ ਮਹੱਤਵਪੂਰਨ ਹਿੱਸਾ ਹੈ।

# 'ਏਕ ਪੇੜ ਮਾਂ ਕੇ ਨਾਮ' ਮੁਹਿੰਮ ਤਹਿਤ ਬੂਟੇ ਲਗਾਏ

**ਕਪੂਰਥਲਾ (ਹਨੀ)** ਰੇਲ ਕੋਚ ਫੈਕਟਰੀ ਸਾਹਮਣੇ ਸਥਿਤ ਸ੍ਰੀ ਗੁਰੂ ਹਰਕ੍ਰਿਸ਼ਨ ਪਬਲਿਕ ਸਕੂਲ ਵਿਖੇ ਸੀ ਬੀ ਐਸ ਈ ਵੱਲੋਂ ਚਲਾਈ ਮੁਹਿੰਮ 'ਏਕ ਪੇੜ ਮਾਂ ਕੇ ਨਾਮ' ਤਹਿਤ ਵਾਤਾਵਰਣ ਦੀ ਸ਼ੁੱਧਤਾ ਤੇ ਸਾਂਭ ਸੰਭਾਲ ਦੇ ਸੰਕਲਪ ਤਹਿਤ ਵਿਦਿਆਰਥੀਆਂ ਨੇ ਆਪਣੀਆਂ ਮਾਵਾਂ ਦੇ ਨਾਲ ਮਿਲ ਕੇ ਬੂਟੇ ਲਗਾਏ। ਇਸ ਮੌਕੇ ਪ੍ਰਿੰਸੀਪਲ ਪ੍ਰਬਦੀਪ ਕੌਰ ਮੋਂਗਾ ਨੇ ਕਿਹਾ ਕਿ ਰੁੱਖ ਸਾਡੇ ਜੀਵਨ ਦਾ ਆਧਾਰ ਹਨ, ਸਾਨੂੰ ਜਿਉਂਦੇ ਰਹਿਣ ਲਈ ਆਕਸੀਜਨ ਦੀ ਜ਼ਰੂਰਤ ਹੈ, ਜੋ ਸਾਨੂੰ ਰੁੱਖ ਹੀ ਦਿੰਦੇ ਹਨ। ਉਨ੍ਹਾਂ ਕਿਹਾ ਕਿ ਅਗਰ ਅਸੀਂ ਧਰਤੀ ਮਾਂ ਨੂੰ ਪਿਆਰ ਕਰਦੇ ਹਾਂ ਤਾਂ ਉਸ ਪ੍ਰਤੀ ਆਪਣੀਆਂ ਜ਼ਿੰਮੇਵਾਰੀਆਂ ਨਿਭਾਉਣ ਦੀ ਵੀ ਜ਼ਰੂਰਤ ਹੈ ਅਤੇ ਧਰਤੀ ਮਾਂ ਦੀ ਪਵਿੱਤਰਤਾ ਲਈ ਸਾਨੂੰ ਵੱਧ ਤੋਂ ਵੱਧ ਬੂਟੇ ਲਗਾਉਣੇ ਚਾਹੀਦੇ ਹਨ। ਇਸ ਮੁਹਿੰਮ ਤਹਿਤ ਵਿਦਿਆਰਥੀਆਂ ਨੇ ਨਾ ਸਿਰਫ ਬੂਟੇ ਲਗਾਏ, ਸਗੋਂ ਉਨ੍ਹਾਂ ਦੀ ਸਾਂਭ ਸੰਭਾਲ ਦੀ ਜ਼ਿੰਮੇਵਾਰੀ ਵੀ ਲਈ। ਸਕੂਲ ਦੇ ਸਮੂਹ ਵਿਦਿਆਰਥੀਆਂ ਅਤੇ ਸਟਾਫ ਵੱਲੋਂ ਬੜੇ ਚਾਅ ਨਾਲ ਇਸ ਮੁਹਿੰਮ ਵਿੱਚ ਬੜੇ ਜੋਸ਼ ਨਾਲ ਹਿੱਸਾ ਲਿਆ ਗਿਆ। ਸਕੂਲ ਦੀ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਬੀਬੀ ਗੁਰਪ੍ਰੀਤ ਕੌਰ, ਡਾਇਰੈਕਟਰ ਇੰਜੀਨੀਅਰ ਹਰਨਿਰਮਲ ਕੌਰ ਅਤੇ ਪ੍ਰਬੰਧਕ ਇੰਜੀਨੀਅਰ ਨਿਮਰਤਾ ਕੌਰ ਨੇ ਇਸ ਮੁਹਿੰਮ ਦੀ ਸ਼ਲਾਘਾ ਕੀਤੀ ਅਤੇ ਸਕੂਲ ਦੇ ਵਿਦਿਆਰਥੀਆਂ ਅਤੇ ਮੈਂਬਰਾਂ ਨੂੰ ਵੱਧ ਤੋਂ ਵੱਧ ਬੂਟੇ ਲਗਾ ਕੇ ਉਨ੍ਹਾਂ ਦੀ ਸੰਭਾਲ ਕਰਨ ਲਈ ਪ੍ਰੇਰਿਤ ਕੀਤਾ।



# ਸੜਕ ਹਾਦਸੇ 'ਚ ਦੋ ਔਰਤਾਂ ਦੀ ਮੌਤ

**ਬੰਗਾ (ਅਵਤਾਰ ਕਲੇਰ)**- ਬੰਗਾ ਹਲਕੇ ਦੇ ਪਿੰਡ ਸੰਧਵਾਂ ਵਿਖੇ ਸੈਰ ਕਰ ਰਹੀਆਂ ਦੋ ਔਰਤਾਂ ਦੀ ਮੌਤ ਹੋਣ ਦਾ ਸਮਾਚਾਰ ਪ੍ਰਾਪਤ ਹੋਇਆ ਹੈ। ਇਸ ਸਬੰਧੀ ਜਾਣਕਾਰੀ ਦਿੰਦਿਆਂ ਥਾਣਾ ਮੁਖੀ ਬਹਿਰਾਮ ਨੇ ਦੱਸਿਆ ਕੇ ਬੀਤੇ ਰਾਤ ਬਹਿਰਾਮ-ਮਾਹਿਲਪੁਰ ਸੜਕ ਤੇ ਪਿੰਡ ਸੰਧਵਾਂ ਨਜ਼ਦੀਕ ਦੋ ਔਰਤਾਂ ਸੈਰ ਕਰ ਰਹੀਆਂ ਸਨ ਤਾਂ ਇੱਕ ਕਾਰ ਨੇ ਉਨ੍ਹਾਂ ਨੂੰ ਜ਼ੋਰਦਾਰ ਟੱਕਰ ਮਾਰੀ। ਪ੍ਰਾਪਤ ਜਾਣਕਾਰੀ ਅਨੁਸਾਰ ਦੋ ਔਰਤਾਂ ਨੂੰ ਕਾਰ ਜਿਸ ਦਾ ਨੰਬਰ PB 07 AN 1726 ਨੇ ਟੱਕਰ ਮਾਰ ਦਿਤੀ। ਮੌਕੇ ਤੇ ਇਕ ਔਰਤ ਦੀ ਮੌਤ ਹੋ ਗਈ ਜਿਸ ਦੀ ਪਛਾਣ ਜਸਵਿੰਦਰ ਕੌਰ ਪਤਨੀ ਜਸਵਿੰਦਰ ਸਿੰਘ ਉਮਰ 37 ਸਾਲ ਪਿੰਡ ਸੰਧਵਾਂ ਅਤੇ ਜ਼ਖਮੀ ਔਰਤ ਨੂੰ ਨਿਜੀ ਹਸਪਤਾਲ ਲਿਜਾਇਆ ਗਿਆ ਜਿਥੇ ਉਸ ਦੀ ਵੀ ਮੌਤ ਹੋ ਗਈ ਜਿਸ ਦੀ ਪਛਾਣ ਬਲਵੀਰ ਕੌਰ ਪਿੰਡ ਸੰਧਵਾਂ ਵਜੋਂ ਹੋਈ। ਪੁਲਸ ਨੇ ਮਾਮਲਾ ਦਰਜ ਕਰਕੇ ਕਾਰ ਨੂੰ ਕਬਜ਼ੇ ਵਿੱਚ ਲੈ ਕੇ ਕਾਰਵਾਈ ਸ਼ੁਰੂ ਕਰ ਦਿਤੀ ਹੈ।

# 'ਬੂਟਾ ਲਗਾਓ ਮੁਹਿੰਮ ਅਤੇ ਯੁੱਧ ਨਸ਼ਿਆਂ ਵਿਰੁੱਧ' ਪ੍ਰੋਗਰਾਮ ਕਰਵਾਇਆ




**ਡੇਰਾ ਬੱਸੀ (ਵਿਨੈ ਕੁਮਾਰ ਜੈਨ)**- ਸਰਕਾਰੀ ਕਾਲਜ ਡੇਰਾ ਬੱਸੀ ਵਿਖੇ ਪ੍ਰਿੰਸੀਪਲ ਸ੍ਰੀਮਤੀ ਗਿਤਾਂਜਲੀ ਕਾਲੜਾ ਦੀ ਸਰਪ੍ਰਸਤੀ ਹੇਠ ਅੱਜ ਕਾਲਜ ਦੇ ਐੱਨ.ਐੱਸ.ਐੱਸ. ਵਿਭਾਗ ਅਤੇ ਵਾਤਾਵਰਣ ਕਲੱਬ ਦੁਆਰਾ ਬੂਟਾ ਲਗਾਓ ਮੁਹਿੰਮ ਕਰਵਾਈ ਗਈ। ਇਸ ਪ੍ਰੋਗਰਾਮ 'ਚ ਐੱਸ.ਸੀ.ਐੱਲ. ਲਾਈਫ ਸਾਇੰਸ ਲਿਮਟਿਡ ਡੇਰਾਬੱਸੀ ਦੀ ਫਾਰਮਾ ਕੰਪਨੀ ਦੇ ਡਾਇਰੈਕਟਰ ਸੌਰਵ ਗੋਇਲ ਅਤੇ ਉਹਨਾਂ ਦੀ ਟੀਮ ਵੱਲੋਂ 450 ਬੂਟੇ ਕਾਲਜ ਨੂੰ ਭੇਂਟ ਕੀਤੇ ਗਏ। ਇਸ ਪ੍ਰੋਗਰਾਮ ਵਿੱਚ ਐਨ.ਐਸ.ਐਸ. ਵਲੰਟੀਅਰ, ਸਟਾਫ ਮੈਂਬਰ ਅਤੇ ਕੰਪਨੀ ਦੇ ਟੀਮ ਮੈਂਬਰ ਵੀ ਸ਼ਾਮਿਲ ਸਨ। ਇਸ ਉਪਰੰਤ ਕਾਲਜ ਦੇ ਐਨ.ਐਸ.ਐਸ.ਅਤੇ ਬੱਡੀ ਗਰੁੱਪ ਦੁਆਰਾ ਪੰਜਾਬ ਸਰਕਾਰ ਦੀ ਚੱਲ ਰਹੀ ਮੁਹਿੰਮ 'ਯੁੱਧ ਨਸ਼ਿਆਂ ਵਿਰੁੱਧ' ਤਹਿਤ ਪ੍ਰੋਗਰਾਮ ਕਰਵਾਇਆ ਗਿਆ। ਪ੍ਰੋ. ਅਵਤਾਰ ਸਿੰਘ ਨੇ ਮੰਚ ਦਾ ਸੰਚਾਲਨ ਕੀਤਾ। ਇਸ ਪ੍ਰੋਗਰਾਮ ਵਿੱਚ ਸਿਵਲ ਹਸਪਤਾਲ ਦੇ ਸੀਨੀਅਰ ਮੈਡੀਕਲ ਅਫਸਰ ਡਾ. ਧਰਮਿੰਦਰ ਸਿੰਘ ਅਤੇ ਡਾ. ਰਿਆ ਨੇ ਮੁੱਖ ਮਹਿਮਾਨ ਦੇ ਤੌਰ ਤੇ ਸ਼ਿਰਕਤ ਕੀਤੀ। ਇਸ ਮੌਕੇ ਡਾ. ਧਰਮਿੰਦਰ ਸਿੰਘ ਨੇ ਵਿਦਿਆਰਥੀਆਂ ਨੂੰ ਨਸ਼ਿਆਂ ਵਿਰੁੱਧ ਜਾਗਰੂਕ ਕਰਦੇ ਹੋਏ ਕਿਹਾ ਕਿ ਪੰਜਾਬ ਸਰਕਾਰ ਦੀ ਨਸ਼ਾ ਮੁਕਤੀ ਮੁਹਿੰਮ ਤਹਿਤ ਵੱਖ-ਵੱਖ ਤਰ੍ਹਾਂ ਦੇ ਪ੍ਰੋਗਰਾਮ ਉਲੀਕੇ ਜਾ ਰਹੇ ਹਨ। ਇਸ ਸਬੰਧੀ ਉਹਨਾਂ ਨੇ ਫਰੀ ਨਸ਼ਾ ਮੁਕਤੀ ਦਵਾਈ ਕੇਂਦਰਾਂ ਬਾਰੇ ਵੀ ਦੱਸਿਆ। ਪ੍ਰਿੰਸੀਪਲ ਨੇ ਕਿਹਾ ਕਿ ਵਿਦਿਆਰਥੀਆਂ ਨੂੰ ਨਸ਼ਿਆਂ ਵਿਰੁੱਧ ਜਾਗਰੂਕ ਰਹਿਣਾ ਚਾਹੀਦਾ ਹੈ। ਇਸ ਲੜੀ ਤਹਿਤ ਪ੍ਰੋ. ਸੁਨੀਲ ਨੇ ਆਪਣੇ ਵਿਚਾਰ ਪੇਸ਼ ਕਰਦਿਆਂ ਦੱਸਿਆ ਕਿ ਪੰਜਾਬ ਨੂੰ ਨਸ਼ਾ ਮੁਕਤ ਬਨਾਉਣ ਲਈ ਸਾਨੂੰ ਆਪਣਾ ਪੂਰਾ ਯੋਗਦਾਨ ਦੇਣਾ ਚਾਹੀਦਾ ਹੈ ਤਾਂ ਹੀ ਅਸੀਂ ਪੰਜਾਬ ਨੂੰ ਵਿਕਾਸ ਦੇ ਰਾਹ ਤੇ ਪਹੁੰਚਾ ਸਕਦੇ ਹਾਂ। ਇਸ ਤੋਂ ਬਾਅਦ ਪ੍ਰੋ. ਕੋਮਲ ਦਿਓਲ ਦੁਆਰਾ ਯੁੱਧ ਨਸ਼ਿਆਂ ਵਿਰੁੱਧ ਨਾਲ ਸਬੰਧਿਤ ਪੀ.ਪੀ.ਟੀ. ਰਾਹੀਂ ਵਿਦਿਆਰਥੀਆਂ ਨੂੰ ਜਾਗਰੂਕ ਕੀਤਾ ਗਿਆ। ਅੰਤ ਵਿੱਚ ਐਨ.ਐਸ.ਐਸ. ਵਲੰਟੀਅਰ ਵੱਲੋਂ ਮਾਰਸ਼ਲ ਕਰਦੇ ਹੋਏ ਰਾਹ ਵਿੱਚ ਆਉਣ ਵਾਲੇ ਭੰਗ ਦੇ ਬੂਟਿਆਂ ਨੂੰ ਪੁੱਟ ਕੇ ਸਮਾਜ ਦੇ ਲੋਕਾਂ ਨੂੰ ਨਸ਼ਿਆਂ ਤੋਂ ਦੂਰ ਰਹਿਣ ਦਾ ਸੁਨੇਹਾ ਦਿੱਤਾ। ਇਸ ਮੌਕੇ ਕਾਲਜ ਦੇ ਵਾਈਸ ਪ੍ਰਿੰਸੀਪਲ ਪ੍ਰੋ. ਆਮੀ ਭੱਲਾ, ਪ੍ਰੋ. ਰਾਜਬੀਰ ਕੌਰ, ਪ੍ਰੋ. ਸਵਿਤਾ ਗੁਪਤਾ, ਸ੍ਰੀਮਤੀ ਭੁਪਿੰਦਰ ਕੌਰ, ਪ੍ਰੋ. ਨਵਜੋਤ ਕੌਰ, ਸਮੂਹ ਸਟਾਫ ਮੈਂਬਰ ਅਤੇ ਐਨ.ਐਸ.ਐਸ. ਵਲੰਟੀਅਰ ਮੌਜੂਦ ਸਨ।

# ਡੈਮੋਕ੍ਰੇਟਿਕ ਮੁਲਾਜ਼ਮ ਫੈਡਰੇਸ਼ਨ ਦਾ ਜਥਾ ਸੰਗਰੂਰ ਰੈਲੀ ਲਈ ਹੋਇਆ ਰਵਾਨਾ

**• ਜੇਲ੍ਹ 'ਚ ਬੰਦ ਮਜ਼ਦੂਰ ਆਗੂਆਂ ਨੂੰ ਤੁਰੰਤ ਰਿਹਾਅ ਕਰਨ ਦੀ ਕੀਤੀ ਮੰਗ**




**ਹੁਸ਼ਿਆਰਪੁਰ (ਬਲਵੀਰ ਸਿੰਘ ਸੈਣੀ)**- ਡੈਮੋਕ੍ਰੇਟਿਕ ਮੁਲਾਜ਼ਮ ਫੈਡਰੇਸ਼ਨ (ਡੀ.ਐਮ.ਐੱਫ.) ਦਾ ਇੱਕ ਜਥਾ ਜਥੇਬੰਦੀ ਦੇ ਜ਼ਿਲ੍ਹਾ ਜਨਰਲ ਸਕੱਤਰ ਮਨਜੀਤ ਸਿੰਘ ਦਸੂਹਾ, ਪੁਰਾਣੀ ਪੈਨਸ਼ਨ ਪ੍ਰਾਪਤੀ ਫ਼ਰੰਟ ਦੇ ਦੋਆਬਾ ਜੋਨ ਕਨਵੀਨਰ ਇੰਦਰ ਸੁਖਦੀਪ ਸਿੰਘ ਓਢਰਾ, ਪ੍ਰਵੀਨ ਸ਼ੇਰਪੁਰ, ਨੰਦ ਰਾਮ, ਬਲਕਾਰ ਸਿੰਘ ਪੁਰੀਕਾ ਅਤੇ ਡੈਮੋਕ੍ਰੇਟਿਕ ਜੰਗਲਾਤ ਮੁਲਾਜ਼ਮ ਯੂਨੀਅਨ ਦੇ ਆਗੂ ਸ਼ਿਵ ਦਿਆਲ ਆਦਿ ਦੀ ਅਗਵਾਈ ਹੇਠ ਰੈਲੀ ਵਿੱਚ ਸ਼ਮੂਲੀਅਤ ਕਰਨ ਲਈ ਸੰਗਰੂਰ ਨੂੰ ਰਵਾਨਾ ਹੋਇਆ। ਰਵਾਨਾ ਹੋਣ ਸਮੇਂ ਆਗੂਆਂ ਨੇ ਦੱਸਿਆ ਕਿ ਪੰਜਾਬ ਸਰਕਾਰ ਮਜ਼ਦੂਰ, ਕਿਸਾਨ ਅਤੇ ਮੁਲਾਜ਼ਮ ਜਥੇਬੰਦੀਆਂ ਨਾਲ ਗੱਲ ਕਰਨ ਨੂੰ ਵੀ ਤਿਆਰ ਨਹੀਂ ਹੈ ਅਤੇ ਸਰਕਾਰ ਨੇ ਬੇਗਮਪੁਰਾ ਵਸਾਉਣ ਜਾ ਰਹੇ ਜ਼ਮੀਨ ਪ੍ਰਾਪਤੀ ਸੰਘਰਸ਼ ਕਮੇਟੀ ਦੇ ਭੂਮੀਹੀਨ ਦਲਿਤ ਮਜ਼ਦੂਰ ਮਰਦ ਔਰਤਾਂ ਨੂੰ ਪਿਛਲੇ ਕਈ ਮਹੀਨਿਆਂ ਤੋਂ ਜੇਲ੍ਹਾਂ ਵਿੱਚ ਡੱਕਿਆ ਹੋਇਆ ਹੈ। ਸਰਕਾਰ ਦੁਆਰਾ ਸੂਬੇ ਨੂੰ ਪੁਲਿਸ ਰਾਜ ਵਿੱਚ ਤਬਦੀਲ ਕਰਨ ਅਤੇ ਜਮਹੂਰੀ ਸੰਘਰਸ਼ਾਂ ਨੂੰ ਦਬਾਉਣ ਦੀ ਪੰਜਾਬ ਸਰਕਾਰ ਦੀ ਦਮਨਕਾਰੀ ਨੀਤੀ ਖਿਲਾਫ ਕਿਸਾਨ ਅਤੇ ਮਜ਼ਦੂਰ ਜੱਥੇਬੰਦੀਆਂ ਵੱਲੋਂ ਅੱਜ ਸੰਗਰੂਰ ਵਿਖੇ ਜਬਰ ਵਿਰੋਧੀ ਰੈਲੀ ਕੀਤੀ ਜਾ ਰਹੀ ਹੈ। ਆਗੂਆਂ ਨੇ ਕਿਹਾ ਕਿ ਪੰਜਾਬ ਸਰਕਾਰ ਵੱਲੋਂ 18 ਨਵੰਬਰ 2022 ਨੂੰ ਪੁਰਾਣੀ ਪੈਨਸ਼ਨ ਸਕੀਮ ਲਾਗੂ ਕਰਨ ਸਬੰਧੀ ਨੋਟੀਫਿਕੇਸ਼ਨ ਜਾਰੀ ਕੀਤਾ ਗਿਆ ਸੀ, ਪਰ ਲਗਭਗ ਤਿੰਨ ਸਾਲ ਦਾ ਸਮਾਂ ਬੀਤਣ ਦੇ ਬਾਵਜੂਦ ਪੰਜਾਬ ਦੇ ਇੱਕ ਵੀ ਮੁਲਾਜ਼ਮ ਤੇ ਹਕੀਕੀ ਰੂਪ ਵਿੱਚ ਪੁਰਾਣੀ ਪੈਨਸ਼ਨ ਲਾਗੂ ਨਹੀਂ ਹੋਈ ਅਤੇ ਨਾ ਹੀ ਕਿਸੇ ਮੁਲਾਜ਼ਮ ਦਾ ਜੀ.ਪੀ.ਐੱਫ. ਖਾਤਾ ਹੀ ਖੋਲ੍ਹਿਆ ਗਿਆ ਹੈ। ਪੈਨਸ਼ਨ ਦਾ ਮੁੱਦਾ ਰਾਜਾਂ ਦੇ ਅਧਿਕਾਰ ਹੇਠ ਆਉਂਦਾ ਹੈ ਪਰ ਪੰਜਾਬ ਸਰਕਾਰ ਦੀ ਕੈਬਨਿਟ ਸਬ ਕਮੇਟੀ ਹੁਣ ਪੁਰਾਣੀ ਪੈਨਸ਼ਨ ਤੋਂ ਕਿਨਾਰਾ ਕਰਕੇ ਯੂ.ਪੀ.ਐੱਸ. ਨੂੰ ਹੀ ਵਿਚਾਰਨ ਤੇ ਬਜ਼ਿੱਦ ਹੈ ਜਿਸ ਦੇ ਖ਼ਿਲਾਫ਼ ਮੁਲਾਜ਼ਮਾਂ 'ਚ ਤਿੱਖਾ ਰੋਸ ਹੈ।ਆਗੂਆਂ ਨੇ ਮੰਗ ਕੀਤੀ ਕਿ ਸਰਕਾਰ ਮਜ਼ਦੂਰ ਆਗੂਆਂ ਨੂੰ ਰਿਹਾਅ ਕਰੇ, ਦਮਨਕਾਰੀ ਨੀਤੀ ਨੂੰ ਤਿਆਗੇ ਅਤੇ ਮਜ਼ਦੂਰ, ਕਿਸਾਨ ਮੁਲਾਜ਼ਮ ਆਗੂਆਂ ਨਾਲ਼ ਗੱਲਬਾਤ ਦਾ ਦੌਰ ਸ਼ੁਰੂ ਕਰੇ। ਇਸ ਜਥੇ ਵਿੱਚ ਵਰਿੰਦਰ ਸੈਣੀ, ਜਤਿੰਦਰ ਚੱਕ ਅੱਲ੍ਹਾ ਬਖਸ਼, ਮਲਕੀਤ ਸਿੰਘ ਅਤੇ ਮਦਨ ਸਿੰਘ ਆਦਿ ਆਗੂ ਵੀ ਸ਼ਾਮਿਲ ਸਨ।

# ਹੈਡੋਂ ਬੇਟ ਦੀ ਗਲੀ ਦਾ ਕੰਮ ਸਰਪੰਚ ਨੇ ਕਰਵਾਇਆ ਸ਼ੁਰੂ

**ਬਲਾਚੌਰ (ਜਸਵਿੰਦਰ ਬੈਂਸ)**- ਵਿਧਾਇਕ ਸੰਤੋਸ਼ ਕਟਾਰੀਆ ਨੇ ਪਿੰਡ ਹਡੋਂ ਬੇਟ ਪੰਚਾਇਤ ਨੂੰ ਵਿਕਾਸ ਕਾਰਜਾਂ ਲਈ ਗ੍ਰਾਂਟ ਰਾਸ਼ੀ ਦਾ ਚੈੱਕ ਸੌਂਪਿਆ। ਇਸ ਦੌਰਾਨ ਪਿੰਡ ਦੇ ਸਰਪੰਚ ਦਾਰਾ ਸਿੰਘ ਵੱਲੋਂ ਪਿੰਡ ਦੀ ਗਲੀ ਦੀ ਉਸਾਰੀ ਦਾ ਕੰਮ ਸ਼ੁਰੂ ਕਰਵਾਇਆ ਗਿਆ। ਸਰਪੰਚ ਦਾਰਾ ਸਿੰਘ ਨੇ ਕਿਹਾ ਕਿ ਪਿੰਡ ਵਾਸੀਆਂ ਨੇ ਮੰਗ ਕੀਤੀ ਸੀ ਕਿ ਇਹ ਗਲੀ ਲੰਬੇ ਸਮੇਂ ਤੋਂ ਕੱਚੀ ਪਈ ਹੈ। ਸਰਪੰਚ ਦਾਰਾ ਸਿੰਘ ਨੇ ਕਿਹਾ ਕਿ ਇਹ ਗਲੀ ਲਗਭਗ 20 ਲੱਖ ਰੁਪਏ ਦੀ ਲਾਗਤ ਨਾਲ ਬਣਾਈ ਜਾਵੇਗੀ। ਇਸ ਤੋਂ ਬਾਅਦ ਵਿਧਾਇਕ ਸੰਤੋਸ਼ ਕਟਾਰੀਆ ਅਤੇ ਸੀਨੀਅਰ ਆਗੂ ਅਸ਼ੋਕ ਕਟਾਰੀਆ ਦੀ ਮਦਦ ਨਾਲ ਇਸ ਗਲੀ ਦਾ ਕੰਮ ਸ਼ੁਰੂ ਕੀਤਾ ਗਿਆ ਹੈ। ਇਸ ਮੌਕੇ ਪਿੰਡ ਦੀ ਪੰਚਾਇਤ ਨੇ ਵਿਧਾਇਕ ਸੰਤੋਸ਼ ਕਟਾਰੀਆ ਅਤੇ ਅਸ਼ੋਕ ਕਟਾਰੀਆ ਦਾ ਧੰਨਵਾਦ ਕੀਤਾ। ਇਸ ਮੌਕੇ ਸਾਬਕਾ ਸਰਪੰਚ ਗਿਆਨ ਸਿੰਘ, ਰਾਜ ਕੁਮਾਰ, ਪਵਨ ਕੁਮਾਰ, ਅਮਰਜੀਤ, ਲਾਬੀ ਠੇਕੇਦਾਰ, ਚਰਨਦਾਸ ਪੰਚ, ਜਗਤਾਰ ਪੰਚ, ਸੋਨੂੰ, ਸੇਠੀ ਪੰਚ, ਪ੍ਰੇਮ ਸਿੰਘ ਅਤੇ ਹੋਰ ਪਿੰਡ ਵਾਸੀ ਮੌਜੂਦ ਸਨ।



# ਪੀਰ ਬਾਬਾ ਲਾਭੇ ਸ਼ਾਹ ਦੇ ਸਾਲਾਨਾ ਜੋੜ ਮੇਲੇ ਮੌਕੇ ਵਿਸ਼ਾਲ ਖ਼ੂਨਦਾਨ ਕੈਂਪ ਲਗਾਇਆ

**ਮੇਹਟੀਆਣਾ (ਜਗਤਾਰ ਸਿੰਘ ਭੁੰਗਰਨੀ)**- ਪਿੰਡ ਖੰਨੌੜਾ ਵਿਖੇ ਦਰਬਾਰ ਪੀਰ ਬਾਬਾ ਲਾਭੇ ਸ਼ਾਹ ਜੀ ਈਦਗਾਹ ਜੀ ਦੇ ਅਸਥਾਨ 'ਤੇ ਸਮੂਹ ਨਗਰ ਨਿਵਾਸੀ, ਗ੍ਰਾਮ ਪੰਚਾਇਤ, ਪ੍ਰਵਾਸੀ ਭਾਰਤੀਆਂ ਅਤੇ ਇਲਾਕੇ ਦੇ ਸਹਿਯੋਗ ਨਾਲ ਸਾਲਾਨਾ ਤਿੰਨ ਰੋਜ਼ਾ ਜੋੜ ਮੇਲਾ ਧੂਮਧਾਮ ਨਾਲ ਕਰਵਾਇਆ ਗਿਆ। ਇਸ ਮੌਕੇ ਡੇਰੇ ਦੇ ਮੁੱਖ ਸੇਵਾਦਾਰ ਸਾਈਂ ਜਸਵੰਤ ਸਿੰਘ ਜੱਸਾ ਖੰਨੌੜਾ ਨੇ ਪੱਤਰਕਾਰਾਂ ਨੂੰ ਦੱਸਿਆ ਕਿ ਸਲਾਨਾ ਜੋੜ ਮੇਲੇ ਮੌਕੇ ਦਸਵੰਧ ਗਰੀਬਾਂ ਲਈ ਵੈਲਫੇਅਰ ਸੁਸਾਇਟੀ ਵੱਲੋਂ 49ਵਾਂ ਵਿਸ਼ਾਲ ਖ਼ੂਨਦਾਨ ਕੈਂਪ ਲਗਾਇਆ ਗਿਆ। ਇਸ ਮੌਕੇ ਮੁੱਖ ਪ੍ਰਬੰਧਕ ਜਸਵੰਤ ਸਿੰਘ ਜੱਸਾ ਦੀ ਅਗਵਾਈ ਵਿੱਚ 49ਵਾਂ ਖ਼ੂਨਦਾਨ ਕੈਂਪ ਸੰਪੰਨ ਹੋਇਆ। ਇਸ ਮੌਕੇ ਸੁਸਾਇਟੀ ਦੇ ਸੇਵਾਦਾਰ ਭਾਈ ਸੁਖਜੀਤ ਸਿੰਘ ਡਰੋਲੀ, ਗੁਰਦੁਆਰਾ ਸ਼ਹੀਦ ਬਾਬਾ ਮੱਤੀਂ ਸਾਹਿਬ ਜੀ ਪਿੰਡ ਡਰੋਲੀ ਦੇ ਮਾਣਯੋਗ ਪ੍ਰਧਾਨ ਜਥੇਦਾਰ ਮਨੋਹਰ ਸਿੰਘ, ਸਮੂਹ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਦਸਵੰਧ ਗਰੀਬਾਂ ਲਈ ਵੈਲਫੇਅਰ ਸੁਸਾਇਟੀ ਰਜਿ ਪੰਜਾਬ ਵੱਲੋਂ ਮਾਨਵਤਾ ਦੀ ਸੇਵਾ ਵਿਚ ਆਪਣਾ 49 ਵਾਂ ਸਵੈ ਇੱਛੁਕ ਖ਼ੂਨਦਾਨ ਕੈਂਪ ਲਗਾਇਆ ਗਿਆ ਜਿਸ ਵਿੱਚ 19 ਵੀਰਾਂ ਭੈਣਾਂ ਵੱਲੋਂ ਖ਼ੂਨਦਾਨ ਕੀਤਾ ਗਿਆ। ਇਸ ਮੌਕੇ ਖ਼ੂਨਦਾਨ ਕੈਂਪ ਵਿੱਚ ਸਹਿਯੋਗ ਦੇਣ 'ਤੇ ਸੁਸਾਇਟੀ ਦੇ ਸੇਵਾਦਾਰ ਭਾਈ ਸੁਖਜੀਤ ਸਿੰਘ ਡਰੋਲੀ ਕਲਾਂ ਨੇ ਧੰਨਵਾਦ ਕੀਤਾ।



# ਥੈਲੇਸੀਮੀਆ ਮਰੀਜ਼ਾਂ ਲਈ 1000 ਬੈੱਡਸਾਈਡ ਕੰਪੋਨੈਂਟ ਦਾਨ ਕੀਤੇ

**ਹੁਸ਼ਿਆਰਪੁਰ (ਬਲਵੀਰ ਸਿੰਘ ਸੈਣੀ)**- ਸਮਾਜਿਕ ਸਿਹਤ ਅਤੇ ਭਲਾਈ ਪ੍ਰਤੀ ਆਪਣੀ ਨਿਰੰਤਰ ਵਚਨਬੱਧਤਾ ਦੇ ਹਿੱਸੇ ਵਜੋਂ, ਇੰਡੀਅਨ ਆਇਲ ਕਾਰਪੋਰੇਸ਼ਨ ਲਿਮਟਿਡ (ਆਈ.ਓ.ਸੀ.ਐਲ), ਊਨਾ ਦੀ ਉੱਤਰੀ ਖੇਤਰ ਪਾਈਪਲਾਈਨਜ਼ (ਐੱਨ.ਆਰ.ਪੀ.ਐੱਲ) ਨੇ ਆਪਣੀ ਪ੍ਰਮੁੱਖ ਸੀ.ਐਸ.ਆਰ ਪਹਿਲਕਦਮੀ, ਪ੍ਰੋਜੈਕਟ ਅਰੋਗਿਆ ਧਾਰਾ ਦੇ ਤਹਿਤ ਸਿਵਲ ਹਸਪਤਾਲ, ਹੁਸ਼ਿਆਰਪੁਰ ਨੂੰ ਥੈਲੇਸੀਮੀਆ ਮਰੀਜ਼ਾਂ ਲਈ 1000 ਬੈੱਡਸਾਈਡ ਕੰਪੋਨੈਂਟ ਦਾਨ ਕੀਤੇ। ਇਹ ਕੰਪੋਨੈਂਟ ਡਿਪਟੀ ਕਮਿਸ਼ਨਰ ਹੁਸ਼ਿਆਰਪੁਰ ਆਸ਼ਿਕਾ ਜੈਨ ਵੱਲੋਂ ਜ਼ਿਲ੍ਹਾ ਟੀਕਾਕਰਨ ਅਫ਼ਸਰ ਸੀਮਾ ਗਰਗ ਦੀ ਮੌਜੂਦਗੀ ਵਿਚ ਰਸਮੀ ਤੌਰ ਤੇ ਹਸਪਤਾਲ ਨੂੰ ਸੌਂਪੇ ਗਏ। ਇਹ ਕੰਪੋਨੈਂਟ ਮੁੱਖ ਤੌਰ ਤੇ ਥੈਲੇਸੀਮੀਆ ਤੋਂ ਪ੍ਰਭਾਵਿਤ ਬੱਚਿਆਂ ਲਈ ਵਰਤੇ ਜਾਣਗੇ ਜਿਨ੍ਹਾਂ ਨੂੰ ਨਿਯਮਿਤ ਖੂਨ ਚੜ੍ਹਾਉਣ ਅਤੇ ਲੰਬੇ ਸਮੇਂ ਦੀ ਦੇਖਭਾਲ ਦੀ ਲੋੜ ਹੁੰਦੀ ਹੈ। ਇਸ ਮੌਕੇ ਐੱਨ.ਆਰ.ਪੀ.ਐੱਲ ਊਨਾ ਦੇ ਸੀਨੀਅਰ ਆਪ੍ਰੇਸ਼ਨ ਮੈਨੇਜਰ ਅਮਨਦੀਪ ਭਾਰਦਵਾਜ ਨੇ ਕਿਹਾ ਕਿ ਇੰਡੀਅਨ ਆਇਲ ਦੇ ਪ੍ਰੋਜੈਕਟ ਅਰੋਗਿਆ ਧਾਰਾ ਦਾ ਉਦੇਸ਼ ਮਹੱਤਵਪੂਰਨ ਸਿਹਤ ਸੰਭਾਲ ਬੁਨਿਆਦੀ ਢਾਂਚੇ ਦਾ ਸਮਰਥਨ ਕਰਨਾ ਅਤੇ ਜਨਤਕ ਸਿਹਤ ਸਹੂਲਤਾਂ ਵਿਚ ਪ੍ਰਦਾਨ ਕੀਤੇ ਜਾਣ ਵਾਲੇ ਇਲਾਜ ਦੀ ਗੁਣਵੱਤਾ ਨੂੰ ਵਧਾਉਣਾ ਹੈ। ਇਹ ਪਹਿਲਕਦਮੀ ਥੈਲੇਸੀਮੀਆ ਵਰਗੀਆਂ ਪੁਰਾਣੀਆਂ ਬਿਮਾਰੀਆਂ ਨਾਲ ਜੂਝ ਰਹੇ ਬੱਚਿਆਂ ਲਈ ਦੇਖਭਾਲ ਤੱਕ ਬਰਾਬਰ ਪਹੁੰਚ ਯਕੀਨੀ ਬਣਾਉਣ ਅਤੇ ਇਲਾਜ ਦੇ ਨਤੀਜਿਆਂ ਨੂੰ ਬਿਹਤਰ ਬਣਾਉਣ ਲਈ ਇੰਡੀਅਨ ਆਇਲ ਦੀ ਵਚਨਬੱਧਤਾ ਨੂੰ ਦਰਸਾਉਂਦੀ ਹੈ। ਆਸ਼ਿਕਾ ਜੈਨ ਨੇ ਇੰਡੀਅਨ ਆਇਲ ਦੇ ਉਦਾਰ ਸਮਰਥਨ ਦੀ ਸ਼ਲਾਘਾ ਕੀਤੀ।




# ਕੈਰੀਅਰ ਗਾਈਡੈਂਸ ਪ੍ਰੋਗਰਾਮ ਕਰਵਾਇਆ



**ਹੁਸ਼ਿਆਰਪੁਰ (ਓਮ ਪ੍ਰਕਾਸ਼ ਰਾਣਾ)** ਜ਼ਿਲ੍ਹਾ ਰੋਜ਼ਗਾਰ ਉਤਪਤੀ, ਹੁਨਰ ਵਿਕਾਸ ਅਤੇ ਸਿਖਲਾਈ ਅਫ਼ਸਰ ਰਮਨਦੀਪ ਕੌਰ ਨੇ ਦੱਸਿਆ ਕਿ ਜ਼ਿਲ੍ਹਾ ਰੋਜ਼ਗਾਰ ਅਤੇ ਕਾਰੋਬਾਰ ਬਿਊਰੋ-ਕਮ-ਮਾਡਲ ਕਰੀਅਰ ਸੈਂਟਰ ਹੁਸ਼ਿਆਰਪੁਰ ਵੱਲੋਂ ਡੀ ਏ ਵੀ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਹੁਸ਼ਿਆਰਪੁਰ ਅਤੇ ਚੌਧਰੀ ਬਲਬੀਰ ਸਿੰਘ ਪਬਲਿਕ ਸਕੂਲ ਹੁਸ਼ਿਆਰਪੁਰ ਵਿਖੇ ਦਸਵੀਂ, ਗਿਆਰ੍ਹਵੀਂ ਅਤੇ ਬਾਰ੍ਹਵੀਂ ਦੇ ਵਿਦਿਆਰਥੀਆਂ ਨੂੰ ਉਨ੍ਹਾਂ ਦੇ ਭਵਿੱਖ ਦੇ ਕਰੀਅਰ ਚੋਣ ਸੰਬੰਧੀ ਕਰੀਅਰ ਗਾਈਡੈਂਸ ਪ੍ਰੋਗਰਾਮ ਦਾ ਆਯੋਜਨ ਕੀਤਾ ਗਿਆ। ਪ੍ਰੋਗਰਾਮ ਦੀ ਸ਼ੁਰੂਆਤ ਕਰਦੇ ਹੋਏ ਕਰੀਅਰ ਕਾਊਂਸਲਰ ਵਿਸ਼ਾਲ ਚਾਵਲਾ ਨੇ ਵਿਦਿਆਰਥੀਆਂ ਨੂੰ ਰੋਜ਼ਗਾਰ ਬਿਊਰੋ ਦੀ ਮਹੱਤਤਾ ਬਾਰੇ ਦੱਸਦੇ ਹੋਏ ਰੋਜ਼ਗਾਰ ਬਿਊਰੋ ਰਾਹੀਂ ਦਿੱਤੀਆਂ ਜਾਂਦੀਆਂ ਸਹੂਲਤਾਂ, ਜਿਵੇਂ ਕਿ ਬੱਚਿਆਂ ਦੇ ਭਵਿੱਖ ਦੇ ਕਰੀਅਰ ਲਈ ਕੀਤੀ ਜਾਂਦੀ ਕਰੀਅਰ ਕਾਊਂਸਲਿੰਗ, ਵੱਖ ਵੱਖ ਸਟ੍ਰੀਮਾਂ ਦੀ ਪੜ੍ਹਾਈ, ਆਈ ਟੀ ਆਈ ਕੋਰਸ, ਡਿਪਲੋਮਾ ਅਤੇ ਡਿਗਰੀ ਕੋਰਸਾਂ ਬਾਰੇ ਜਾਣਕਾਰੀ ਦਿੱਤੀ। ਇਸੇ ਤਰ੍ਹਾਂ ਪਲੇਸਮੈਂਟ ਸੈੱਲ ਦੁਆਰਾ ਕੀਤੇ ਜਾਂਦੇ ਨੌਕਰੀਆਂ ਦੇ ਉਪਰਾਲੇ, ਰੋਜ਼ਗਾਰ ਬਿਊਰੋ ਰਾਹੀਂ ਦਿੱਤੀ ਜਾਂਦੀ ਮੁਫਤ ਇੰਟਰਨੈੱਟ ਸੁਵਿਧਾ, ਸਵੈ-ਰੋਜ਼ਗਾਰ ਸਕੀਮਾਂ, ਸ਼ਾਰਟ-ਟਰਮ ਤਕਨੀਕੀ ਕੋਰਸਾਂ ਬਾਰੇ ਵਿਸਥਾਰਪੂਰਵਕ ਜਾਣਕਾਰੀ ਦਿੱਤੀ। ਇਸ ਤੋਂ ਇਲਾਵਾ ਪੰਜਾਬ ਸਰਕਾਰ ਦੀਆਂ ਵੱਖ-ਵੱਖ ਨੌਕਰੀਆਂ ਅਤੇ ਬੈਂਕਿੰਗ ਸੈਕਟਰ ਦੀਆਂ ਨੌਕਰੀਆਂ ਬਾਰੇ ਵੀ ਜਾਣਕਾਰੀ ਦਿੱਤੀ। ਇਸ ਉਪਰੰਤ ਫੂਡ ਕ੍ਰਾਫਟ ਇੰਸਟੀਚਿਊਟ ਤੋਂ ਅਸ਼ਵਨੀ ਕੁਮਾਰ ਕੁੰਡਲ ਨੇ ਵਿਦਿਆਰਥੀਆਂ ਨੂੰ ਹੋਟਲ ਮੈਨੇਜਮੈਂਟ ਦੇ ਸਰਟੀਫਿਕੇਟ, ਡਿਪਲੋਮਾ ਅਤੇ ਡਿਗਰੀ ਕੋਰਸਾਂ ਬਾਰੇ ਜਾਣਕਾਰੀ ਦਿੱਤੀ। ਇਸ ਦੇ ਨਾਲ ਹੀ ਉਨ੍ਹਾਂ ਸਰਕਾਰ ਵੱਲੋਂ ਮੁਫ਼ਤ ਚਲਾਏ ਜਾਂਦੇ ਕੋਰਸਾਂ ਬਾਰੇ ਜਾਣਕਾਰੀ ਦਿੱਤੀ। ਡਿਪਾਰਟਮੈਂਟ ਆਫ ਕਰੀਅਰ ਗਾਈਡੈਂਸ ਲਵਲੀ ਪ੍ਰੋਫ਼ੈਸ਼ਨਲ ਯੂਨੀਵਰਸਿਟੀ ਫਗਵਾੜਾ ਵਰੁਣ ਨਈਅਰ ਨੇ ਵਿਦਿਅਰਥੀਆਂ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਵਿਦਿਆਰਥੀਆਂ ਨੂੰ ਉਹ ਕੋਰਸ ਕਰਨੇ ਚਾਹੀਦੇ ਹਨ, ਜਿਸ ਦੀ ਅਜੋਕੇ ਸਮੇ ਵਿੱਚ ਜ਼ਰੂਰਤ ਹੈ। ਕਰੀਅਰ ਗਾਈਡੈਂਸ ਪ੍ਰੋਗਰਾਮ ਦੌਰਾਨ ਸਬੰਧਤ ਦੋਵਾਂ ਸਕੂਲ ਦੇ ਸਮੂਹ ਸਟਾਫ ਅਤੇ 180 ਵਿਦਿਆਰਥੀਆਂ ਨੇ ਬਹੁਤ ਹੀ ਉਤਸ਼ਾਹ ਪੂਰਵਕ ਭਾਗ ਲਿਆ। ਇਸ ਮੌਕੇ ਪ੍ਰਿੰਸੀਪਲ ਡੀ.ਏ.ਵੀ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਰਾਜੇਸ ਕੁਮਾਰ ਅਤੇ ਪ੍ਰਿੰਸੀਪਲ ਚੌਧਰੀ ਬਲਬੀਰ ਸਿੰਘ ਪਬਲਿਕ ਸਕੂਲ ਹੁਸ਼ਿਆਰਪੁਰ ਏ.ਐਸ. ਬੇਦੀ ਨੇ ਜ਼ਿਲ੍ਹਾ ਰੋਜ਼ਗਾਰ ਅਤੇ ਕਾਰੋਬਾਰ ਬਿਊਰੋ ਹੁਸ਼ਿਆਰਪੁਰ ਦਾ ਧੰਨਵਾਦ ਕੀਤਾ।

# ਲੈਂਡ ਪੂਲਿੰਗ ਦੇ ਵਿਰੋਧ 'ਚ ਕਾਂਗਰਸ ਦੇ ਅਹੁਦੇਦਾਰਾਂ ਤੇ ਵਰਕਰਾਂ ਦੀ ਮੀਟਿੰਗ

**ਫਿਲੌਰ (ਨਿਰਮਲ)**- ਕਾਂਗਰਸ ਪਾਰਟੀ ਹਲਕਾ ਫਿਲੌਰ ਕਿਸਾਨ ਵਿੰਗ ਦੇ ਪ੍ਰਧਾਨ ਲਖਵਿੰਦਰ ਸਿੰਘ ਮੋਤੀਪੁਰ ਖਾਲਸਾ ਦੀ ਅਗਵਾਈ ਹੇਠ ਲੈਂਡ ਪੂਲਿੰਗ ਨੀਤੀ ਨੂੰ ਲੈ ਕੇ ਪੁਰਾਣੀ ਦਾਣਾ ਮੰਡੀ ਫਿਲੌਰ ਵਿਖੇ ਮੀਟਿੰਗ ਕੀਤੀ ਗਈ। ਲਖਵਿੰਦਰ ਸਿੰਘ ਮੋਤੀਪੁਰ ਨੇ ਪੰਜਾਬ ਸਰਕਾਰ 'ਤੇ ਵਰ੍ਹਦਿਆਂ ਕਿਹਾ ਕਿ ਲੈਂਡ ਪੂਲਿੰਗ ਸਕੀਮ ਕਾਰਨ ਪੰਜਾਬ ਦੀ ਅੰਨ ਸੁਰੱਖਿਆ ਤੇ ਆਰਥਿਕ ਸਥਿਰਤਾ ਖ਼ਤਰੇ 'ਚ ਆ ਗਈ ਹੈ ਅਤੇ 40 ਹਜ਼ਾਰ ਏਕੜ ਉਪਜਾਊ ਜ਼ਮੀਨ 'ਤੇ ਕੰਕਰੀਟ ਦੇ ਜੰਗਲ ਵਸਾ ਕੇ ਲੱਖਾਂ ਟਨ ਅਨਾਜ ਦਾ ਉਤਪਾਦਨ ਘਟੇਗਾ, ਜੋ ਸਿਰਫ ਪੰਜਾਬ ਹੀ ਨਹੀਂ ਸਗੋਂ ਦੇਸ਼ ਭਰ ਨੂੰ ਪ੍ਰਭਾਵਿਤ ਕਰੇਗਾ। ਮੋਤੀਪੁਰ ਨੇ ਕਿਹਾ ਕਿ ਇਹ ਨੀਤੀ ਇਕ ਰਾਜਨੀਤਿਕ ਆਰਥਿਕ ਚਾਲ ਹੈ ਜੋ ਆਪ ਸਰਕਾਰ ਆਪਣੇ ਚਹੇਤਿਆਂ ਨੂੰ ਰੀਅਲ ਅਸਟੇਟ ਮਾਫ਼ੀਆ ਨੂੰ ਲਾਭ ਦੇ ਰਹੀ ਹੈ। ਉਨ੍ਹਾਂ ਚੇਤਾਵਨੀ ਦਿੱਤੀ ਕਿ ਜੇ ਪੰਜਾਬ ਸਰਕਾਰ ਤੇ ਸੰਬੰਧਤ ਵਿਭਾਗਾਂ ਨੇ ਇਹ ਫੈਸਲਾ ਵਾਪਸ ਨਾ ਲਿਆ ਤਾਂ ਸਰਕਾਰ ਵਿਰੁੱਧ ਸੂਬਾ ਪੱਧਰ 'ਤੇ ਸੰਘਰਸ਼ ਅਰੰਭ ਦਿੱਤਾ ਜਾਵੇਗਾ, ਜਿਸ ਦੀ ਜ਼ਿੰਮੇਵਾਰੀ ਪੰਜਾਬ ਸਰਕਾਰ ਹੋਵੇਗੀ। ਹੋਰਨਾਂ ਤੋਂ ਇਲਾਵਾ ਇਸ ਮੌਕੇ ਵੱਖ ਵੱਖ ਆਗੂ ਬਲਜਿੰਦਰ ਸਿੰਘ ਬਿੱਟੂ, ਅਵਤਾਰ ਸਿੰਘ, ਗੁਰਪ੍ਰੀਤ ਸਿੰਘ ਢਿੱਲੋਂ, ਮਨਜੀਤ ਸਿੰਘ ਮੋਤੀਪੁਰ ਖਾਲਸਾ ਦੇ ਸਰਪੰਚ, ਕਿਸਾਨ ਹਾਜ਼ਰ ਸਨ।

# ਰੋਟਰੀ ਕਲੱਬ ਨੇ ਮਨਾਇਆ ਆਮਦਨ ਕਰ ਦਿਵਸ

**ਸ੍ਰੀ ਆਨੰਦਪੁਰ ਸਾਹਿਬ (ਅਰਵਿੰਦਰ ਸਿੰਘ ਬਿੰਦੀ)**- ਰੋਟਰੀ ਕਲੱਬ ਸ੍ਰੀ ਅਨੰਦਪੁਰ ਸਾਹਿਬ ਵੱਲੋਂ ਚਾਰਟਰ ਅਕਾਊਂਟੈਂਟ ਗੁਰਜਿੰਦਰ ਸਿੰਘ ਦੇ ਦਫਤਰ ਵਿਖੇ ਆਮਦਨ ਕਰ ਦਿਵਸ (ਇਨਕਮ ਟੈਕਸ ਡੇਅ) ਮਨਾਇਆ ਗਿਆ ਜਿਸ ਵਿੱਚ ਕਲੱਬ ਦੇ ਸੈਕਟਰੀ ਅਤੇ ਚਾਰਟਰ ਅਕਾਊਂਟੈਂਟ ਗੁਰਜਿੰਦਰ ਸਿੰਘ, ਰੋਟਰੀ ਕਲੱਬ ਦੇ ਸਾਬਕਾ ਪ੍ਰਧਾਨ ਡਾਕਟਰ ਪੀ ਜੇ ਐਸ ਕੰਗ, ਗੁਰਚਰਨ ਸਿੰਘ ਘਟੀਵਾਲ ਸਮੇਤ ਵੱਖ-ਵੱਖ ਬੁਲਾਰਿਆਂ ਨੇ ਸੰਬੋਧਨ ਕਰਦਿਆਂ ਕਿਹਾ ਕਿ ਇਨਕਮ ਟੈਕਸ ਭਰਨ ਦੀ ਸ਼ੁਰੂਆਤ 1860 ਈਸਵੀ ਵਿੱਚ ਹੋਈ ਸੀ ਜਿਸ ਨਾਲ ਸਰਕਾਰਾਂ ਨੂੰ ਬਹੁਤ ਲਾਭ ਹੋਇਆ ਅਤੇ ਆਮ ਜਨਤਾ ਨੂੰ ਵੀ ਇਸ ਸਹੂਲਤ ਦਾ ਬਹੁਤ ਫਾਇਦਾ ਹੋਇਆ ਹੈ। ਉਹਨਾਂ ਕਿਹਾ ਕਿ ਸਾਨੂੰ ਇਨਕਮ ਟੈਕਸ ਰਿਟਰਨ ਜ਼ਰੂਰ ਭਰਨੀ ਚਾਹੀਦੀ ਹੈ ਅਤੇ ਸਮੇਂ ਸਿਰ ਭਰਨੀ ਚਾਹੀਦੀ ਹੈ। ਸਾਨੂੰ ਬਣਦਾ ਟੈਕਸ ਸਰਕਾਰ ਨੂੰ ਦੇਣਾ ਚਾਹੀਦਾ ਹੈ, ਜਿਸ ਨਾਲ ਦੇਸ਼ ਅਤੇ ਸੂਬਿਆਂ ਦਾ ਵਿਕਾਸ ਹੁੰਦਾ ਹੈ। ਜੋ ਵਿਅਕਤੀ 18 ਸਾਲ ਦੀ ਉਮਰ ਪਾਰ ਕਰ ਜਾਂਦਾ ਹੈ ਅਤੇ ਆਪਣਾ ਬਿਜ਼ਨਸ ਕੰਮਕਾਰ ਜਾਂ ਨੌਕਰੀਪੇਸ਼ੇ ਨਾਲ ਜੁੜਦਾ ਹੈ ਤਾਂ ਉਸ ਨੂੰ ਰਿਟਰਨ ਜ਼ਰੂਰ ਭਰਨੀ ਚਾਹੀਦੀ ਹੈ ਜਿਸ ਦਾ ਕਿ ਲੋੜ ਪੈਣ 'ਤੇ ਬਹੁਤ ਫਾਇਦਾ ਮਿਲਦਾ ਹੈ। ਇਸ ਮੌਕੇ ਕਲੱਬ ਦੇ ਪ੍ਰਧਾਨ ਬਬਲੂ ਰਾਣਾ ਅਗੰਮਪੁਰ, ਰਾਣਾ ਮਹਿੰਦਰ ਸਿੰਘ, ਸੁਖਵਿੰਦਰ ਪਾਲ ਸਿੰਘ ਸੁੱਖੂ, ਅਜੇ ਕੁਮਾਰ ਜਨਤਾ, ਕੈਮੀ ਅਰੋੜਾ, ਜੈਮਲ ਸਿੰਘ ਭੜੀ, ਸ਼ੇਰੂ ਭਾਜੀ, ਜਸਪ੍ਰੀਤ ਸਿੰਘ ਅਰੋੜਾ ਸਮੇਤ ਕਲੱਬ ਮੈਂਬਰ ਅਤੇ ਇਲਾਕਾ ਵਾਸੀ ਹਾਜ਼ਰ ਸਨ।



# ਖੇਤੀ ਕਾਨੂੰਨਾਂ ਨਾਲੋਂ ਵੀ ਜ਼ਿਆਦਾ ਖ਼ਤਰਨਾਕ ਹੈ ਲੈਂਡ ਪੂਲਿੰਗ ਪਾਲਿਸੀ

**ਜ਼ੀਰਕਪੁਰ (ਵਿਨੈ ਜੈਨ)**- ਸ਼੍ਰੋਮਣੀ ਅਕਾਲੀ ਦਲ ਦੇ ਖਜ਼ਾਨਚੀ ਅਤੇ ਸਾਬਕਾ ਵਿਧਾਇਕ ਐੱਨ.ਕੇ. ਸ਼ਰਮਾ ਨੇ ਪੰਜਾਬ ਸਰਕਾਰ ਵੱਲੋਂ ਲਾਗੂ ਕੀਤੀ ਜਾ ਰਹੀ ਲੈਂਡ ਪੂਲਿੰਗ ਪਾਲਿਸੀ ਨੂੰ ਕਿਸਾਨਾਂ ਲਈ ਤਿੰਨ ਖੇਤੀ ਕਾਨੂੰਨਾਂ ਨਾਲੋਂ ਵੀ ਵੱਧ ਖ਼ਤਰਨਾਕ ਦੱਸਿਆ ਹੈ। ਐਨ.ਕੇ. ਸ਼ਰਮਾ ਪੰਜਾਬ ਸਰਕਾਰ ਦੀ ਲੈਂਡ ਪੂਲਿੰਗ ਪਾਲਿਸੀ ਵਿਰੁੱਧ 28 ਜੁਲਾਈ ਨੂੰ ਮੋਹਾਲੀ ਵਿੱਚ ਹੋਣ ਵਾਲੇ ਧਰਨੇ ਦੀਆਂ ਤਿਆਰੀਆਂ ਸਬੰਧੀ ਪਾਰਟੀ ਵਰਕਰਾਂ ਦੀ ਮੀਟਿੰਗ ਨੂੰ ਸੰਬੋਧਨ ਕਰ ਰਹੇ ਸਨ। ਉਨ੍ਹਾਂ ਕਿਹਾ ਕਿ ਇਸ ਧਰਨੇ ਵਿੱਚ ਡੇਰਾਬੱਸੀ ਵਿਧਾਨ ਸਭਾ ਹਲਕੇ ਸਮੇਤ ਪੂਰੇ ਮੋਹਾਲੀ ਜ਼ਿਲ੍ਹੇ ਦੇ ਅਕਾਲੀ ਦਲ ਦੇ ਵਰਕਰ ਅਤੇ ਕਿਸਾਨ ਹਿੱਸਾ ਲੈਣਗੇ। ਸ਼੍ਰੀ ਐੱਨ.ਕੇ. ਸ਼ਰਮਾ ਨੇ ਕਿਹਾ ਕਿ ਕਿਸਾਨਾਂ ਦੀ ਏਕਤਾ ਤੋਂ ਬਾਅਦ ਤਿੰਨ ਖੇਤੀ ਕਾਨੂੰਨ ਵਾਪਸ ਲਏ ਗਏ ਸਨ, ਪੰਜਾਬ ਸਰਕਾਰ ਨੂੰ ਵੀ ਲੈਂਡ ਪੂਲਿੰਗ ਕਾਨੂੰਨ ਵਾਪਸ ਲੈਣਾ ਪਵੇਗਾ। ਉਨ੍ਹਾਂ ਕਿਹਾ ਕਿ ਸਰਕਾਰ ਦੀਆਂ ਨਜ਼ਰਾਂ, ਕਿਸਾਨਾਂ ਦੀ 64 ਹਜ਼ਾਰ ਏਕੜ ਜ਼ਮੀਨ 'ਤੇ ਹਨ, ਜਿਸ ਦਾ ਨੋਟੀਫਿਕੇਸ਼ਨ ਜਾਰੀ ਹੁੰਦੇ ਹੀ ਕਿਸਾਨ ਆਪਣੀ ਹੀ ਜ਼ਮੀਨ ਵਿੱਚ ਜਾਣ ਲਈ ਤਰਸਣਗੇ। ਐੱਨ.ਕੇ. ਸ਼ਰਮਾ ਨੇ ਕਿਹਾ ਕਿ ਪੰਜਾਬ ਵਿੱਚ ਅਕਾਲੀ ਦਲ ਦੀ ਸਰਕਾਰ ਦੌਰਾਨ ਲਾਗੂ ਕੀਤੀ ਗਈ ਪਾਲਿਸੀ ਕਿਸਾਨਾਂ ਦੇ ਹਿੱਤ ਵਿੱਚ ਸੀ। ਆਮ ਆਦਮੀ ਪਾਰਟੀ ਦੀ ਸਰਕਾਰ ਨੇ ਨਵੀਂ ਨੀਤੀ ਬਣਾਉਂਦੇ ਸਮੇਂ ਕਿਸਾਨਾਂ ਦੀ ਰਾਏ ਨੂੰ ਇਸ ਵਿੱਚ ਸ਼ਾਮਲ ਨਹੀਂ ਕੀਤਾ। ਜਿਹੜੀ ਪਾਲਿਸੀ ਨੂੰ ਕਿਸਾਨਾਂ ਦੇ ਹਿੱਤ ਵਿੱਚ ਦੱਸਿਆ ਜਾ ਰਿਹਾ ਹੈ, ਕਿਸਾਨਾਂ ਨੂੰ ਉਸ ਬਾਰੇ ਕੋਈ ਜਾਣਕਾਰੀ ਨਹੀਂ ਹੈ। ਸ਼ਰਮਾ ਨੇ ਕਿਹਾ ਕਿ 28 ਜੁਲਾਈ ਨੂੰ ਮੋਹਾਲੀ ਵਿੱਚ ਹੋਣ ਵਾਲੇ ਪ੍ਰਦਰਸ਼ਨ ਵਿੱਚ ਜ਼ੀਰਕਪੁਰ, ਡੇਰਾਬੱਸੀ ਅਤੇ ਲਾਲੜੂ ਖੇਤਰ ਦੇ ਪ੍ਰਭਾਵਿਤ ਕਿਸਾਨ ਹਿੱਸਾ ਲੈਣਗੇ। ਸਰਕਾਰ ਨੇ ਕਿਸਾਨਾਂ ਨੂੰ ਭਰੋਸੇ ਵਿੱਚ ਲਏ ਬਿਨਾਂ ਚੋਰ ਦਰਵਾਜ਼ੇ ਰਾਹੀਂ ਇਹ ਪਾਲਿਸੀ ਲਾਂਚ ਕਰ ਦਿੱਤੀ ਹੈ। ਸ਼੍ਰੋਮਣੀ ਅਕਾਲੀ ਦਲ ਕਿਸੇ ਵੀ ਹਾਲਤ ਵਿੱਚ ਕਿਸਾਨਾਂ ਨਾਲ ਬੇਇਨਸਾਫ਼ੀ ਨਹੀਂ ਹੋਣ ਦੇਵੇਗਾ। ਇਸ ਮੌਕੇ 'ਤੇ ਸੀਨੀਅਰ ਅਕਾਲੀ ਆਗੂ ਕ੍ਰਿਸ਼ਨ ਪਾਲ ਸ਼ਰਮਾ, ਰਜਿੰਦਰ ਸਿੰਘ, ਸ਼ਿਵ ਦੇਵ, ਮਨਜੀਤ ਮਲਿਕਪੁਰ, ਬ੍ਰਿਜੇਸ਼ ਰਾਣਾ, ਸੁਰੇਸ਼ ਸ਼ਾਰਦਾ, ਹਰਵਿੰਦਰ ਸਿੰਘ ਪਿੰਕਾ, ਸੁਰਿੰਦਰ ਸਿੰਘ, ਡਾ. ਕ੍ਰਿਸ਼ਨਾ, ਬਿਕਰਮ ਸਿੰਘ, ਸੁਰਜੀਤ ਟਿਵਾਣਾ, ਪਰਮਿੰਦਰ ਸਿੰਘ ਜੌਲਾ, ਓਪੀ ਸ਼ਰਮਾ, ਭਿੰਦਰ ਰਾਣਾ, ਗੁਰਬਿੰਦਰ ਸਿੰਘ ਬੱਲੂਰਾਣਾ, ਰਘੁਬੀਰ ਜੁਨੇਜਾ ਆਦਿ ਮੌਜੂਦ ਸਨ।



# ਸਿਖਿਆਰਥਣਾਂ ਨੇ ਉਤਸ਼ਾਹ ਨਾਲ ਮਨਾਇਆ ਤੀਜ ਦਾ ਤਿਉਹਾਰ

**ਰੂਪਨਗਰ** : ਸੈਣੀ ਭਵਨ ਵਿਖੇ ਵੱਖ ਵੱਖ ਕਿੱਤਾਮੁਖੀ ਕੋਰਸ ਕਰ ਰਹੀਆ ਸਿੱਖਿਆਰਥਣਾਂ ਵਲੋਂ ਤੀਜ ਦਾ ਤਿਉਹਾਰ ਬਹੁਤ ਹੀ ਉਤਸ਼ਾਹ ਨਾਲ ਮਨਾਇਆ ਗਿਆ।ਇਸ ਮੌਕੇ ਅਮਨਪ੍ਰੀਤ ਕੌਰ, ਮਨਮੀਤ ਕੌਰ, ਮਨਪ੍ਰੀਤ ਕੌਰ, ਸਰਨਜੀਤ ਕੌਰ, ਜਸਲੀਨ ਕੌਰ, ਕਿਰਨਜੀਤ ਕੌਰ, ਮਨੀਸ਼ਾ, ਨੰਦਨੀ ਨੇ ਸੋਲੋ ਡਾਂਸ, ਗਰੁੱਪ ਡਾਂਸ ਤੇ ਗਿੱਧੇ ਦੇ ਰੂਪ 'ਚ ਨੱਚ ਟੱਪ ਕੇ ਆਪਣੀ ਤੀਜ ਦੀ ਖੁਸ਼ੀ ਦਾ ਖੁੱਲ੍ਹ ਕੇ ਇਜ਼ਹਾਰ ਕੀਤਾ। ਇਸ ਸਮਾਗਮ ਵਿੱਚ ਇਨਰਵੀਲ੍ਹ ਕਲੱਬ ਰੂਪਨਗਰ ਦੀ ਟੀਮ ਪ੍ਰਧਾਨ ਗੁਰਮੀਤ ਕੌਰ, ਸਕੱਤਰ ਕੁਸਮ ਸ਼ਰਮਾ ਵੀ ਸ਼ਾਮਲ ਹੋਏ ਅਤੇ ਉਨ੍ਹਾ ਸਿੱਖਿਆਰਥਣ ਨਾਲ ਤੀਜ ਦੀ ਖੁਸ਼ੀ ਸਾਂਝੀ ਕੀਤੀ ਤੇ ਸੈਣੀ ਭਵਨ ਦੀ ਸੰਸਥਾ ਦੀ ਮਾਲੀ ਮਦਦ ਵੀ ਕੀਤੀ। ਸਮਾਗਮ ਵਿੱਚ ਐਮ ਸੀ ਅਰੀਨਾ ਗੁਪਤਾ, ਕੁਲਵਿੰਦਰ ਕੌਰ ਤੋਂ ਇਲਾਵਾ ਇਨਰਵੀਲ੍ਹ ਦੀਆਂ ਅਹੁਦੇਦਾਰਾਂ ਕੁਲਵਿੰਦਰ ਕੌਰ, ਆਸਿਮਾ ਅਗਰਵਾਲ, ਵੀਨੀਤਾ ਗੁਪਤਾ, ਪਰਮਿੰਦਰ ਕੌਰ, ਸਮਾਜਸੇਵੀ ਭਗਵੰਤ ਕੌਰ ਵੀ ਹਾਜ਼ਰ ਸਨ। ਸਿੱਖਿਆਰਥਣ ਦੇ ਪ੍ਰੋਗਰਾਮ ਦੀ ਤਿਆਰੀ ਸੈਣੀ ਭਵਨ ਦੀਆਂ ਟੀਚਰਾਂ ਕਿਰਨ ਜੋਸ਼ੀ, ਅਮਨਪ੍ਰੀਤ ਕੌਰ, ਮਨਦੀਪ ਕੌਰ, ਸੁਖਵਿੰਦਰ ਕੌਰ ਵੱਲੋਂ ਕਰਵਾਈ ਗਈ ਅਤੇ ਇਹ ਸਾਰਾ ਪ੍ਰੋਗਰਾਮ ਸੈਣੀ ਭਵਨ ਦੀ ਪ੍ਰਬੰਧਕੀ ਕਮੇਟੀ ਦੀ ਦੇਖ ਰੇਖ ਕਰਵਾਇਆ ਗਿਆ। ਇਸ ਮੌਕੇ ਪ੍ਰਬੰਧਕੀ ਕਮੇਟੀ ਦੇ ਪ੍ਰਧਾਨ ਡਾ. ਅਜਮੇਰ ਸਿੰਘ, ਸਕੱਤਰ ਬਲਬੀਰ ਸਿੰਘ ਸੈਣੀ, ਟਰੱਸਟੀ ਡਾ. ਜਸਵੰਤ ਕੌਰ, ਰਾਜਿੰਦਰ ਸੈਣੀ, ਇੰਜ. ਹਰਜੀਤ ਸਿੰਘ ਸੈਣੀ, ਕੈਪਟਨ ਹਾਕਮ ਸਿੰਘ, ਰਾਜਿੰਦਰ ਸਿੰਘ ਗਿਰਨ, ਡਾ. ਹਰਚਰਨ ਦਾਸ ਸੇਰ, ਅਮਰਜੀਤ ਸਿੰਘ, ਦਲਜੀਤ ਸਿੰਘ, ਜਗਦੇਵ ਸਿੰਘ, ਸੁਰਿੰਦਰ ਸਿੰਘ ਵੀ ਹਾਜ਼ਰ ਸਨ ਅਤੇ ਉਨ੍ਹਾਂ ਸਿਖਿਆਰਥਣਾਂ ਨੂੰ ਤੀਜ ਦੇ ਤਿਉਹਾਰ ਦੀ ਵਧਾਈ ਦਿੱਤੀ।ਇਸ ਸਮਾਗਮ ਦੇ ਅਰੰਭ ਵਿੱਚ ਨਹਿਰੂ ਯੁਵਾ ਕੇਂਦਰ ਦੇ ਅਹੁਦੇਦਾਰਾਂ ਵਲੋਂ ਇੰਟਰਨੈਸ਼ਨਲ ਯੂਥ ਸਕਿੱਲ ਦਿਵਸ ਤੇ ਮੇਰਾ ਯੁਵਾ ਭਾਰਤ ਬਾਰੇ ਜਾਣਕਾਰੀ ਸਾਂਝੀ ਕੀਤੀ ਗਈ ਅਤੇ ਨੌਜਵਾਨ ਸਿੱਖਿਆਰਥਣ ਨੂੰ ਆਤਮ ਵਿਸ਼ਵਾਸ ਨਾਲ ਜਿਜ਼ਦਗੀ ਵਿੱਚ ਅੱਗੇ ਵਧਣ ਲਈ ਪ੍ਰੇਰਤ ਕੀਤਾ ਗਿਆ।



# ਜਸਜੀਤ ਕੌਰ ਨੇ ਬਤੌਰ ਬੀ ਡੀ ਪੀ ਓ ਅਹੁਦਾ ਸੰਭਾਲਿਆ

**ਬਲਾਚੌਰ (ਜਸਵਿੰਦਰ ਬੈਂਸ)** ਜ਼ਿਲ੍ਹਾ ਸ਼ਹੀਦ ਭਗਤ ਸਿੰਘ ਨਗਰ ਦੇ ਬਲਾਕ ਬਲਾਚੌਰ ਵਿਖੇ ਜਸਜੀਤ ਕੌਰ ਨੇ ਬੀ ਡੀ ਪੀ ਓ ਵਜੋਂ ਅਹੁਦਾ ਸੰਭਾਲਿਆ ਉਹਨਾਂ ਨੇ ਕਿਹਾ ਕਿ ਬਲਾਕ ਦੀਆਂ ਸਮੁੱਚੀ ਪੰਚਾਇਤਾਂ ਦੇ ਕਾਰਜਾਂ ਨੂੰ ਪਹਿਲ ਦੇ ਆਧਾਰ 'ਤੇ ਤਰਜੀਹ ਦਿੱਤੀ ਜਾਵੇਗੀ। ਉਨ੍ਹਾਂ ਸਮੁੱਚੇ ਕਰਮਚਾਰੀਆਂ ਤੇ ਅਧਿਕਾਰੀਆਂ ਨੂੰ ਪੂਰੀ ਇਮਾਨਦਾਰੀ ਅਤੇ ਤਨਦੇਹੀ ਨਾਲ ਆਪਣੀਆਂ ਸੇਵਾਵਾਂ ਨਿਭਾਉਣ ਦੇ ਨਿਰਦੇਸ਼ ਦਿੱਤੇ। ਇਸ ਮੌਕੇ ਬਲਾਚੌਰ ਬਲਾਕ ਦਫਤਰ ਦੇ ਸਮੁੱਚੇ ਕਰਮਚਾਰੀਆਂ ਅਤੇ ਅਧਿਕਾਰੀਆਂ ਵੱਲੋਂ ਬੀ ਡੀ ਪੀ ਓ ਜਸਜੀਤ ਕੌਰ ਦਾ ਨਿੱਘਾ ਸਵਾਗਤ ਕੀਤਾ ਗਿਆ। ਇਸ ਮੌਕੇ ਪਰਮਾ ਨੰਦ ਸੁਪਰਡੈਂਟ, ਅਮਨਪ੍ਰੀਤ ਜੇ ਈ, ਅਸ਼ੋਕ ਕੁਮਾਰ, ਸੋਨੂੰ ਗੌਤਮ, ਕੁਲਦੀਪ ਸਿੰਘ ਸਾਰੇ ਸੈਕਟਰੀ, ਕੁਮਾਰ ਗੌਰਵ ਕੰਪਿਊਟਰ ਅਪਰੇਟਰ, ਬਹਾਦਰ ਰਾਮ ਏ ਪੀ ਓ, ਬਾਲੀ ਸੀ ਏ ਅਤੇ ਸਮੁੱਚੇ ਕਰਮਚਾਰੀ ਹਾਜ਼ਰ ਸਨ।



27- July - Page - 7-Advt-25.qxd 7/26/2025 9:19 PM Page 1



# ਸੰਯੁਕਤ ਕਿਸਾਨ ਮੋਰਚੇ ਵੱਲੋਂ ਕਿਸਾਨ ਮਾਰੂ ਲੈਂਡ ਪੂਲਿੰਗ ਨੀਤੀ ਰੱਦ ਕਰਨ ਦੀ ਮੰਗ



ਪਠਾਨਕੋਟ (ਦਵਿੰਦਰ ਸਿੰਘ)-ਸੰਯੁਕਤ ਕਿਸਾਨ ਮੋਰਚਾ ਜ਼ਿਲ੍ਹਾ ਪਠਾਨਕੋਟ ਦੀ ਇੱਕ ਜ਼ਰੂਰੀ ਮੀਟਿੰਗ ਬਾਠ ਸਾਹਿਬ ਵਿਖੇ ਕੇਵਲ ਸਿੰਘ ਕੰਗ ਦੀ ਪ੍ਰਧਾਨਗੀ ਹੇਠ ਹੋਈ ਜਿਸ ਵਿੱਚ ਭਾਰਤੀ ਕਿਸਾਨ ਯੂਨੀਅਨ ਰਾਜੇਵਾਲ ਵੱਲੋਂ ਜੋਗਾ ਸਿੰਘ ਮਿਆਣੀ, ਮਖਣ ਸਿੰਘ ਮਾੜੀ, ਜਗੀਰ ਸਿੰਘ, ਕਿਰਤੀ ਕਿਸਾਨ ਯੂਨੀਅਨ ਵੱਲੋਂ ਕਾਮਰੇਡ ਮੁਖਤਾਰ ਸਿੰਘ, ਜਮਹੂਰੀ ਕਿਸਾਨ ਸਭਾ ਵੱਲੋਂ ਬਲਦੇਵ ਰਾਜ ਭੋਆ ਤੇ ਬਲਵੰਤ ਸਿੰਘ, ਕੁੱਲ ਹਿੰਦ ਕਿਸਾਨ ਸਭਾ ਵੱਲੋਂ ਕੇਵਲ ਕਾਲੀਆ, ਪਰਸ਼ੋਤਮ ਕੁਮਾਰ ਭਾਰਤੀ ਕਿਸਾਨ ਯੂਨੀਅਨ ਸ਼ਾਦੀਪੁਰ ਵੱਲੋਂ ਆਈ ਐੱਸ ਘੁਲਾਟੀ, ਕੁੱਲ ਹਿੰਦ ਕਿਸਾਨ ਸਭਾ ਅਜੇ ਭਵਨ ਵੱਲੋਂ ਅਸ਼ਵਿਕ ਸਿੰਘ, ਭਾਰਤੀ ਕਿਸਾਨ ਯੂਨੀਅਨ ਉਗਰਾਹਾਂ ਵੱਲੋਂ ਰਜਿੰਦਰ ਸਿੰਘ ਬਾਜਵਾ ਹਾਜ਼ਰ ਹੋਏ। ਸੰਯੁਕਤ ਕਿਸਾਨ ਮੋਰਚਾ ਦੀਆਂ ਮੰਗਾਂ ਦੀ ਹਮਾਇਤ ਵਿੱਚ ਆੜ੍ਹਤੀ ਐਸੋਸੀਏਸ਼ਨ ਦੇ ਸੂਬਾ ਸਕੱਤਰ ਗੁਰਨਾਮ ਸਿੰਘ ਛੀਨਾ ਉਚੇਚੇ ਤੌਰ ਤੇ ਹਾਜ਼ਰ ਹੋਏ।ਮੀਟਿੰਗ ਬਾਰੇ ਪ੍ਰੈਸ ਨੂੰ ਜਾਰੀ ਦਿੰਦਿਆਂ ਆਗੂਆਂ ਨੇ ਕਿਹਾ ਕਿ ਸੂਬਾਈ ਸੰਯੁਕਤ ਕਿਸਾਨ ਮੋਰਚੇ ਦੇ ਸੱਦੇ ਤੇ 30 ਜੁਲਾਈ ਨੂੰ ਜ਼ਿਲ੍ਹੇ ਵਿੱਚ ਟਰੈਕਟਰ ਤੇ ਵਹਿਕਲ ਮਾਰਚ ਕੀਤਾ ਜਾਵੇਗਾ।ਉਨ੍ਹਾਂ ਨੇ ਸਾਰੇ ਕਿਸਾਨਾਂ ਨੂੰ ਅਪੀਲ ਕੀਤੀ ਕਿ 30 ਜੁਲਾਈ ਨੂੰ 10 ਵਜੇ ਬਾਠ ਸਾਹਿਬ ਵਿਖੇ ਪੁੱਜਣ। ਉਸ ਤੋਂ ਬਾਅਦ ਜ਼ਿਲ੍ਹੇ ਵਿਚ ਮਾਰਚ ਕੀਤਾ ਜਾਵੇਗਾ।ਕਿਸਾਨ ਆਗੂ ਜਾਰੀ ਕਰਦਿਆਂ ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਲੈਂਡ ਪੂਲਿੰਗ ਨੀਤੀ ਤਹਿਤ ਜ਼ਬਰਦਸਤੀ ਕਿਸਾਨਾਂ ਦੀਆਂ ਜ਼ਮੀਨਾਂ ਖੋਹਣਾ ਚਾਹੁੰਦੀ ਹੈ।ਸ਼ਹਿਰਾਂ ਦੇ ਨੇੜੇ ਪੈਂਦੀਆਂ ਵਾਹੀਯੋਗ ਜ਼ਮੀਨ ਇਕੱਠੀ ਕਰਕੇ ਸ਼ਹਿਰੀ ਪ੍ਰੋਜੈਕਟ ਬਣਾਉਣਾ ਚਾਹੁੰਦੀ ਹੈ।ਇਹ ਨੀਤੀ ਕਿਸਾਨ ਵਿਰੋਧੀ ਹੈ ਅਤੇ ਪੇਂਡੂ ਵਿਕਾਸ ਨੂੰ ਨਜ਼ਰਅੰਦਾਜ਼ ਕਰਨ ਵਾਲੀ ਹੈ।ਇਸ ਨੀਤੀ ਨਾਲ ਕਿਸਾਨੀ ਉਜੜ ਜਾਵੇਗੀ।ਉਨ੍ਹਾਂ ਸਰਕਾਰ ਤੋਂ ਮੰਗ ਕੀਤੀ ਕਿ ਲੈਂਡ ਪੂਲਿੰਗ ਨੀਤੀ ਰੱਦ ਕੀਤੀ ਜਾਵੇ ਅਤੇ ਸੰਯੁਕਤ ਕਿਸਾਨ ਮੋਰਚਾ ਕਿਸਾਨਾਂ ਅਤੇ ਲੋਕਾਂ ਨੂੰ ਨਾਲ ਲੈ ਕੇ ਇਸ ਵਿਰੁੱਧ ਸੰਘਰਸ਼ ਕਰੇਗਾ ਅਤੇ ਇਸ ਨੂੰ ਲਾਗੂ ਨਹੀਂ ਹੋਣ ਦਿੱਤਾ ਜਾਵੇਗਾ।ਉਨ੍ਹਾਂ ਜਾਣਕਾਰੀ ਦਿੱਤੀ ਕਿ ਜ਼ਿਲ੍ਹਾ ਪਠਾਨਕੋਟ ਦੇ 9 ਪਿੰਡ ਇਸ ਨੀਤੀ ਅਧੀਨ ਆਉਂਦੇ ਹਨ।

# 'ਗ੍ਰਾਮ ਪੰਚਾਇਤ ਚੋਣਾਂ-2025' ਦੀ ਚੋਣ ਕਰਵਾਉਣ ਲਈ ਪੋਲਿੰਗ ਪਾਰਟੀਆਂ ਰਵਾਨਾ



ਡੇਰਾ ਬਾਬਾ ਨਾਨਕ (ਰਮੇਸ਼ ਸ਼ਰਮਾ)-ਰਾਜ ਚੋਣ ਕਮਿਸ਼ਨ ਪੰਜਾਬ (ਚੰਡੀਗੜ੍ਹ) ਵੱਲੋਂ ਗ੍ਰਾਮ ਪੰਚਾਇਤ ਚੋਣਾਂ 2025 ਤਹਿਤ ਜਿਨ੍ਹਾਂ ਗ੍ਰਾਮ ਪੰਚਾਇਤਾਂ ਵਿੱਚ ਸਰਪੰਚ ਅਤੇ ਪੰਚਾਂ ਦੀਆਂ ਖਾਲੀ ਅਸਾਮੀਆਂ ਹਨ, ਉਨ੍ਹਾਂ ਅਸਾਮੀਆਂ ਲਈ ਚੋਣਾਂ 27 ਜੁਲਾਈ ਨੂੰ ਕਰਵਾਈਆਂ ਜਾ ਰਹੀਆਂ ਹਨ।ਉਨ੍ਹਾਂ ਪਿੰਡਾਂ ਵਿੱਚ ਚੋਣਾਂ ਸਬੰਧੀ ਪ੍ਰਸ਼ਾਸਨ ਵੱਲੋਂ ਪੋਲਿੰਗ ਪਾਰਟੀਆਂ ਅੱਜ ਰਵਾਨਾ ਕਰ ਦਿੱਤੀਆਂ ਗਈਆਂ।ਇਸ ਚੋਣ ਨੂੰ ਲੈ ਕੇ ਹਲਕਾ ਡੇਰਾ ਬਾਬਾ ਨਾਨਕ-10 ਦੇ ਵੱਖ-ਵੱਖ 4 ਪਿੰਡਾਂ ਵਿੱਚ ਵੀ ਪੰਚਾਂ ਅਤੇ ਸਰਪੰਚਾਂ ਦੀਆਂ ਚੋਣਾਂ ਕਰਵਾਈਆਂ ਜਾ ਰਹੀਆਂ ਹਨ।ਇਸ ਸਬੰਧੀ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਹਲਕਾ ਡੇਰਾ ਬਾਬਾ ਨਾਨਕ-10 ਦੇ ਚੋਣ ਰਿਟਰਨਿੰਗ ਕਮ ਐੱਸਡੀਐੱਮ ਡੇਰਾ ਬਾਬਾ ਨਾਨਕ ਗੁਰਮੀਤ ਸਿੰਘ ਨੇ ਦੱਸਿਆ ਕਿ ਸਾਡੇ ਹਲਕਾ ਡੇਰਾ ਬਾਬਾ ਨਾਨਕ ਦੇ 4 ਪਿੰਡ ਵਿੱਚ ਗ੍ਰਾਮ ਪੰਚਾਇਤ ਚੋਣਾਂ 2025 ਅਧੀਨ ਪੰਚਾਂ ਅਤੇ ਸਰਪੰਚਾਂ ਦੀ ਉਪ ਚੋਣ ਕਰਵਾਈ ਜਾ ਰਹੀ ਹੈ।ਜਿਸ ਵਿੱਚ ਪਿੰਡ ਖੋਦੇਬੇਟ ਬੂਥ ਨੰਬਰ 112 ਦੇ ਵਾਰਡ ਨੰਬਰ 1 ਵਿੱਚ ਬੀਸੀ ਪੰਚ ਲਈ 139 ਵੋਟਾਂ, 2 ਉਮੀਦਵਾਰ ਅਤੇ ਸਰਪੰਚ (ਬੀ ਸੀ) ਇਸਤਰੀ ਲਈ 668 ਵੋਟਾਂ ਲਈ ਵੀ 2 ਉਮੀਦਵਾਰ, ਪਿੰਡ ਨਿੱਕੋਸਰਾਂ ਖੁਰਦ ਬੂਥ ਨੰਬਰ 98 ਵਾਰਡ ਨੰਬਰ 4 ਪੰਚ ਇਸਤਰੀ ਉਮੀਦਵਾਰ ਲਈ 2 ਉਮੀਦਵਾਰ, ਪਿੰਡ ਮੇਘਾ ਬੂਥ ਨੰਬਰ 120 ਵਾਰਡ ਨੰਬਰ 1 ਵੋਟਾਂ 81 ਪੰਚ ਬੀ ਸੀ ਲਈ 2 ਉਮੀਦਵਾਰ ਅਤੇ ਪਿੰਡ ਸਿੰਘਪੁਰਾ ਬੂਥ ਨੰਬਰ 141 ਵਾਰਡ ਨੰਬਰ 1 ਪੰਚ (ਰਾਖਵਾਂ)108 ਵੋਟਾਂ 2 ਉਮੀਦਵਾਰ, ਵਾਰਡ ਨੰਬਰ 5 ਪੰਚ ਜਨਰਲ 111 ਵੋਟਾਂ 2 ਉਮੀਦਵਾਰ ਅਤੇ ਸਰਪੰਚ (ਇਸਤਰੀ)854 ਵੋਟਾਂ 2 ਉਮੀਦਵਾਰ ਚੋਣ ਮੈਦਾਨ ਵਿੱਚ ਹਨ 9 ਉਨ੍ਹਾਂ ਕਿਹਾ ਪ੍ਰਸ਼ਾਸਨ ਵੱਲੋਂ ਚੋਣ ਪ੍ਰਕਿਰਿਆ ਪੂਰੀ ਪਾਰਦਰਸ਼ੀ ਢੰਗ ਨਾਲ ਕਰਵਾਈ ਜਾਵੇਗੀ। ਇਨ੍ਹਾਂ ਚੋਣਾਂ ਨੂੰ ਕਰਵਾਉਣ ਲਈ ਪੋਲਿੰਗ ਪਾਰਟੀਆਂ ਰਵਾਨਾ ਕਰ ਦਿੱਤੀਆਂ ਗਈਆਂ ਹਨ।ਇਸ ਮੌਕੇ ਸ. ਜੋਗਾ ਸਿੰਘ ਡੀ ਐਸ ਪੀ ਡੇਰਾ ਬਾਬਾ ਨਾਨਕ ਨੇ ਕਿਹਾ ਇਨ੍ਹਾਂ ਉਪ ਚੋਣਾਂ ਦੌਰਾਨ ਹਰੇਕ ਪਿੰਡ ਵਿੱਚ ਇੱਕ ਐੱਸਐੱਚਓ ਪੁਲਸ ਪਾਰਟੀ ਸਮੇਤ ਤਾਇਨਾਤ ਕੀਤੇ ਗਏ ਹਨ। ਕੋਈ ਵੀ ਪਿੰਡ ਸੰਵੇਦਨਸ਼ੀਲ ਨਹੀਂ ਹੈ।ਚੋਣਾਂ ਪੂਰੀਆਂ ਪਾਰਦਰਸ਼ੀ ਢੰਗ ਨਾਲ ਕਰਵਾਈਆਂ ਜਾਣਗੀਆਂ।

# ਨਸ਼ਿਆਂ ਦੇ ਕੋਹੜ ਨੂੰ ਜੜ੍ਹੋਂ ਖਤਮ ਕਰਨ ਲਈ ਜਨਤਾ ਦਾ ਭਰਵਾਂ ਸਹਿਯੋਗ ਮਿਲਣ ਲੱਗਾ : ਸ਼ੈਰੀ ਕਲਸੀ



ਧਾਰੀਵਾਲ (ਮਨਦੀਪ ਸਿੰਘ ਵਿੱਕੀ)-ਪੰਜਾਬ ਦੇ ਕਾਰਜਕਾਰੀ ਪ੍ਰਧਾਨ ਅਤੇ ਵਿਧਾਇਕ ਅਮਨਸ਼ੇਰ ਸਿੰਘ ਸ਼ੈਰੀ ਕਲਸੀ ਨੇ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਸੂਬੇ ਭਰ ਵਿੱਚ ਨਸ਼ਿਆ ਵਿਰੁੱਧ ਕੀਤੇ ਇਸ ਯੁੱਧ ਦੇ ਐਲਾਨ ਨੂੰ ਵੱਡੀ ਸਫਲਤਾ ਮਿਲ ਰਹੀ ਹੈ। ਲੋਕ ਹੁਣ ਨਸ਼ਿਆਂ ਦੇ ਕੋਹੜ ਨੂੰ ਖਤਮ ਕਰਨ ਲਈ ਸਰਕਾਰ ਦਾ ਸਾਥ ਖੁੱਲ੍ਹ ਕੇ ਦੇਣ ਲੱਗੇ ਹਨ, ਜਿਸ ਨਾਲ ਨਸ਼ੇ ਦੇ ਤਸਕਰਾਂ ਨੂੰ ਜੇਲ੍ਹਾਂ ਵਿੱਚ ਭੇਜਿਆ ਜਾ ਰਿਹਾ ਹੈ। ਉਹ ਪਿੰਡ ਦਾਨਿਆਂਵਾਲੀ ਵਿਖੇ 'ਨਸ਼ਾ ਮੁਕਤ ਯਾਤਰਾ' ਦੌਰਾਨ ਲੋਕਾਂ ਨੂੰ ਸੰਬੋਧਨ ਕਰ ਰਹੇ ਸਨ। ਇਸ ਮੌਕੇ ਉਨ੍ਹਾਂ ਪਿੰਡ ਵਾਸੀਆਂ ਨੂੰ ਨਸ਼ਿਆਂ ਨੂੰ ਖਤਮ ਕਰਨ ਦੀ ਸਹੁੰ ਵੀ ਚੁਕਾਈ। ਵਿਧਾਇਕ ਸ਼ੈਰੀ ਕਲਸੀ ਨੇ ਕਿਹਾ ਕਿ ਇਸ ਅਭਿਆਨ ਤਹਿਤ ਹਰ ਪਿੰਡ, ਸ਼ਹਿਰ ਗਲੀ ਮੁਹੱਲੇ ਦੇ ਲੋਕਾਂ ਨੂੰ ਲਾਮਬੰਦ ਕੀਤਾ ਜਾ ਰਿਹਾ ਹੈ ਕਿ ਉਹ ਨਸ਼ਾ ਵਿਕਰੇਤਾਵਾਂ ਦੀ ਸੂਚਨਾ ਬੇਖੌਫ ਹੋ ਕੇ ਦੇਣ ਤੇ ਇਹ ਵੀ ਭਰੋਸਾ ਦੇ ਰਹੇ ਹਾਂ ਕਿ ਉਨ੍ਹਾਂ ਵੱਲੋਂ ਦਿੱਤੀ ਜਾਣਕਾਰੀ ਗੁਪਤ ਰੱਖੀ ਜਾਵੇਗੀ। ਨਸ਼ਿਆਂ ਦੀ ਗ੍ਰਿਫਤ ਵਿੱਚ ਆਏ ਭੋਲੇ ਭਾਲੇ ਲੋਕਾਂ ਨਾਲ ਹਮਦਰਦੀ ਨਾਲ ਨਜਿੱਠਿਆ ਜਾਵੇਗਾ, ਉਨ੍ਹਾਂ ਦੇ ਇਲਾਜ ਉਤੇ ਭਾਵੇ ਜਿਸ ਤਰਾਂ ਪ੍ਰਬੰਧ ਕਰਨੇ ਪੈਣ ਸਰਕਾਰ ਸੰਜੀਦਗੀ ਨਾਲ ਕੰਮ ਕਰੇਗੀ, ਪ੍ਰੰਤੂ ਇਹ ਮਿਸ਼ਨ ਸਿਰਫ ਸਰਕਾਰ ਅਤੇ ਪੁਲਿਸ ਵਿਭਾਗ ਵੱਲੋਂ ਸਫਲ ਨਹੀਂ ਬਣਾਇਆ ਜਾ ਸਕਦਾ। ਇਸ ਵਿੱਚ ਹਰ ਨਾਗਰਿਕ ਦਾ ਸਹਿਯੋਗ ਬਹੁਤ ਜ਼ਰੂਰੀ ਹੈ। ਉਨ੍ਹਾਂ ਨੇ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਿੱਚ ਨਸ਼ਿਆਂ ਦੇ ਕਾਰੋਬਾਰ ਨਾਲ ਹੋਈ ਆਮਦਨ ਤੋਂ ਜਾਇਦਾਦਾਂ ਖੜੀਆਂ ਕਰਨ ਵਾਲਿਆਂ ਵਿਰੁੱਧ ਕਾਰਵਾਈ ਵਿੱਚ ਨਸ਼ਾ ਤਸਕਰ ਘਰਾਂ ਨੂੰ ਤਾਲੇ ਲਗਾ ਕੇ ਫਰਾਰ ਹੋ ਗਏ ਹਨ, ਪ੍ਰੰਤੂ ਅਸੀਂ ਅਜਿਹੇ ਦੋਸ਼ੀਆਂ ਨੂੰ ਹੁਣ ਬਖਸ਼ਣ ਦੀ ਥਾਂ ਜੇਲ੍ਹਾਂ ਦੇ ਅੰਦਰ ਡੱਕ ਰਹੇ ਹਾਂ। ਇਸ ਮੌਕੇ ਮਨਦੀਪ ਸਿੰਘ ਗਿੱਲ ਜ਼ਿਲ੍ਹਾ ਯੂਥ ਆਗੂ ਗੁਰਦਾਸਪੁਰ, ਸਰਪੰਚ ਨਿਰਮਲ ਸਿੰਘ ਪਨੂੰ, ਮਨਜੀਤ ਸਿੰਘ ਬੁਮਰਾਹ ਵਾਇਸ ਕੁਆਰਡੀਨੇਟਰ ਨਸ਼ਾ ਮੁਕਤੀ ਯਾਤਰਾ, ਭੁਪਿੰਦਰ ਸਿੰਘ, ਵੀਨੂੰ ਕਾਹਲੋਂ ਅਤੇ ਪਿੰਡ ਵਾਸੀ ਮੌਜੂਦ ਸਨ।

# ਉਬਰਾਏ ਵੱਲੋਂ ਲੋੜਵੰਦ ਬੱਚਿਆਂ ਦੀ ਸਿੱਖਿਆ ਲਈ ਸ਼ਾਨਦਾਰ ਉਪਰਾਲਾ



ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ, ਕੰਵਲਜੀਤ ਸਿੰਘ)-ਦੁਬਈ ਦੇ ਪ੍ਰਸਿੱਧ ਕਾਰੋਬਾਰੀ ਅਤੇ ਲੋਕ ਸੇਵਾ ਲਈ ਆਪਣੇ ਜੇਬ ਵਿੱਚੋਂ ਹਰ ਮਹੀਨੇ ਕਰੋੜਾਂ ਰੁਪਏ ਖਰਚਣ ਵਾਲੇ ਡਾਕਟਰ ਐੱਸ. ਪੀ. ਸਿੰਘ ਉਬਰਾਏ ਦੀ ਅਗਵਾਈ ਹੇਠਲੇ ਸਰਬੱਤ ਦਾ ਭਲਾ ਚੈਰੀਟੇਬਲ ਟਰੱਸਟ ਵੱਲੋਂ ਅੰਮ੍ਰਿਤਸਰ ਦੇ ਮਕਬੂਲਪੁਰਾ ਖੇਤਰ 'ਚ ਸਥਿਤ ਸਿਟੀਜ਼ਨ ਫ਼ੋਰਮ ਵਿੱਦਿਆ ਮੰਦਰ ਸਕੂਲ ਲਈ ਦਿੱਤੀ ਜਾਣ ਵਾਲੀ ਸਹਾਇਤਾ ਰਾਸ਼ੀ ਮੁੜ ਨਵਿਆ ਦਿੱਤੀ ਹੈ, ਜਿਸ ਤਹਿਤ ਇਸ ਸਕੂਲ ਨੂੰ ਹਰ ਮਹੀਨੇ ਸਰਬੱਤ ਦਾ ਭਲਾ ਚੈਰੀਟੇਬਲ ਟਰੱਸਟ ਵੱਲੋਂ 25000 ਰੁਪਏ ਦੀ ਰਾਸ਼ੀ ਹਰ ਮਹੀਨੇ ਜਾਰੀ ਕੀਤੀ ਜਾਂਦੀ ਰਹੀ ਹੈ।ਜ਼ਿਕਰਯੋਗ ਹੈ ਕਿ ਸਿਟੀਜ਼ਨ ਫੋਰਮ ਵਿੱਦਿਆ ਮੰਦਰ ਸਕੂਲ ਨੂੰ ਸਰਬੱਤ ਦਾ ਭਲਾ ਚੈਰੀਟੇਬਲ ਟਰੱਸਟ ਦੇ ਮੈਨੇਜਿੰਗ ਟਰੱਸਟੀ ਡਾ. ਐੱਸ. ਪੀ. ਸਿੰਘ ਉਬਰਾਏ ਵੱਲੋਂ ਪਿਛਲੇ 12 ਸਾਲਾਂ ਤੋਂ ਲਗਾਤਾਰ 25 ਹਜ਼ਾਰ ਰੁਪਏ ਪ੍ਰਤੀ ਮਹੀਨਾ ਸਹਾਇਤਾ ਰਾਸ਼ੀ ਜਾਰੀ ਕੀਤੀ ਜਾ ਰਹੀ ਸੀ ਤਾਂ ਜੋ ਇਸ ਸਕੂਲ ਵਿੱਚ ਇਸ ਖੇਤਰ ਦੇ ਗਰੀਬ ਤੇ ਲੋੜਵੰਦ ਪਰਿਵਾਰਾਂ ਦੇ ਬੱਚੇ-ਬੱਚੀਆਂ ਨੂੰ ਪੜ੍ਹਾਉਣ ਵਾਸਤੇ ਅਤੇ ਉਚੇਰੀ ਸਿੱਖਿਆ ਲਈ ਤਿਆਰ ਕਰਨ ਵਾਸਤੇ ਇਸ ਸਕੂਲ ਵੱਲੋਂ ਕੀਤੀ ਜਾ ਰਹੀ ਸੇਵਾ ਨਿਰਵਿਘਨ ਜਾਰੀ ਰਹਿ ਸਕੇ।

# ਬਟਾਲਾ ਹਲਕੇ ਦੇ 52 ਲਾਭਪਾਤਰੀਆਂ ਦੇ 78 ਲੱਖ ਰੁਪਏ ਦੇ ਕਰਜ਼ਿਆਂ 'ਤੇ ਫਿਰੀ ਲੀਕ

ਧਾਰੀਵਾਲ (ਮਨਦੀਪ ਸਿੰਘ ਵਿੱਕੀ)-ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਵੱਲੋਂ ਪੰਜਾਬ ਅਨੁਸੂਚਿਤ ਜਾਤੀਆਂ ਭੌਂ ਵਿਕਾਸ ਅਤੇ ਵਿੱਤ ਕਾਰਪੋਰੇਸ਼ਨ ਦੇ ਕਰਜ਼ਾ ਮਾਫੀ ਸਬੰਧੀ ਸਰਟੀਫਿਕੇਟ ਵੰਡਣ ਲਈ ਇੱਕ ਸਮਾਗਮ ਕਰਵਾਇਆ ਗਿਆ। ਇਸ ਮੌਕੇ ਪੰਜਾਬ ਦੇ ਕਾਰਜਕਾਰੀ ਪ੍ਰਧਾਨ ਅਤੇ ਵਿਧਾਇਕ ਅਮਨਸ਼ੇਰ ਸਿੰਘ ਸ਼ੈਰੀ ਕਲਸੀ ਵਲੋਂ ਆਪਣੇ ਹਲਕੇ ਨਾਲ ਸਬੰਧਤ 52 ਲਾਭਪਾਤਰੀਆਂ ਨੂੰ ਕਰਜ਼ਾ ਮਾਫੀ ਸਰਟੀਫਿਕੇਟ ਵੰਡੇ।ਇਸ ਮੌਕੇ ਚੇਅਰਮੈਨ ਮਾਨਿਕ ਮਹਿਤਾ, ਸੁਖਵਿੰਦਰ ਸਿੰਘ ਜ਼ਿਲ੍ਹਾ ਭਲਾਈ ਅਫਸਰ, ਸਤਪਾਲ ਜ਼ਿਲ੍ਹਾ ਮੈਨੇਜਰ, ਅਮਰਜੀਤ ਸਿੰਘ ਸਹਾਇਕ ਜ਼ਿਲ੍ਹਾ ਮੈਨੇਜਰ, ਲਾਇਨ ਵੀ ਐਮ ਗੋਇਲ, ਲਾਇਨ ਰਾਜੀਵ ਵਿੱਗ ਅਤੇ ਨਵਦੀਪ ਸਿੰਘ ਪਨੇਸਰ ਮੌਜੂਦ ਸਨ।ਇਸ ਮੌਕੇ ਸੰਬੋਧਨ ਕਰਦਿਆਂ ਵਿਧਾਇਕ ਸ਼ੈਰੀ ਕਲਸੀ ਨੇ ਦੱਸਿਆ ਕਿ ਸੂਬਾ ਸਰਕਾਰ ਵੱਲੋਂ ਪੰਜਾਬ ਅਨੁਸੂਚਿਤ ਜਾਤੀਆਂ ਭੌਂ ਵਿਕਾਸ ਅਤੇ ਵਿੱਤ ਕਾਰਪੋਰੇਸ਼ਨ ਤੋਂ ਮਿਤੀ 31 ਮਾਰਚ 2020 ਤੋਂ ਪਹਿਲਾਂ ਐੱਸਸੀ ਭਾਈਚਾਰੇ ਅਤੇ ਦਿਵਿਆਂਗ ਵਿਅਕਤੀਆਂ ਵੱਲੋਂ ਲਏ ਗਏ ਕਰਜ਼ੇ ਮਾਫ ਕਰ ਦਿੱਤੇ ਗਏ ਹਨ।ਵਿਧਾਇਕ ਸ਼ੈਰੀ ਕਲਸੀ ਨੇ ਦੱਸਿਆ ਕਿ ਬਟਾਲਾ ਹਲਕੇ ਦੇ ਕੁਲ 52 ਲਾਭਪਾਤਰੀ ਹਨ, ਜਿਨ੍ਹਾਂ ਦੇ 78 ਲੱਖ ਰੁਪਏ ਦੇ ਕਰਜ਼ੇ ਮਾਫ ਹੋਏ ਹਨ।ਇਨ੍ਹਾਂ ਲਾਭਪਾਤਰੀਆਂ ਨੂੰ ਕਰਜ਼ਾ ਮੁਆਫੀ ਸਕੀਮ ਅਧੀਨ ਪ੍ਰਮਾਣ ਪੱਤਰ ਵੰਡੇ ਗਏ ਗਏ।ਉਨ੍ਹਾਂ ਦੱਸਿਆਂ ਕਿ ਜ਼ਿਲ੍ਹਾ ਗੁਰਦਾਸਪੁਰ ਵਿੱਚ ਕੁਲ 321 ਲਾਭਪਾਤਰੀ ਹਨ ਅਤੇ ਕੁਲ 4 ਕਰੋੜ 45 ਲੱਖ 62 ਹਜ਼ਾਰ ਰੁਪਏ ਦੇ ਕਰਜ਼ੇ ਮਾਫ ਹੋਏ ਹਨ।ਉਨ੍ਹਾਂ ਦੱਸਿਆ ਕਿ ਸੂਬੇ ਵਿੱਚ ਕੁਲ 4727 ਲਾਭਪਾਤਰੀਆਂ ਦੇ 67 ਕਰੋੜ 84 ਲੱਖ ਰੁਪਏ ਦੇ ਕਰਜ਼ੇ ਮਾਫ ਹੋਏ ਹਨ।ਇਸ ਮੌਕੇ ਲਾਭਪਾਤਰੀ ਬਲਕਾਰ ਸਿੰਘ, ਕੇਵਲ ਸਿੰਘ, ਰਛਪਾਲ ਸਿੰਘ ਅਤੇ ਅਮਰਜੀਤ ਕੌਰ ਨੇ ਕਿਹਾ ਕਿ ਮੁਖ ਮੰਤਰੀ ਭਗਵੰਤ ਮਾਨ ਅਤੇ ਵਿਧਾਇਕ ਸ਼ੈਰੀ ਕਲਸੀ ਨੇ ਲੋੜਵੰਦ ਲੋਕਾਂ ਦੀ ਬਾਂਹ ਫੜੀ ਹੈ।



# ਡੀ ਟੀ ਐੱਫ ਪੰਜਾਬ ਦੀ ਅਗਵਾਈ 'ਚ 5178 ਅਧਿਆਪਕਾਂ ਦੇ ਸੰਘਰਸ਼ ਦੀ ਵੱਡੀ ਜਿੱਤ

ਡੇਰਾ ਬਾਬਾ ਨਾਨਕ (ਰਮੇਸ਼ ਸ਼ਰਮਾ)-ਪ੍ਰਮੁੱਖ ਸਕੱਤਰ ਸਕੂਲ ਸਿੱਖਿਆ ਵਿਭਾਗ ਪੰਜਾਬ ਅਨੰਦਿਤਾ ਮਿੱਤਰਾ ਵੱਲੋਂ ਪਰਖਕਾਲ ਸਮੇਂ ਦੌਰਾਨ ਪੂਰੀ ਤਨਖਾਹ ਦੇਣ ਦੇ ਹੁਕਮ ਜਾਰੀ 26-07-2025-ਸੂਬੇ ਦੇ ਸਰਕਾਰੀ ਸਕੂਲਾਂ ਵਿੱਚ ਪਿਛਲੇ ਗਿਆਰਾਂ ਸਾਲਾਂ ਤੋਂ ਬਤੌਰ ਮਾਸਟਰ ਕੇਡਰ ਸੇਵਾਂਵਾ ਨਿਭਾ ਰਹੇ 5178 ਅਧਿਆਪਕਾਂ ਨੇ ਡੀਟੀਐੱਫ ਪੰਜਾਬ ਦੀ ਅਗਵਾਈ ਹੇਠ ਸੰਘਰਸ਼ ਕਰਕੇ ਮੁਲਾਜ਼ਮ ਲਹਿਰ ਦੀਆਂ ਸਫਾਂ ਵਿੱਚ ਇਤਿਹਾਸਕ ਜਿੱਤ ਦਰਜ ਕੀਤੀ ਹੈ।ਇਸ ਸਬੰਧੀ ਜਾਣਕਾਰੀ ਦਿੰਦਿਆਂ ਡੀਟੀਐੱਫ ਪੰਜਾਬ ਦੇ ਸੂਬਾ ਪ੍ਰਧਾਨ ਦਿਗਵਿਜੇਪਾਲ ਸ਼ਰਮਾ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਪੰਜਾਬ ਦੀ ਪਹਿਲੀ ਟੀਈਟੀ ਪ੍ਰੀਖਿਆ 2011 ਪਾਸ ਬੇਰੋਜ਼ਗਾਰ ਅਧਿਆਪਕਾਂ ਨੇ ਅਕਾਲੀ ਹਕੂਮਤ ਖਿਲਾਫ ਲਹੂ ਵੀਟਵੀਂ ਲੜਾਈ ਲੜ ਕੇ, ਜੇਲਾਂ, ਥਾਣੇ, ਡਾਂਗਾਂ, ਪਰਚੇ ਆਦਿਕ ਤਸ਼ੱਦਦ ਝੱਲ ਕੇ ਨਵੰਬਰ 2014 ਵਿੱਚ ਨਿਯੁਕਤੀਆਂ ਲਈਆਂ ਸਨ।ਤਿੰਨ ਸਾਲ ਦੀ ਠੇਕਾ ਸੇਵਾ ਪੂਰੀ ਹੋਣ ਉਪਰੰਤ ਨਵੰਬਰ 2017 ਤੇ ਪੂਰੀ ਤਨਖਾਹ ਤੇ ਰੈਗੂਲਰ ਹੋਣਾ ਸੀ, ਪਰ ਸਮੇਂ ਦੀ ਕਾਂਗਰਸ ਸਰਕਾਰ ਨੇ ਇਨਾਂ ਉਚ ਯੋਗਤਾ ਪ੍ਰਾਪਤ ਅਧਿਆਪਕਾਂ ਤੇ ਜਬਰੀ 2 ਸਾਲ ਦਾ ਪਰਖਕਾਲ ਮੜ੍ਹ ਦਿੱਤਾ।5178 ਅਧਿਆਪਕਾਂ ਦੇ ਸੂਬਾਈ ਆਗੂ ਦੀਪ ਰਾਜਾ ਨੇ ਕਿਹਾ ਕਿ ਪੀੜਤ ਅਧਿਆਪਕਾਂ ਨੇ ਆਪਣੀ ਪੂਰੀ ਤਨਖਾਹ ਤੇ ਰੈਗੂਲਰਾਈਜੇਸ਼ਨ ਦੀ ਮੰਗ ਤੇ ਲਗਾਤਾਰ ਸੰਘਰਸ਼ ਜਾਰੀ ਰੱਖਿਆ।ਜੱਥੇਬੰਦਕ ਸੰਘਰਸ਼ ਦੇ ਨਾਲ-ਨਾਲ ਸਰਵਿਸ ਮੈਟਰ ਦੇ ਮਾਹਿਰ ਐਡੋਵਕੇਟ ਕਪਿਲ ਕੱਕੜ ਰਾਹੀ ਮਾਣਯੋਗ ਹਾਈ ਕੋਰਟ ਪੰਜਾਬ ਅਤੇ ਹਰਿਆਣਾ ਵਿੱਚ ਕਾਨੂੰਨੀ ਲੜਾਈ ਜਾਰੀ ਰੱਖੀ ਜਿਸਦੇ ਸਿੱਟੇ ਵਜੋਂ ਬੀਤੀ 26-02-2025 ਨੂੰ ਸਬੰਧਿਤ ਕੇਸਾਂ ਵਿੱਚ ਸਰਕਾਰ ਵਲੋਂ ਕੰਪਲਾਇੰਸ ਰਿਪੋਰਟ ਵਜੋਂ 5178 ਅਧਿਆਪਕਾਂ ਦੀ ਪੂਰੀ ਤਨਖਾਹ ਤੇ ਰੈਗੂਲਰਾਈਜੇਸ਼ਨ ਦੇ ਆਰਡਰ ਦਾਖਲ ਕੀਤੇ ਗਏ।ਬਾਅਦ ਵਿੱਚ ਨਾਨ ਪਟੀਸ਼ਨਰਜ਼ ਅਧਿਆਪਕਾਂ ਦੇ ਬਕਾਏ ਜਾਰੀ ਕਰਨ ਸਬੰਧੀ ਆ ਰਹੀਆਂ ਦਿੱਕਤਾਂ ਦੇ ਹੱਲ ਲਈ ਡੀਟੀਐੱਫ ਦੀ ਅਗਵਾਈ ਵਿੱਚ ਦੀਪ ਰਾਜਾ



ਲੁਧਿਆਣਾ, ਅਸ਼ਵਨੀ ਕੁਮਾਰ ਬਠਿੰਡਾ ਅਤੇ ਬਲਜਿੰਦਰ ਕੁਮਾਰ ਮਾਨਸਾ ਦੀ ਅਗਵਾਈ ਵਿੱਚ ਸਾਰੇ 5178 ਅਧਿਆਪਕਾਂ ਨੂੰ ਬਣਦੇ ਲਾਭ ਦਿਵਾਉਣ ਲਈ ਸੰਘਰਸ਼ ਜਾਰੀ ਰੱਖਿਆ ਗਿਆ।ਜੱਥੇਬੰਦੀ ਦੀ ਮੰਗ ਨੂੰ ਪ੍ਰਵਾਨ ਕਰਦਿਆਂ ਸਿੱਖਿਆ ਸਕੱਤਰ ਸਕੂਲ ਸਿੱਖਿਆ ਵਿਭਾਗ ਪੰਜਾਬ ਮੈਡਮ ਅਨੰਦਿਤਾ ਮਿੱਤਰਾ ਵਲੋਂ ਕੱਲ ਇਹ ਸੂਬੇ ਦੇ ਸਮੂਹ ਜ਼ਿਲਾ ਸਿੱਖਿਆ ਅਧਿਕਾਰੀਆਂ ਨੂੰ ਜਾਰੀ ਕਰਕੇ ਸਕੂਲ ਮੁਖੀਆਂ ਨੂੰ ਤੁਰੰਤ ਇਹ ਹੁਕਮ ਲਾਗੂ ਕਰਨ ਦੇ ਨਿਰਦੇਸ਼ ਦਿੱਤੇ ਗਏ ਹਨ।ਆਗੂਆਂ ਨੇ ਇਸ ਮੌਕੇ ਸਮੂਹ 5178 ਅਧਿਆਪਕਾਂ ਨੂੰ ਵਧਾਈ ਦਿੰਦਿਆਂ ਕਿਹਾ ਕਿ ਇਹ ਹੁਕਮ ਲਾਗੂ ਕਰਾਉਣ ਲਈ ਜੱਥੇਬੰਦੀ ਸੰਘਰਸ਼ਸ਼ੀਲ ਰਹੇਗੀ।

# ਬੀ ਪੀ ਓ (ਐਲੀ.) ਦਿਲਬਾਗ ਸਿੰਘ ਨੇ ਵੇਰਕਾ ਤੇ ਮਜੀਠਾ-1 ਬਲਾਕਾਂ ਦਾ ਵਾਧੂ ਕਾਰਜਭਾਰ ਸੰਭਾਲਿਆ



ਵੇਰਕਾ (ਰਾਣਾ)-ਦਫਤਰ ਡਾਇਰੈਕਟੋਰੇਟ ਸਕੂਲ ਸਿੱਖਿਆ (ਐਲੀ) ਪੰਜਾਬ, ਐੱਸ. ਏ. ਐੱਸ. ਨਗਰ ਵੱਲੋਂ ਬਲਾਕ ਸਿੱਖਿਆ (ਐਲੀ) ਦਫਤਰਾਂ ਦਾ ਕੰਮ ਸੁਚਾਰੂ ਢੰਗ ਨਾਲ ਚਲਾਉਣ ਲਈ ਖਾਲੀ ਪਏ ਬਲਾਕਾਂ ਦਾ ਵਾਧੂ ਚਾਰਜ/ਡੀ. ਡੀ. ਓ. ਪਾਵਰਾਂ ਦਿਲਬਾਗ ਸਿੰਘ ਬਲਾਕ ਸਿੱਖਿਆ ਅਫਸਰ ਅੰਮ੍ਰਿਤਸਰ-4 ਨੂੰ ਦਫਤਰ ਬਲਾਕ ਮਜੀਠਾ-1 ਅਤੇ ਬਲਾਕ ਵੇਰਕਾ ਅੰਮ੍ਰਿਤਸਰ ਦਾ ਵਾਧੂ ਕਾਰਜ ਭਾਰ ਦਿੱਤਾ ਗਿਆ ਹੈ।

ਇਸ ਉਪਰੰਤ ਬੀਪੀਓ ਦਿਲਬਾਗ ਸਿੰਘ ਨੇ ਉਪਰੋਕਤ ਦੋਵਾਂ ਬਲਾਕਾਂ ਦਾ ਚਾਰਜ ਸੰਭਾਲਿਆ ਅਤੇ ਉਨ੍ਹਾਂ ਨੂੰ ਵਧਾਈ/ਸ਼ੁਭਕਾਮਨਾਵਾਂ ਦੇਣ ਵਾਲਿਆਂ ਦਾ ਵੀ ਤਾਂਤਾ ਲੱਗਾ ਰਿਹਾ।ਉਕਤ ਦੋਵਾਂ ਬਲਾਕਾਂ ਦਾ ਚਾਰਜ ਲੈਣ ਮੌਕੇ ਉਨ੍ਹਾਂ ਨਾਲ ਸੁਪਰਡੈਂਟ ਮਲਕੀਤ ਸਿੰਘ ਦਫਤਰ ਡੀਈਓ (ਸੈ:ਸਿ:)ਅੰਮ੍ਰਿਤਸਰ, ਸੁਪਰਡੈਂਟ ਪਲਵਿੰਦਰ ਸਿੰਘ ਲੁੱਧੜ ਬਲਾਕ ਮਜੀਠਾ, ਬਲਜੀਤ ਸਿੰਘ ਬੀਪੀਓ (ਐਲੀ:) ਬਲਾਕ ਅੰਮ੍ਰਿਤਸਰ-2, ਯਸ਼ਪਾਲ ਬੀਪੀਓ (ਐਲੀ:) ਬਲਾਕ ਅੰਮ੍ਰਿਤਸਰ-3 ਅਤੇ ਦੋਵੇਂ ਬਲਾਕਾਂ ਦੇ ਸੈਂਟਰ ਹੈੱਡਟੀਚਰ ਮੌਜੂਦ ਸਨ।ਇਸ ਤੋਂ ਇਲਾਵਾ ਸਮਾਜਿਕ ਨਿਆਂ, ਅਧਿਕਾਰਤਾ ਵੈੱਲਫੇਅਰ ਸੋਸੀਏਸ਼ਨ ਅੰਮ੍ਰਿਤਸਰ (ਪੰਜਾਬ) ਦੇ ਸੂਬਾਈ ਕਾਨੂੰਨੀ ਸਲਾਹਕਾਰ ਮਨਜੀਤ ਸਿੰਘ ਵਿਰਕ, ਸੂਬਾ ਸੀਨੀ: ਮੀਤ ਪ੍ਰਧਾਨ ਤੇਜਿੰਦਰ ਸਿੰਘ ਸੋਹੀ, ਸੂਬਾ ਪ੍ਰੈੱਸ ਸਕੱਤਰ ਹਰਪਿੰਦਰ ਸਿੰਘ ਰਾਣਾ (ਖੁਸ਼ੀਪੁਰ) ਜ਼ਿਲਾ ਪ੍ਰਧਾਨ ਸਤਿੰਦਰ ਸਿੰਘ ਸਰਕਾਰੀਆ, ਜਨਰਲ ਸਕੱਤਰ ਕੁਲਜੀਤ ਸਿੰਘ ਵੇਰਕਾ, ਵਿੱਤ ਸਕੱਤਰ ਹਰਪਾਲ ਸਿੰਘ ਓਠੀਆ, ਜ਼ਿਲਾ ਜਨਰਲ ਸਕੱਤਰ ਐੱਸਸੀ/ਬੀਸੀ ਅਧਿਆਪਕ ਯੂਨੀਅਨ ਅੰਮ੍ਰਿਤਸਰ ਸੁਖਰਾਜ ਸਿੰਘ ਮਾਹਲ, ਕਲਰਕ ਸਾਹਿਲ ਕੁਮਾਰ, ਕਲਰਕ ਸੁਖਦੇਵ, ਗੁਰਬਿੰਦਰ ਸਿੰਘ, ਸੈਂਟਰ ਹੈੱਡਟੀਚਰ ਗੁਰਪ੍ਰੀਤ ਸਿੰਘ ਛੇਹਰਾਟਾ, ਦਿਨੇਸ਼ ਕੁਮਾਰ ਭੱਲਾ, ਗੁਰਵਿੰਦਰ ਸਿੰਘ, ਹਰਮਨਦੀਪ ਸਿੰਘ ਛੀਨਾ, ਲਿਵਤਾਰ ਸਿੰਘ, ਨਰਿੰਦਰ ਸਿੰਘ, ਸੁਲੇਖ ਸ਼ਰਮਾ, ਵਰਿੰਦਰ ਸਿੰਘ ਸੈਂਸਰਾ, ਚੰਦਰ ਕਿਰਨ, ਹਰਗੋਪਾਲ ਸਿੰਘ, ਮਨਦੀਪ ਕੌਰ ਸਾਰੇ (ਸੀਐੱਚਟੀ) ਲਵਲੀਨ, ਕਿਰਨ, ਸਪਨਾ, ਕੁਨਾਲ ਭੱਲਾ, ਸਾਹਿਬ ਸਿੰਘ ਡੀਈਓ (ਐਲੀ:) ਦਫ਼ਤਰ ਅੰਮ੍ਰਿਤਸਰ, ਪੂਜਾ, ਗੁਰਵਿੰਦਰ ਸਿੰਘ, ਕਰਨਵੀਰ ਕਿਲਾ ਜੀਵਨ ਸਿੰਘ, ਅਮਨਦੀਪ ਸਿੰਘ, ਸੇਵਾਦਾਰ ਵਿੱਕੀ ਆਦਿ ਵੀ ਹਾਜ਼ਰ ਸਨ।

# ਮਾਨ ਸਰਕਾਰ ਵੱਲੋਂ 2634 ਲਾਭਪਾਤਰੀਆਂ ਲਈ 13.43 ਕਰੋੜ ਰੁਪਏ ਜਾਰੀ : ਡਾ.ਬਲਜੀਤ ਕੌਰ

ਚੰਡੀਗੜ੍ਹ (ਗੁਰਜੀਤ ਬਿੱਲਾ)-ਸਮਾਜਿਕ ਨਿਆਂ, ਅਧਿਕਾਰਤਾ ਅਤੇ ਘੱਟ ਗਿਣਤੀ ਮੰਤਰੀ ਡਾ. ਬਲਜੀਤ ਕੌਰ ਨੇ ਦੱਸਿਆ ਕਿ ਪੰਜਾਬ ਸਰਕਾਰ ਵੱਲੋਂ ਚਾਲੂ ਵਿੱਤੀ ਸਾਲ 2025-26 ਦੌਰਾਨ ਅਸ਼ੀਰਵਾਦ ਸਕੀਮ ਹੇਠ ਪੱਛੜੀਆਂ ਸ਼੍ਰੇਣੀਆਂ ਅਤੇ ਆਰਥਿਕ ਤੌਰ 'ਤੇ ਕਮਜ਼ੋਰ ਵਰਗਾਂ ਦੇ 2634 ਲਾਭਪਾਤਰੀਆਂ ਲਈ 13.43 ਕਰੋੜ ਰੁਪਏ ਦੀ ਰਾਸ਼ੀ ਜਾਰੀ ਕੀਤੀ ਗਈ ਹੈ।

ਉਨ੍ਹਾਂ ਨੇ ਦੱਸਿਆ ਕਿ ਇਹ ਲਾਭ ਅੰਮ੍ਰਿਤਸਰ, ਬਰਨਾਲਾ, ਫਰੀਦਕੋਟ, ਸ੍ਰੀ ਫਤਹਿਗੜ੍ਹ ਸਾਹਿਬ, ਗੁਰਦਾਸਪੁਰ, ਹੁਸ਼ਿਆਰਪੁਰ, ਲੁਧਿਆਣਾ, ਸ੍ਰੀ ਮੁਕਤਸਰ ਸਾਹਿਬ, ਪਟਿਆਲਾ, ਪਠਾਨਕੋਟ, ਰੂਪਨਗਰ, ਐਸ.ਏ.ਐਸ.ਨਗਰ, ਸੰਗਰੂਰ, ਮਾਲੇਰਕੋਟਲਾ ਅਤੇ ਤਰਨਤਾਰਨ ਦੇ ਲਾਭਪਾਤਰੀਆਂ ਨੂੰ ਮਿਲੇਗਾ। ਉਨ੍ਹਾਂ ਦੱਸਿਆ ਕਿ ਇਹ ਰਕਮ ਅਸ਼ੀਰਵਾਦ ਪੋਰਟਲ 'ਤੇ ਪ੍ਰਾਪਤ ਹੋਈਆਂ ਦਰਖਾਸਤਾਂ ਦੇ ਅਧਾਰ 'ਤੇ ਜਾਰੀ ਕੀਤੀ ਗਈ ਹੈ।

ਡਾ. ਬਲਜੀਤ ਕੌਰ ਨੇ ਦੱਸਿਆ ਕਿ ਅਸ਼ੀਰਵਾਦ ਸਕੀਮ ਹੇਠ ਘੱਟ ਆਮਦਨ ਵਾਲੇ ਪਰਵਾਰਾਂ ਦੀਆਂ ਲੜਕੀਆਂ ਦੇ ਵਿਆਹ ਲਈ 51,000 ਰੁਪਏ ਦੀ ਵਿੱਤੀ ਸਹਾਇਤਾ ਦਿੱਤੀ ਜਾਂਦੀ ਹੈ।

ਇਹ ਰਕਮ ਡਾਇਰੈਕਟ ਬੈਨਿਫਿਟ ਟ੍ਰਾਂਸਫਰ ਰਾਹੀਂ ਸਿੱਧਾ ਲਾਭਪਾਤਰੀਆਂ ਦੇ ਬੈਂਕ ਖਾਤਿਆਂ ਵਿੱਚ ਭੇਜੀ ਜਾਂਦੀ ਹੈ।ਉਨ੍ਹਾਂ ਕਿਹਾ ਕਿ ਇਸ ਸਕੀਮ ਦਾ ਲਾਭ ਲੈਣ ਲਈ ਬਿਨੈਕਾਰ ਪੰਜਾਬ ਰਾਜ ਦਾ ਸਥਾਈ ਨਿਵਾਸੀ ਹੋਣਾ ਚਾਹੀਦਾ ਹੈ, ਜਿਸ ਦਾ ਪਰਵਾਰ ਗਰੀਬੀ ਰੇਖਾ ਤੋਂ ਹੇਠਾਂ ਆਉਂਦਾ ਹੋਵੇ ਅਤੇ ਉਹ ਅਨੁਸੂਚਿਤ ਜਾਤੀ, ਪੱਛੜੀਆਂ ਸ਼੍ਰੇਣੀਆਂ ਜਾਂ ਹੋਰ ਆਰਥਿਕ ਤੌਰ 'ਤੇ ਕਮਜ਼ੋਰ ਵਰਗਾਂ ਨਾਲ ਸਬੰਧਤ ਹੋਵੇ। ਪਰਿਵਾਰ ਦੀ ਸਾਲਾਨਾ ਆਮਦਨ 32,790 ਰੁਪਏ ਤੋਂ ਘੱਟ ਹੋਣੀ ਚਾਹੀਦੀ ਹੈ। ਅਜਿਹੇ ਪਰਵਾਰਾਂ ਦੀਆਂ ਵੱਧ ਤੋਂ ਵੱਧ ਦੋ ਧੀਆਂ ਨੂੰ ਇਹ ਲਾਭ ਦਿੱਤਾ ਜਾ ਸਕਦਾ ਹੈ।


## ਉੱਤਰ ਰੇਲਵੇ

### ਈ-ਨਿਵਿਦਾ ਸੂਚਨਾ

ਨੰ.-:89, 90-2025-26-ADEN-JUC & 91,93-2025-26-ADEN-I-ASR & 92-2025-26-ADEN-II-ASR ਮਿਤੀ: 25.07.2025 ਸੀਨੀਅਰ ਮੰਡਲ ਇੰਜੀਨੀਅਰ-ਤੀਜਾ, ਫਿਰੋਜ਼ਪੁਰ ਦੁਆਰਾ ਭਾਰਤ ਦੇ ਰਾਸ਼ਟਰਪਤੀ ਦੇ ਵਲੋਂ ਤੋਂ ਹੇਠਾਂ ਲਿਖਤ ਈ-ਨਿਵਿਦਾਵਾਂ, ਅੰਤਮ ਮਿਤੀ 18.08.2025 ਸਮਾਂ 15:00 ਵਜੇ ਤਕ www.ireps.gov.in ਤੇ ਮੰਗ ਕੀਤੀ ਜਾਂਦੀ ਹੈ। ਨਿਵਿਦਾਕਰਤਾ ਆਪਣੇ ਮੂਲ/ਸੰਸ਼ੋਧਿਤ ਟੈਂਡਰ ਬੰਦ ਹੋਣ ਦੀ ਮਿਤੀ ਅਤੇ ਸਮੇਂ ਤਕ ਪੇਸ਼ ਕਰ ਸਕਦੇ ਹਨ। ਮੈਨੂੰਅਲ ਪ੍ਰਸਤਾਵ ਇਸ ਟੈਂਡਰ ਦੇ ਲਈ ਮਾਨਯ ਨਹੀਂ ਹਨ ਅਤੇ ਐਸੇ ਕਿਸੇ ਵੀ ਪ੍ਰਸਤਾਵ ਨੂੰ ਸਵੀਕਾਰ ਨਹੀਂ ਕੀਤਾ ਜਾਵੇਗਾ। ਠੇਕੇਦਾਰ ਟੈਂਡਰ ਫਾਰਮ ਦੀ ਬਿਆਨਾ ਰਾਸ਼ੀ ਦੀ ਜਗ੍ਹਾ ਦਾ ਭੁਗਤਾਨ www.ireps.gov.in ਪੋਰਟਲ 'ਤੇ ਉਪਲਬਧ ਆਨ ਲਾਈਨ ਸਾਧਨਾਂ ਦੇ ਮਾਧਿਅਮ ਨਾਲ ਜਿਵੇਂ ਨੈਟ ਬੈਂਕਿੰਗ, ਡੇਬਿਟ ਕਾਰਡ ਕਰੈਡਿਟ ਕਾਰਡ ਆਦਿ ਦੇ ਭੁਗਤਾਨ ਨਾਲ ਕਰ ਸਕਦੇ ਹਨ। ਡਿਮਾਂਡ ਡ੍ਰਾਫਟ, ਬੈਂਕਰਸ ਚੈਕ, ਐਫ.ਡੀ.ਆਰ. ਤੇ ਰਸੀਦਾਂ ਆਦਿ ਦੇ ਮਾਧਿਅਮ ਨਾਲ ਭੁਗਤਾਨ ਦੀ ਇਜਾਜਤ ਨਹੀਂ ਹੈ।

| ਨਿਵਿਦਾ ਪ੍ਰਕਾਰ | ਨਿਵਿਦਾ ਅਨੁਭਾਗ | ਬੋਲੀ ਪ੍ਰਣਾਲੀ |
|---|---|---|
| ਖੁਲ੍ਹਾ | ਕੰਮ | ਏਕਲ ਬੋਲੀ ਪ੍ਰਣਾਲੀ |
| ਟੈਂਡਰ ਅਪਲੋਡ ਕਰਨ ਦੀ ਮਿਤੀ | ਬੋਲੀ ਸ਼ੁਰੂ ਦੀ ਮਿਤੀ | ਬੋਲੀ ਸਮਾਪਨ ਦੀ ਮਿਤੀ ਅਤੇ ਸਮਾਂ |
| 24.07.2025 | 04.08.2025 | 18.08.2025 15:00 ਵਜੇ |

ਲੜੀ ਨੰਬਰ: 1. ਨਿਵਿਦਾ ਨੰਬਰ: 89-2025-26-ADEN-JUC

ਨਿਵਿਦਾ ਦਾ ਵੇਰਵਾ: ਸਹਾਇਕ ਮੰਡਲ ਇੰਜੀਨੀਅਰ/ਜਲੰਧਰ ਸ਼ਹਿਰ ਦੇ ਅਧਿਕਾਰ ਖੇਤਰ ਵਿਚ ਸੀਨੀਅਰ ਅਨੁਭਾਗੀ ਇੰਜੀਨੀਅਰ/ਪੀ.ਵੇ/ਨਕੋਦਰ ਦੇ ਅਨੁਭਾਗ ਵਿਚ ਵਿਵਿਧ ਪੀ.ਵੇ. ਦਾ ਕੰਮ।

| ਵਿਗਿਆਪਨ ਮੁੱਲ (ਰੁ.) | ਬਿਆਨਾ ਰਾਸ਼ੀ | ਆਫਰ ਦੀ ਵੈਲੇਡਿਟੀ | ਸਮਾਪਤੀ ਦਾ ਸਮਾਂ |
|---|---|---|---|
| 1,18,92,245.53/- | 2,09,500.00/- | 60 ਦਿਨ | 12 ਮਹੀਨੇ |

ਸਮਾਨ ਨੇਚਰ ਦਾ ਕੰਮ:- "ਸੀਟੀਆਰ/ਟੀਆਰਆਰ/ਟੀਐਫਆਰ/ਟੀਟੀਆਰ ਜਿਸ ਵਿਚ ਟ੍ਰੈਕ ਨੂੰ ਉਪਰ ਚੁਕਣਾ, ਸਕ੍ਰੀਨਿੰਗ, ਟ੍ਰੈਕ ਨੂੰ ਡਿਸਟ੍ਰੇਸ ਕਰਨਾ, ਟ੍ਰੈਕ ਰਖਰਖਾਅ ਮਸ਼ੀਨ ਜਿਵੇਂ ਟੈਮਪਿੰਗ ਮਸ਼ੀਨ / ਬੈਲਾਸਟ ਸਕ੍ਰੀਨਿੰਗ/ ਰੇਗੁਲੇਟਿੰਗ ਮਸ਼ੀਨ ਅਤੇ ਟੀਟੀਆਰ ਦੇ ਲਈ ਪੂਰਵ ਅਤੇ ਬਾਅਦ ਦਾ ਕੰਮ ਸ਼ਾਮਲ ਹੈ, ਟੀ-28-ਦੁਆਰਾ।"

ਲੜੀ ਨੰਬਰ: 2. ਨਿਵਿਦਾ ਨੰਬਰ: 90-2025-26-ADEN-JUC

ਨਿਵਿਦਾ ਦਾ ਵੇਰਵਾ: ਸਹਾਇਕ ਮੰਡਲ ਇੰਜੀਨੀਅਰ/ਜਲੰਧਰ ਸ਼ਹਿਰ ਦੇ ਅਧਿਕਾਰ ਖੇਤਰ ਵਿਚ ਸੀਨੀਅਰ ਅਨੁਭਾਗੀ ਇੰਜੀਨੀਅਰ/ਪੀ.ਵੇ/ਜਲੰਧਰ ਸ਼ਹਿਰ ਦੇ ਅਨੁਭਾਗ ਵਿਚ ਵਿਵਿਧ ਪੀ.ਵੇ. ਦਾ ਕੰਮ।

| ਵਿਗਿਆਪਨ ਮੁੱਲ (ਰੁ.) | ਬਿਆਨਾ ਰਾਸ਼ੀ | ਆਫਰ ਦੀ ਵੈਲੇਡਿਟੀ | ਸਮਾਪਤੀ ਦਾ ਸਮਾਂ |
|---|---|---|---|
| 1,18,98,676.37/- | 2,09,500.00/- | 60 ਦਿਨ | 12 ਮਹੀਨੇ |

ਸਮਾਨ ਨੇਚਰ ਦਾ ਕੰਮ:- "ਸੀਟੀਆਰ/ਟੀਆਰਆਰ/ਟੀਐਫਆਰ/ਟੀਟੀਆਰ ਜਿਸ ਵਿਚ ਟ੍ਰੈਕ ਨੂੰ ਉਪਰ ਚੁਕਣਾ, ਸਕ੍ਰੀਨਿੰਗ, ਟ੍ਰੈਕ ਨੂੰ ਡਿਸਟ੍ਰੇਸ ਕਰਨਾ, ਟ੍ਰੈਕ ਰਖਰਖਾਅ ਮਸ਼ੀਨ ਜਿਵੇਂ ਟੈਮਪਿੰਗ ਮਸ਼ੀਨ / ਬੈਲਾਸਟ ਸਕ੍ਰੀਨਿੰਗ/ ਰੇਗੁਲੇਟਿੰਗ ਮਸ਼ੀਨ ਅਤੇ ਟੀਟੀਆਰ ਦੇ ਲਈ ਪੂਰਵ ਅਤੇ ਬਾਅਦ ਦਾ ਕੰਮ ਸ਼ਾਮਲ ਹੈ, ਟੀ-28-ਦੁਆਰਾ।"

ਲੜੀ ਨੰਬਰ: 3. ਨਿਵਿਦਾ ਨੰਬਰ:91-2025-26-ADEN-I-ASR

ਨਿਵਿਦਾ ਦਾ ਵੇਰਵਾ: ਬਟਾਲਾ ਜੰਕਸ਼ਨ ਮਾਲ ਸ਼ੈਡ ਦਾ ਅਪਗ੍ਰੇਡੇਸ਼ਨ/ਸੁਧਾਰ ਕੰਮ।

| ਵਿਗਿਆਪਨ ਮੁੱਲ (ਰੁ.) | ਬਿਆਨਾ ਰਾਸ਼ੀ | ਆਫਰ ਦੀ ਵੈਲੇਡਿਟੀ | ਸਮਾਪਤੀ ਦਾ ਸਮਾਂ |
|---|---|---|---|
| 8,51,77,976.61/- | 5,75,900.00/- | 60 ਦਿਨ | 12 ਮਹੀਨੇ |

ਸਮਾਨ ਨੇਚਰ ਦਾ ਕੰਮ : - "ਟ੍ਰੈਕ ਕੰਮ ਦੇ ਇਲਾਵਾ ਕੋਈ ਵੀ ਸਿਵਿਲ ਕੰਮ।"

ਲੜੀ ਨੰਬਰ: 4. ਨਿਵਿਦਾ ਨੰਬਰ: 92-2025-26-ADEN-II-ASR

ਨਿਵਿਦਾ ਦਾ ਵੇਰਵਾ: ਸਹਾਇਕ ਮੰਡਲ ਇੰਜੀਨੀਅਰ/ਸੈਕਿੰਡ/ਅੰਮ੍ਰਿਤਸਰ ਦੇ ਤਹਿਤ ਅੰਮ੍ਰਿਤਸਰ- ਖੇਮਕਰਨ ਸੈਕਸ਼ਨ ਤੇ ਭਗਤਾਂਵਾਲਾ ਵਿਚ ਮਾਲ ਸ਼ੈਡ ਅਤੇ ਪਲੇਟਫਾਰਮ ਦਾ ਅਪਗ੍ਰੇਡੇਸ਼ਨ / ਸੁਧਾਰ ਕੰਮ।

| ਵਿਗਿਆਪਨ ਮੁੱਲ (ਰੁ.) | ਬਿਆਨਾ ਰਾਸ਼ੀ | ਆਫਰ ਦੀ ਵੈਲੇਡਿਟੀ | ਸਮਾਪਤੀ ਦਾ ਸਮਾਂ |
|---|---|---|---|
| 2,73,06,937.39/- | 2,86,500.00/- | 60 ਦਿਨ | 06 ਮਹੀਨੇ |

ਸਮਾਨ ਨੇਚਰ ਦਾ ਕੰਮ : - "ਟ੍ਰੈਕ ਕੰਮ ਦੇ ਇਲਾਵਾ ਕੋਈ ਵੀ ਸਿਵਿਲ ਕੰਮ।"

ਲੜੀ ਨੰਬਰ: 5. ਨਿਵਿਦਾ ਨੰਬਰ: 93-2025-26-ADEN-I-ASR

ਨਿਵਿਦਾ ਦਾ ਵੇਰਵਾ: ਸਹਾਇਕ ਮੰਡਲ ਇੰਜੀਨੀਅਰ-ਫਸਟ ਅਤੇ ਸਹਾਇਕ ਮੰਡਲ ਇੰਜੀਨੀਅਰ-ਸੈਕਿੰਡ/ ਅੰਮ੍ਰਿਤਸਰ ਸੈਕਸ਼ਨ ਵਿਚ ਚੌਂਦੀਆਂ ਨਾਲੀਆਂ, ਪਲੇਟਫਾਰਮ ਸ਼ੈਲਟਰਾਂ ਅਤੇ ਮੀਂਹ ਦੇ ਪਾਣੀ ਦੀਆਂ ਪਾਈਪਾਂ ਦੀ ਮੁਰੰਮਤ ਦਾ ਕੰਮ।

| ਵਿਗਿਆਪਨ ਮੁੱਲ (ਰੁ.) | ਬਿਆਨਾ ਰਾਸ਼ੀ | ਆਫਰ ਦੀ ਵੈਲੇਡਿਟੀ | ਸਮਾਪਤੀ ਦਾ ਸਮਾਂ |
|---|---|---|---|
| 1,19,99,969.84/- | 2,10,000.00/- | 60 ਦਿਨ | 06 ਮਹੀਨੇ |

ਸਮਾਨ ਨੇਚਰ ਦਾ ਕੰਮ : - "ਟ੍ਰੈਕ ਕੰਮ ਦੇ ਇਲਾਵਾ ਕੋਈ ਵੀ ਸਿਵਿਲ ਕੰਮ।"

ਨੋਟ : 1. ਨਿਵਿਦਾ ਪਾਉਣ ਤੋਂ ਪਹਿਲਾਂ ਨਿਵਿਦਾਕਰਤਾ ਨਿਵਿਦਾ ਦੇ ਸਬੰਧ ਵਿਚ ਜਾਰੀ ਕੀਤੇ ਗਏ ਕਿਸੇ ਵੀ ਸ਼ੁਧੀਪੱਤਰ ਦੀ ਜਾਂਚ ਕਰਨਗੇ। 2. ਹਿੰਦੀ ਵਿਚ ਕਿਸੇ ਵੀ ਗਲਤੀ ਲਈ ਅੰਗ੍ਰੇਜ਼ੀ ਵਰਜਨ ਦਾ ਅਵਲੋਕਨ ਕਰੋ, ਅਤੇ ਅੰਗ੍ਰੇਜ਼ੀ ਵਰਜਨ ਹੀ ਮਾਨਯ ਹੋਣਗੇ। 2261/2025

ਗ੍ਰਾਹਕਾਂ ਦੀ ਸੇਵਾ ਵਿਚ ਮੁਸਕਾਨ ਦੇ ਨਾਲ


# ਕਲਾਸੀਫਾਈਡ ਇਸ਼ਤਿਹਾਰ


## ਛੱਪੜ ਦੀ ਬੋਲੀ

ਪਿੰਡ ਭਾਵਾ ਵਿਖੇ ਛੱਪੜ ਦੀ ਬੋਲੀ ਮਿਤੀ 6 ਅਗਸਤ 2025 ਦਿਨ ਬੁੱਧਵਾਰ ਨੂੰ ਸਵੇਰੇ 11 ਵਜੇ ਪੰਚਾਇਤ ਘਰ ਵਿਖੇ ਰੱਖੀ ਗਈ ਹੈ। ਚਾਹਵਾਨ ਸੱਜਣ ਨੋਟ ਕਰਨ । ਬਾਕੀ ਸ਼ਰਤਾ ਮੌਕੇ ਤੇ ਦੱਸੀਆ ਜਾਣਗੀਆਂ।

ਸਰਪੰਚ ਬਿੱਕਰ ਸਿੰਘ
ਗ੍ਰਾਮ ਪੰਚਾਇਤ ਭਾਵਾ (ਮਾਨਸਾ)
ਮੋ. 9463024385

## Public Notice

I, Baljeet Singh Bhullar s/o Shri Sukhdev Singh r/o ladhu wala uttar, tahsil Jalalabad district Fazilka that the name of my son is jaishrat Singh Bhullar and in my son s school record the name is mentioned as jaishrat, that both the name jaishrat Singh Bhullar and jaishrat singh are the name of my son, that my son, s name my be corrected from jaishrat Singh to jaishrat Singh Bhullar in school record and birth certificate

It is for general information that I, BAJINDER SINGH S/o GURBAX SINGH, R/o V.P.O. Tanda Ram Sahai, Tehsil Mukerian, Hoshiarpur, Punjab, 144214 declare that name of mine and my father has been wrongly written as BALJINDER SINGH and GURBAKSH SINGH in my court orders vide CNR No. PBJL01-004203-2014 dated 25.03.2014 and some revenue records. The actual name of mine and my father are BAJINDER SINGH and GURBAX SINGH respectively, which may be amended accordingly.

## ਆਮ ਸੂਚਨਾ

ਮੈਂ, ਅਸ਼ਵਨੀ ਕੁਮਾਰ ਪੁੱਤਰ ਗੁਰਮੀਤ ਲਾਲ ਵਾਸੀ ਮਕਾਨ ਨੰ. 143, ਨਿਊ ਅਬਾਦੀ ਜੱਟਪੁਰਾ, ਕਪੂਰਥਲਾ, ਪੰਜਾਬ ਸੂਚਿਤ ਕਰਦਾ ਹਾਂ ਕਿ ਮੈਂ ਆਪਣੇ ਲੜਕੇ ਨੀਰਜ ਵਰਮਾ ਨੂੰ 'ਅੱਜ ਦੀ ਆਵਾਜ਼' ਰਾਹੀਂ 15.02.2014 ਨੂੰ ਬੇਦਖਲ ਕੀਤਾ ਸੀ। ਹੁਣ ਮੇਰਾ ਲੜਕਾ ਨੀਰਜ ਵਰਮਾ ਮੇਰੇ ਕਹਿਣੇ ਵਿੱਚ ਹੈ। ਇਸ ਲਈ ਮੈਂ ਉਸ ਨੂੰ ਦਿੱਤੀ ਬੇਦਖਲੀ ਵਾਪਸ ਲੈਂਦਾ ਹਾਂ। ਹੁਣ ਉਹ ਮੇਰੀ ਚੱਲ-ਅਚੱਲ ਜਾਇਦਾਦ ਦਾ ਵਾਰਸ ਹੋਵੇਗਾ। ਸੰਬੰਧਤ ਨੋਟ ਕਰਨ।

ਮੈਂ, ਪੂਨਮ ਪਤਨੀ ਬਿਸ਼ੰਬਰ ਦਾਸ ਵਾਸੀ ਈ-4/879, ਗਲੀ ਨੰ. 5, ਜਵਾਹਰ ਨਗਰ, ਛੇਹਰਟਾ, ਅੰਮ੍ਰਿਤਸਰ ਬਿਆਨ ਕਰਦੀ ਹਾਂ ਕਿ ਮੇਰੇ ਪਲਾਟ ਦੀ ਪੁਰਾਣੀ ਰਜਿਸਟਰੀ ਦਸਤਾਵੇਜ਼ ਨੰ. 5020, ਤਸਦੀਕ ਮਿਤੀ 15.07.2015 ਵੱਲੋਂ ਜਸਵੰਤ ਸਿੰਘ, ਪਰਮਜੀਤ ਸਿੰਘ ਬੱਧਕ ਨਰੇਸ਼ ਰਾਣੀ ਪਤਨੀ ਕੇਵਲ ਕ੍ਰਿਸ਼ਨ ਕੁੱਲ ਰਕਬਾ 109 ਵਰਗ ਗਜ਼, ਪ੍ਰਾਈਵੇਟ ਨੰ. 283 (ਕਾਰਨਰ ਪਲਾਟ) ਖਸਰਾ ਨੰ. 40//23/1, 40//18, 40//19, 40/22/2 ਮਿਨ ਵਾਕਿਆ ਰਕਬਾ ਪਿੰਡ ਹਮੀਦਪੁਰਾ, ਕਾਲੋਨੀ ਗ੍ਰੀਨ ਵੈਲੀ, ਅੰਮ੍ਰਿਤਸਰ, ਜੋ ਕਿ 8.7.25 ਨੂੰ ਕਿਧਰੇ ਗੁੰਮ ਹੋ ਗਈ ਹੈ, ਜਿਸ ਦੀ ਐੱਫ ਆਈ ਆਰ ਥਾਣਾ ਛੇਹਰਟਾ, ਅੰਮ੍ਰਿਤਸਰ ਵਿਖੇ 25.7.2025 ਨੂੰ ਦਰਜ ਕਰਵਾ ਦਿੱਤੀ ਹੈ, ਜਿਸ ਦਾ ਜੀ ਡੀ ਨੰ. 030 ਹੈ।

ਮੈਂ, ਰਮੇਸ਼ ਸੋਨੀ ਪੁੱਤਰ ਜਗਦੀਸ਼ ਕੁਮਾਰ ਸੋਨੀ ਵਾਸੀ ਮਾਸਟਰ ਮਾਰਕਿਟ, ਦੋਲਾ ਨੰਗਲ, ਬਟਾਲਾ, ਜ਼ਿਲ੍ਹਾ ਗੁਰਦਾਸਪੁਰ ਹਾਲ ਵਾਸੀ ਕੋਠੀ ਨੰਬਰ 40/41, ਬਾਬਾ ਦੀਪ ਸਿੰਘ ਕਾਲੋਨੀ, ਮਜੀਠਾ ਰੋਡ, ਬਾਈਪਾਸ, ਅੰਮ੍ਰਿਤਸਰ ਦਾ ਵਸਨੀਕ ਹਾਂ। ਮੈਂ ਆਪਣੇ ਲੜਕੇ ਹਨੀ ਸੋਨੀ ਅਤੇ ਆਪਣੀ ਨੂੰਹ ਸ਼ਿਲਪਾ ਅਤੇ ਆਪਣੀ ਪੋਤਰੀ ਅਰਾਧਿਆ ਨੂੰ ਆਪਣੇ ਕਹਿਣੇ ਤੋਂ ਬਾਹਰ ਹੋਣ ਕਾਰਨ ਉਨ੍ਹਾਂ ਨੂੰ ਪੰਜਾਬ ਟਾਇਮਜ਼ ਅਖਬਾਰ ਰਾਹੀਂ ਮਿਤੀ 19-11-2024 ਅਨੁਸਾਰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕੀਤਾ ਸੀ। ਹੁਣ ਮੇਰਾ ਲੜਕਾ, ਨੂੰਹ ਅਤੇ ਪੋਤਰੀ ਅਰਾਧਿਆ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਦਿੱਤੀ ਹੋਈ ਬੇਦਖਲੀ ਕੈਂਸਲ/ਖਾਰਜ ਕਰਦਾ ਹਾਂ।

ਮੈਂ, ਬੁੜੀਆ ਰਾਮ ਪੁੱਤਰ ਬੈਲੋ ਰਾਮ ਵਾਸੀ ਪਿੰਡ ਨਿੱਕੂ ਚੱਕ, ਡਾਕਖਾਨਾ ਹਾਜੀਪੁਰ, ਤਹਿਸੀਲ ਮੁਕੇਰੀਆਂ, ਜ਼ਿਲ੍ਹਾ ਹੁਸ਼ਿਆਰਪੁਰ ਸੂਚਿਤ ਕਰਦਾ ਹਾਂ ਕਿ ਮੇਰੇ ਸਵਰਗੀ ਸਪੁੱਤਰ ਸ੍ਰੀ ਜਸਵੰਤ ਸਿੰਘ (ਸਹੀ/ਅਸਲ ਨਾਂਅ) ਦਾ ਕਈ ਦਸਤਾਵੇਜ਼ਾਂ/ਸਰਟੀਫਿਕੇਟਾਂ ਵਿੱਚ ਨਰੇਸ਼ ਕੁਮਾਰ (ਉਪ ਨਾਂਅ) ਦਰਜ ਹੈ। ਇਹ ਦੋਨੋਂ ਨਾਂਅ ਇੱਕ ਹੀ ਵਿਅਕਤੀ ਦੇ ਹਨ, ਭਾਵ ਕਿ ਸਹੀ ਨਾਂਅ ਜਸਵੰਤ ਸਿੰਘ ਹੈ।

## ਆਮ ਸੂਚਨਾ

ਮੈਂ, ਸਿਮਰਜੀਤ ਕੌਰ ਪਤਨੀ ਸਵਰਨ ਸਿੰਘ ਅਤੇ ਗੁਰਚਰਨ ਸਿੰਘ ਪੁੱਤਰ ਸਵਰਨ ਸਿੰਘ ਦੀ ਮਾਲਕੀ ਜਮੀਨ ਵਾਕਿਆ ਰਕਬਾ ਪਿੰਡ ਪਿੱਪਲੀ, ਮਿਆਣੀ, ਤਹਿਸੀਲ ਸ਼ਾਹਕੋਟ, ਜ਼ਿਲ੍ਹਾ ਜਲੰਧਰ ਵਿਖੇ ਹੈ ਅਤੇ ਸਵਰਨ ਸਿੰਘ ਅਤੇ ਗੁਰਚਰਨ ਸਿੰਘ ਦੀ ਮੌਤ ਹੋ ਚੁੱਕੀ ਹੈ ਅਤੇ ਮਾਲ ਰਿਕਾਰਡ ਵਿੱਚ ਮੇਰੇ ਪਿਤਾ ਦਾ ਨਾਮ ਗਲਤੀ ਨਾਲ ਸਰਵਨ ਸਿੰਘ ਅਤੇ ਭਰਾ ਦਾ ਨਾਮ ਗੁਰਨਾਮ ਸਿੰਘ ਲਿਖਿਆ ਗਿਆ ਹੈ। ਜਦ ਕਿ ਮੇਰੇ ਪਿਤਾ ਦਾ ਸਹੀ ਨਾਮ ਸਵਰਨ ਸਿੰਘ ਅਤੇ ਭਰਾ ਦਾ ਸਹੀ ਨਾਮ ਗੁਰਚਰਨ ਸਿੰਘ ਹੈ ਅਤੇ ਮੇਰੇ ਪਿਤਾ ਨੂੰ ਸਵਰਨ ਸਿੰਘ ਅਤੇ ਭਰਾ ਨੂੰ ਗੁਰਚਰਨ ਸਿੰਘ ਦੇ ਨਾਮ ਨਾਲ ਜਾਣਿਆ ਜਾਂਦਾ ਹੈ। ਇਹ ਨਾਮ ਬਿਲਕੁਲ ਦਰੁੱਸਤ ਹਨ।

## ਬੇਦਖਲੀ ਨੋਟਿਸ

ਮੈਂ, ਲੀਲਾ ਖਾਨ ਪੁੱਤਰ ਬਸੀਆਂ ਖਾਨ ਵਾਸੀ ਬਲਰਾਂ ਤਹਿ ਮੂਨਕ ਜ਼ਿਲ੍ਹਾ ਸੰਗਰੂਰ ਦਾ ਹਾਂ। ਮੇਰਾ ਹਕੀਕੀ ਲੜਕਾ ਮੰਗੂ ਖਾਨ ਤੇ ਨੂੰਹ ਮਕੋ ਜੋ ਗਲਤ ਸੰਗਤ ਵਿੱਚ ਪੈ ਗਏ ਹਨ। ਜੋ ਮੇਰੇ ਕਹਿਣੇ ਤੋਂ ਬਹਾਰ ਹਨ, ਇਨਾਂ ਨੂੰ ਮੈਂ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦਾ ਹਾ। ਜੋ ਵੀ ਇਨਾਂ ਨਾਲ ਲੈਣ ਦੇਣ ਕਰੇਗਾ ਉਹ ਖੁਦ ਜਿਮੇਵਾਰ ਹੋਵੇਗਾ। ਸੰਬਧਿਤ ਨੋਟ ਕਰਨ।

ਮੈਂ, ਜਗਤਾਰ ਸਿੰਘ ਪੁੱਤਰ ਸ਼੍ਰੀ ਪਿਆਰਾ ਸਿੰਘ ਵਾਸੀ ਪੱਤੀ ਗਿੱਲ ਪਿੰਡ ਚੂਹੜਚੱਕ ਤਹਿਸੀਲ ਵਾ ਜ਼ਿਲ੍ਹਾ ਮੋਗਾ ਦਾ ਰਹਿਣ ਵਾਲਾ ਹਾਂ । ਮੇਰਾ ਲੜਕਾ ਗੁਰਜੰਟ ਸਿੰਘ ਅਤੇ ਉਸਦੀ ਪਤਨੀ ਜਸਪ੍ਰੀਤ ਕੌਰ ਮੇਰੇ ਕਹਿਣੇ ਤੋਂ ਬਾਹਰ ਹਨ ਅਤੇ ਮੇਰੇ ਨਾਲ ਲੜਾਈ ਝਗੜਾ ਕਰਦੇ ਹਨ। ਇਸ ਲਈ ਮੈਂ ਇਨ੍ਹਾਂ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ ਅਤੇ ਮੇਰਾ ਅਤੇ ਮੇਰੇ ਪਰਿਵਾਰ ਦਾ ਉਨ੍ਹਾਂ ਨਾਲ ਕੋਈ ਵਾਸਤਾ ਨਹੀਂ। ਜੇਕਰ ਉਨ੍ਹਾਂ ਨਾਲ ਕੋਈ ਲੈਣ-ਦੇਣ ਕਰਦਾ ਹੈ, ਤਾਂ ਉਹ ਖੁਦ ਜ਼ਿੰਮੇਵਾਰ ਹੋਵੇਗਾ।

ਮੈਂ, ਕੁਲਦੀਪ ਕੁਮਾਰ ਪੁੱਤਰ ਲੇਟ ਸ਼੍ਰੀ ਪਿਆਰਾ ਲਾਲ ਵਾਸੀ ਮਕਾਨ ਨੰ. ਈ ਈ-30, ਬਾਗ ਕਰਮ ਬਖਸ਼, ਨੇੜੇ ਭਗਤ ਸਿੰਘ ਚੌਂਕ, ਜਲੰਧਰ ਸੂਚਿਤ ਕਰਦਾ ਹਾਂ ਕਿ ਮੇਰਾ ਲੜਕਾ ਗਗਨ ਉਰਫ ਸੋਨੂੰ ਅਤੇ ਉਸ ਦੀ ਪਤਨੀ ਸੁਸ਼ਮਾ ਮੇਰੇ ਕਹਿਣੇ ਤੋਂ ਬਾਹਰ ਹਨ। ਇਸ ਲਈ ਮੈਂ ਇਨ੍ਹਾਂ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ। ਇਨ੍ਹਾਂ ਨਾਲ ਲੈਣ-ਦੇਣ ਕਰਨ ਵਾਲਾ ਆਪਣੇ ਨਫੇ-ਨੁਕਸਾਨ ਦਾ ਖੁਦ ਜ਼ਿੰਮੇਵਾਰ ਹੋਵੇਗਾ। ਮੇਰੀ ਅਤੇ ਮੇਰੀ ਪਤਨੀ ਦੀ ਕੋਈ ਜ਼ਿੰਮੇਵਾਰੀ ਨਹੀਂ ਹੋਵੇਗੀ। ਸੰਬੰਧਤ ਨੋਟ ਕਰਨ।

ਮੈਂ, ਜਸਵੀਰ ਕੌਰ ਵਿਧਵਾ ਕੁਲਵਿੰਦਰ ਸਿੰਘ ਵਾਸੀ ਪਿੰਡ ਕੰਢਾਲੀਆਂ, ਡਾਕਖਾਨਾ ਗੜ੍ਹਦੀਵਾਲਾ, ਤਹਿਸੀਲ ਦਸੂਹਾ, ਜ਼ਿਲ੍ਹਾ ਹੁਸ਼ਿਆਰਪੁਰ ਪੰਜਾਬ, ਬਿਆਨ ਕਰਦੀ ਹਾਂ ਕਿ ਮੇਰਾ ਲੜਕਾ ਸੰਦੀਪ ਸਿੰਘ ਮੇਰੇ ਕਹਿਣੇ ਤੋਂ ਬਾਹਰ ਹੈ। ਮੈਂ ਉਸ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰ ਦਿੱਤਾ ਹੈ। ਉਸ ਦੇ ਕਿਸੇ ਵੀ ਤਰ੍ਹਾਂ ਦੇ ਲੈਣ-ਦੇਣ ਦੀ ਮੈਂ ਜ਼ਿੰਮੇਵਾਰ ਨਹੀਂ, ਉਹ ਆਪਣੇ ਕੀਤੇ ਦਾ ਜ਼ਿੰਮੇਵਾਰ ਹੋਵੇਗਾ। ਸੰਬੰਧਤ ਨੋਟ ਕਰਨ।

ਮੈਂ, ਮਦਨ ਲਾਲ ਪੁੱਤਰ ਸ੍ਰੀ ਸੰਸਾਰ ਚੰਦ ਵਾਸੀ 12, ਸਤਨਾਮ ਨਗਰ, ਬਸਤੀ ਦਾਨਿਸ਼ਮੰਦਾ, ਜਲੰਧਰ, ਪੰਜਾਬ ਬਿਆਨ ਕਰਦਾ ਹਾਂ ਕਿ ਮੇਰਾ ਲੜਕਾ ਰਾਹੁਲ ਕੁਮਾਰ ਮੇਰੇ ਕਹਿਣੇ ਤੋਂ ਬਾਹਰ ਹੈ ਅਤੇ ਆਪਣੀ ਮਨ ਮਰਜੀ ਕਰਦਾ ਹੈ। ਇਸ ਲਈ ਮੈਂ ਇਸ ਨੂੰ ਆਪਣੀ ਚੱਲ ਵਾ ਅਚੱਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ। ਇਸ ਦੇ ਨਾਲ ਲੈਣ ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ। ਮੇਰੀ ਜਾਂ ਮੇਰੇ ਪਰਿਵਾਰ ਦੀ ਕੋਈ ਜ਼ਿੰਮੇਵਾਰੀ ਨਹੀਂ ਹੋਵੇਗੀ। ਸੰਬੰਧਿਤ ਨੋਟ ਕਰਨ।

ਮੈਂ, ਛਿੰਦਰ ਸਿੰਘ ਪੁੱਤਰ ਪ੍ਰੀਤਮ ਸਿੰਘ ਵਾਸੀ ਘੁੱਦੂ ਪੱਤੀ, ਪਿੰਡ ਰੌਲੀ, ਤਹਿਸੀਲ ਵਾ ਜ਼ਿਲ੍ਹਾ ਮੋਗਾ ਸੂਚਿਤ ਕਰਦਾ ਹਾਂ ਕਿ ਮੇਰੀਆਂ ਪੋਤਰੀਆਂ ਪ੍ਰੀਤ ਕੌਰ ਅਤੇ ਲਵਜੋਤ ਕੌਰ ਮੇਰੇ ਕਹਿਣੇ ਤੋਂ ਬਾਹਰ ਹਨ। ਇਸ ਲਈ ਮੈਂ ਇਨ੍ਹਾਂ ਨੂੰ ਆਪਣੀ ਚੱਲ ਵਾ ਅਚੱਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ। ਇਨ੍ਹਾਂ ਨਾਲ ਲੈਣ-ਦੇਣ ਕਰਨ ਵਾਲਾ ਆਪਣੇ ਨਫੇ-ਨੁਕਸਾਨ ਦਾ ਖੁਦ ਜ਼ਿੰਮੇਵਾਰ ਹੋਵੇਗਾ। ਮੇਰੀ ਜਾਂ ਮੇਰੇ ਪਰਿਵਾਰ ਦੀ ਕੋਈ ਜ਼ਿੰਮੇਵਾਰੀ ਨਹੀਂ ਹੋਵੇਗੀ। ਸੰਬੰਧਤ ਨੋਟ ਕਰਨ।

## ਨਾਂਅ ਦੀ ਬਦਲੀ

ਮੈਂ, ਬਲਦੇਵ ਸਿੰਘ ਪੁੱਤਰ ਸ੍ਰੀ ਗਿਰਧਾਰਾ ਸਿੰਘ ਪਿੰਡ ਦਬੁਰਜੀ ਤਹਿਸੀਲ ਟਾਂਡਾ ਹੁਸ਼ਿਆਰਪੁਰ ਬਿਆਨ ਕਰਦਾ ਹਾਂ ਕਿ ਮੇਰੇ ਪੁੱਤਰ ਦਾ ਨਾਂਅ ਪਹਿਲਾਂ ਮਹਿੰਦਰ ਪਾਲ ਸਿੰਘ ਸੀ ਅਤੇ ਹੁਣ ਉਸਦਾ ਨਾਮ ਬਦਲ ਕੇ ਮਨਿੰਦਰਪਾਲ ਸਿੰਘ ਰੱਖ ਦਿੱਤਾ ਹੈ। ਸੰਬਧਤ ਨੋਟ ਕਰਨ।

ਮੈਂ, ਨੀਤਾ ਰਾਣੀ ਪੁੱਤਰੀ ਅਨਵਰ ਮਸੀਹ ਵਾਸੀ ਮਾਨਾ ਸਿੰਘਵਾਲਾ, ਜ਼ਿਲ੍ਹਾ ਫਿਰੋਜ਼ਪੁਰ, ਪੰਜਾਬ-142052 ਸੂਚਿਤ ਕਰਦੀ ਹਾਂ ਕਿ ਮੈਂ ਆਪਣਾ ਨਾਂਅ ਨੀਤਾ ਰਾਣੀ ਤੋਂ ਬਦਲ ਕੇ ਨੀਤੂ ਗਿੱਲ ਰੱਖ ਲਿਆ ਹੈ। ਸੰਬੰਧਿਤ ਨੋਟ ਕਰਨ।

## Change of Name

I Gurbeer Kaur Bhullar w/o Baljeet Singh Bhullar r/o ladhu wala Uttar , Tehsil Jalalabad district Fazilka that My name is Gurbeer Kaur Bhullar. In all my documents my name is written as Gurbeer Kaur Bhullar and I should be recognised as Gurbeer Kaur Bhullar

I Kirti W/O Sahil Seth R/O 48/49 Gali No.5, Friends Colony, Gopal Nagar, Majitha Road Amritsar Have Changed My Name From Kirti To Kirti Verma. All Concerned May Please Note.

I Mukhtar S/o Makhan Lal R/o vill Nathwal Teh Batala Distt Gurdaspur. I have changed my name as Mukhtar is given name and Singh is Surname. Please concerned Note.

I, Simranjit Kaur D/o Ishwar Singh R/o Village Singhpur, PO P.R.T.C Jahan Khelan, Distt Hoshiarpur 146001, Punjab have changed my name from Simranjit Kaur to Simranjit Kaur Hayer. Hayer is Surname and Simranjit Kaur is given name. Concerned note.

I, Parghat Singh S/o Bhagwan Singh R/o VPO. Ghogra, Distt. Hoshiarpur, Punjab have changed my name from Parghat Singh to Pargat Singh. All Please Note.

I, Pawan Gupta W/o Kuldip Kumar R/o H.No. B-20/120, Gali Mahajana, Mohalla Arafwala, Kapurthala have changed my name from Pawan Gupta to Pawan Mahajan. All Please Note.

I, Gourav S/o Jograj R/o VPO. Ghurka, Tehsil Phillaur, Distt. Jalandhar, Punjab have changed my name from Gourav to Gourav Sabharwal. All Please Note. (R)

I, Harsimarnjit Singh S/o Jagtar Singh R/o Mohar, Mahar, PO Mohar, Distt. Amritsar, Punjab-143102 have changed my name from Harsimarnjit Singh to Simarjit Singh.

I, Sawaran Singh S/o Gurbachan Singh R/o Dharamkot, Amritsar, Punjab-143102 have changed my name from Sawaran Singh to Sawarn Singh.

I, Surinder Singh S/o Surain Singh R/o 8, Ground Floor HIG Mall Mandi, G.T Road Near Panj Peer, Dhingra Complex, Amritsar, Punjab have changed my name from Surinder Singh to Surinder Singh Sehmi.

I, Rajan Son Of Sh. Gurdip Singh, Ro Vill. Ghug, P. O. Pttar Kalan, Distt. Jalandhar (Pb), That I Have Changed My Name From Rajan To "Rajan Singh". That All Concerned May Not Please.

I, Mamta W/o Sh. Satinder Kumar R/o Kala Bakra, Jalandhar, have changed my name from Mamta to Mamta Chopra. Concerned note.

I, Alyas Dass S/o Sh. Yesu Charan resident of Issa Nagar, Ram Tirath Road, Behind R.D. Khosla School, Batala, Distt. Gurdaspur, Punjab have changed my name from Alyas Dass to Alias Dass. All concerned please note.

## ਪਬਲਿਕ ਨੋਟਿਸ

ਮੈਂ, ਰਮਨ ਕੁਮਾਰ ਪੁੱਤਰ ਲੇਟ ਸੈਮੁਅਲ ਵਾਸੀ ਮਕਾਨ ਨੰ. 304/6, ਮੁਹੱਲਾ ਸਹਿਜਾਦਾ ਨੰਗਲ, ਨੇੜੇ ਮਾਨ ਡੇਅਰੀ, ਪੰਡੋਰੀ ਰੋਡ, ਤਹਿਸੀਲ/ਜ਼ਿਲ੍ਹਾ ਗੁਰਦਾਸਪੁਰ। ਮੇਰੀ ਭੈਣ ਮੋਨਿਕਾ. ਜੋ ਮੇਰੇ ਕਹਿਣੇ ਤੋਂ ਬਾਹਰ ਹੋਣ ਕਰਕੇ ਹੁਣ ਮੇਰਾ ਇਸ ਨਾਲ ਕੋਈ ਤਾਲੁਕ ਵਾਸਤਾ ਨਹੀਂ ਰਿਹਾ। ਸੰਬੰਧਤ ਨੋਟ ਕਰਨ।


## ਇਸ਼ਤਿਹਾਰਾਂ ਸੰਬੰਧੀ ਜ਼ਰੂਰੀ ਬੇਨਤੀ


'ਨਵਾਂ ਜ਼ਮਾਨਾ' ਅਖਬਾਰ ਵਿੱਚ ਛਪੇ ਇਸ਼ਤਿਹਾਰਾਂ (ਡਿਸਪਲੇ/ ਕਲਾਸੀਫਾਈਡ) ਦੇ ਤੱਥਾਂ ਤੇ ਦਾਅਵਿਆਂ ਦੀ ਜ਼ਿੰਮੇਵਾਰੀ ਨਹੀਂ ਲੈਂਦਾ। ਸਾਡਾ ਅਖਬਾਰ ਇਹਨਾਂ ਨੂੰ ਤਸਦੀਕ ਨਹੀਂ ਕਰਦਾ। ਪਾਠਕਾਂ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਉਹ ਇਹਨਾਂ ਇਸ਼ਤਿਹਾਰਾਂ 'ਤੇ ਕਾਰਵਾਈ ਤੇ ਭਰੋਸੇ ਤੋਂ ਪਹਿਲਾਂ ਤੱਥਾਂ ਦੀ ਪੁਸ਼ਟੀ ਕਰ ਲੈਣ।

# ਕਾਰਗਿਲ ਜੰਗ ਦੇ ਸ਼ਹੀਦ ਤਿੰਨ ਜਵਾਨਾਂ ਦੇ ਨਾਵਾਂ 'ਤੇ ਰੱਖੇ ਜਾਣਗੇ ਗਲੀਆਂ ਦੇ ਨਾਂਅ: ਧਾਲੀਵਾਲ



ਅਜਨਾਲਾ (ਸੁਖਤਿੰਦਰ ਸਿੰਘ ਰਾਜੂ)-ਸਾਬਕਾ ਕੈਬਨਿਟ ਮੰਤਰੀ ਤੇ ਹਲਕਾ ਵਿਧਾਇਕ ਕੁਲਦੀਪ ਸਿੰਘ ਧਾਲੀਵਾਲ ਨੇ ਕਾਰਗਿਲ ਵਿਜੇ ਦਿਵਸ ਦੀ 26ਵੀਂ ਵਰ੍ਹੇਗੰਢ ਮੌਕੇ ਅਜਨਾਲਾ ਹਲਕੇ ਦੇ ਉਨ੍ਹਾਂ ਤਿੰਨ ਪਰਿਵਾਰਾਂ ਨਾਲ ਸਮਾਂ ਬਿਤਾਇਆ, ਜਿਨ੍ਹਾਂ ਦੇ ਜਵਾਨ ਪੁੱਤਰ 1999 ਵਿੱਚ ਕਾਰਗਿਲ ਜੰਗ ਦੌਰਾਨ ਸ਼ਹੀਦ ਹੋ ਗਏ ਸਨ।ਉਨ੍ਹਾਂ ਨੇ ਇਸ ਮੌਕੇ ਐਲਾਨ ਕੀਤਾ ਕਿ ਇਨ੍ਹਾਂ ਸ਼ਹੀਦਾਂ ਦੇ ਨਾਂ ਉੱਤੇ ਅਜਨਾਲੇ ਦੀਆਂ ਉਨ੍ਹਾਂ ਗਲੀਆਂ ਦੇ ਨਾਮ ਰੱਖੇ ਜਾਣਗੇ, ਜਿਨ੍ਹਾਂ ਵਿੱਚ ਸ਼ਹੀਦਾਂ ਦੇ ਪਰਿਵਾਰ ਰਹਿ ਰਹੇ ਹਨ।ਇਨ੍ਹਾਂ ਵਿਚ ਸ਼ਹੀਦ ਪ੍ਰਵੀਨ ਕੁਮਾਰ ਅਜਨਾਲਾ (ਰਿਹਾਇਸ਼ ਨੇੜੇ ਪੁਰਾਣੀ ਤਹਿਸੀਲ ਅਜਨਾਲਾ), ਸ਼ਹੀਦ ਪਲਵਿੰਦਰ ਸਿੰਘ ਪਿੰਡ ਸੂਰੇਪੁਰ (ਰਿਹਾਇਸ਼ ਅਜਨਾਲਾ) ਅਤੇ ਸ਼ਹੀਦ ਸੂਬੇਦਾਰ ਤਰਲੋਕ ਸਿੰਘ ਰਾਣੇਵਾਲੀ (ਹੁਣ ਰਿਹਾਇਸ਼ ਭਗਤ ਨਾਮਦੇਵ ਕਲੋਨੀ ਅਜਨਾਲਾ) ਦੇ ਨਾਮ ਸ਼ਾਮਲ ਹਨ।ਉਨ੍ਹਾਂ ਕਿਹਾ ਕਿ ਇਨ੍ਹਾਂ ਸ਼ਹੀਦਾਂ ਦੀਆਂ ਕੁਰਬਾਨੀਆਂ ਕਰਕੇ ਦੇਸ਼ ਦੀ ਅਣਖ ਹੈ, ਦੇਸ਼ ਕਾਇਮ ਹੈ ਅਤੇ ਅਸੀਂ ਰਾਜਨੀਤੀ ਵਿੱਚ ਹਾਂ।ਉਨ੍ਹਾਂ ਇਸ ਗੱਲ ਉਤੇ ਵੀ ਅਫਸੋਸ ਪ੍ਰਗਟ ਕੀਤਾ ਕਿ ਬੀਤੇ 25 ਵਰ੍ਹਿਆਂ ਵਿੱਚ ਕੋਈ ਰਾਜਸੀ ਆਗੂ ਇਸ ਦਿਨ ਇਨ੍ਹਾਂ ਪਰਿਵਾਰਾਂ ਦੀ ਸਾਰ ਲੈਣ ਨਹੀਂ ਆਇਆ।ਇਸ ਮੌਕੇ ਐੱਸਡੀਐੱਮ ਰਵਿੰਦਰ ਸਿੰਘ, ਅਸ਼ੋਕ ਤਲਵਾੜ, ਜਸਪਾਲ ਸਿੰਘ ਭੁੱਲਰ, ਅਮਿਤ ਔਲ ਅਤੇ ਮੈਡਮ ਗੀਤਾ ਗਿੱਲ ਅਤੇ ਹੋਰ ਪਤਵੰਤੇ ਹਾਜ਼ਰ ਸਨ।

# ਕਟਾਰੂ ਚੱਕ ਨੇ ਘਰੋਟਾ 'ਚ 50 ਲੱਖ ਦੀ ਲਾਗਤ ਨਾਲ ਬਣਾਈ ਜਾਣ ਵਾਲੀ ਨੇਚਰ ਪਾਰਕ ਦਾ ਨੀਂਹ ਪੱਥਰ ਰੱਖਿਆ




ਪਠਾਨਕੋਟ, (ਦਵਿੰਦਰ ਸਿੰਘ)-ਸ੍ਰੀ ਲਾਲ ਚੰਦ ਕਟਾਰੂਚੱਕ ਕੈਬਨਿਟ ਮੰਤਰੀ ਪੰਜਾਬ ਨੇ ਘਰੋਟਾ ਵਿਖੇ ਨੇਚਰ ਪਾਰਕ ਦਾ ਨੀਂਹ ਪੱਥਰ ਰੱਖਿਆ। ਇਸ ਮੌਕੇ ਮਨੋਹਰ ਠਾਕੁਰ ਚੇਅਰਮੈਨ ਮਾਰਕੀਟ ਕਮੇਟੀ ਨਰੋਟ ਜੈਮਲ ਸਿੰਘ, ਧਰਮਵੀਰ ਵਣ ਮੰਡਲ ਅਫਸਰ ਪਠਾਨਕੋਟ, ਨਰੇਸ਼ ਸੈਣੀ ਜ਼ਿਲ੍ਹਾ ਪ੍ਰਧਾਨ ਬੀਸੀ ਵਿੰਗ ਜ਼ਿਲ੍ਹਾ ਪਠਾਨਕੋਟ, ਪਵਨ ਕੁਮਾਰ ਬਲਾਕ ਪ੍ਰਧਾਨ, ਸੰਦੀਪ ਕੁਮਾਰ ਬਲਾਕ ਪ੍ਰਧਾਨ, ਸੰਜੀਵ ਕੁਮਾਰ ਸਰਪੰਚ, ਰਣਜੀਤ ਸਿੰਘ, ਗੁਰਮੀਤ ਕੌਰ, ਚੰਨਕ ਸਿੰਘ, ਲਾਡੀ ਸ਼ਰਮਾ, ਸੰਜੀਵ ਮਹਿਰਾ, ਜਾਨੀ ਘਰੋਟਾ ਅਤੇ ਹੋਰ ਆਮ ਆਦਮੀ ਪਾਰਟੀ ਦੇ ਕਾਰਜਕਰਤਾ ਵੀ ਹਾਜ਼ਰ ਸਨ।ਇਸ ਮੌਕੇ ਸੰਬੋਧਨ ਕਰਦਿਆਂ ਕਟਾਰੂਚੱਕ ਨੇ ਕਿਹਾ ਕਿ ਨੇਚਰ ਪਾਰਕ ਬਾਲੀਵੁਡ ਹੀਰੋ ਦੇਵਾ ਆਨੰਦ ਨੂੰ ਸਮਰਪਿਤ ਕੀਤੀ ਜਾਵੇਗੀ, ਪਾਰਕ ਦੇ ਅੰਦਰ ਹੀ ਇੱਕ ਦੇਵਾ ਅਨੰਦ ਦਾ ਬੁੱਤ ਲਗਾਇਆ ਜਾਵੇਗਾ। ਉਨ੍ਹਾਂ ਦੇ ਜੀਵਨ ਨਾਲ ਸਬੰਧਤ ਜਾਣਕਾਰੀ ਵੀ ਲਿਖਤੀ ਤੌਰ 'ਤੇ ਪਾਰਕ ਦੇ ਅੰਦਰ ਲਗਾਈ ਜਾਵੇਗੀ ਤਾਂ ਜੋ ਘਰੋਟਾ ਲਈ ਅਤੇ ਆਸ ਪਾਸ ਦੇ ਖੇਤਰ ਲਈ ਦੇਵਾ ਅਨੰਦ ਹਮੇਸ਼ਾ ਉਨ੍ਹਾਂ ਦੇ ਦਿਲਾਂ ਅੰਦਰ ਜ਼ਿੰਦਾ ਰਹਿ ਸਕਣ।ਜ਼ਿਕਰਯੋਗ ਹੈ ਕਿ ਨੀਂਹ ਪੱਥਰ ਰੱਖਣ ਦੇ ਨਾਲ ਨਾਲ ਕੈਬਨਿਟ ਮੰਤਰੀ ਕਟਾਰੂਚੱਕ ਵੱਲੋਂ ਇੱਥੇ ਪੌਦੇ ਵੀ ਲਗਾਏ ਗਏ।

# ਆਈਟੀ ਕਾਲਜ ਫਾਰ ਵੋਮੈਨ ਅਲਗੋਂ ਕੋਠੀ ਵਿਖੇ ਕਾਰਗਿਲ ਵਿਜੈ ਦਿਵਸ ਮਨਾਇਆ

ਪੱਟੀ (ਬਲਦੇਵ ਸਿੰਘ ਸੰਧੂ)-ਮਾਈ ਯੁਵਾ ਭਾਰਤ ਭਾਰਤ ਸਰਕਾਰ ਦੇ ਜ਼ਿਲ੍ਹਾ ਯੂਥ ਅਫਸਰ ਮੈਡਮ ਜਸਲੀਨ ਕੌਰ ਦੀ ਅਗਵਾਈ ਹੇਠ ਬਾਬਾ ਦਾਰਾ ਮੱਲ ਵੈੱਲਫੇਅਰ ਸੋਸਾਇਟੀ ਵੱਲੋਂ ਆਈਟੀ ਕਾਲਜ ਫਾਰ ਵੋਮੈਨ ਭਗਵਾਨਪੁਰਾ ਅਲਗੋਂ ਕੋਠੀ ਵਿਖੇ ਕਾਰਗਿਲ ਵਿਜੈ ਦਿਵਸ ਮਨਾਇਆ ਗਿਆ, ਜਿਸ ਵਿੱਚ ਮੁੱਖ ਮਹਿਮਾਨ ਵਜੋਂ ਸਰਦਾਰ ਦਲਬੀਰ ਸਿੰਘ ਅਲਗੋਂ ਅਤੇ 18 ਬਟਾਲੀਅਨ ਡੋਗਰਾ ਆਰਮੀ ਵੱਲੋਂ ਨਾਇਬ ਸੂਬੇਦਾਰ ਹਰਜੀਤ ਸਿੰਘ ਅਤੇ ਕਾਲਜ ਦੇ ਚੇਅਰਮੈਨ ਸਰਦਾਰ ਇੰਦਰਜੀਤ ਸਿੰਘ ਸੰਧੂ ਪ੍ਰਿੰਸੀਪਲ ਮੈਡਮ ਰਣਜੀਤ ਕੌਰ ਨੇ ਮੁੱਖ ਮਹਿਮਾਨ ਵਜੋਂ ਸ਼ਿਰਕਤ ਕੀਤੀ।ਇਸ ਮੌਕੇ ਪ੍ਰਧਾਨ ਸੰਦੀਪ ਮਸੀਹ ਵੱਲੋਂ ਸਾਰੇ ਆਏ ਹੋਏ ਮਹਿਮਾਨਾਂ ਦਾ ਨਿੱਘਾ ਸਵਾਗਤ ਕੀਤਾ ਗਿਆ।ਇਸ ਮੌਕੇ ਨਾਇਕ ਸੁਨੀਲ ਕੁਮਾਰ, ਮੈਡਮ ਰਾਜਵੀਰ ਕੌਰ, ਮੈਡਮ ਸੋਨਾਲੀ ਚੋਪੜਾ, ਹਰਸਿਮਰਤ ਕੌਰ, ਹਸਨਪ੍ਰੀਤ ਕੌਰ, ਮਨਦੀਪ ਕੌਰ, ਸਤਬੀਰ ਸਿੰਘ, ਪ੍ਰਭਦੀਪ ਸਿੰਘ, ਰਸ਼ਪਾਲ ਸਿੰਘ ਅਕਾਊਂਟੈਂਟ, ਜਸਪਾਲ ਸਿੰਘ ਦਿਆਲਪੁਰਾ, ਪਰਮਜੀਤ ਸਿੰਘ ਬਾਗਾਂ ਵਾਲੇ, ਗੁਰਲਾਲ ਸਿੰਘ ਅਲਗੋਂ ਅਤੇ ਸਮੂਹ ਕਾਲਜ ਦੇ ਵਿਦਿਆਰਥੀ ਹਾਜ਼ਰ ਸਨ।

# ਗੁਰਦੁਆਰਾ ਰਾਮਗੜ੍ਹੀਆ ਵਿਖੇ ਮੁਫ਼ਤ ਮੈਡੀਕਲ ਕੈਂਪ ਅੱਜ



ਆਦਮਪੁਰ (ਪਰਮਜੀਤ ਸਿੰਘ)-ਸੰਜੀਵ ਮਲਟੀ ਸਪੈਸ਼ਲਿਟੀ ਹਸਪਤਾਲ ਭੋਗਪੁਰ ਵੱਲੋਂ ਸੰਤ ਵਤਨ ਸਿੰਘ ਲੰਬੜਦਾਰ ਭਗਵੰਤ ਸਿੰਘ ਮਿਨਹਾਸ ਚੈਰੀਟੇਬਲ ਟਰੱਸਟ ਅਤੇ ਯੁਵਾ ਬ੍ਰਾਹਮਣ ਸਭਾ ਦੇ ਸਹਿਯੋਗ ਨਾਲ ਲੰਬੜਦਾਰ ਭਗਵੰਤ ਸਿੰਘ ਮਿਨਹਾਸ ਦੀ ਯਾਦ ਵਿੱਚ 43 ਵਾਂ ਮੁਫ਼ਤ ਮੈਡੀਕਲ ਕੈਂਪ 27 ਜੁਲਾਈ ਨੂੰ ਸਵੇਰ 8 ਵਜੇ ਤੋਂ 12 ਬਜੇ ਤੱਕ ਸਥਾਨਕ ਗੁਰੂਦੁਆਰਾ ਰਾਮਗੜ੍ਹੀਆ ਨਜ਼ਦੀਕ ਘੰਟਾ ਘਰ ਵਿਖੇ ਲਗਾਇਆ ਜਾ ਰਿਹਾ ਹੈ।ਇਸ ਸਬੰਧੀ ਜਾਣਕਾਰੀ ਦਿੰਦਿਆਂ ਪ੍ਰਬੰਧਕ ਟੀਮ ਨੇ ਦੱਸਿਆ ਕਿ ਕੈਂਪ ਦੌਰਾਨ ਮਾਹਰ ਡਾਕਟਰਾਂ ਦੀ ਟੀਮ ਵਿੱਚ ਦਿਲ ਦੀਆਂ ਬਿਮਾਰੀਆਂ ਨਾਲ ਸਬੰਧਤ ਡਾਕਟਰ ਗੌਰਵ ਅਗਰਵਾਲ,ਹੱਡੀਆਂ ਦੇ ਮਾਹਰ ਡਾਕਟਰ ਜਤਿਨ ਅਗਰਵਾਲ ਅਤੇ ਚਮੜੀ ਰੋਗਾਂ ਦੇ ਮਾਹਰ ਡਾਕਟਰ ਸ਼ਲਭ ਸਿੰਗਲਾ (ਸਿਟੀ ਸਕਿਨ ਕੇਅਰ ਹਸਪਤਾਲ ਆਦਮਪੁਰ) ਮਰੀਜ਼ਾਂ ਦੀ ਜਾਂਚ ਕਰ ਮੁਫ਼ਤ ਦਵਾਈਆਂ ਦੇਣਗੇ ਅਤੇ ਇਸ ਮੌਕੇ ਡਾਕਟਰਾਂ ਦੀ ਸਲਾਹ ਤੇ ਖਾਸ ਤੌਰ ਤੇ ਤਿੰਨ ਮਹੀਨੇ ਵਾਲਾ ਸ਼ੂਗਰ ਟੈਸਟ, ਈ.ਐਸ.ਆਰ.ਕਲੈਸਟਰੋਲ,ਕਿਡਨੀ ਦੇ ਟੈਸਟ,ਕੈਲਸ਼ੀਅਮ ਤੇ ਥਾਇਰਾਇਡ ਦਾ ਟੈਸਟ ਮੁਫ਼ਤ ਕੀਤਾ ਜਾਏਗਾ।

27 July Page 8.qxd 7/26/2025 9:29 PM Page 1



# ਹਜ਼ਾਰਾਂ ਮਜ਼ਦੂਰਾਂ, ਕਿਸਾਨਾਂ, ਔਰਤਾਂ ਤੇ ਸੰਘਰਸ਼ਸ਼ੀਲ ਜਥੇਬੰਦੀਆਂ ਨੇ ਤੋੜੀ ਸੰਗਰੂਰ 'ਚ ਲੱਗੀ ਅਣਐਲਾਨੀ ਪਾਬੰਦੀ

**ਸੰਗਰੂਰ**- ਜ਼ਮੀਨ ਘੋਲ਼ ਦਰਮਿਆਨ ਗ੍ਰਿਫ਼ਤਾਰ ਕੀਤੇ ਆਗੂਆਂ ਤੇ ਕਾਰਕੁੰਨਾਂ ਨੂੰ ਤੁਰੰਤ ਰਿਹਾਅ ਕਰਨ, ਜਥੇਬੰਦੀ ਦੇ ਸੰਘਰਸ਼ ਉੱਪਰ ਲਾਈ ਅਣਐਲਾਨੀ ਪਾਬੰਦੀ ਖਿਲਾਫ਼, ਜ਼ਮੀਨ ਹੱਦਬੰਦੀ ਕਾਨੂੰਨ ਲਾਗੂ ਕਰਨ ਅਤੇ ਪੰਜਾਬ ਨੂੰ ਪੁਲਸ ਰਾਜ ਵੱਲ ਧੱਕਣ ਖਿਲਾਫ਼ ਮਜ਼ਦੂਰ, ਕਿਸਾਨ, ਮੁਲਾਜ਼ਮ, ਨੌਜਵਾਨ ਅਤੇ ਵਿਦਿਆਰਥੀ ਜਥੇਬੰਦੀਆਂ ਦੀ ਅਗਵਾਈ ਹੇਠ ਇੱਕਠੇ ਹੋਏ ਹਜ਼ਾਰਾਂ ਲੋਕਾਂ ਵੱਲੋਂ ਸੰਗਰੂਰ ਦੀ ਅਨਾਜ ਮੰਡੀ ਵਿੱਚ ਵਿਸ਼ਾਲ ਰੈਲੀ ਕੀਤੀ ਗਈ ਅਤੇ ਪੁਲਸ ਦੀਆਂ ਲਾਈਆਂ ਪਾਬੰਦੀਆਂ ਨੂੰ ਤੋੜਦੇ ਹੋਏ ਬਰਨਾਲਾ ਕੈਂਚੀਆਂ ਤੱਕ ਰੋਸ ਮਾਰਚ ਕੀਤਾ ਗਿਆ। ਇਸ ਜਬਰ ਵਿਰੋਧੀ ਰੈਲੀ ਦੀ ਸ਼ੁਰੂਆਤ ਬੀਤੀ ਰਾਤ ਵਿਛੋੜਾ ਦੇ ਗਏ ਜ਼ਮੀਨ ਪ੍ਰਾਪਤੀ ਸੰਘਰਸ਼ ਕਮੇਟੀ ਦੇ ਆਗੂ ਜਗਤਾਰ ਸਿੰਘ ਤੋਲੇਵਾਲ ਨੂੰ ਸਮੁੱਚੇ ਪੰਡਾਲ਼ ਵੱਲੋਂ ਖੜ੍ਹੇ ਹੋ ਕੇ ਦੋ ਮਿੰਟ ਦਾ ਮੌਨ ਧਾਰਨ ਕਰਕੇ ਕੀਤੀ ਗਈ।ਰੈਲੀ ਨੂੰ ਸੰਬੋਧਨ ਕਰਦਿਆਂ ਜ਼ਮੀਨ ਪ੍ਰਾਪਤੀ ਸੰਘਰਸ਼ ਕਮੇਟੀ ਦੇ ਜ਼ੋਨਲ ਸਕੱਤਰ ਗੁਰਵਿੰਦਰ ਬੌੜਾਂ, ਭਾਰਤੀ ਕਿਸਾਨ ਯੂਨੀਅਨ ਦੇ ਪ੍ਰਧਾਨ ਜੋਗਿੰਦਰ ਉਗਰਾਹਾਂ, ਕਿਰਤੀ ਕਿਸਾਨ ਯੂਨੀਅਨ ਦੇ ਪ੍ਰਧਾਨ ਨਿਰਭੈ ਸਿੰਘ ਢੁੱਡੀਕੇ, ਪੰਜਾਬ ਖੇਤ ਮਜ਼ਦੂਰ ਯੂਨੀਅਨ ਦੇ ਲਛਮਣ ਸੇਵੇਵਾਲਾ, ਪੇਂਡੂ ਮਜ਼ਦੂਰ ਯੂਨੀਅਨ ਦੇ ਤਰਸੇਮ ਪੀਟਰ, ਭਾਰਤੀ ਕਿਸਾਨ ਯੂਨੀਅਨ ਡਕੌਂਦਾ ਧਨੇਰ ਦੇ ਸੂਬਾ ਆਗੂ ਕੁਲਵੰਤ ਸਿੰਘ ਕਿਸ਼ਨਗੜ੍ਹ, ਡੈਮੋਕ੍ਰੇਟਿਕ ਟੀਚਰਜ਼ ਫ਼ਰੰਟ ਦੇ ਪ੍ਰਧਾਨ ਵਿਕਰਮਦੇਵ ਨੇ ਕਿਹਾ ਕਿ ਪੰਜਾਬ ਸਰਕਾਰ ਮਜ਼ਦੂਰਾਂ ਕਿਸਾਨਾਂ ਸਮੇਤ ਹਰ ਵਰਗ ਦੇ ਲੋਕਾਂ ਦੀਆਂ ਹੱਕੀ ਮੰਗਾਂ ਲਈ ਕੀਤੇ ਜਾ ਰਹੇ ਸੰਘਰਸ਼ਾਂ ਨੂੰ ਡੰਡੇ ਦੇ ਜ਼ੋਰ ਨਾਲ ਕੁਚਲਣ ਦੇ ਰਾਹ ਪਈ ਹੋਈ ਹੈ। ਸੰਗਰੂਰ ਅੰਦਰ ਸੰਘਰਸ਼ ਕਰਦੇ ਸੈਂਕੜੇ ਮਜ਼ਦੂਰਾਂ ਨੂੰ ਜੇਲ੍ਹੀਂ ਡੱਕਿਆ ਗਿਆ ਜਿਨ੍ਹਾਂ ਵਿਚੋਂ



ਦਰਜਨਾਂ ਆਗੂ ਅਤੇ ਕਾਰਕੁੰਨ ਅਜੇ ਵੀ ਜੇਲ੍ਹਾਂ ਵਿੱਚ ਬੰਦ ਹਨ। ਪੰਜਾਬ ਸਰਕਾਰ ਕਾਰਪੋਰੇਟ ਅਤੇ ਜਗੀਰਦਾਰਾਂ ਦਾ ਏਜੰਡਾ ਲਾਗੂ ਕਰਨ ਲੱਗੀ ਹੋਈ ਹੈ। ਪੁਲਿਸ ਨੂੰ ਦਿੱਤੀ ਖੁੱਲ੍ਹ ਕਾਰਨ ਨਿੱਤ ਦਿਹਾੜੀ ਝੂਠੇ ਪੁਲਿਸ ਮੁਕਾਬਲੇ, ਹਿਰਾਸਤੀ ਕਤਲ਼ ਅਤੇ ਨਸ਼ੇ ਵਿਰੁੱਧ ਯੁੱਧ ਦੇ ਨਾਮ ਹੇਠ ਗਰੀਬਾਂ ਦੇ ਘਰਾਂ ਉੱਪਰ ਬੁਲਡੋਜ਼ਰ ਚਲਾਉਣਾ ਆਮ ਵਰਤਾਰਾ ਬਣ ਗਿਆ ਹੈ। ਅੰਤ ਵਿੱਚ ਕਿਸਾਨ ਆਗੂ ਨਿਰਭੈ ਸਿੰਘ ਖਾਈ ਉੱਪਰ ਜਾਨਲੇਵਾ ਹਮਲਾ ਕਰਨ ਵਾਲੇ ਸਾਰੇ ਦੋਸ਼ੀਆਂ ਨੂੰ ਤੁਰੰਤ ਗ੍ਰਿਫਤਾਰ ਕਰਨ, ਪਿੰਡ ਜਾਹਲਾਂ ਦੇ ਕਿਸਾਨਾਂ ਦੀ ਜਬਰੀ ਜ਼ਮੀਨ ਜ਼ਬਤ ਕਰਨ ਖ਼ਿਲਾਫ ਅਤੇ ਲੈਂਡ ਪੂਲਿੰਗ ਪਾਲਿਸੀ ਨੂੰ ਰੱਦ ਕਰਨ ਦੇ ਵਿਸ਼ੇਸ਼ ਮਤੇ ਪਾਸ ਕੀਤੇ ਗਏ। ਇਸ ਮੌਕੇ ਰੈਲੀ ਨੂੰ ਕਿਰਤੀ ਕਿਸਾਨ ਮੋਰਚੇ ਦੇ ਵੀਰ ਸਿੰਘ ਬੜਵਾ,ਪੰਜਾਬ ਸਟੂਡੈਂਟਸ ਯੂਨੀਅਨ ਦੇ ਰਣਵੀਰ ਸਿੰਘ ਕੁਰੜ, ਡੈਮੋਕ੍ਰੇਟਿਕ ਮੁਲਾਜ਼ਮ ਫ਼ਰੰਟ ਦੇ ਜਰਮਨਜੀਤ, ਨੌਜਵਾਨ ਭਾਰਤ ਸਭਾ ਦੇ ਮੰਗਾ ਅਜ਼ਾਦ, ਇਸਤਰੀ ਜਾਗ੍ਰਿਤੀ ਮੰਚ ਦੇ ਅਮਨ ਦਿਓਲ, ਕ੍ਰਾਂਤੀਕਾਰੀ ਪੇਂਡੂ ਮਜ਼ਦੂਰ ਯੂਨੀਅਨ ਦੇ ਆਗੂ ਲਖਵੀਰ ਸਿੰਘ ਲੌਂਗੋਵਾਲ, ਮਜ਼ਦੂਰ ਮੁਕਤੀ ਮੋਰਚਾ ਪੰਜਾਬ ਦੇ ਆਗੂ ਗੋਬਿੰਦ ਸਿੰਘ ਛਾਜਲੀ,ਦਿਹਾਤੀ ਮਜ਼ਦੂਰ ਸਭਾ ਦੇ ਪ੍ਰਕਾਸ਼ ਸਿੰਘ ਨੰਦਗੜ੍ਹ,ਪੀ ਐਸ ਯੂ ਸ਼ਹੀਦ ਰੰਧਾਵਾ ਦੇ ਆਗੂ ਹੁਸ਼ਿਆਰ ਸਿੰਘ ਸਲੇਮਗੜ੍ਹ,ਪਲਸ ਮੰਚ ਦੇ ਪ੍ਰਧਾਨ ਅਮੋਲਕ ਸਿੰਘ, ਕ੍ਰਾਂਤੀਕਾਰੀ ਪੇਂਡੂ ਮਜ਼ਦੂਰ ਯੂਨੀਅਨ ਦੇ ਆਗੂ ਬਲਜੀਤ ਸਿੰਘ ਨਮੋਲ, ਜਮਹੂਰੀ ਅਧਿਕਾਰ ਸਭਾ ਦੇ ਪਿਰਤਪਾਲ ਸਿੰਘ, ਆਪਰੇਸ਼ਨ ਗਰੀਨ ਹੰਟ ਵਿਰੋਧੀ ਫਰੰਟ ਦੇ ਆਗੂ ਬੂਟਾ ਸਿੰਘ ਮਹਿਮੂਦਪੁਰ,ਬੀਕੇਯੂ ਉਗਰਾਹਾਂ ਦੇ ਔਰਤ ਵਿੰਗ ਦੇ ਆਗੂ ਹਰਿੰਦਰ ਬਿੰਦੂ, ਬੀਕੇਯੂ ਡਕੌਂਦਾ ਬੁਰਜ ਗਿੱਲ ਦੇ ਆਗੂ ਕਰਮ ਸਿੰਘ, ਕ੍ਰਾਂਤੀਕਾਰੀ ਕਿਸਾਨ ਯੂਨੀਅਨ ਦੇ ਆਗੂ ਅਵਤਾਰ ਸਿੰਘ ਕੌਂਰਜੀਵਾਲਾ, ਡੀ ਟੀ ਐਫ਼ ਦੇ ਆਗੂ ਰੇਸ਼ਮ ਸਿੰਘ ਬਠਿੰਡਾ, ਖੇਤੀਬਾੜੀ ਕਿਸਾਨ ਵਿਕਾਸ ਫਰੰਟ ਦੇ ਮਹਿੰਦਰ ਸਿੰਘ ਭੱਠਲ, ਹਾਕਮ ਸਿੰਘ ਧਨੇਠਾ ਆਦਿ ਆਗੂਆਂ ਨੇ ਸੰਬੋਧਨ ਕੀਤਾ।ਸਟੇਜ ਸਕੱਤਰ ਦੀ ਭੂਮਿਕਾ ਧਰਮਵੀਰ ਹਰੀਗੜ੍ਹ ਵੱਲੋਂ ਨਿਭਾਈ ਗਈ।

# 5178 ਅਧਿਆਪਕਾਂ ਨੂੰ ਪਰਖ ਸਮੇਂ ਦੇ ਬਕਾਏ ਦੇਣ ਸੰਬੰਧੀ ਸਪੀਕਿੰਗ ਆਰਡਰ ਹੋਏ ਜਾਰੀ

**ਮੋਹਾਲੀ (ਗੁਰਜੀਤ ਬਿੱਲਾ)**- ਪੰਜਾਬ ਦੇ ਸਕੂਲ ਸਿੱਖਿਆ ਸਕੱਤਰ ਵੱਲੋਂ ਅੱਜ ਸਿੱਖਿਆ ਵਿਭਾਗ ਦੀਆਂ 5178 ਅਸਾਮੀਆਂ ਤੇ ਨਿਯੁਕਤ ਹੋਏ ਸਮੂਹ ਅਧਿਆਪਕਾਂ ਨੂੰ ਬਿਨਾਂ ਕਿਸੇ ਪਟੀਸ਼ਨਰ ਜਾਂ ਨਾਨ ਪਟੀਸ਼ਨਰ ਦਾ ਵਿਖਰੇਵਾਂ ਕੀਤਿਆਂ ਪਰਖ ਸਮੇਂ ਦੇ ਬਣਦੇ ਬਕਾਏ ਜਾਰੀ ਕਰਨ 'ਚ ਦਰਪੇਸ਼ ਮੁਸ਼ਕਿਲਾਂ ਨੂੰ ਦੂਰ ਕਰਨ ਲਈ ਅੱਜ ਲੋੜੀਂਦੇ ਸਪੀਕਿੰਗ ਆਰਡਰ ਜਾਰੀ ਕਰ ਦਿੱਤੇ ਗਏ ਹਨ, ਜਿਸ ਦੀ ਕਾਪੀ ਡਾਇਰੈਕਟਰ ਸਕੂਲ ਸਿੱਖਿਆ ਗੁਰਿੰਦਰ ਸਿੰਘ ਸੋਢੀ ਵਲੋਂ ਡੈਮੋਕ੍ਰੇਟਿਕ ਟੀਚਰਜ਼ ਫ਼ਰੰਟ (ਡੀ.ਟੀ.ਐਫ.) ਪੰਜਾਬ ਦੇ ਸੂਬਾ ਸੰਯੁਕਤ ਸਕੱਤਰ ਜਸਵਿੰਦਰ ਸਿੰਘ ਔਜਲਾ, ਵਿਕਰਮਜੀਤ ਮਾਲੇਰਕੋਟਲਾ, ਲਖਵੀਰ ਬਰਨਾਲਾ, ਗੁਰਪ੍ਰੀਤ ਵੀਰੋਕੇ ਅਤੇ ਬਾਕੀ ਆਗੂਆਂ ਨੂੰ ਸੌਂਪੀ ਗਈ। ਇੱਥੇ ਜਿਕਰਯੋਗ ਹੈ ਕਿ ਅਧਿਆਪਕਾਂ ਦੇ ਬਕਾਏ ਜਾਰੀ ਕਰਵਾਉਣ ਲਈ ਡੀ ਟੀ ਐਫ ਵੱਲੋਂ ਕੀਤਾ ਜਾ ਰਿਹਾ ਸੀ ਸੰਘਰਸ਼ੀ ਉਪਰਾਲੇ ਕੀਤੇ ਜਾ ਰਹੇ ਸੀ। ਇਸ ਬਾਰੇ ਗੱਲਬਾਤ ਕਰਦੇ ਹੋਏ ਡੀ.ਟੀ.ਐਫ. ਦੇ ਸੂਬਾ ਪ੍ਰਧਾਨ ਵਿਕਰਮ ਦੇਵ ਸਿੰਘ, ਜਨਰਲ ਸਕੱਤਰ ਮਹਿੰਦਰ ਕੌੜਿਆਂ



ਵਾਲੀ ਅਤੇ ਵਿੱਤ ਸਕੱਤਰ ਅਸ਼ਵਨੀ ਅਵਸਥੀ ਨੇ ਦੱਸਿਆ ਕਿ 5178 ਅਧਿਆਪਕਾਂ (ਨਾਨ-ਪਟੀਸ਼ਨਰਜ਼) ਨੂੰ ਪਰਖ ਸਮੇਂ ਦੇ ਪੂਰੀ ਤਨਖਾਹ ਅਨੁਸਾਰ ਬਕਾਏ ਜਾਰੀ ਕਰਨ ਵਿੱਚ ਹੋ ਰਹੀ ਦੇਰੀ ਦੇ ਵਿਰੋਧ ਵਜੋਂ 11 ਜੂਨ ਨੂੰ ਲੁਧਿਆਣਾ ਵਿਖੇ ਕੀਤੀ ਰੈਲੀ ਦੌਰਾਨ ਇਹ ਮਾਮਲਾ ਉਭਾਰਨ ਦੇ ਨਾਲ ਨਾਲ ਕੈਬਨਿਟ ਸਬ ਕਮੇਟੀ ਅਤੇ ਸਿੱਖਿਆ ਸਕੱਤਰ (ਸਕੂਲਜ਼) ਨਾਲ ਹੋਈ ਮੀਟਿੰਗ ਵਿੱਚ ਵੀ ਪ੍ਰਮੁੱਖਤਾ ਨਾਲ ਰੱਖਿਆ ਗਿਆ ਸੀ। ਜਿਸ ਦਰਮਿਆਨ ਇੱਕ ਕਾਡਰ ਤੇ ਇੱਕੋ ਜਿਹਾ ਤਨਖ਼ਾਹ ਸਕੇਲ ਲਾਗੂ ਹੋਣ ਦੇ ਤੈਅ ਸ਼ੁਦਾ ਨਿਯਮ ਤਹਿਤ ਮਸਲਾ ਜਲਦ ਹੱਲ ਕਰਨ ਦਾ ਭਰੋਸਾ ਦਿੱਤਾ ਗਿਆ ਸੀ। ਮਸਲੇ ਦਾ ਹੱਲ ਨਾ ਹੋਣ ਤੇ ਜਥੇਬੰਦੀ ਵੱਲੋਂ ਬੀਤੇ ਦਿਨੀਂ 16 ਜੁਲਾਈ ਨੂੰ ਵੀ ਪੰਜਾਬ ਭਰ ਵਿੱਚ ਡਿਪਟੀ ਕਮਿਸ਼ਨਰਾਂ ਰਾਹੀਂ 20 ਥਾਈਂ ਜ਼ਿਲ੍ਹਾ ਕਮੇਟੀਆਂ ਵੱਲੋਂ ਵੱਡੀ ਗਿਣਤੀ ਪੀੜਤ 5178 ਅਧਿਆਪਕਾਂ ਨੂੰ ਨਾਲ ਲੈ ਕੇ ਪੰਜਾਬ ਦੇ ਮੁੱਖ ਮੰਤਰੀ ਦੇ ਨਾਂ ਰੋਸ ਪੱਤਰ ਭੇਜੇ ਗਏ ਸਨ। ਦਰਅਸਲ ਡਾਇਰੈਕਟਰ ਸਕੂਲ ਸਿੱਖਿਆ (ਸੈਕੰਡਰੀ) ਵੱਲੋਂ ਇਸ ਤੋਂ ਪਹਿਲਾਂ ਵੀ ਲੰਘੀ ਫਰਵਰੀ ਵਿੱਚ ਸਪੀਕਿੰਗ ਆਰਡਰ ਜਾਰੀ ਕਰਦੇ ਹੋਏ 5178 ਅਧਿਆਪਕਾਂ ਨੂੰ ਪ੍ਰੋਬੇਸ਼ਨ ਪੀਰੀਅਡ ਦੌਰਾਨ ਪੂਰੀ ਤਨਖਾਹ ਸਕੇਲ ਅਨੁਸਾਰ ਬਕਾਏ ਜਾਰੀ ਕਰਨ ਦੇ ਨਿਰਦੇਸ਼ ਦਿੱਤੇ ਗਏ ਸਨ ਅਤੇ ਪੰਜਾਬ ਤੇ ਹਰਿਆਣਾ ਹਾਈ ਕੋਰਟ ਵਿੱਚ ਜਮਾ ਕੀਤੀ ਕਾਰਵਾਈ ਰਿਪੋਰਟ ਵਿੱਚ ਵੀ ਸਿੱਖਿਆ ਵਿਭਾਗ ਵੱਲੋਂ ਇਸ ਫੈਸਲੇ ਨੂੰ ਜਰਨਲਾਇਜ਼ ਕਰਨਾ ਅੰਕਿਤ ਕੀਤਾ ਗਿਆ ਸੀ। ਪ੍ਰੰਤੂ ਜਿਲ੍ਹਿਆਂ ਵਿੱਚ 5178 ਭਰਤੀ ਵਿੱਚਲੇ ਨਾਨ-ਪਟੀਸ਼ਨਰ ਅਧਿਆਪਕਾਂ ਨੂੰ ਹਕੀਕੀ ਰੂਪ ਵਿੱਚ ਪੂਰੀ ਤਨਖਾਹ ਸਕੇਲ ਅਨੁਸਾਰ ਬਕਾਏ ਨਹੀਂ ਮਿਲ ਰਹੇ ਸਨ। ਡੈਮੋਕ੍ਰੈਟਿਕ ਟੀਚਰਜ਼ ਫ਼ਰੰਟ ਦੇ ਸੂਬਾ ਮੀਤ ਪ੍ਰਧਾਨਾਂ ਗੁਰਪਿਆਰ ਕੋਟਲੀ, ਰਾਜੀਵ ਬਰਨਾਲਾ, ਬੇਅੰਤ ਫੂੱਲੇਵਾਲ, ਜਗਪਾਲ ਬੰਗੀ ਅਤੇ ਰਘਵੀਰ ਭਵਾਨੀਗੜ੍ਹ ਨੇ ਦੱਸਿਆ ਕਿ ਅਧਿਆਪਕਾਂ ਦੇ ਬਾਕੀ ਰਹਿੰਦੇ ਵਿਭਾਗੀ ਮਸਲੇ ਵੀ ਜਲਦ ਹੱਲ ਕਰਵਾਉਣ ਲਈ ਜਥੇਬੰਦੀ ਵੱਲੋਂ 5 ਅਗਸਤ ਨੂੰ ਡਾਇਰੈਕਟਰ ਸਿੱਖਿਆ ਵਿਭਾਗ (ਸੈਕੰਡਰੀ) ਦੇ ਦਫ਼ਤਰ ਮਾਸ ਡੈਪੂਟੇਸ਼ਨ ਦੇ ਰੂਪ ਵਿੱਚ ਪਹੁੰਚ ਕੀਤੀ ਜਾਵੇਗੀ ਅਤੇ 5 ਸਤੰਬਰ ਨੂੰ ਅਧਿਆਪਕ ਦਿਵਸ ਮੌਕੇ ਸਰਕਾਰੀ ਸਮਾਗਮ ਦੇ ਸਮਾਂਤਰ ਸੂਬਾਈ ਐਕਸ਼ਨ ਵੀ ਕੀਤਾ ਜਾਵੇਗਾ।

# 'ਮੀਡੀਏਸ਼ਨ ਫਾਰ ਦਿ ਨੇਸ਼ਨ' ਮੁਹਿੰਮ ਦੀ ਸਫਲਤਾ ਲਈ ਨਿਰੰਤਰ ਯਤਨ ਦੀ ਲੋੜ : ਜ਼ਿਲ੍ਹਾ ਤੇ ਸੈਸ਼ਨ ਜੱਜ

**ਐਸ.ਏ.ਐਸ. ਨਗਰ (ਗੁਰਜੀਤ ਬਿੱਲਾ)**- ਪੰਜਾਬ ਰਾਜ ਕਾਨੂੰਨੀ ਸੇਵਾਵਾਂ ਅਥਾਰਟੀ ਦੀਆਂ ਹਦਾਇਤਾਂ ਅਨੁਸਾਰ ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ, ਐਸ.ਏ.ਐਸ. ਨਗਰ ਵੱਲੋਂ 'ਮੀਡੀਏਸ਼ਨ ਫਾਰ ਦਿ ਨੇਸ਼ਨ' ਮੁਹਿੰਮ ਦੀ ਸਫਲਤਾ ਲਈ ਇੱਕ ਵਿਸ਼ੇਸ਼ ਮੀਟਿੰਗ



ਆਯੋਜਿਤ ਕੀਤੀ ਗਈ ਜਿਸ ਦੀ ਪ੍ਰਧਾਨਗੀ ਸ਼੍ਰੀ ਅਤੁਲ ਕਸਾਨਾ, ਜ਼ਿਲ੍ਹਾ ਅਤੇ ਸੈਸ਼ਨ ਜੱਜ, ਐਸ.ਏ.ਐਸ. ਨਗਰ ਨੇ ਕੀਤੀ। ਇਸ ਮੀਟਿੰਗ ਵਿੱਚ ਸੈਸ਼ਨ ਡਿਵੀਜ਼ਨ, ਐਸ.ਏ.ਐਸ. ਨਗਰ ਵਿਚ ਤਾਇਨਾਤ ਸਾਰੇ ਨਿਆਂਇਕ ਅਧਿਕਾਰੀਆਂ ਨੇ ਭਾਗ ਲਿਆ। ਸ਼੍ਰੀ ਕਸਾਨਾ ਨੇ ਨਿਆਂਇਕ ਅਧਿਕਾਰੀਆਂ ਨੂੰ 'ਮੀਡੀਏਸ਼ਨ ਫਾਰ ਦਿ ਨੇਸ਼ਨ' ਮੁਹਿੰਮ ਦੀ ਸਫਲਤਾ ਲਈ ਲਗਨ ਅਤੇ ਸਮਰਪਣ ਨਾਲ ਕੰਮ ਕਰਨ ਲਈ ਪ੍ਰੇਰਿਤ ਕੀਤਾ। ਉਨ੍ਹਾਂ ਨੇ ਜ਼ੋਰ ਦੇ ਕੇ ਕਿਹਾ ਕਿ ਪਾਰਟੀਆਂ ਨੂੰ ਰਵਾਇਤੀ ਅਦਾਲਤੀ ਕਾਰਵਾਈ (ਮੁਕੱਦਮੇਬਾਜ਼ੀ) ਦੀ ਥਾਂ ਤੇ ਮੀਡੀਏਸ਼ਨ ਵਰਗੇ ਤੇਜ਼, ਘੱਟ ਖਰਚੇ ਵਾਲੇ ਅਤੇ ਆਪਸੀ ਸੰਬੰਧਾਂ ਨੂੰ ਬਚਾਉਣ ਦਾ ਵਿਕਲਪ ਦੇਣ ਲਈ ਉਤਸ਼ਾਹਿਤ ਕੀਤਾ ਜਾਣਾ ਚਾਹੀਦਾ ਹੈ। ਸ਼੍ਰੀਮਤੀ ਸੁਰਭੀ ਪਰਾਸ਼ਰ, ਸਕੱਤਰ, ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ, ਐਸ.ਏ.ਐਸ. ਨਗਰ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ 'ਮੀਡੀਏਸ਼ਨ ਫਾਰ ਦਿ ਨੇਸ਼ਨ' ਇੱਕ 90 ਦਿਨਾਂ ਦੀ ਰਾਸ਼ਟਰੀ ਮੁਹਿੰਮ ਹੈ, ਜਿਸ ਦੀ ਸ਼ੁਰੂਆਤ ਨੈਸ਼ਨਲ ਲੀਗਲ ਸਰਵਿਸਿਜ਼ ਅਥਾਰਟੀ ਅਤੇ ਮੀਡੀਏਸ਼ਨ ਐਂਡ ਕੰਸੀਲੀਏਸ਼ਨ ਪ੍ਰੋਜੈਕਟ ਕਮੇਟੀ ਵੱਲੋਂ ਕੀਤੀ ਗਈ ਹੈ। ਇਹ ਮੁਹਿੰਮ 1 ਜੁਲਾਈ ਤੋਂ 30 ਸਤੰਬਰ 2025 ਤੱਕ ਚੱਲੇਗੀ ਅਤੇ ਇਸ ਦਾ ਮੁੱਖ ਉਦੇਸ਼ ਸਬ-ਡਵੀਜ਼ਨ ਅਤੇ ਜ਼ਿਲ੍ਹਾ ਅਦਾਲਤਾਂ ਵਿੱਚ ਚੱਲ ਰਹੇ ਲੰਬਿਤ ਮਾਮਲਿਆਂ ਨੂੰ ਧਿਰਾਂ ਦੀ ਆਪਸੀ ਸਹਿਮਤੀ ਨਾਲ ਵਿਚੋਲਗੀ ਰਾਹੀਂ ਨਿਪਟਾਉਣਾ ਹੈ।

# 'ਹਰ ਸ਼ੁੱਕਰਵਾਰ ਡੇਂਗੂ 'ਤੇ ਵਾਰ' ਮੁਹਿੰਮ ਤਹਿਤ ਲਾਰਵਾ ਨਸ਼ਟ ਕੀਤਾ

**ਫਗਵਾੜਾ (ਜਸਵਿੰਦਰ ਢੱਡਾ)**- ਸਿਵਲ ਸਰਜਨ ਕਪੂਰਥਲਾ ਡਾ. ਹਰਪਾਲ ਸਿੰਘ ਦੇ ਹੁਕਮਾਂ ਅਤੇ ਜ਼ਿਲ੍ਹਾ ਅਪੀਡੀਮੋਲੋਜਿਸਟ ਡਾ. ਨੰਦਿਕਾ ਖੁੱਲਰ ਦੇ ਦਿਸ਼ਾ ਨਿਰਦੇਸ਼ਾਂ



ਤਹਿਤ ਸੀਨੀਅਰ ਮੈਡੀਕਲ ਅਫ਼ਸਰ ਸਿਵਲ ਹਸਪਤਾਲ ਫਗਵਾੜਾ ਡਾ. ਪ੍ਰਮਿੰਦਰ ਕੌਰ ਦੀ ਯੋਗ ਰਹਿਨੁਮਾਈ ਹੇਠ ਸਬ ਡਵੀਜ਼ਨ ਫਗਵਾੜਾ ਵਿੱਚ ਡੇਂਗੂ ਦੇ ਪਸਾਰ ਨੂੰ ਰੋਕਣ ਲਈ ਯਤਨਸ਼ੀਲ ਹੈ। ਇਸੇ ਕੜੀ ਤਹਿਤ ਸਬ ਡਵੀਜ਼ਨ ਫਗਵਾੜਾ ਵਿੱਖੇ ਐਸ ਐਮ ਓ ਡਾ. ਪ੍ਰਮਿੰਦਰ ਕੌਰ ਵਲੋਂ ਲੋਕਾਂ ਨੂੰ ਡੇਂਗੂ, ਚਿਕਨਗੁਨੀਆ ਤੇ ਮਲੇਰੀਆ ਵਰਗੀਆਂ ਘਾਤਕ ਬਿਮਾਰੀਆਂ ਤੋਂ ਬਚਾਉਣ ਲਈ ਖ਼ੁਦ ਕਮਾਨ ਸੰਭਾਲ ਲਈ ਹੈ। ਡੇਂਗੂ ਵਿਰੋਧੀ ਮੁਹਿੰਮ ਤਹਿਤ ਲੋਕਾਂ ਨੂੰ ਮੱਛਰਾਂ ਤੋਂ ਹੋਣ ਵਾਲੀਆਂ ਬਿਮਾਰੀਆਂ, ਖਾਸ ਕਰਕੇ ਡੇਂਗੂ ਦੇ ਡੰਗ ਤੋਂ ਬਚਾਉਣ ਲਈ ਡਾ ਪ੍ਰਮਿੰਦਰ ਕੌਰ ਨੇ ਲੋਕਾਂ ਨੂੰ ਜਾਗਰੂਕ ਕਰਦਿਆਂ ਫਗਵਾੜਾ ਇਲਾਕੇ ਵਿੱਚ ਸਿਹਤ ਵਿਭਾਗ ਦੀਆਂ ਟੀਮਾਂ ਨਾਲ ਕਈ ਥਾਵਾਂ ਦਾ ਦੌਰਾ ਕਰਕੇ ਡੇਂਗੂ ਦੇ ਲਾਰਵੇ ਦੀ ਪਛਾਣ ਕਰਨ ਤੇ ਇਸ ਨੂੰ ਨਸ਼ਟ ਕਰਵਾਉਣ ਦੇ ਨਾਲ-ਨਾਲ ਲੋਕਾਂ ਨੂੰ ਇਸ ਬਾਰੇ ਜਾਗਰੂਕ ਵੀ ਕੀਤਾ ਇਸ ਮੌਕੇ ਹੈਲਥ ਇੰਸਪੈਕਟਰ ਕਮਲਜੀਤ ਸਿੰਘ ਸੰਧੂ ਅਤੇ ਗੁਰਮੇਜ ਸਿੰਘ ਨੇ ਇਲਾਕੇ ਦੇ ਕਈ ਘਰਾਂ ਵਿੱਚ ਜਾ ਕੇ ਵੱਖ-ਵੱਖ ਪਾਣੀ ਵਾਲੇ ਬਰਤਨਾਂ, ਫਰਿਜਾਂ, ਕੂਲਰਾਂ, ਫੁੱਲਾਂ ਦੇ ਗਮਲੇ, ਪਾਰਕ ਅਤੇ ਪੰਛੀਆਂ ਨੂੰ ਪਾਣੀ ਪਿਲਾਉਣ ਲਈ ਵਰਤੇ ਜਾਂਦੇ ਭਾਂਡਿਆਂ ਦੀ ਜਾਂਚ ਕੀਤੀ। ਇਸ ਮੌਕੇ ਏ ਐਨ ਐਮ ਮੈਡਮ ਮੋਨਿਕਾ, ਸੋਨਾ, ਦਲਵੀਰ ਕੌਰ, ਊਸ਼ਾ, ਆਸ਼ਾ ਵਰਕਰ ਮੀਰਾ ਮੌਜੂਦ ਸਨ।

# ਝੋਨੇ ਦੇ ਮੱਧਰੇ ਰੋਗ ਸੰਬੰਧੀ ਕਿਸਾਨ ਸਿਖਲਾਈ ਕੈਂਪ ਲਗਾਇਆ

**ਗੁਰਾਇਆ (ਬਿੰਦਰ ਸੁੰਮਨ)**: ਖੇਤੀਬਾੜੀ ਅਤੇ ਕਿਸਾਨ ਭਲਾਈ ਵਿਭਾਗ ਰੁੜਕਾ ਕਲਾਂ ਵਲੋਂ ਆਤਮਾ ਸਕੀਮ ਅਧੀਨ ਬਲਾਕ ਪੱਧਰੀ ਕਿਸਾਨ ਸਿਖਲਾਈ ਕੈਂਪ ਲਗਾਇਆ ਗਿਆ । ਇਸ ਕੈਂਪ ਦਾ ਮੁੱਖ ਵਿਸ਼ਾ ਝੋਨੇ ਦੀ ਫ਼ਸਲ ਦੇ ਮੱਧਰੇ ਰੋਗ ਸੰਬੰਧੀ ਸੀ । ਕੈਂਪ ਵਿੱਚ ਉਚੇਚੇ ਤੌਰ ਤੇ ਮਾਣਯੋਗ ਮੁੱਖ ਖੇਤੀਬਾੜੀ ਅਫ਼ਸਰ, ਜਲੰਧਰ ਡਾ: ਰਣਧੀਰ ਸਿੰਘ ਠਾਕੁਰ ਪੁੱਜੇ । ਉਨਾਂ ਸਭ ਜ਼ਿਮੀਦਾਰਾਂ ਨਾਲ ਰਾਬਤਾ ਕਾਇਮ ਕਰਕੇ ਉਹਨਾਂ ਦੀ ਖੇਤੀ ਸੰਬੰਧੀ ਦਿੱਕਤਾਂ ਦੂਰ ਕਰਨ ਦਾ ਭਰੋਸਾ ਦਿਵਾਇਆ। ਡਾ: ਹਰਵਿੰਦਰ ਸਿੰਘ, ਕੇ ਵੀ ਕੇ, ਨੂਰਮਹਿਲ ਵਲ ਜਾਣਕਾਰੀ ਦਿੰਦੇ ਹੋਏ ਦੱਸਿਆ ਗਿਆ ਕਿ ਝੋਨੇ ਦਾ ਮੱਧਰਾ ਰੋਗ ਇੱਕ ਵਾਇਰਸ ਨਾਲ ਹੁੰਦਾ ਹੈ । ਇਸ ਵਾਇਰਸ ਨੂੰ ਫਲਾਉਣ ਦਾ ਕੰਮ ਚਿੱਟੀ ਪਿੱਠ ਵਾਲਾ ਟਿੱਡਾ ਕਰਦਾ ਹੈ, ਜਿਸ ਨੂੰ ਜ਼ਿਮੀਦਾਰ ਆਮ ਤੌਰ ਤੇ ਝੋਨੇ ਦੇ ਤੇਲੇ ਵਜੋਂ ਜਾਣਦੇ ਹਨ । ਬੂਟੇ ਦੇ ਮਧਰੇਪਨ ਦਾ ਇੱਕ ਕਾਰਨ ਜ਼ਿੰਕ ਦੀ ਘਾਟ ਵੀ ਹੋ ਸਕਦੀ ਹੈ ਜਿਸ ਨੂੰ ਕਈ ਕਿਸਾਨ ਬਿਮਾਰੀ ਵਾਲਾ ਬੂਟਾ ਸਮਝ ਲੈਂਦੇ ਹਨ। ਜ਼ਿੰਕ ਦੀ ਘਾਟ ਵਿੱਚ ਪੱਤਾ ਲੋਹੇ ਦੇ ਜੰਗ ਲਗਨ ਵਾਂਗ ਨਿਸ਼ਾਨੀਆ ਦਿਖਾਉਂਦਾ ਹੈ। ਜ਼ਿੰਕ ਵਾਲੇ ਮੱਧਰੇਪਣ ਨੂੰ ਜ਼ਿੰਕ ਖਾਦ ਦੀ ਵਰਤੋਂ ਨਾਲ ਦੂਰ ਕੀਤਾ ਜਾ ਸਕਦਾ ਹੈ ਜਦ ਕਿ ਤੇਲੇ ਦੀ ਸਿਫਾਰਿਸ਼ ਸ਼ੁਧਾ ਦਵਾਈ



ਦੀ ਸਪਰੇਅ ਕਰ ਕੇ ਬਿਮਾਰੀ ਨੂੰ ਅੱਗੇ ਫੈਲਣ ਤੋਂ ਰੋਕਿਆ ਜਾ ਸਕਦਾ ਹੈ। ਡਾ: ਅਸ਼ਵਿੰਦਰ ਕੁਮਾਰ ਬਲਾਕ ਖੇਤੀਬਾੜੀ ਅਫ਼ਸਰ, ਰੁੜਕਾ ਕਲਾਂ ਵਲੋਂ ਦੱਸਿਆ ਗਿਆ ਕਿ ਇਸ ਰੋਗ ਦਾ ਪਤਾ ਕਰਨ ਲਈ ਕਿਸਾਨ ਨਿੱਤ ਆਪਣੇ ਖੇਤ ਦਾ ਨਿਰੀਖਣ ਕਰਨ। ਉਨਾਂ ਕਿਹਾ ਕਿ ਸੋਸ਼ਲ ਮੀਡੀਆ ਤੇ ਆ ਰਹੀਆ ਵੀਡੀਓ ਤੋਂ ਕਿਸਾਨ ਪ੍ਰਭਾਵਿਤ ਨਾ ਹੋਣ, ਕਿਉਕਿ ਇਸ ਨਾਲ ਡਰ ਦਾ ਮਾਹੌਲ ਬਣਨ ਕਰਕੇ ਕਈ ਕਿਸਾਨ ਲੋੜ ਤੋਂ ਵੱਧ ਚਿੰਤਿਤ ਹਨ ਜਦ ਕਿ ਜਲੰਧਰ ਜਿਲੇ ਵਿੱਚ ਰੋਗ ਦਾ ਪ੍ਰਕੋਪ ਨਾਮਾਤਰ ਹੀ ਹੈ। ਡਾ: ਪ੍ਰਭਜੀਤ ਕੌਰ, ਕੇ ਵੀ ਕੇ ਨੂਰਮਹਿਲ ਵਲੋਂ ਝੋਨੇ ਦੇ ਨਦੀਨਾਂ ਸੰਬੰਧੀ ਦੱਸਿਆ ਗਿਆ । ਡਾ: ਰਮਨਦੀਪ, ਖੇਤੀਬਾੜੀ ਵਿਕਾਸ ਅਫ਼ਸਰ ਰੁੜਕਾ ਕਲਾਂ ਨੇ ਜਾਣਕਾਰੀ ਦਿੰਦੇ ਦੱਸਿਆ ਕਿ ਬਲਾਕ ਵਿੱਚ ਕੁਝ ਕਿਸਾਨਾਂ ਦੁਆਰਾ ਇਸ ਰੋਗ ਬਾਰੇ ਦੱਸਿਆ ਗਿਆ ਸੀ । ਮਹਿਕਮੇ ਅਤੇ ਯੂਨੀਵਰਸਿਟੀ ਦੀ ਟੀਮ ਵਲੋਂ ਉਹਨਾਂ ਖੇਤਾਂ ਦਾ ਦੌਰਾ ਕੀਤਾ ਜਾ ਚੁੱਕਾ ਹੈ ਅਤੇ ਬੂਟਿਆ ਦੇ ਨਮੂਨੇ ਵੀ ਕੇ ਯੂਨੀਵਰਸਿਟੀ ਲੈਬ ਵਿੱਚ ਟੈਸਟ ਹਿੱਤ ਕਰਨ ਭੇਜ ਦਿੱਤੇ ਹਨ । ਯੂਨੀਵਰਸਿਟੀ ਦੀ ਰਿਪੋਰਟ ਅਨੁਸਾਰ ਉਹਨਾਂ ਦੇ ਸੈਂਪਲ ਵਿੱਚ ਵਾਇਰਸ ਨਹੀ ਆਇਆ ਹੈ ਇਸ ਲਈ ਘਬਰਾਉਣ ਦੀ ਜਰੂਰਤ ਨਹੀ ਹੈ । ਡਾ: ਗੁਰਦੀਪ ਸਿੰਘ ਨੇ ਕਿਸਾਨਾਂ ਨੂੰ ਮਿੱਟੀ ਪਰਖ ਬਾਰੇ ਜਾਣਕਾਰੀ ਦਿੱਤੀ ਤਾਂ ਕਿ ਝੋਨਾ ਲਗਾਉਣ ਤੋਂ ਪਹਿਲਾਂ ਜ਼ਿੰਕ ਦੀ ਕਮੀ ਨੂੰ ਦੂਰ ਕੀਤਾ ਜਾ ਸਕੇ । ਵੱਖ ਵੱਖ ਪਿੰਡਾਂ ਤੋ ਵੱਡੀ ਗਿਣਤੀ ਵਿੱਚ ਕਿਸਾਨਾਂ ਅਤੇ ਕਿਸਾਨ ਆਗੂਆਂ ਨੇ ਇਸ ਕੈਂਪ ਵਿੱਚ ਸ਼ਮੂਲੀਅਤ ਕੀਤੀ ।

# ਪੋਲਿੰਗ ਬੂਥਾਂ ਦੇ 200 ਮੀਟਰ ਦੇ ਘੇਰੇ ਅੰਦਰ ਸੈਲੂਲਰ ਫੋਨ/ਕੋਰਡਲੈੱਸ ਫੋਨ ਆਦਿ ਦੀ ਵਰਤੋਂ 'ਤੇ ਪਾਬੰਦੀ

**ਐਸ.ਏ.ਐਸ.ਨਗਰ (ਗੁਰਜੀਤ ਬਿੱਲਾ)**- ਜ਼ਿਲ੍ਹੇ ਵਿੱਚ ਪੰਚਾਇਤੀ (ਜ਼ਿਮਨੀ) ਚੋਣਾਂ-2025, ਮਿਤੀ 27.07.2025 ਨੂੰ ਹੋ ਰਹੀਆਂ ਹਨ ਅਤੇ ਵੋਟਾਂ ਦੀ ਗਿਣਤੀ ਵੀ ਉਸੇ ਦਿਨ ਨੂੰ ਹੋ ਰਹੀ ਹੈ। ਪੰਚਾਇਤੀ ਚੋਣਾਂ ਵਾਲੇ ਦਿਨ ਪੋਲਿੰਗ ਬੂਥਾਂ ਦੇ 200 ਮੀਟਰ ਦੇ ਘੇਰੇ ਅੰਦਰ ਪ੍ਰਚਾਰ, ਕਿਸੇ ਵੀ ਵਿਅਕਤੀ ਵੱਲੋਂ ਸੈਲੂਲਰ ਫੋਨ/ਵਾਇਰਲੈਸ ਸੈੱਟ/ਲਾਊਡ ਸਪੀਕਰ/ਮੈਗਾਫੋਨ ਆਦਿ ਦੀ ਵਰਤੋਂ, ਪ੍ਰਚਾਰ ਨਾਲ ਸਬੰਧੀ ਪੋਸਟਰ/ਬੈਨਰ ਲਗਾਉਣ ਨਾਲ ਚੋਣ ਪ੍ਰਕਿਰਿਆ ਦੌਰਾਨ ਅਮਨ-ਸ਼ਾਂਤੀ ਭੰਗ ਹੋਣ ਦਾ ਅੰਦੇਸ਼ਾ ਹੈ, ਜਿਸ ਨਾਲ ਅਮਨ ਕਾਨੂੰਨ ਦੀ ਪਾਲਣਾ ਕਰਨ ਲਈ ਤਾਇਨਾਤ ਸੁਰੱਖਿਆ ਬਲਾਂ ਦੇ ਕੰਮ ਵਿੱਚ ਵਿਘਨ ਪੈਦਾ ਹੋ ਸਕਦਾ ਹੈ ਅਤੇ ਅਮਨ ਕਾਨੂੰਨ ਦੀ ਸਥਿਤੀ ਵਿਗੜਨ ਦਾ ਖਤਰਾ ਹੋ ਸਕਦਾ ਹੈ। ਇਸ ਲਈ ਚੋਣਾਂ ਦੇ ਕੰਮ ਨੂੰ ਨਿਰਵਿਘਨ, ਸ਼ਾਤੀ ਪੂਰਵਕ ਨੇਪਰੇ ਚਾੜ੍ਹਨ ਲਈ ਅਤੇ ਚੋਣਾਂ ਦੌਰਾਨ ਅਮਨ ਕਾਨੂੰਨ ਦੀ ਸਥਿਤੀ ਬਣਾਈ ਰੱਖਣ ਲਈ ਲੋੜੀਂਦੇ ਉਪਰਾਲੇ ਕਰਦੇ ਹੋਏ ਸ਼੍ਰੀਮਤੀ ਕੋਮਲ ਮਿੱਤਲ, ਜ਼ਿਲ੍ਹਾ ਮੈਜਿਸਟਰੇਟ, ਐਸ.ਏ.ਐਸ. ਨਗਰ ਵੱਲੋਂ ਭਾਰਤੀ ਨਾਗਰਿਕ ਸੁਰੱਖਿਆ ਸਹਿੰਤਾ 2023 ਦੀ ਧਾਰਾ 163 ਅਧੀਨ ਪ੍ਰਾਪਤ ਹੋਏ ਅਧਿਕਾਰਾਂ ਦੀ ਵਰਤੋਂ ਕਰਦੇ ਹੋਏ ਰਾਜ ਚੋਣ ਕਮਿਸ਼ਨ, ਪੰਜਾਬ ਵੱਲੋਂ ਜਾਰੀ ਸਟੈਂਡਰਡ ਓਪਰੇਟਿੰਗ ਪ੍ਰੋਸੀਜਰ ਤਹਿਤ ਚੋਣ ਪ੍ਰਕਿਰਿਆ ਨੂੰ ਸ਼ਾਤਮਈ ਤਰੀਕੇ ਨਾਲ, ਨਿਰਵਿਘਨ ਕਰਵਾਉਣ ਅਤੇ ਅਮਨ ਕਾਨੂੰਨ ਦੀ ਵਿਵਸਥਾ ਬਣਾਈ ਰੱਖਣ ਲਈ, ਚੋਣਾਂ ਵਾਲੇ ਦਿਨ ਮਿਤੀ 27.07.2025 ਨੂੰ ਜ਼ਿਲ੍ਹਾ ਐਸ.ਏ.ਐਸ. ਨਗਰ ਅੰਦਰ ਬਣੇ ਪੋਲਿੰਗ ਬੂਥਾਂ ਦੇ 200 ਮੀਟਰ ਦੇ ਘੇਰੇ ਅੰਦਰ ਹੇਠ ਲਿਖੇ ਅਨੁਸਾਰ ਪਾਬੰਦੀਆਂ ਲਗਾਉਣ ਦੇ ਹੁਕਮ ਦਿੱਤੇ ਗਏ ਹਨ- 1. ਪੋਲਿੰਗ ਬੂਥਾਂ ਜਾ ਜਨਤਕ/ਨਿੱਜੀ ਜਗ੍ਹਾਂ ਤੇ ਕਿਸੇ ਵੀ ਉਮੀਦਵਾਰ ਜਾਂ ਉਸ ਦੇ ਸਮਰਥਕ ਵੱਲੋਂ ਪ੍ਰਚਾਰ ਨਹੀਂ ਕੀਤਾ ਜਾਵੇਗਾ। ਕਿਸੇ ਵੀ ਵਿਅਕਤੀ ਵੱਲੋਂ ਪੋਲਿੰਗ ਬੂਥਾਂ ਦੇ ਨਜ਼ਦੀਕ ਸ਼ੋਰ-ਸ਼ਰਾਬਾ, ਹੁੱਲੜਬਾਜੀ ਨਹੀਂ ਕੀਤੀ ਜਾਵੇਗੀ।2. ਕਿਸੇ ਵੀ ਵਿਅਕਤੀ ਵੱਲੋਂ ਪੋਲਿੰਗ ਬੂਥਾਂ ਦੇ 200 ਮੀਟਰ ਦੇ ਘੇਰੇ ਅੰਦਰ ਸੈਲੂਲਰ ਫੋਨ/ਕੋਰਡਲੈਸ ਫੋਨ/ਵਾਇਰਲੈਸ ਸੈੱਟ/ਲਾਊਡ ਸਪੀਕਰ/ਮੈਗਾਫੋਨ ਆਦਿ ਦੀ ਵਰਤੋਂ ਨਹੀਂ ਕੀਤੀ ਜਾਵੇਗੀ। ਇਹ ਹੁਕਮ ਚੋਣ ਡਿਊਟੀ ਤੇ ਤਾਇਨਾਤ ਹੋਣ ਅਬਜ਼ਰਵਰ, ਪ੍ਰਸ਼ਾਸਨਿਕ, ਪੁਲਿਸ ਅਧਿਕਾਰੀ, ਡਿਊਟੀ ਤੇ ਤਾਇਨਾਤ ਸੁਰੱਖਿਆ ਕਰਮਚਾਰੀਆਂ, ਪੋਲਿੰਗ/ਕਾਊਟਿੰਗ ਨਾਲ ਸਬੰਧਤ ਸਰਕਾਰੀ ਕਰਮਚਾਰੀਆਂ ਤੇ ਲਾਗੂ ਨਹੀਂ ਹੋਵੇਗਾ।3. ਪ੍ਰਚਾਰ ਨਾਲ ਸਬੰਧਤ ਕਿਸੇ ਵੀ ਕਿਸਮ ਦਾ ਪੋਸਟਰ/ਬੈਨਰ ਨਹੀਂ ਲਗਾਇਆ ਜਾਵੇਗਾ।4. ਕੋਈ ਵੀ ਰਾਜਨੀਤਿਕ ਪਾਰਟੀ, ਚੋਣ ਲੜ ਰਿਹਾ ਉਮੀਦਵਾਰ ਪੋਲਿੰਗ ਬੂਥ ਦੇ 200 ਮੀਟਰ ਦੇ ਘੇਰੇ ਅੰਦਰ ਆਪਣਾ ਪੋਲਿੰਗ ਬੂਥ/ਟੈਂਟ ਨਹੀਂ ਲਗਾਏਗਾ।5. ਕੋਈ ਵੀ ਵਿਅਕਤੀ, ਸਿਵਾਏ ਰਾਜ ਚੋਣ ਕਮਿਸ਼ਨ, ਪੰਜਾਬ, ਜ਼ਿਲ੍ਹਾ ਚੋਣ ਅਫਸਰ, ਐਸ.ਏ.ਐਸ. ਨਗਰ ਜਾਂ ਗ੍ਰਾਮ ਪੰਚਾਇਤ ਹਲਕੇ ਦੇ ਰਿਟਰਨਿੰਗ ਅਫਸਰ ਵੱਲੋਂ ਅਧਿਕਾਰਤ ਵਿਅਕਤੀ, ਕਿਸੇ ਵੀ ਪੋਲਿੰਗ ਬੂਥ ਦੇ 200 ਮੀਟਰ ਦੇ ਘੇਰੇ ਅੰਦਰ ਆਪਣਾ ਪ੍ਰਾਈਵੇਟ ਵਹੀਕਲ ਨਹੀਂ ਲਿਜਾਏਗਾ।

# ਦਾਖਲੇ ਦੀ ਆਖਰੀ ਮਿਤੀ ਨੇੜੇ ਹੋਣ ਕਾਰਨ ਐੱਲ ਪੀ ਯੂ 'ਚ ਵਿਦਿਆਰਥੀਆਂ ਦੀ ਭਾਰੀ ਭੀੜ

**ਜਲੰਧਰ (ਸ਼ੈਲੀ ਐਲਬਰਟ)**- ਲਵਲੀ ਪ੍ਰੋਫੈਸ਼ਨਲ ਯੂਨੀਵਰਸਿਟੀ (ਐਲ ਪੀ ਯੂ) ਵਿੱਚ 31 ਜੁਲਾਈ ਨੂੰ ਦਾਖਲੇ ਦੀ ਆਖਰੀ ਮਿਤੀ ਨੇੜੇ ਆ ਰਹੀ ਹੈ, ਇਸ ਲਈ ਇੱਥੇ ਕਾਫੀ ਭੀੜ ਦੇਖਣ ਨੂੰ ਮਿਲ ਰਹੀ ਹੈ। ਹਜ਼ਾਰਾਂ ਵਿਦਿਆਰਥੀ ਪਹਿਲਾਂ ਹੀ ਦਾਖਲਾ ਲੈ ਚੁੱਕੇ ਹਨ ਅਤੇ ਹੋਰ ਵੀ ਐਲ ਪੀ ਯੂ ਨੈਸ਼ਨਲ ਐਂਟਰੈਂਸ ਐਂਡ ਸਕਾਲਰਸ਼ਿਪ ਟੈਸਟ (ਐਲ ਪੀ ਯੂ ਐਨ ਈ ਐਸ ਟੀ) ਲਈ ਬੈਠ ਰਹੇ ਹਨ, ਜਿਸ ਨਾਲ ਕੈਂਪਸ ਭਾਰਤ ਭਰ ਅਤੇ 50 ਤੋਂ ਵੱਧ ਦੇਸ਼ਾਂ ਦੇ ਚਾਹਵਾਨ ਸਿਖਿਆਰਥੀਆਂ ਦਾ ਇੱਕ ਜੀਵੰਤ ਕੇਂਦਰ ਬਣ ਗਿਆ ਹੈ।ਐਲ ਪੀ ਯੂ ਵਿੱਚ ਦਾਖਲਾ ਲੈਣ ਵਾਲੇ ਵਿਦਿਆਰਥੀ ਸਾਬਤ ਕਰਦੇ ਹਨ ਕਿ ਐਲਪੀਯੂ ਉੱਚ ਸਿੱਖਿਆ ਦੇ ਖੇਤਰ ਵਿੱਚ ਇੱਕ ਮਹੱਤਵਪੂਰਨ ਸਥਾਨ ਰੱਖਦਾ ਹੈ। ਯੂਨੀਵਰਸਿਟੀ ਦੀ ਨੈਕ 1++ ਮਾਨਤਾ, ਐਨ ਆਈ ਆਰ ਐਫ ਰੈਂਕਿੰਗ ਵਿੱਚ ਇਸ ਦੀ ਸਿਖਰਲੀ ਸਥਿਤੀ ਅਤੇ ਟਾਈਮਜ਼ ਹਾਇਰ ਐਜੂਕੇਸ਼ਨ ਵਰਲਡ ਯੂਨੀਵਰਸਿਟੀ ਰੈਂਕਿੰਗ 2025 ਵਿੱਚ ਚੋਟੀ ਦੀਆਂ 10 ਭਾਰਤੀ ਯੂਨੀਵਰਸਿਟੀਆਂ ਵਿੱਚ ਐਲ ਪੀ ਯੂ ਦੀ ਦਰਜਾਬੰਦੀ ਇਸਦੀ ਅਕਾਦਮਿਕ ਉੱਤਮਤਾ ਨੂੰ ਸਾਬਤ ਕਰਦੀ ਹੈ। ਹਾਲ ਹੀ ਦੇ ਸੈਸ਼ਨ ਵਿੱਚ, ਵਿਦਿਆਰਥੀਆਂ ਨੂੰ ਗਲੋਬਲ ਅਤੇ ਘਰੇਲੂ ਪੇਸ਼ਕਸ਼ਾਂ ਪ੍ਰਾਪਤ ਹੋਈਆਂ, ਜਿਨ੍ਹਾਂ ਵਿੱਚ ਕ੍ਰਮਵਾਰ ?2.5 ਕਰੋੜ ਅਤੇ ?1.03 ਕਰੋੜ ਤੱਕ ਦੇ ਪੈਕੇਜ ਸ਼ਾਮਲ ਹਨ।ਜ਼ਬਰਦਸਤ ਦਾਖਲਾ ਪ੍ਰਤੀਕਿਰਿਆ ਦੇ ਨਤੀਜੇ ਵਜੋਂ ਬਹੁਤ ਸਾਰੇ ਪ੍ਰੋਗਰਾਮਾਂ ਵਿੱਚ ਸੀਟਾਂ ਭਰ ਗਈਆਂ ਹਨ। ਫਾਰਮੇਸੀ ਅਤੇ ਲਾਅ ਦੇ ਦਾਖਲੇ ਹੁਣ ਬੰਦ ਹੋ ਗਏ ਹਨ, ਜਦੋਂ ਕਿ ਆਰਟੀਫੀਸ਼ੀਅਲ ਇੰਟੈਲੀਜੈਂਸ ਅਤੇ ਮਸ਼ੀਨ ਲਰਨਿੰਗ, ਰੋਬੋਟਿਕਸ ਅਤੇ ਆਟੋਮੇਸ਼ਨ, ਕੰਪਿਊਟਰ ਐਪਲੀਕੇਸ਼ਨ ਅਤੇ ਐਮ ਬੀ ਏ ਵਰਗੇ ਹੋਰ ਪ੍ਰੋਗਰਾਮਾਂ ਵਿੱਚ ਸੀਟਾਂ ਭਰਨ ਦੇ ਨੇੜੇ ਹਨ। ਆਰਕੀਟੈਕਚਰ, ਫੈਸ਼ਨ ਡਿਜ਼ਾਈਨ, ਖੇਤੀਬਾੜੀ,



ਪੱਤਰਕਾਰੀ ਅਤੇ ਜਨ ਸੰਚਾਰ, ਅਤੇ ਉਤਪਾਦ ਅਤੇ ਆਰਕੀਟੈਕਚਰ ਡਿਜ਼ਾਈਨ ਵਰਗੇ ਪ੍ਰੋਗਰਾਮਾਂ ਵਿੱਚ ਬਹੁਤ ਦਿਲਚਸਪੀ ਦਿਖਾਈ ਦੇ ਰਹੀ ਹੈ। ਲਗਭਗ 100 ਪ੍ਰਤੀਸ਼ਤ ਤੱਕ ਸਕਾਲਰਸ਼ਿਪ ਉਨ੍ਹਾਂ ਵਿਦਿਆਰਥੀਆਂ ਨੂੰ ਦਿੱਤੀ ਜਾਂਦੀ ਹੈ ਜੋ ਅਕਾਦਮਿਕ, ਖੇਡਾਂ, ਭਾਈਚਾਰਕ ਸੇਵਾ ਜਾਂ ਸੱਭਿਆਚਾਰ ਵਿੱਚ ਉੱਤਮਤਾ ਪ੍ਰਾਪਤ ਕਰਦੇ ਹਨ। ਰੱਖਿਆ ਕਰਮਚਾਰੀਆਂ ਲਈ ਰਕਸ਼ਕ ਸਨਮਾਨ ਗ੍ਰਾਂਟ, ਅਧਿਆਪਕਾਂ ਲਈ ਸਿੱਖਿਆ ਸਨਮਾਨ ਗ੍ਰਾਂਟ, ਅਤੇ ਅਪਾਹਜ ਵਿਅਕਤੀਆਂ ਲਈ ਸਮਰਪਿਤ ਬਰਸਰੀਆਂ ਵਰਗੇ ਵਿਸ਼ੇਸ਼ ਪ੍ਰਬੰਧ ਹਨ।ਐਲ ਪੀ ਯੂ ਨੇਸਟ ਸਕਾਲਰਸ਼ਿਪ ਲਾਭ ਪ੍ਰਾਪਤ ਕਰਨ ਅਤੇ ਦਾਖਲਾ ਲੈਣ ਦੀ ਆਖਰੀ ਮਿਤੀ 31 ਜੁਲਾਈ 2025 ਹੈ।

# ਸੀ ਪੀ ਆਈ ਐੱਮ ਦੇ ਸ਼ਹੀਦਾਂ ਨੂੰ ਸ਼ਰਧਾਂਜਲੀ



**ਬੰਗਾ (ਅਵਤਾਰ ਕਲੇਰ)**- ਖਾਲਿਸਤਾਨੀ ਦਹਿਸ਼ਤਗਰਦਾਂ ਹੱਥੋਂ ਸ਼ਹੀਦ ਹੋਏ ਸ਼ਹੀਦ ਕਾਮਰੇਡ ਪਾਖਰ ਸਿੰਘ, ਉਨ੍ਹਾਂ ਦੀ ਵੱਡੀ ਨੂੰਹ ਸੁਖਵਿੰਦਰ ਕੌਰ ਅਤੇ ਛੋਟੇ ਲੜਕੇ ਬਲਵੀਰ ਸਿੰਘ ਦੀ 32 ਵੀਂ ਬਰਸੀ ਮੌਕੇ ਉਨ੍ਹਾਂ ਦੀ ਯਾਦਗਾਰ 'ਤੇ ਸੀ ਪੀ ਆਈ ਐਮ ਦੇ ਸੂਬਾ ਕਮੇਟੀ ਮੈਂਬਰ ਕਾਮਰੇਡ ਰਾਮ ਸਿੰਘ ਨੂਰਪੁਰੀ ਨੇ ਝੰਡਾ ਝੁਲਾਇਆ। ਸਾਥੀ ਨੂਰਪੁਰੀ ਨੇ ਦੱਸਿਆ ਕਿ ਸੀ ਪੀ ਆਈ ਐਮ ਨੇ ਅੱਤਵਾਦ ਦੇ ਖਿਲਾਫ ਲੜਾਈ ਲੜਦਿਆਂ ਆਪਣੇ 300 ਤੋਂ ਵੱਧ ਸਾਥੀ ਸ਼ਹੀਦ ਕਰਵਾਏ। ਜਿਸ ਵਿਚ ਕਾਮਰੇਡ ਪਾਖਰ ਸਿੰਘ ਗੁਣਾਚੌਰ ਦੇ ਪਰਵਾਰ ਨੂੰ ਆਪਣੀ ਜਾਨ ਦੇ ਕੇ ਇਸ ਲਾਲ ਝੰਡੇ ਨੂੰ ਹੋਰ ਸੁਰਖ ਕਰਨਾ ਪਿਆ, ਜਿਸ ਕਰਕੇ ਇਸ ਝੰਡੇ ਦੇ ਰੰਗ ਨੂੰ ਪਾਰਟੀ ਵਲੋਂ ਕਦੇ ਵੀ ਫਿੱਕਾ ਨਹੀਂ ਪੈਣ ਦਿੱਤਾ ਜਾਵੇਗਾ। ਕਾਮਰੇਡ ਪਾਖਰ ਸਿੰਘ ਇਲਾਕੇ ਦੇ ਮੰਨੇ ਪ੍ਰਮੰਨੇ ਕਿਸਾਨ ਆਗੂ ਸਨ ਅਤੇ ਉਨ੍ਹਾਂ ਦੀਆਂ ਮੰਗਾਂ ਲਈ ਹਮੇਸ਼ਾ ਸੰਘਰਸ਼ੀਲ ਰਹਿੰਦੇ ਸਨ।ਉਹ ਪਾਕਿਸਤਾਨ ਵਿੱਚ ਵੀ ਲਾਲ ਝੰਡੇ ਹੇਠ ਕਿਸਾਨਾਂ ਮਜ਼ਦੂਰਾਂ ਲਈ ਸੰਘਰਸ਼ ਕਰਦੇ ਰਹੇ ਅਤੇ ਭਾਰਤ ਆ ਕੇ ਵੀ ਆਪਣੇ ਯੁੱਧ ਸਾਥੀਆਂ ਕਾਮਰੇਡ ਮਹਿੰਦਰ ਸਿੰਘ ਗੁਣਾਚੌਰ, ਸਾਥੀ ਗੁਰਦੇਵ ਸਿੰਘ, ਪ੍ਰੀਤਮ ਸਿੰਘ, ਸਾਥੀ ਸੰਤ ਰਾਮ, ਰਤਨ ਚੰਦ, ਮਹਿੰਦਰ ਸਿੰਘ ਦੁਸਾਂਝ ਆਦਿ ਸਾਥੀਆਂ ਨਾਲ ਮਿਲ ਕੇ ਲਾਲ ਝੰਡੇ ਦਾ ਰੰਗ ਫਿੱਕਾ ਨਹੀਂ ਪੈਣ ਦਿੱਤਾ ਅਤੇ ਬੰਗਾ ਇਲਾਕੇ ਵਿੱਚ ਕਾਮਰੇਡ ਅਜੀਤ ਸਿੰਘ ਮਾਨਕਪੁਰੀ ਦੀ ਅਗਵਾਈ ਹੇਠ ਪਾਰਟੀ ਝੰਡੇ ਨੂੰ ਬੁਲੰਦ ਰੱਖਿਆ। ਅੱਜ ਵੀ ਉਨ੍ਹਾਂ ਦਾ ਸਾਰਾ ਪਰਵਾਰ ਸੀ ਪੀ ਆਈ ਐਮ ਦੇ ਨਾਲ ਖੜ੍ਹਾ ਹੈ ਅਤੇ ਲੋਕ ਸੰਘਰਸ਼ਾਂ ਲਈ ਸੰਘਰਸ਼ਸ਼ੀਲ ਹੈ।ਇਸ ਮੌਕੇ ਸੀ ਪੀ ਆਈ ਐਮ ਦੇ ਤਹਿਸੀਲ ਸਕੱਤਰ ਕਾਮਰੇਡ ਜੋਗਿੰਦਰ ਲੜੋਆ, ਲਾਲ ਚੰਦ, ਰੇਸ਼ਮ ਰਸੂਲਪੁਰ, ਹਰਬੰਸ ਲਾਲ ਗੋਬਿੰਦਪੁਰ, ਲਛਮਣ ਰਾਮ ਗੋਬਿੰਦਪੁਰ, ਰਤਨ ਚੰਦ, ਸੁਖਦੇਵ ਸਿੰਘ, ਪਵਨ ਕੁਮਾਰ ਅਤੇ ਕਾਮਰੇਡ ਪਾਖਰ ਸਿੰਘ ਦੇ ਛੋਟਾ ਪੋਤਰਾ ਪਵਿੱਤਰ ਸਿੰਘ ਸਮੇਤ ਕਈ ਸਾਥੀ ਹਾਜ਼ਰ ਸਨ।

# ਯੁੱਧ ਨਸ਼ਿਆਂ ਵਿਰੁੱਧ ਮੁਹਿੰਮ ਤਹਿਤ ਨਾਟਕ ਮੁਕਾਬਲੇ ਕਰਵਾਏ

**ਸ਼੍ਰੀ ਅਨੰਦਪੁਰ ਸਾਹਿਬ (ਅਰਵਿੰਦਰ ਸਿੰਘ ਬਿੰਦੀ)**- ਅੱਜ ਪੀ.ਐਮ ਸ਼ਹੀਦ ਸਿਪਾਹੀ ਪਰਗਨ ਸਿੰਘ ਸਰਕਾਰੀ ਹਾਈ ਸਕੂਲ ਮਟੌਰ ਵਿਖੇ 'ਯੁੱਧ ਨਸ਼ਿਆਂ ਵਿਰੁੱਧ' ਪੰਜਾਬ ਸਕੂਲ ਸਿੱਖਿਆ ਬੋਰਡ ਦੇ ਸਕੂਲੀ ਮੁਕਾਬਲੇ ਕਰਵਾਏ ਗਏ। ਪ੍ਰੋਗਰਾਮ ਦੀ ਸ਼ੁਰੂਆਤ ਮੌਕੇ ਨੋਡਲ ਅਫ਼ਸਰ ਇੰਦਰਜੀਤ ਸਿੰਘ ਪ੍ਰਿੰਸੀਪਲ ਸਰਕਾਰੀ ਸੀਨੀਅਰ ਸੈਕੈਂਡਰੀ ਸਕੂਲ ਗਰਦਲੇ ਅਤੇ ਗੁਰਜਤਿੰਦਰ ਪਾਲ ਸਿੰਘ ਸਕੂਲ ਮੁਖੀ ਵੱਲੋਂ ਸਾਂਝੇ ਤੌਰ ਤੇ ਵਿਦਿਆਰਥੀਆਂ ਨੂੰ ਨਸ਼ਿਆਂ ਦੇ ਮਾੜੇ ਪ੍ਰਭਾਵ ਬਾਰੇ ਜਾਣਕਾਰੀ ਦਿੱਤੀ । ਇਕਬਾਲ ਸਿੰਘ ਡੀ.ਪੀ. ਈ. ਸਾਰੇ ਪ੍ਰਬੰਧ ਦੇ ਇੰਚਾਰਜ ਸਨ ਅਤੇ ਰੋਪੜ ਜ਼ਿਲ੍ਹੇ ਵਿੱਚ ਨਸ਼ਾ ਵਿਰੋਧੀ ਮੁਹਿੰਮ ਵਿੱਚ ਵੱਡਾ ਯੋਗਦਾਨ ਨੋਡਲ ਅਫਸਰ ਤੇਜਿੰਦਰ ਸਿੰਘ ਬਾਜ ਉੱਘੇ ਕਵੀ ਐਂਕਰ ਦਾ ਰਿਹਾ ਹੈ। ਇਸ ਵਿੱਚ ਭਾਗ ਲੈਣ ਵਾਲੇ ਸਕੂਲ ਸ੍ਰੀ ਅਨੰਦਪੁਰ ਸਾਹਿਬ ਨੰਗਲ ,ਝੱਜ ,ਤਖਤਗੜ੍ਹ ਨੂਰਪੁਰ ਬੇਦੀ ਕੀਰਤਪੁਰ ਸਾਹਿਬ, ਸਰਕਾਰੀ ਸੀਨੀਅਰ ਸੈਕੈਂਡਰੀ ਸਕੂਲ ਬਜਰੂੜ, ਨੂਰਪੁਰ ਬੇਦੀ, ਕਥੇੜਾ, ਕਾਨਪੁਰ ਖੂਹੀ, ਕਾਂਗੜ, ਮੱਸੇਵਾਲ, ਟਿੱਬਾ ਟੱਪਰੀਆਂ, ਆਦਰਸ਼ ਸਕੂਲ ਲੋਧੀਪੁਰ, ਡਿਵਾਈਨ ਸੈਂਟ ਸੋਲਜਰ ਪਬਲਿਕ ਸਕੂਲ ਨੰਗਲ, ਬੀ.ਬੀ.ਐਮ.ਬੀ ਡੀ.ਏ.ਵੀ ਪਬਲਿਕ ਸਕੂਲ ਨੰਗਲ, ਕੰਨਿਆ ਸਰਕਾਰੀ ਸੀਨੀਅਰ ਸੈਕੈਂਡਰੀ ਸਕੂਲ ਸ੍ਰੀ ਅਨੰਦਪੁਰ ਸਾਹਿਬ ਆਦਿ ਸ਼ਾਮਿਲ ਸਨ। ਵੱਖ-ਵੱਖ ਸਕੂਲਾਂ ਵੱਲੋਂ ਨਾਟਕਾਂ ਰਾਹੀਂ ਨਸ਼ਾ ਮੁਕਤੀ ਸੰਦੇਸ਼ ਦਿੱਤਾ ਗਿਆ। ਨਾਟਕ ਮੁਕਾਬਲੇ ਵਿੱਚ ਸ਼੍ਰੀਮਤੀ ਸੋਨੀਆ ਸ਼ਰਮਾ, ਉੱਘੇ ਰੰਗ ਕਰਮੀ ਮਸ਼ਹੂਰ ਐਂਕਰ ਰਾਜ ਘਈ ਨੇ ਸਮੁੱਚੇ ਪ੍ਰਬੰਧ ਦੀ ਦੇਖ ਰੇਖ ਕੀਤੀ । ਮੰਚ ਸੰਚਾਲਕ ਦੀ ਭੂਮਿਕਾ ਤਰਨਜੀਤ ਸਿੰਘ ਸਾਇੰਸ ਮਾਸਟਰ ਅਤੇ ਕੁਲਵੰਤ ਸਿੰਘ ਐਸ.ਐਸ.ਐਸ ਮਾਸਟਰ ਨੇ ਕੀਤੀ। ਇਸ ਮੁਕਾਬਲਿਆਂ ਤੋਂ ਬਾਅਦ ਪੰਜ ਸਕੂਲਾਂ ਨੂੰ ਜ਼ਿਲ੍ਹਾ ਪੱਧਰੀ ਮੁਕਾਬਲੇ ਲਈ ਚੁਣਿਆ ਗਿਆ ਜਿਨਾਂ ਵਿੱਚ ਬੀ.ਬੀ.ਐਮ.ਬੀ ਡੀ.ਏ.ਵੀ ਪਬਲਿਕ ਸਕੂਲ ਨੰਗਲ,ਸੈਂਟ ਸੋਲਜਰ ਡਿਵਾਇਨ ਪਬਲਿਕ ਸਕੂਲ ਨੰਗਲ, ਸਰਕਾਰੀ ਸੀਨੀਅਰ ਸੈਕੈਂਡਰੀ ਸਕੂਲ ਝੱਜ,ਪੀਐਮ ਸ੍ਰੀ ਸੀਨੀਅਰ ਸੈਕੈਂਡਰੀ ਸਕੂਲ ਕਾਨਪੁਰ ਖੂਹੀ,ਸਰਕਾਰੀ ਸੀਨੀਅਰ ਸੈਕੈਂਡਰੀ ਸਕੂਲ ਕਾਂਗੜ ਸ਼ਾਮਿਲ ਹਨ। ਇਹ ਪ੍ਰੋਗਰਾਮ ਵਿਦਿਆਰਥੀਆਂ ਨੂੰ ਨਸ਼ਿਆਂ ਦੇ ਖਿਲਾਫ ਜਾਗਰੂਕ ਕਰਨ ਵਿੱਚ ਸਫਲ ਰਿਹਾ ਅਤੇ ਸਮਾਜਿਕ ਬਦਲਾਵ ਵੱਲ ਇੱਕ ਮਹੱਤਵਪੂਰਨ ਕਦਮ ਸੀ। ਇਸ ਮੌਕੇ ਅਮਨਦੀਪ ਸਿੰਘ ਬਾਬਾ,ਕੁਲਵੰਤ ਸਿੰਘ, ਇਕਬਾਲ ਸਿੰਘ, ਕੁਲਵਿੰਦਰ ਕੌਰ, ਅਨੁਰੀਤ ਕੁਮਾਰੀ, ਨੀਲਮ ਕੌਰ, ਮਨਦੀਪ ਕੌਰ, ਲਖਵਿੰਦਰ ਕੌਰ, ਜਗਮੋਹਨ ਕੌਰ, ਬਖਸ਼ੀ ਰਾਮ,ਰਾਜਵਿੰਦਰ ਕੌਰ, ਬਲਵੰਤ ਸਿੰਘ, ਰੁਪਿੰਦਰ, ਕੌਰ, ਸ਼ਰਨਜੀਤ ਕੌਰ, ਪ੍ਰਦੀਪ ਕੌਰ, ਸੋਹਨ ਸਿੰਘ ਚਹਿਲ, ਮਨਪ੍ਰੀਤ ਕੌਰ, ਸੁਖਵਿੰਦਰ ਸਿੰਘ, ਪੂਨਮ ਭੱਲਾ, ਤੇਜਿੰਦਰ ਕੌਰ, ਰੁਪਿੰਦਰ ਕੌਰ, ਗੀਟਾ, ਹਰਪ੍ਰੀਤ ਬਾਵਾ ਹਾਜ਼ਰ ਸਨ।



# ਸਿਹਤ ਵਿਭਾਗ ਲੋਕਾਂ ਨੂੰ ਬਿਹਤਰ ਸਿਹਤ ਸਹੂਲਤਾਂ ਮੁਹੱਈਆ ਕਰਵਾਉਣ ਲਈ ਵਚਨਬੱਧ : ਸਿਵਲ ਸਰਜਨ

**ਬਲਾਚੌਰ (ਜਸਵਿੰਦਰ ਬੈਂਸ)** ਸਿਵਲ ਸਰਜਨ ਡਾ. ਗੁਰਿੰਦਰਜੀਤ ਸਿੰਘ ਦੀ ਯੋਗ ਰਹਿਨੁਮਾਈ ਹੇਠ ਜਿਲ੍ਹਾ ਸਿਹਤ ਵਿਭਾਗ, ਸ਼ਹੀਦ ਭਗਤ ਸਿੰਘ ਨਗਰ ਆਮ ਲੋਕਾਂ ਨੂੰ ਬਿਹਤਰ ਸਿਹਤ ਸੇਵਾਵਾਂ ਮੁਹੱਈਆ



ਕਰਵਾਉਣ ਲਈ ਯਤਨਸ਼ੀਲ ਹੈ। ਸਿਵਲ ਸਰਜਨ ਡਾ. ਗੁਰਿੰਦਰਜੀਤ ਸਿੰਘ ਨੇ ਇਸੇ ਉਦੇਸ਼ ਨਾਲ ਲੈਫ. ਜਨਰਲ ਬਿਕਰਮ ਸਿੰਘ ਸਬ ਡਵੀਜਨਲ ਹਸਪਤਾਲ, ਬਲਾਚੌਰ ਦਾ ਦੌਰਾ ਕਰਕੇ ਆਮ ਲੋਕਾਂ ਨੂੰ ਮੁਹੱਈਆ ਕਰਵਾਈਆਂ ਜਾ ਰਹੀਆਂ ਸਿਹਤ ਸੇਵਾਵਾਂ ਦਾ ਨਿਰੀਖਣ ਕੀਤਾ। ਇਸ ਮੌਕੇ ਉਨ੍ਹਾਂ ਐਮਰਜੈਂਸੀ ਵਾਰਡ, ਓਟ ਸੈਂਟਰ, ਓ ਪੀ ਡੀ ਤੇ ਆਈ ਪੀ ਡੀ ਸਮੇਤ ਸਮੁੱਚੀਆਂ ਸਿਹਤ ਸਹੂਲਤਾਂ ਦਾ ਜਾਇਜ਼ਾ ਲਿਆ। ਉਨ੍ਹਾਂ ਹਸਪਤਾਲ ਵਿੱਚ ਸਾਫ-ਸਫਾਈ ਦੇ ਪ੍ਰਬੰਧਾਂ, ਮੈਡੀਕਲ ਰਿਕਾਰਡ ਤੇ ਸਟਾਕ ਰਜਿਸਟਰਾਂ ਨੂੰ ਵੀ ਦੇਖਿਆ। ਇਸ ਮੌਕੇ ਉਨ੍ਹਾਂ ਹਸਪਤਾਲ ਵਿਚ ਦਾਖਲ ਮਰੀਜਾਂ ਦਾ ਹਾਲਚਾਲ ਪੁੱਛਿਆ ਅਤੇ ਉਨ੍ਹਾਂ ਨੂੰ ਮਿਲ ਰਹੀਆਂ ਸਰਕਾਰੀ ਸਿਹਤ ਸਹੂਲਤਾਂ ਬਾਰੇ ਜਾਣਕਾਰੀ ਲਈ। ਇਸ ਮੌਕੇ ਸਿਵਲ ਸਰਜਨ ਡਾ. ਗੁਰਿੰਦਰਜੀਤ ਸਿੰਘ ਨੇ ਹਸਪਤਾਲ ਦੇ ਅਧਿਕਾਰੀਆਂ ਨਾਲ ਸਿਹਤ ਸਹੂਲਤਾਂ ਨੂੰ ਹੋਰ ਮਜ਼ਬੂਤ ਬਣਾਉਣ ਲਈ ਵਿਚਾਰ-ਵਟਾਂਦਰਾ ਕਰਦੇ ਹੋਏ ਜ਼ਰੂਰੀ ਸੁਝਾਅ ਦਿੱਤੇ ਤਾਂ ਜੋ ਕਿਸੇ ਵੀ ਮਰੀਜ ਨੂੰ ਕਿਸੇ ਵੀ ਕਿਸਮ ਦੀ ਦਿੱਕਤ ਦਾ ਸਾਹਮਣਾ ਨਾ ਕਰਨਾ ਪਵੇ। ਇਸ ਮੌਕੇ ਡਿਪਟੀ ਮੈਡੀਕਲ ਕਮਿਸ਼ਨਰ ਡਾ ਹਰਪ੍ਰੀਤ ਸਿੰਘ, ਸੀਨੀਅਰ ਮੈਡੀਕਲ ਅਫਸਰ ਡਾ ਕੁਲਵਿੰਦਰ ਮਾਨ, ਬਲਾਕ ਐਕਸਟੈਂਸ਼ਨ ਐਜੂਕੇਟਰ ਨਿਰਮਲ ਸਿੰਘ ਸਮੇਤ ਸਿਹਤ ਵਿਭਾਗ ਦੇ ਹੋਰ ਅਧਿਕਾਰੀ ਅਤੇ ਕਰਮਚਾਰੀ ਮੌਜੂਦ ਸਨ।

## ਪੰਜਾਬ ਸਰਕਾਰ ਲੈਂਡ ਪੂਲਿੰਗ ਦੇ ਨਾਂਅ 'ਤੇ ਕਿਸਾਨਾਂ ਨਾਲ ਕਰ ਰਹੀ ਧੋਖਾ : ਦੀਪਾ ਨਿੱਘੀ

**ਬਲਾਚੌਰ (ਜਸਵਿੰਦਰ ਬੈਂਸ)**- ਸੀਨੀਅਰ ਕਾਂਗਰਸੀ ਆਗੂ ਅਤੇ ਕਿਸਾਨ ਵਿੰਗ ਬਲਾਕ ਬਲਾਚੌਰ ਦੇ ਪ੍ਰਧਾਨ ਕੁਲਦੀਪ ਸਿੰਘ ਦੀਪਾ ਨਿੱਘੀ ਨੇ ਕਾਠਗੜ੍ਹ ਵਿਖੇ ਪੱਤਰਕਾਰਾਂ ਨਾਲ ਪੰਜਾਬ ਸਰਕਾਰ ਵੱਲੋਂ



ਲਿਆਂਦੀ ਜਾ ਰਹੀ ਲੈਂਡ ਪੂਲਿੰਗ ਸਕੀਮ ਉੱਤੇ ਗੱਲ ਕਰਦਿਆਂ ਹੋਇਆਂ ਕਿਹਾ ਕਿ ਪੰਜਾਬ ਸਰਕਾਰ ਕਿਸਾਨਾਂ ਨਾਲ ਧੋਖਾ ਕਰ ਰਹੀ ਹੈ ਅਤੇ ਕਿਸਾਨਾਂ ਤੋਂ ਉਹਨਾਂ ਦੀਆਂ ਜ਼ਮੀਨਾਂ ਖੋਹਣ ਦੀ ਕੋਝੀ ਸਾਜਿਸ਼ ਰਚੀ ਜਾ ਰਹੀ ਹੈ। ਜਿਸ ਨੂੰ ਕਾਂਗਰਸ ਪਾਰਟੀ ਕਦੇ ਵੀ ਸਫਲ ਨਹੀਂ ਹੋਣ ਦੇਵੇਗੀ। ਉਨ੍ਹਾਂ ਕਿਹਾ ਕਿ ਕਾਂਗਰਸ ਕਿਸਾਨਾਂ ਦੇ ਨਾਲ ਚਟਾਨ ਵਾਂਗ ਖੜ੍ਹੀ ਹੈ। ਉਨ੍ਹਾਂ ਨੇ ਪੰਜਾਬ ਸਰਕਾਰ ਨੂੰ ਸਖਤ ਚੇਤਾਵਨੀ ਦਿੱਤੀ ਹੈ ਕਿ ਜੇ ਲੈਂਡ ਪੂਲਿੰਗ ਸਕੀਮ ਲਾਗੂ ਕੀਤੀ ਗਈ ਤਾਂ ਆਉਣ ਵਾਲੇ ਦਿਨਾਂ ਵਿੱਚ ਸਰਕਾਰ ਦੇ ਹਰ ਐਮ ਐਲ ਏ ਅਤੇ ਹਰ ਮੰਤਰੀ ਦਾ ਘਿਰਾਓ ਕੀਤਾ ਜਾਵੇਗਾ।

## ਕ੍ਰਿਕਟ ਟੂਰਨਾਮੈਨ ਦੀ ਕੀਤੀ ਅਰੰਭਤਾ

**ਆਦਮਪੁਰ (ਪਰਮਜੀਤ ਸਿੰਘ)** ਆਦਮਪਰ ਦੇ ਨਜ਼ਦੀਕ ਪਿੰਡ ਖੋਜਕੀਪੁਰ ਨੰਗਲ ਸਲਾਲਾ ਵਿਖੇ ਡਾ. ਬੀ ਆਰ ਅੰਬੇਦਕਰ ਕ੍ਰਿਕਟ ਕਲੱਬ ਖੋਜਕੀਪੁਰ ਨੰਗਲ ਸਲਾਲਾ, ਗ੍ਰਾਮ ਪੰਚਾਇਤ ਅਤੇ ਐਨ ਆਰ ਆਈ ਵੀਰਾਂ ਦੇ ਸਹਿਯੋਗ ਨਾਲ ਪਹਿਲਾ ਟੂਰਨਾਮੈਂਟ ਕਰਵਾਇਆ ਜਾ ਰਿਹਾ ਹੈ । ਗੁਰੂ ਮਹਾਰਾਜ ਜੀ ਦਾ ਓਟ ਆਸਰਾ ਲੈਦਿਆ ਟੂਰਨਾਮੈਂਟ ਦੀ ਅਰੰਭਤਾ ਕਰਵਾਈ ਗਈ। ਪ੍ਰਬੰਧਕ ਕਮੇਟੀ ਵਲੋਂ ਜਾਣਕਾਰੀ ਦਿੰਦਿਆਂ ਦੱਸਿਆ ਕਿ ਜੇਤੂ ਟੀਮਾਂ ਨੂੰ ਆਕਰਸ਼ਿਤ ਇਨਾਮ ਦਿੱਤੇ ਜਾਣਗੇ। ਇਸ ਮੌਕੇ ਹਾਜ਼ਰ ਅਰਸ਼ ਗਿੱਲ,ਜੂਹੀ ਹੀਰ, ਸਰਬਜੀਤ ਹੀਰ,ਆਮਨ ਝੱਲੀ,ਬੱਬੂ,ਵਿੱਕੀ ਸਲਾਲਾ ਅਤੇ ਮੈਂਬਰ ਸਮੇਤ ਦਰਸ਼ਕ ਹਾਜ਼ਰ ਸਨ।



## ਅਣਪਛਾਤੇ ਵਾਹਨ ਨੇ ਐਕਟਿਵਾ ਸਵਾਰ 2 ਵਿਅਕਤੀਆਂ ਨੂੰ ਮਾਰੀ ਟੱਕਰ

**ਕਾਲਾ ਸੰਘਿਆਂ (ਮਨਜੀਤ ਮਾਨ)**- ਬੀਤੀ ਰਾਤ ਅਣਪਛਾਤੇ ਵਾਹਨ ਵੱਲੋਂ ਐਕਟਿਵਾ ਸਵਾਰ ਦੋ ਵਿਅਕਤੀਆਂ ਨੂੰ ਟੱਕਰ ਮਾਰ ਕੇ ਗੰਭੀਰ ਜ਼ਖ਼ਮੀ ਕਰ ਦੇਣ ਦਾ ਸਮਾਚਾਰ ਪ੍ਰਾਪਤ ਹੋਇਆ ਹੈ ।ਇਸ ਮੌਕੇ



ਗੰਭੀਰ ਜ਼ਖ਼ਮੀ ਵਿਅਕਤੀ ਸਤਵਿੰਦਰ ਸਿੰਘ ਪੁੱਤਰ ਪ੍ਰੀਤਮ ਸਿੰਘ ਵਾਸੀ ਕਾਲਾ ਸੰਘਿਆਂ ਨੇ ਪ੍ਰੈੱਸ ਨੂੰ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ ਉਹ ਐਕਟਿਵਾ ਤੇ ਆਪਣੇ ਭਤੀਜੇ ਮਨਪ੍ਰੀਤ ਸਿੰਘ ਪੁੱਤਰ ਜਰਨੈਲ ਸਿੰਘ ਵਾਸੀ ਕਾਲਾ ਸੰਘਿਆਂ ਜ਼ਿਲ੍ਹਾ ਕਪੂਰਥਲਾ ਦੇ ਨਾਲ ਜਲੰਧਰ ਤੋਂ ਕਾਲਾ ਸੰਘਿਆਂ ਵੱਲ ਨੂੰ ਆ ਰਹੇ ਸਨ, ਜਿਉ ਹੀ ਉਹ ਪਿੰਡ ਪੁਵਾਰਾ ਦੇ ਨੇੜੇ ਪਹੁੰਚੇ ਤਾਂ ਉਨ੍ਹਾਂ ਨੂੰ ਕਿਸੇ ਅਣਪਛਾਤੇ ਵਾਹਨ ਨੇ ਟੱਕਰ ਮਾਰੀ ਤੇ ਮੌਕੇ ਤੋਂ ਫ਼ਰਾਰ ਹੋ ਗਏ, ਜਿਸ ਵਿੱਚ ਉਹ ਗੰਭੀਰ ਜ਼ਖ਼ਮੀ ਹੋ ਕੇ ਬੇਹੋਸ਼ ਹੋ ਗਏ। ਰਾਹਗੀਰਾਂ ਨੇ ਉਨ੍ਹਾਂ ਨੂੰ ਨੇੜੇ ਦੇ ਗੁਰਦੁਆਰਾ ਸੰਤ ਬਾਬਾ ਕਾਹਨ ਦਾਸ ਕਾਲਾ ਸੰਘਿਆਂ ਜ਼ਿਲ੍ਹਾ ਕਪੂਰਥਲਾ ਵਿਖੇ ਦਾਖਲ ਕਰਵਾਇਆ ਗਿਆ। ਡਾਕਟਰਾਂ ਨੇ ਜ਼ਖਮੀਆਂ ਦੀ ਗੰਭੀਰ ਹਾਲਤ ਨੂੰ ਦੇਖਦਿਆਂ ਜਲੰਧਰ ਦੇ ਨਿਜੀ ਹਸਪਤਾਲ ਵਿਖੇ ਰੈਫਰ ਕਰ ਦਿੱਤਾ ਗਿਆ। ਦੋਨਾਂ ਜ਼ਖਮੀਆਂ ਦੀ ਹਾਲਤ ਗੰਭੀਰ ਦੱਸੀ ਜਾ ਰਹੀ ਹੈ।

## ਇਨੋਸੈਂਟ ਹਾਰਟਸ ਸਕੂਲ ਲੋਹਾਰਾਂ 'ਚ ਜ਼ੋਨਲ ਕ੍ਰਿਕਟ ਤੇ ਵਾਲੀਬਾਲ ਟੂਰਨਾਮੈਂਟ ਦੀ ਸ਼ੁਰੂਆਤ

**ਜਲੰਧਰ (ਸ਼ੈਲੀ ਐਲਬਰਟ)**- ਇਨੋਸੈਂਟ ਹਾਰਟਸ ਸਕੂਲ ਲੋਹਾਰਾਂ 'ਚ ਅੱਜ ਤੋਂ ਜ਼ੋਨਲ ਕ੍ਰਿਕਟ ਅਤੇ ਵਾਲੀਬਾਲ ਟੂਰਨਾਮੈਂਟ ਦੀ ਸ਼ੁਰੂਆਤ ਹੋਈ, ਜਿਸ ਵਿੱਚ ਜ਼ੋਨ ਨੰਬਰ 2 ਤੋਂ ਵੱਡੀ ਗਿਣਤੀ ਵਿੱਚ ਟੀਮਾਂ



ਨੇ ਹਿੱਸਾ ਲਿਆ। ਇਸ ਟੂਰਨਾਮੈਂਟ ਵਿੱਚ ਨੌਜਵਾਨ ਖਿਡਾਰੀਆਂ ਨੇ ਪੂਰੇ ਜੋਸ਼ ਅਤੇ ਉਤਸ਼ਾਹ ਨਾਲ ਭਾਗ ਲਿਆ ।ਇਸ ਮੁਕਾਬਲੇ ਵਿੱਚ ਕੁੱਲ 22 ਟੀਮਾਂ ਨੇ ਭਾਗ ਲਿਆ, ਜਿਸ ਵਿੱਚ ਕ੍ਰਿਕਟ ਅੰਡਰ-14 ਸ਼੍ਰੇਣੀ ਵਿੱਚ 10 ਟੀਮਾਂ ਅਤੇ ਵਾਲੀਬਾਲ ਅੰਡਰ-14 ਅਤੇ ਅੰਡਰ-17 ਸ਼੍ਰੇਣੀਆਂ ਵਿੱਚ 12 ਟੀਮਾਂ ਸ਼ਾਮਲ ਹੋਈਆਂ। ਇਹ ਟੂਰਨਾਮੈਂਟ ਇਨੋਸੈਂਟ ਹਾਰਟਸ ਸਕੂਲ, ਲੋਹਾਰਾਂ ਦੇ ਪਰਿਸਰ ਵਿੱਚ ਆਯੋਜਿਤ ਕੀਤਾ ਗਿਆ । ਸਕੂਲ ਪ੍ਰਸ਼ਾਸਨ ਅਤੇ ਸਟਾਫ ਨੇ ਇਸ ਆਯੋਜਨ ਨੂੰ ਸੁਚਾਰੂ ਅਤੇ ਸੁਖਦ ਬਣਾਉਣ ਵਿੱਚ ਸਰਾਹਣਯੋਗ ਭੂਮਿਕਾ ਨਿਭਾਈ।

# ਡੇਂਗੂ ਤੋਂ ਬਚਾਅ ਲਈ ਕਿਤੇ ਵੀ ਪਾਣੀ ਜਮ੍ਹਾਂ ਨਾ ਹੋਣ ਦਿਤਾ ਜਾਵੇ : ਡਾ. ਸੰਗੀਤਾ ਜੈਨ

**ਮੋਹਾਲੀ (ਗੁਰਜੀਤ ਬਿੱਲਾ)**- 'ਹਰ ਸ਼ੁੱਕਰਵਾਰ, ਡੇਂਗੂ ਤੇ ਵਾਰ' ਮੁਹਿੰਮ ਤਹਿਤ ਜ਼ਿਲ੍ਹਾ ਸਿਹਤ ਵਿਭਾਗ ਦੀਆਂ ਟੀਮਾਂ ਨੇ ਅੱਜ ਜ਼ਿਲ੍ਹੇ ਦੇ ਵੱਖ ਵੱਖ ਧਾਰਮਿਕ ਤੇ ਇਤਿਹਾਸਕ ਸਥਾਨਾਂ ਅਤੇ ਕਮਿਊਨਿਟੀ ਸੈਂਟਰਾਂ ਵਿਚ ਚੈਕਿੰਗ ਕੀਤੀ।ਸਿਵਲ ਸਰਜਨ



ਡਾ. ਸੰਗੀਤਾ ਜੈਨ ਅਤੇ ਜ਼ਿਲ੍ਹਾ ਐਪੀਡੀਮੋਲੋਜਿਸਟ ਡਾ. ਅਨਾਮਿਕਾ ਸੋਨੀ ਨੇ ਦੱਸਿਆ ਕਿ ਜ਼ਿਲ੍ਹੇ ਦੇ ਸੀਨੀਅਰ ਸਿਹਤ ਅਧਿਕਾਰੀਆਂ ਦੀ ਅਗਵਾਈ ਹੇਠ ਸਿਹਤ ਵਰਕਰਾਂ, ਆਸ਼ਾ ਵਰਕਰਾਂ, ਨਰਸਿੰਗ ਕਾਲਜਾਂ ਦੇ ਵਿਦਿਆਰਥੀਆਂ ਨੇ ਡੇਂਗੂ ਬੁਖ਼ਾਰ ਲਈ ਜ਼ਿੰਮੇਵਾਰ ਮੱਛਰ ਦਾ ਲਾਰਵਾ ਲੱਭਣ ਲਈ ਕੰਟੇਨਰ ਚੈੱਕ ਕੀਤੇ ਅਤੇ ਮੱਛਰ ਦੀ ਪੈਦਾਇਸ਼ ਵਾਲੀਆਂ ਹੋਰ ਸੰਭਾਵੀ ਥਾਵਾਂ ਦਾ ਨਿਰੀਖਣ ਕੀਤਾ। ਮੌਕੇ 'ਤੇ ਮੌਜੂਦ ਲੋਕਾਂ ਨੂੰ ਨੂੰ ਡੇਂਗੂ ਬੁਖ਼ਾਰ ਦੇ ਲੱਛਣਾਂ, ਕਾਰਨਾਂ, ਬਚਾਅ ਅਤੇ ਇਲਾਜ ਬਾਰੇ ਵੀ ਵਿਸਥਾਰਪੂਰਵਕ ਸਮਝਾਇਆ। ਨਿਰੀਖਣ ਟੀਮਾਂ ਵਿਚ ਖ਼ਾਸ ਤੌਰ 'ਤੇ ਪੇਂਡੂ ਸਿਹਤ ਸਫ਼ਾਈ ਕਮੇਟੀਆਂ ਅਤੇ ਰੈਜ਼ੀਡੈਂਟਸ ਵੈਲਫ਼ੇਅਰ ਐਸੋਸੀਏਸ਼ਨਾਂ ਦੇ ਮੈਂਬਰਾਂ ਨੂੰ ਸ਼ਾਮਲ ਕੀਤਾ ਗਿਆ। ਸਿਵਲ ਸਰਜਨ ਨੇ ਦੱਸਿਆ ਕਿ ਪੰਜਾਬ ਸਰਕਾਰ ਦੀਆਂ ਹਦਾਇਤਾਂ 'ਤੇ 'ਹਰ ਸ਼ੁੱਕਰਵਾਰ, ਡੇਂਗੂ 'ਤੇ ਵਾਰ' ਮੁਹਿੰਮ ਸਾਰੇ ਜ਼ਿਲ੍ਹੇ ਵਿਚ ਜ਼ੋਰ ਸ਼ੋਰ ਨਾਲ ਚੱਲ ਰਹੀ ਹੈ। ਅਧਿਕਾਰੀਆਂ ਸਮੇਤ ਹੋਰ ਸਟਾਫ਼ ਜਿਥੇ ਘਰ ਘਰ ਜਾ ਕੇ ਸਰਵੇਖਣ ਕਰ ਰਹੇ ਹਨ, ਉਥੇ ਚਾਲਾਨ ਕੱਟਣ ਦੀ ਕਾਰਵਾਈ ਵੀ ਕੀਤੀ ਜਾ ਰਹੀ ਹੈ। ਸਰਵੇ ਦੌਰਾਨ ਕੰਟੇਨਰ, ਗਮਲੇ, ਕੂਲਰ, ਫ਼ਰਿੱਜ, ਬਕਸੇ ਅਤੇ ਹੋਰ ਸਮਾਨ ਦੀ ਜਾਂਚ ਕੀਤੀ ਜਾ ਰਹੀ ਹੈ। ਉਨ੍ਹਾਂ ਕਿਹਾ ਕਿ ਡੇਂਗੂ ਤੋਂ ਬਚਣ ਦਾ ਇੱਕੋ ਇੱਕ ਕਾਰਗਰ ਤਰੀਕਾ ਹੈ ਕਿ ਕਿਸੇ ਵੀ ਥਾਂ 'ਤੇ ਪਾਣੀ ਖੜ੍ਹਾ ਨਾ ਹੋਣ ਦਿਤਾ ਜਾਵੇ।

# 'ਜਦੋਂ ਜਾਗੋ ਉਦੋਂ ਸਵੇਰਾ' ਦੇ ਹਿੰਦੀ ਅਨੁਵਾਦ 'ਤੇ ਵਿਚਾਰ-ਚਰਚਾ

**ਸਾਹਿਬਜ਼ਾਦਾ ਅਜੀਤ ਸਿੰਘ ਨਗਰ (ਗੁਰਜੀਤ ਬਿੱਲਾ)**- ਜ਼ਿਲ੍ਹਾ ਭਾਸ਼ਾ ਦਫ਼ਤਰ, ਸਾਹਿਬਜ਼ਾਦਾ ਅਜੀਤ ਸਿੰਘ ਨਗਰ ਦੇ ਵਿਹੜੇ ਸਾਹਿਤਕ ਸੱਥ, ਐਸ.ਏ.ਐਸ.ਨਗਰ ਵੱਲੋਂ ਅੱਜ ਸ਼੍ਰੀ ਐਸ.ਕੇ.ਅਗਰਵਾਲ ਦੇ ਲੇਖ ਸੰਗ੍ਰਹਿ 'ਜਦੋਂ ਜਾਗੋ ਉਦੋਂ ਸਵੇਰਾ' ਦੇ ਹਿੰਦੀ ਅਨੁਵਾਦ 'ਜਬ ਜਾਗੋ ਤਭੀ ਸਵੇਰਾ' ਦਾ ਲੋਕ ਅਰਪਣ ਕੀਤਾ ਗਿਆ ਅਤੇ ਵਿਚਾਰ ਚਰਚਾ ਆਯੋਜਿਤ ਕੀਤੀ ਗਈ। ਖੋਜ ਅਫ਼ਸਰ ਡਾ. ਦਰਸ਼ਨ ਕੌਰ ਵੱਲੋਂ ਆਏ ਹੋਏ ਮਹਿਮਾਨਾਂ ਅਤੇ ਸ੍ਰੋਤਿਆਂ ਨੂੰ 'ਜੀ ਆਇਆਂ ਨੂੰ' ਕਹਿੰਦਿਆਂ ਕਰਵਾਈ ਜਾ ਰਹੀ ਵਿਚਾਰ ਚਰਚਾ ਦੇ ਮਨੋਰਥ ਬਾਰੇ ਹਾਜ਼ਰੀਨ ਨੂੰ ਜਾਣੂ ਕਰਵਾਇਆ ਗਿਆ ਸਮੁੱਚੇ ਪ੍ਰਧਾਨਗੀ ਮੰਡਲ ਵੱਲੋਂ ਪੁਸਤਕ ਨੂੰ ਲੋਕ ਅਰਪਣ ਉਪਰੰਤ ਮੁੱਖ ਮਹਿਮਾਨ ਡਾ. ਪਰਮਜੀਤ ਸਿੰਘ ਜਸਵਾਲ ਵੀ.ਸੀ, ਐਸ.ਆਰ.ਐਮ. ਯੂਨੀਵਰਸਿਟੀ, ਸੋਨੀਪਤ ਨੇ ਕਿਹਾ ਕਿ ਇਹ ਪੁਸਤਕ ਕੀਮਤੀ ਤਜ਼ਰਬਿਆਂ ਦੀ ਗਾਗਰ ਦੇ ਨਾਲ-ਨਾਲ ਸਮਕਾਲੀ ਭਖਦੇ ਮਸਲਿਆਂ ਦੀ ਦਾਸਤਾਨ ਹੈ।ਇਸ ਵਿਚਾਰ ਚਰਚਾ ਦੀ ਪ੍ਰਧਾਨਗੀ ਕਰਦੇ ਹੋਏ ਉੱਘੇ ਲੇਖਕ ਜੰਗ ਬਹਾਦਰ ਗੋਇਲ ਨੇ ਪੁਸਤਕ ਦੀ ਮੁਬਾਰਕਬਾਦ ਦਿੰਦਿਆਂ ਕਿਹਾ ਕਿ ਇਹ ਲੇਖ-ਸੰਗ੍ਰਹਿ ਐਸ.ਕੇ.ਅਗਰਵਾਲ ਦੇ



ਤਜ਼ਰਬਿਆਂ, ਵਿਚਾਰਾਂ ਅਤੇ ਅਨੁਭੂਤੀਆਂ ਦੀ ਅਦਭੁਤ ਰਚਨਾ ਹੈ। ਵਿਸ਼ੇਸ਼ ਮਹਿਮਾਨ ਬ੍ਰਹਮ ਕੁਮਾਰੀ ਰਮਾ ਦੀਦੀ ਨੇ ਆਖਿਆ ਕਿ ਜੀਵਨ ਦਾ ਕੋਈ ਵੀ ਅਜਿਹਾ ਪਹਿਲੂ ਨਹੀਂ ਹੈ ਜੋ ਇਸ ਵਿਚ ਛੂਹਿਆ ਨਾ ਗਿਆ ਹੋਵੇ। ਡਾ. ਮੁਕੇਸ਼ ਅਰੋੜਾ, ਸਾਬਕਾ ਸੈਨੇਟਰ ਅਤੇ ਸਿੰਡੀਕੇਟ ਮੈਂਬਰ, ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ ਨੇ ਆਖਿਆ ਕਿ ਇਸ ਪੁਸਤਕ ਦੀ ਖ਼ਾਸੀਅਤ ਹੈ ਕਿ ਇਹ ਸਮੱਸਿਆ 'ਤੇ ਉਂਗਲ ਧਰਨ ਦੇ ਨਾਲ-ਨਾਲ ਸਮਾਧਾਨ ਵੀ ਸੁਝਾਉਂਦੀ ਹੈ। ਲੇਖਕ ਸ਼੍ਰੀ ਐਸ.ਕੇ.ਅਗਰਵਾਲ ਨੇ ਆਪਣੇ ਵਿਲੱਖਣ ਅੰਦਾਜ਼ ਵਿਚ ਆਪਣੀ ਸਿਰਜਣ ਪ੍ਰਕਿਰਿਆ ਬਾਰੇ ਗੱਲ ਕਰਦਿਆਂ ਕਿਹਾ ਕਿ ਸਾਹਿਤ ਤੋਂ ਉੱਚੀ ਕੋਈ ਸ਼ੈਅ ਨਹੀਂ ਹੈ। ਇਸ ਲਈ ਸਾਡੇ ਕੋਲ ਕਿਤਾਬਾਂ ਨਾਲ ਜੁੜਨ ਤੋਂ ਇਲਾਵਾ ਹੋਰ ਕੋਈ ਵਿਕਲਪ ਨਹੀਂ ਹੈ। ਇਸ ਸਮਾਗਮ 'ਚ ਆਰ.ਟੀ. ਜਿੰਦਲ, ਕੇ.ਐਸ.ਗੁਰੂ, ਕੇ.ਕੇ. ਬਾਂਸਲ, ਹੀਰਾ ਲਾਲ ਬਾਂਸਲ, ਜਗਦੀਸ਼ ਮਿੱਤਲ, ਬੀ.ਆਰ. ਗਰਗ, ਡਾ. ਬਲਦੇਵ ਸਪਤਰਿਸ਼ੀ, ਭੀਮ ਸੇਨ ਬਾਂਸਲ, ਸਰੋਜ ਅਗਰਵਾਲ, ਨਿਕਿਤਾ ਅਗਰਵਾਲ, ਪਾਲ ਅਜਨਬੀ, ਜੇ ਐਸ.ਜੱਸੀ, ਕਮਲ ਵਰਿੰਦਰ ਕੌਰ, ਰੋਹਿਤ ਬਾਂਸਲ, ਰਘਬੀਰ ਸਿੰਘ, ਮਨਜੀਤ ਕੌਰ ਕੋਟੀਆ, ਗੁਰਸ਼ਰਨ ਕੌਰ, ਬੀ.ਕੇ.ਸੁਮਨ ਵੱਲੋਂ ਵੀ ਹਾਜ਼ਰੀ ਲਵਾਈ ਗਈ। ਸਮਾਗਮ ਦੇ ਅੰਤ ਵਿਚ ਆਏ ਹੋਏ ਮਹਿਮਾਨਾਂ ਦਾ ਮਾਣ-ਸਨਮਾਨ ਕੀਤਾ ਗਿਆ ਅਤੇ ਸ਼੍ਰੀ ਸ਼ੈਲੇਸ਼ ਕੁਮਾਰ ਵੱਲੋਂ ਧੰਨਵਾਦ ਕੀਤਾ ਗਿਆ। ਸਮੁੱਚੇ ਸਮਾਗਮ ਦਾ ਸੁਚੱਜਾ ਮੰਚ ਸੰਚਾਲਨ ਸ਼੍ਰੀ ਭੁਪਿੰਦਰ ਮਲਿਕ ਵੱਲੋਂ ਕੀਤਾ ਗਿਆ।

# ਜੀਭ ਦੇ ਕੈਂਸਰ ਦਾ ਸਫਲ ਇਲਾਜ ਕੀਤਾ

**ਹੁਸ਼ਿਆਰਪੁਰ, ਨਵਾਂਸ਼ਹਿਰ (ਬਲਵੀਰ ਸਿੰਘ ਸੈਣੀ, ਕੁਲਵਿੰਦਰ ਸਿੰਘ ਦੁਰਗਾਪੁਰੀਆ)**- ਲਿਵਾਸਾ ਹਸਪਤਾਲ 'ਚ ਸਫਲ ਇਲਾਜ ਤੋਂ ਬਾਅਦ 85 ਸਾਲਾ ਔਰਤ ਨੇ ਜੀਭ ਦੇ ਕੈਂਸਰ ਨੂੰ ਹਰਾ ਦਿੱਤਾ। ਲਿਵਾਸਾ ਵਿੱਚ ਰੇਡੀਅਲ ਆਰਟਰੀ ਫ੍ਰੀ ਫਲੈਪ ਪੁਨਰ ਨਿਰਮਾਣ ਦੇ ਨਾਲ ਅੰਸ਼ਕ ਗਲੋਸੈਕਟੋਮੀ ਕਰਵਾਈ ਗਈ, ਜਿਸ ਤੋਂ ਬਾਅਦ ਸਹਾਇਕ ਕੀਮੋਰੇਡੀਏਸ਼ਨ ਕੀਤਾ ਗਿਆ। ਰੇਡੀਏਸ਼ਨ ਓਨਕੋਲੋਜੀ ਦੀ ਡਾਇਰੈਕਟਰ ਡਾ. ਮੀਨਾਕਸ਼ੀ ਮਿੱਤਲ ਨੇ ਕਿਹਾ ਕਿ ਉਹ ਸਿਰਫ਼ ਕੈਂਸਰ ਸਰਵਾਈਵਰ ਹੀ ਨਹੀਂ ਸਗੋਂ ਇੱਕ ਯੋਧਾ ਵੀ ਹੈ।ਡਾ: ਮੀਨਾਕਸ਼ੀ ਨੇ ਕਿਹਾ, 'ਇਲਾਜ ਤੋਂ ਬਾਅਦ, ਉਹ ਹੁਣ ਬਹੁਤ ਵਧੀਆ ਸਿਹਤ ਵਿੱਚ ਹੈ। ਊਰਜਾਵਾਨ, ਸਕਾਰਾਤਮਕ ਅਤੇ ਕੈਂਸਰ ਮੁਕਤ ਹੈ। ਉਹ ਸਗੋਂ ਹੋਰ ਵੀ ਮਜ਼ਬੂਤ ਅਤੇ ਜੀਵੰਤ ਬਣ ਕੇ ਉੱਭਰੀ ਹੈ।'




ਤ੍ਰੈਲੋਚਨ ਲੋਚੀ ਦੀਆਂ ਨਵੀਂਆਂ ਗ਼ਜ਼ਲਾਂ
(ਆਖਰੀ ਤੋਂ ਪਹਿਲੇ ਸਫੇ 'ਤੇ)

# ਨਵਾਂ ਜ਼ਮਾਨਾ ਐਤਵਾਰਤਾ

*ਸੁਲਗਦੇ ਸ਼ਹਿਰ ਬਲਦੇ ਬਿਰਖ਼*
*ਤੇ ਤਪਦੇ ਗਰਾਂ ਅੰਦਰ।*
*ਕਰੁੱਤੀ ਔੜ ਲੱਗੀ ਹੈ*
*ਮਨਾਂ ਦੇ ਸਰਵਰਾਂ ਅੰਦਰ।*
*- ਗੁਰਜੰਟ ਰਾਜੇਆਣਾ*

Regd. No : L-4/Pb-JL-0023/2024-26, (R.N.I.)-00068/57 | ਜਲੰਧਰ : ਐਤਵਾਰ, 27 ਜੁਲਾਈ 2025 | www.nawanzamana.in | ਕੀਮਤ 5.00 ਰੁਪਏ


# ਸੰਵਿਧਾਨ ਸਭਾ ਦੇ ਇੱਕੋ-ਇੱਕ ਕਮਿਊਨਿਸਟ ਮੈਂਬਰ : ਸੋਮਨਾਥ ਲਹਿਰੀ




**ਅਨਿਲ ਰਾਜੀਮਵਾਲੇ**

**ਅਨੁਵਾਦ : ਐੱਮ ਐੱਸ ਭਾਟੀਆ**

ਸੋਮਨਾਥ ਲਹਿਰੀ ਦਾ ਜਨਮ 1 ਸਤੰਬਰ 1909 ਨੂੰ ਬੰਗਾਲ ਵਿੱਚ ਹੋਇਆ ਸੀ। ਉਹ ਸੰਵਿਧਾਨ ਸਭਾ ਦੇ ਇੱਕੋ-ਇੱਕ ਕਮਿਊਨਿਸਟ ਮੈਂਬਰ ਵਜੋਂ ਜਾਣੇ ਜਾਂਦੇ ਹਨ, ਜਿਸ ਨੇ ਭਾਰਤ ਦਾ ਸੰਵਿਧਾਨ ਲਿਖਿਆ ਸੀ। ਸੋਮਨਾਥ ਰਾਮਤਨੂ ਲਹਿਰੀ ਦੇ ਪਰਵਾਰ ਨਾਲ ਸੰਬੰਧਤ ਸਨ, ਜੋ 19ਵੀਂ ਸਦੀ ਦੇ ਬੰਗਾਲ ਦੇ ਮਸ਼ਹੂਰ ਨੌਜਵਾਨ ਨੇਤਾ ਅਤੇ ਬੁੱਧੀਜੀਵੀ ਸਨ ਅਤੇ ਈਸ਼ਵਰਚੰਦਰ ਵਿਦਿਆਸਾਗਰ ਦੇ ਸਮਕਾਲੀ ਸਨ।

ਸੋਮਨਾਥ ਨੇ ਕਲਕੱਤਾ ਦੇ ਪ੍ਰੈਜ਼ੀਡੈਂਸੀ ਕਾਲਜ ਤੋਂ ਰਸਾਇਣ ਵਿਗਿਆਨ ਵਿੱਚ ਬੀ ਐੱਸ ਸੀ (ਆਨਰਜ਼) ਕੀਤੀ। ਉਹ ਇਸ ਵਿਸ਼ੇ ਵਿੱਚ ਬਹੁਤ ਹੀ ਹੁਸ਼ਿਆਰ ਸਨ। ਜਲਦੀ ਹੀ ਉਹ ਅਸਹਿਯੋਗ ਅਤੇ ਖਿਲਾਫ਼ਤ ਅੰਦੋਲਨਾਂ ਦੇ ਪ੍ਰਭਾਵ ਹੇਠ ਆ ਗਏ। ਉਹਨਾਂ ਨੇ 1930 ਦੇ ਦਹਾਕੇ ਦੇ ਸਿਵਲ ਨਾਫ਼ੁਰਮਾਨੀ ਅੰਦੋਲਨ ਵਿੱਚ ਹਿੱਸਾ ਲਿਆ। ਫਿਰ ਉਹ ਭੂਪੇਂਦਰਨਾਥ ਦੱਤ ਦੇ ਸੰਪਰਕ ਵਿੱਚ ਆਏ, ਜੋ ਕਿ ਸਵਾਮੀ ਵਿਵੇਕਾਨੰਦ ਦੇ ਛੋਟੇ ਭਰਾ ਸਨ ਅਤੇ ਇੱਕ ਮਾਰਕਸਵਾਦੀ ਸਨ। ਸੋਮਨਾਥ ਨੇ ਆਪਣੀ ਐੱਮ ਐੱਸ ਸੀ ਦੀ ਪੜ੍ਹਾਈ ਅੱਧ ਵਿਚਕਾਰ ਛੱਡ ਦਿੱਤੀ ਅਤੇ 1930 ਵਿੱਚ ਕਾਂਗਰਸ ਵਿੱਚ ਸ਼ਾਮਲ ਹੋ ਗਏ। ਉਹਨਾਂ ਨੇ 1931 ਵਿੱਚ ਅਬਦੁਲ ਮੋਮਿਨ ਦੇ ਨਾਲ ਕਰਾਚੀ ਕਾਂਗਰਸ ਵਿੱਚ ਹਿੱਸਾ ਲਿਆ। ਉੱਥੇ ਉਹਨਾਂ ਨੇ ਭਗਤ ਸਿੰਘ, ਰਾਜਗੁਰੂ ਅਤੇ ਸੁਖਦੇਵ ਦੀ ਫਾਂਸੀ ਦੇ ਵਿਰੋਧ ਵਿੱਚ ਹੋਏ ਪ੍ਰਦਰਸ਼ਨਾਂ ਵਿੱਚ ਹਿੱਸਾ ਲਿਆ।

ਉਹਨਾਂ ਨੇ ਕੁਝ ਸਮੇਂ ਲਈ ਏ ਆਈ ਐੱਸ ਐੱਫ ਵਿੱਚ ਕੰਮ ਕੀਤਾ। ਉਹ ਵਿਦਿਆਰਥੀਆਂ ਦੀਆਂ ਮੀਟਿੰਗਾਂ ਵਿੱਚ ਪ੍ਰਸਿੱਧ ਬੁਲਾਰੇ ਸਨ।

**ਮਜ਼ਦੂਰ ਅਤੇ ਕਮਿਊਨਿਸਟ ਲਹਿਰ ਵਿੱਚ**

ਕਲਕੱਤਾ ਵਿੱਚ ਸੋਮਨਾਥ ਨੇ ਟਰਾਮ ਅਤੇ ਰੇਲਵੇ ਮਜ਼ਦੂਰਾਂ ਵਿੱਚ ਕੰਮ ਸ਼ੁਰੂ ਕੀਤਾ ਅਤੇ ਪੂਰਬੀ ਬੰਗਾਲ ਰੇਲਵੇ ਵਰਕਰਜ਼ ਯੂਨੀਅਨ ਦਾ ਗਠਨ ਕੀਤਾ। ਉਹ 1933 ਵਿੱਚ ਜਮਸ਼ੇਦਪੁਰ ਵਿੱਚ ਟਿਸਕੋ ਮਜ਼ਦੂਰਾਂ ਦੀ ਯੂਨੀਅਨ ਦੇ ਵੀ ਜਥੇਬੰਦਕ ਸਨ।

ਮੇਰਠ ਸਾਜ਼ਿਸ਼ ਕੇਸ (1929-33) ਵਿੱਚ 32 ਕਮਿਊਨਿਸਟਾਂ ਦੀ ਗ੍ਰਿਫ਼ਤਾਰੀ ਨੇ ਕਮਿਊਨਿਸਟ ਲਹਿਰ ਵਿੱਚ ਸੰਗਠਨਾਤਮਕ ਖਲਾਅ ਪੈਦਾ ਕਰ ਦਿੱਤਾ, ਜਿਸ ਨੂੰ ਬਾਹਰਲੇ ਸਾਥੀਆਂ ਨੇ ਸੰਭਾਲਣ ਦੀ ਕੋਸ਼ਿਸ਼ ਕੀਤੀ। ਇੱਕ 'ਕਲਕੱਤਾ ਕਮੇਟੀ' ਬਣਾਈ ਗਈ, ਜਿਸ ਦੇ ਸੋਮਨਾਥ ਲਹਿਰੀ, ਅਬਦੁਲ ਹਲੀਮ, ਅਖਿਲ ਬੈਨਰਜੀ, ਰਣੇਨ ਸੇਨ, ਅਬਾਨੀ ਚੌਧਰੀ ਅਤੇ ਰਾਮੇਨ ਬਾਸੂ ਦੇ ਨਾਲ ਮੈਂਬਰ ਬਣੇ। ਸੋਮਨਾਥ, ਅਬਦੁਲ ਹਲੀਮ ਅਤੇ ਰਣੇਨ ਸੇਨ ਨੇ ਪੀ ਸੀ ਜੋਸ਼ੀ, ਡਾ. ਅਧਿਕਾਰੀ ਅਤੇ ਹੋਰਾਂ ਵੱਲੋਂ ਬੁਲਾਈ ਗਈ ਸੀ ਪੀ ਆਈ ਦੀ ਵਿਸ਼ੇਸ਼ ਭੂਮੀਗਤ ਮੀਟਿੰਗ ਵਿੱਚ ਹਿੱਸਾ ਲਿਆ ਅਤੇ ਕੇਂਦਰੀ ਕਮੇਟੀ ਵਿੱਚ ਸ਼ਾਮਲ ਕੀਤੇ ਗਏ। ਉਹਨਾਂ ਨੂੰ 1935 ਵਿੱਚ ਬੰਬਈ ਪਾਰਟੀ ਸੈਂਟਰ ਵਿਖੇ ਭੇਜ ਦਿੱਤਾ ਗਿਆ ਅਤੇ ਐੱਸ ਐੱਸ ਮਿਰਾਜਕਰ ਦੀ ਗ੍ਰਿਫ਼ਤਾਰੀ ਤੋਂ ਬਾਅਦ ਉਹਨਾਂ ਨੇ ਥੋੜ੍ਹੇ ਸਮੇਂ ਲਈ ਸੀ ਪੀ ਆਈ ਦੇ ਜਨਰਲ ਸਕੱਤਰ ਵਜੋਂ ਵੀ ਕੰਮ ਕੀਤਾ। ਉਹ 1947 ਤੱਕ ਸੀ ਪੀ ਆਈ ਦੀ ਕੇਂਦਰੀ ਕਮੇਟੀ ਦੇ ਮੈਂਬਰ ਰਹੇ ਅਤੇ ਫਿਰ ਪੋਲਿਟ ਬਿਊਰੋ ਮੈਂਬਰ ਬਣ ਗਏ।

1936 ਵਿੱਚ ਬੰਬਈ ਦੀ ਇੱਕ ਮਜ਼ਦੂਰਾਂ ਦੀ ਬਸਤੀ ਤੋਂ ਉਹਨਾਂ ਨੂੰ ਗ੍ਰਿਫ਼ਤਾਰ ਕੀਤਾ ਗਿਆ ਸੀ ਅਤੇ ਦਰਸ਼ਨ ਸਿੰਘ ਕੈਨੇਡੀਅਨ, ਤੇਜਾ ਸਿੰਘ ਸੁਤੰਤਰ ਅਤੇ ਹੋਰਾਂ ਦੇ ਨਾਲ ਲਾਹੌਰ ਕਿਲ੍ਹਾ ਜੇਲ੍ਹ ਵਿੱਚ ਰੱਖਿਆ ਗਿਆ ਸੀ। ਰਿਹਾਈ ਤੋਂ ਬਾਅਦ ਸੋਮਨਾਥ ਨੂੰ 1939 ਵਿੱਚ ਦੁਬਾਰਾ ਗ੍ਰਿਫ਼ਤਾਰ ਕੀਤਾ ਗਿਆ ਸੀ।

ਸੋਮਨਾਥ ਲਹਿਰੀ ਬੰਗਾਲ ਦੇ ਮਜ਼ਦੂਰਾਂ ਵਿੱਚ ਇੱਕ ਹਰਮਨ ਪਿਆਰੇ ਬੁਲਾਰੇ ਸਨ।

**ਕਾਂਗਰਸ ਵਿੱਚ ਕੰਮ**

ਬੰਕਿਮ ਮੁਖਰਜੀ ਅਤੇ ਮੁਜ਼ੱਫਰ ਅਹਿਮਦ ਦੇ ਨਾਲ ਸੋਮਨਾਥ ਲਹਿਰੀ 1938 ਵਿੱਚ ਏ ਆਈ ਸੀ ਸੀ ਦੇ ਮੈਂਬਰ ਚੁਣੇ ਗਏ ਸਨ ਅਤੇ ਕਾਂਗਰਸ ਦੇ ਅੰਦਰ ਬਣਾਈ ਗਈ ਖੱਬੇ ਪੱਖੀ ਏਕੀਕਰਨ ਕਮੇਟੀ ਵਿੱਚ ਵੀ ਸ਼ਾਮਲ ਸਨ। ਉਹ 1938-39 ਦੌਰਾਨ ਬੰਗਾਲ ਪ੍ਰਾਂਤਿਕ ਕਾਂਗਰਸ ਕਮੇਟੀ ਦੀ ਕਾਰਜਕਾਰੀ ਕਮੇਟੀ ਦੇ ਮੈਂਬਰ ਚੁਣੇ ਗਏ ਸਨ।

1944 ਵਿੱਚ ਗਾਂਧੀ ਜੀ ਦੇ ਸਮਰਥਨ ਵਿੱਚ ਆਯੋਜਿਤ ਇੱਕ ਵਿਸ਼ਾਲ ਮੀਟਿੰਗ ਵਿੱਚ ਉਨ੍ਹਾਂ ਨੇ ਗਾਂਧੀ ਜੀ ਨੂੰ ਭੁੱਖ ਹੜਤਾਲ ਨਾ ਕਰਨ ਦੀ ਅਪੀਲ ਕੀਤੀ। ਪੀ ਸੀ ਜੋਸ਼ੀ ਦੁਆਰਾ ਗਾਂਧੀ ਜੀ ਨੂੰ 'ਰਾਸ਼ਟਰ ਪਿਤਾ' ਕਹਿਣ ਤੋਂ ਪਹਿਲਾਂ ਹੀ ਗਾਂਧੀ ਜੀ ਨੇ ਗਾਂਧੀ ਜੀ ਨੂੰ 'ਸਾਡਾ ਪਿਤਾ ਅਤੇ ਸਾਡਾ ਗੁਰੂ' ਕਿਹਾ ਸੀ।

ਸੁਭਾਸ਼ ਬੋਸ ਵਰਗੇ ਮਹਾਨ ਨੇਤਾ ਦੀ ਹਾਜ਼ਰੀ ਵਿੱਚ ਵੀ ਸੋਮਨਾਥ ਲਹਿਰੀ ਅਤੇ ਬੰਕਿਮ ਮੁਖਰਜੀ ਦੀ ਰਾਏ ਨੂੰ ਉੱਚਾ ਦਰਜਾ ਦਿੱਤਾ ਜਾਂਦਾ ਸੀ।

1944 ਵਿੱਚ ਹੀ ਕਲਕੱਤਾ ਦੇ ਯੂਨੀਵਰਸਿਟੀ ਇੰਸਟੀਚਿਊਟ ਹਾਲ ਵਿੱਚ ਵਿਦਿਆਰਥੀਆਂ ਦੀ ਇੱਕ ਵਿਸ਼ਾਲ ਮੀਟਿੰਗ ਵਿੱਚ ਜਦੋਂ ਉਹ ਪੀਪਲਜ਼ ਵਾਰ ਲਾਈਨ ਸਮਝਾਉਣ ਜਾ ਰਹੇ ਸਨ ਤਾਂ ਉਹਨਾਂ ਨੂੰ ਗਾਲਾਂ ਕੱਢੀਆਂ ਗਈਆਂ ਅਤੇ ਲਗਾਤਾਰ ਤਾੜੀਆਂ ਵਜਾ ਕੇ ਬੋਲਣ ਦੀ ਇਜਾਜ਼ਤ ਨਹੀਂ ਦਿੱਤੀ ਗਈ। ਉਹ ਮਾਈਕ ਵੱਲ ਵਧੇ ਅਤੇ ਪੁੱਛਿਆ ਕਿ ਕੀ ਦਰਸ਼ਕਾਂ ਨੇ ਅੰਗਰੇਜ਼ੀ ਕਵੀ ਪੀ.ਬੀ. ਸ਼ੈਲੀ ਬਾਰੇ ਸੁਣਿਆ ਹੈ। ਸਰੋਤੇ ਹੈਰਾਨ ਰਹਿ ਗਏ। ਫਿਰ ਉਹਨਾਂ ਨੇ ਆਪਣੀਆਂ ਕਵਿਤਾਵਾਂ ਅਤੇ ਅੰਗਰੇਜ਼ੀ ਕਵਿਤਾ ਦੇ ਰੋਮਾਂਟਿਕ ਦੌਰ ਦੀ ਮਾਰਕਸਵਾਦੀ ਵਿਆਖਿਆ ਬੰਗਾਲੀ ਵਿੱਚ ਸਮਝਾਈ ਅਤੇ ਸਰੋਤੇ ਕਾਇਲ ਹੋ ਗਏ। ਲੱਗਭੱਗ 40 ਮਿੰਟਾਂ ਬਾਅਦ ਉਹਨਾਂ ਨੇ ਸੀ ਪੀ ਆਈ ਲਾਈਨ ਦੀ ਵਿਆਖਿਆ ਕਰਨ ਦੀ ਇਜਾਜ਼ਤ ਮੰਗੀ, ਜੋ ਦੇ ਦਿੱਤੀ ਗਈ ਅਤੇ ਬਹੁਤ ਹੀ ਸ਼ਾਂਤ ਮਾਹੌਲ 'ਚ ਹਾਜ਼ਰ ਲੋਕਾਂ ਨੇ ਸੁਣੀ।

1940 ਵਿੱਚ ਵੱਡੀ ਗਿਣਤੀ ਵਿੱਚ ਕਮਿਊਨਿਸਟਾਂ ਨੂੰ ਗ੍ਰਿਫ਼ਤਾਰ ਕੀਤਾ ਗਿਆ ਸੀ। ਸੋਮਨਾਥ ਅਤੇ ਹੋਰ ਬਹੁਤ ਸਾਰੇ ਲੋਕਾਂ ਨੂੰ ਇਲਾਕਿਆਂ ਤੋਂ ਬਾਹਰ ਕੱਢ ਦਿੱਤਾ ਗਿਆ ਸੀ। ਉਹ ਦੋ ਸਾਲਾਂ ਲਈ ਭੂਮੀਗਤ ਹੋ ਗਏ। ਮੁੜ ਸੁਰਜੀਤ ਹੋਣ 'ਤੇ ਉਹਨਾਂ ਨੇ 1943 ਵਿੱਚ ਕਲਕੱਤਾ ਕਾਰਪੋਰੇਸ਼ਨ ਲੇਬਰ ਸੀਟ ਤੋਂ ਚੋਣ ਲੜੀ ਅਤੇ ਸ਼ਾਨਦਾਰ ਜਿੱਤ ਪ੍ਰਾਪਤ ਕੀਤੀ। ਉਹਨਾਂ ਨੇ ਆਪਣੇ ਵਿਰੋਧੀ ਦੇ ਦੋ ਹਜ਼ਾਰ ਦੇ ਮੁਕਾਬਲੇ ਦਸ ਹਜ਼ਾਰ ਤੋਂ ਵੱਧ ਵੋਟਾਂ ਪ੍ਰਾਪਤ ਕੀਤੀਆਂ।

ਉਹਨਾਂ ਨੇ 1944 ਵਿੱਚ ਕਲਕੱਤਾ ਨਗਰ ਪਾਲਿਕਾ ਕਰਮਚਾਰੀਆਂ ਦੀ ਇਤਿਹਾਸਕ ਹੜਤਾਲ ਦੀ ਅਗਵਾਈ ਕੀਤੀ। ਉਹਨਾਂ ਨੇ ਜੂਟ ਮਜ਼ਦੂਰਾਂ ਵਿੱਚ 15 ਸਾਲਾਂ ਤੋਂ ਵੱਧ ਸਮੇਂ ਲਈ ਕੰਮ ਕੀਤਾ। ਮੁਹੰਮਦ ਇਸਮਾਈਲ, ਚਤੁਰ ਅਲੀ ਅਤੇ ਹੋਰਾਂ ਨਾਲ ਮਿਲ ਕੇ ਉਹਨਾਂ ਨੇ ਬੰਗਾਲ ਦੀ ਸਭ ਤੋਂ ਵਧੀਆ ਯੂਨੀਅਨ, ਟ੍ਰਾਮ ਵਰਕਰਜ਼ ਯੂਨੀਅਨ ਨੂੰ ਜਥੇਬੰਦ ਕੀਤਾ। ਉਹਨਾਂ ਨੇ ਬੰਗਾਲ ਦੇ ਇੱਕੋ-ਇੱਕ ਮਜ਼ਦੂਰ ਅਖ਼ਬਾਰ 'ਸਵਾਧਿੰਟਾ' (ਬੰਗਾਲੀ) ਨੂੰ ਸੰਪਾਦਿਤ ਕੀਤਾ।

ਸਿਆਸਤਦਾਨ-ਪੱਤਰਕਾਰ ਹੋਣ ਦੇ ਨਾਤੇ ਉਹ ਬਹੁਤ ਉਤਸੁਕ ਨਿਰੀਖਕ ਸਨ। ਉਹਨਾਂ ਨੇ ਨਿਖਿਲ ਚੱਕਰਵਰਤੀ ਨੂੰ ਪੁੱਛਿਆ ਕਿ ਦਿਨ ਦੀਆਂ ਘਟਨਾਵਾਂ ਦੀ ਮੁੱਖ ਵਿਸ਼ੇਸ਼ਤਾ ਕੀ ਸੀ। ਨਿਖਿਲ ਨੇ ਰਿਪੋਰਟ ਦਿੱਤੀ ਕਿ ਲੋਕ ਦੂਰ ਭੱਜਣ ਦੀ ਬਜਾਏ, ਫਾਇਰਿੰਗ ਪੁਲਸ ਵੱਲ ਭੱਜ ਰਹੇ ਸਨ। ਸੋਮਨਾਥ ਨੇ ਸਿੱਟਾ ਕੱਢਿਆ ਕਿ ਲੋਕ ਹੁਣ ਡਰਦੇ ਨਹੀਂ ਹਨ; ਬਗ਼ਾਵਤ ਦੇ ਇਸ ਗੁਣ ਦੀ ਸਹੀ ਢੰਗ ਨਾਲ ਰਿਪੋਰਟ ਕੀਤੀ ਜਾਣੀ ਚਾਹੀਦੀ ਹੈ।

**ਸੰਵਿਧਾਨ ਸਭਾ ਲਈ ਚੁਣੇ ਗਏ**

ਸੋਮਨਾਥ ਲਹਿਰੀ 1946 ਵਿੱਚ ਸੰਵਿਧਾਨ ਸਭਾ ਲਈ ਚੁਣੇ ਗਏ ਇਕਲੌਤੇ ਕਮਿਊਨਿਸਟ ਮੈਂਬਰ ਸਨ। ਬ੍ਰਿਟਿਸ਼ ਦਿਨਾਂ ਦੌਰਾਨ ਵੋਟ ਪਾਉਣ ਦਾ ਹੱਕ ਬਹੁਤ ਸੀਮਤ ਸੀ, ਜਾਇਦਾਦ ਦੇ ਕਾਰਨਾਂ ਕਰਕੇ ਸਿਰਫ 13% ਨੂੰ ਵੋਟ ਪਾਉਣ ਦੀ ਇਜਾਜ਼ਤ ਸੀ। ਕਮਿਊਨਿਸਟਾਂ ਲਈ ਚੋਣ ਲੜਨਾ ਅਤੇ ਜਿੱਤਣਾ ਲੱਗਭੱਗ ਅਸੰਭਵ ਸੀ। ਇਸ ਸਾਰੇ ਵਿੱਚ ਇਕ ਚੰਗੀ ਗੱਲ ਇਹ ਸੀ ਕਿ ਬਹੁਤ ਜ਼ੋਰਦਾਰ ਸੰਘਰਸ਼ਾਂ ਦੇ ਨਤੀਜੇ ਵਜੋਂ 'ਮਜ਼ਦੂਰ ਹਲਕੇ' ਬਣੇ ਸਨ।

ਸੋਮਨਾਥ ਕਲਕੱਤਾ ਅਤੇ ਉਪਨਗਰੀ ਲੇਬਰ ਹਲਕੇ ਤੋਂ ਚੁਣੇ ਗਏ ਸਨ। ਚੋਣ ਮੁਹਿੰਮ ਦੌਰਾਨ ਉਨ੍ਹਾਂ ਦੇ ਘਰ 'ਤੇ ਗੁੰਡਿਆਂ ਨੇ ਹਮਲਾ ਕੀਤਾ ਸੀ। ਸੀ ਪੀ ਆਈ ਨੇ ਚੋਣਾਂ ਵਿੱਚ ਬੰਗਾਲ ਤੋਂ ਛੇ ਹੋਰ ਉਮੀਦਵਾਰ ਖੜ੍ਹੇ ਕੀਤੇ ਸਨ।

1946 ਵਿੱਚ ਸੰਵਿਧਾਨ ਸਭਾ ਨੇ ਪਹਿਲੀ ਭਾਰਤੀ ਅੰਤਰਿਮ ਸਰਕਾਰ ਦੀ ਚੋਣ ਕੀਤੀ, ਜਿਸ ਵਿੱਚ ਨਹਿਰੂ ਭਾਰਤ ਦੇ ਪ੍ਰਧਾਨ ਮੰਤਰੀ ਸਨ। ਇਸ ਨੇ 1949 ਤੱਕ ਬਹਿਸਾਂ ਤੋਂ ਬਾਅਦ ਭਾਰਤ ਦਾ ਸੰਵਿਧਾਨ ਵੀ ਤਿਆਰ ਕੀਤਾ।

ਸੋਮਨਾਥ ਲਹਿਰੀ ਸੰਵਿਧਾਨ ਸਭਾ ਦੀਆਂ ਬਹਿਸਾਂ ਵਿੱਚ ਬਹੁਤ ਸਰਗਰਮ ਸਨ। ਉਹ ਪਹਿਲੇ ਵਿਅਕਤੀ ਸਨ, ਜਿਨ੍ਹਾਂ ਨੇ ਮੰਗ ਕੀਤੀ ਕਿ ਸੰਵਿਧਾਨ ਸਭਾ ਦੁਆਰਾ ਇੱਕ ਆਰਜ਼ੀ ਸਰਕਾਰ ਬਣਾਈ ਜਾਵੇ, ਜੋ ਸਰਵ ਵਿਆਪਕ ਬਾਲਗ ਵੋਟ ਅਧਿਕਾਰ ਦੇ ਆਧਾਰ 'ਤੇ ਨਵੀਆਂ ਚੋਣਾਂ ਦਾ ਪ੍ਰਬੰਧ ਕਰੇਗੀ। ਸਦਨ ਦੇ ਪ੍ਰਧਾਨ ਡਾ. ਰਾਜੇਂਦਰ ਪ੍ਰਸਾਦ ਵੱਲੋਂ ਇਸ ਮਤੇ ਨੂੰ ਖਰਾਬ ਘੋਸ਼ਿਤ ਕਰ ਦਿੱਤਾ ਗਿਆ।

ਸੋਮਨਾਥ ਨੇ ਮੰਤਰੀਆਂ ਅਤੇ ਅਧਿਕਾਰੀਆਂ ਦੀਆਂ ਤਨਖਾਹਾਂ ਘਟਾਉਣ ਅਤੇ ਹੇਠਲੇ ਸਟਾਫ ਦੀਆਂ ਤਨਖਾਹਾਂ ਵਿੱਚ ਵਾਧੇ ਦਾ ਪ੍ਰਸਤਾਵ ਦੇ ਕੇ ਸਾਰਿਆਂ ਨੂੰ ਹੈਰਾਨ ਕਰ ਦਿੱਤਾ। ਬੇਸ਼ੱਕ ਪ੍ਰਸਤਾਵਾਂ ਨੂੰ ਰੱਦ ਕਰ ਦਿੱਤਾ ਗਿਆ।

ਸੋਮਨਾਥ ਨੇ ਦੇਸ਼ ਧ੍ਰੋਹ ਬਾਰੇ ਸਰਦਾਰ ਪਟੇਲ ਦੇ ਵਿਚਾਰਾਂ ਦਾ ਵਿਰੋਧ ਕਰਦੇ ਹੋਏ ਕਿਹਾ ਕਿ ਇਹ ਬ੍ਰਿਟਿਸ਼ ਰਵੱਈਏ ਦੀ ਨਿਰੰਤਰਤਾ ਹੈ। ਸਰਕਾਰ ਦੇ ਵਿਰੁੱਧ ਹਰ ਚੀਜ਼ ਨੂੰ 'ਦੇਸ਼ਧ੍ਰੋਹੀ' ਨਹੀਂ ਕਿਹਾ ਜਾ ਸਕਦਾ। ਇੰਗਲੈਂਡ ਕੋਲ ਵਧੇਰੇ ਆਜ਼ਾਦੀਆਂ ਸਨ। ਜੇਕਰ ਪਟੇਲ ਆਪਣੀ ਮਰਜ਼ੀ ਕਰਦੇ ਤਾਂ ਹਰ ਸਮਾਜਵਾਦੀ ਅਤੇ ਪ੍ਰਗਤੀਸ਼ੀਲ ਵਿਚਾਰ ਨੂੰ ਕੁਚਲ ਦਿੱਤਾ ਜਾਂਦਾ।

ਸੰਵਿਧਾਨ ਸਭਾ ਦੀ ਸਟੀਅਰਿੰਗ ਕਮੇਟੀ ਲਈ 11 ਥਾਵਾਂ ਲਈ 13 ਨਾਂਅ ਸਨ, ਜਿਨ੍ਹਾਂ ਵਿੱਚ ਸੋਮਨਾਥ ਲਹਿਰੀ ਅਤੇ ਲਕਸ਼ਮੀ ਨਾਰਾਇਣ ਸਵਾਮੀ ਸ਼ਾਮਲ ਸਨ। ਬਾਅਦ ਵਾਲੇ ਦੋ ਨੇ ਆਪਣੇ ਨਾਂਅ ਵਾਪਸ ਲੈ ਲਏ। ਉਹਨਾਂ ਨੇ ਸਰਕਾਰ ਦੇ ਮੁਕਾਬਲੇ ਆਮ ਲੋਕਾਂ ਨੂੰ ਵਧੇਰੇ ਅਧਿਕਾਰ ਦੇਣ ਦਾ ਸਵਾਲ ਉਠਾਇਆ। ਉਹਨਾਂ ਨੇ ਨਹਿਰੂ ਦੀ 'ਲੋਕਾਂ ਦੀ ਆਵਾਜ਼' ਵਜੋਂ ਪ੍ਰਸ਼ੰਸਾ ਕੀਤੀ, ਪਰ ਕਿਹਾ ਕਿ ਉਸ ਨੂੰ ਲੋਕਾਂ ਅਨੁਸਾਰ ਕੰਮ ਕਰਨਾ ਚਾਹੀਦਾ ਹੈ। ਭਾਰਤ ਅਤੇ ਪਾਕਿਸਤਾਨ ਵਿੱਚ ਵੰਡ ਤੋਂ ਬਾਅਦ ਸੋਮਨਾਥ ਲਹਿਰੀ ਸੰਵਿਧਾਨ ਸਭਾ ਵਿੱਚ ਆਪਣੀ ਸੀਟ ਗੁਆ ਬੈਠੇ, ਕਿਉਂਕਿ ਉਹਨਾਂ ਦੇ ਹਲਕੇ ਦੇ ਤਿੰਨ ਹਿੱਸਿਆਂ ਵਿੱਚੋਂ ਇੱਕ ਪੂਰਬੀ ਪਾਕਿਸਤਾਨ ਵਿੱਚ ਚਲਾ ਗਿਆ ਸੀ।

**ਆਜ਼ਾਦੀ ਤੋਂ ਬਾਅਦ ਦੀਆਂ ਗਤੀਵਿਧੀਆਂ**


ਭਾਰਤ ਦੀ ਆਜ਼ਾਦੀ ਦੀ ਪ੍ਰਾਪਤੀ ਦਾ ਸਵਾਗਤ ਸੀ। ਜਲਦੀ ਹੀ ਪਾਰਟੀ ਨੂੰ ਬੀ ਟੀ ਆਰ ਲਾਈਨ ਨੇ ਆਪਣੇ ਕਬਜ਼ੇ ਵਿੱਚ ਲੈ ਲਿਆ, ਜਿਸ ਨੇ ਭਾਰਤ ਨੂੰ 'ਸੱਚਮੁੱਚ' ਆਜ਼ਾਦ ਹੋਣ ਤੋਂ ਇਨਕਾਰ ਕੀਤਾ ਅਤੇ 'ਇਨਕਲਾਬ' ਦਾ ਸੱਦਾ ਦਿੱਤਾ। ਸੋਮਨਾਥ ਲਹਿਰੀ ਬੀ ਟੀ ਆਰ, ਡਾ. ਅਧਿਕਾਰੀ, ਭੋਵਾਨੀ ਸੇਨ ਅਤੇ ਐੱਨ.ਕੇ ਕ੍ਰਿਸ਼ਨਨ ਦੇ ਨਾਲ ਪਾਰਟੀ ਦੇ ਪੋਲਿਟ ਬਿਊਰੋ ਦਾ ਹਿੱਸਾ ਸਨ। ਜਲਦੀ ਹੀ ਆਫ਼ਤਾਂ ਨੇ ਲੀਡਰਸ਼ਿਪ ਵਿੱਚ ਭਾਰੀ ਤਬਦੀਲੀ ਲਿਆਂਦੀ ਅਤੇ ਪਾਰਟੀ ਸਿਹਤਮੰਦ ਲੀਹਾਂ 'ਤੇ ਵਾਪਸ ਆ ਗਈ। ਸੋਮਨਾਥ ਨੂੰ ਵੀ ਹਟਾ ਦਿੱਤਾ ਗਿਆ। ਬਾਅਦ ਦੇ ਸਾਲਾਂ ਵਿੱਚ ਉਹਨਾਂ ਨੇ ਭਾਰਤੀ ਸਥਿਤੀ ਦਾ ਇੱਕ ਸਿਹਤਮੰਦ ਅਤੇ ਯਥਾਰਥਵਾਦੀ ਵਿਸ਼ਲੇਸ਼ਣ ਅਪਣਾਇਆ। ਉਹਨਾਂ ਨੇ ਪਾਰਟੀ ਨੂੰ ਦੇਸ਼ ਦੀ ਰਾਜਨੀਤੀ ਦੀ ਮੁੱਖ ਧਾਰਾ ਵਿੱਚ ਵਾਪਸ ਆਉਣ ਵਿੱਚ ਵੀ ਮਦਦ ਕੀਤੀ।

1948 ਵਿੱਚ ਹੀ ਸੋਮਨਾਥ ਨੇ ਗਾਂਧੀ ਜੀ ਦੇ ਕਤਲ ਦੀ ਨਿੰਦਾ ਕਰਦਿਆਂ ਕਿਹਾ ਕਿ ਉਹ 'ਸੋਗ ਨਹੀਂ ਸਗੋਂ ਗੁੱਸੇ ਵਿੱਚ ਸਨ'!

**ਚੀਨੀ ਹਮਲੇ ਦੀ ਨਿੰਦਾ, 1962**

ਸੋਮਨਾਥ ਲਹਿਰੀ ਨੇ ਜਨਵਰੀ 1963 ਦੇ 'ਕਲਾਂਤਰ' ਵੀਕਲੀ ਵਿੱਚ ਚੀਨੀ ਹਮਲੇ ਬਾਰੇ ਇੱਕ ਸੁੰਦਰ ਅਤੇ ਚੰਗੀ ਤਰ੍ਹਾਂ ਵਿਸ਼ਲੇਸ਼ਣ ਕੀਤੇ ਲੇਖ ਵਿੱਚ ਲਿਖਿਆ ਕਿ ਹਰ ਸਾਲ ਅਸੀਂ ਗਣਰਾਜ ਨੂੰ ਹੋਰ ਮਜ਼ਬੂਤ ??ਕਰਨ ਲਈ ਆਪਣੇ ਸੰਘਰਸ਼ ਨੂੰ ਅੱਗੇ ਵਧਾਉਂਦੇ ਹਾਂ। 'ਏਕਤਾ ਅਤੇ ਸੰਘਰਸ਼' ਦੀ ਨੀਤੀ ਇਸ ਕੋਸ਼ਿਸ਼ ਦਾ ਹਿੱਸਾ ਸੀ, ਪਰ ਅਤਿਅੰਤ ਕੱਟੜਤਾ ਅਤੇ ਸੰਕੀਰਨਤਾ ਇਹ ਸਭ ਭੁੱਲ ਗਈ ਸੀ। ਇਹ ਪੰਚਸ਼ੀਲ ਅਤੇ ਸ਼ਾਂਤੀਪੂਰਨ ਸਹਿ-ਹੋਂਦ 'ਤੇ ਹਮਲਾ ਕਰ ਰਿਹਾ ਹੈ, ਨਾਲ ਹੀ ਗੈਰ-ਗਠਜੋੜ 'ਤੇ ਵੀ। ਅੱਤ ਖੱਬੇਪੱਖੀਆਂ ਨੇ ਹਨੇਰੇ ਬਲਾਂ ਦੀ ਮਦਦ ਕੀਤੀ, ਜਿਸ ਦਾ ਨਤੀਜਾ ਇਹ ਹੋਇਆ ਕਿ ਚੀਨ ਨੇ ਭਾਰਤ ਉੱਤੇ ਹਮਲਾ ਕਰ ਦਿੱਤਾ, ਜਿਸ ਨਾਲ ਸੱਜੇ ਪੱਖ ਦੀਆਂ ਪ੍ਰਤੀਕਿਰਿਆਵਾਦੀ ਤਾਕਤਾਂ ਵਿੱਚ ਖੁਸ਼ੀ ਦੀ ਲਹਿਰ ਦੌੜ ਗਈ। ਜੋ ਕੰਮ ਇਹ ਪ੍ਰਤੀਕਿਰਿਆਵਾਦੀ ਤਾਕਤਾਂ ਨਹੀਂ ਕਰ ਸਕੀਆਂ, ਉਹ ਅੱਤ ਖੱਬੇਪੱਖੀਆਂ ਨੇ ਚੀਨ ਦੀ ਅਗਵਾਈ 'ਚ ਕਰ ਦਿੱਤਾ।

ਉਹ ਕਹਿੰਦੇ ਹਨ ਕਿ ਅਸੀਂ ਦੇਸ਼ ਦੀ ਰੱਖਿਆ ਲਈ ਢੁਕਵੇਂ ਕਦਮ ਚੁੱਕੇ, ਕਿਉਂਕਿ ਸਾਡੀਆਂ ਰਾਸ਼ਟਰੀ ਭਾਵਨਾਵਾਂ ਮਰੀਆਂ ਨਹੀਂ ਸਨ। ਹੁਣ ਲੋੜ ਹੈ ਕਿ ਅਸੀਂ ਪ੍ਰਧਾਨ ਮੰਤਰੀ ਅਤੇ ਦੇਸ਼ ਦੀ ਜਨਤਾ ਦੇ ਯਤਨਾਂ ਦੇ ਪਿੱਛੇ ਇਕਜੁੱਟ ਹੋਈਏ।



ਉਨ੍ਹਾਂ ਲਿਖਿਆ ਕਿ ਅਸੀਂ ਇਸ ਦੇਸ਼ ਨੂੰ ਆਪਣੇ ਤਰੀਕੇ ਨਾਲ ਬਣਾਵਾਂਗੇ ਅਤੇ ਸ਼ਾਂਤੀ ਲਈ ਲੜਾਂਗੇ।

**ਵਿਧਾਨ ਸਭਾ ਵਿੱਚ ਸੀ ਪੀ ਆਈ ਲੀਡਰਸ਼ਿਪ**

ਸੋਮਨਾਥ ਲਹਿਰੀ 1957 ਵਿੱਚ ਪੱਛਮੀ ਬੰਗਾਲ ਰਾਜ ਵਿਧਾਨ ਸਭਾ ਲਈ ਚੁਣੇ ਗਏ ਸਨ। ਉਹ 1977 ਤੱਕ ਚੁਣੇ ਜਾਂਦੇ ਰਹੇ। ਉਹ 1967 ਅਤੇ 69 ਵਿੱਚ ਸੂਬੇ ਦੇ ਮੰਤਰੀ ਮੰਡਲ ਵਿੱਚ ਮੰਤਰੀ ਰਹੇ। ਉਹ 1973 ਵਿੱਚ ਪਬਲਿਕ ਅਕਾਊਂਟਸ ਕਮੇਟੀ (ਪੀ ਏ ਸੀ) ਦੇ ਚੇਅਰਮੈਨ ਚੁਣੇ ਗਏ ਸਨ।

ਉਹ 1961, 1964 ਅਤੇ 1968 ਵਿੱਚ ਸੀ ਪੀ ਆਈ ਦੀ ਕੌਮੀ ਕੌਂਸਲ ਦੇ ਮੈਂਬਰ ਸਨ। 1970 ਦੇ ਦਹਾਕੇ ਵਿੱਚ ਉਹ ਸੀ ਪੀ ਆਈ ਦੇ ਕੇਂਦਰੀ ਪਰਚੇ 'ਨਿਊ ਏਜ' ਵਿੱਚ ਇੱਕ ਨਿਯਮਤ ਲੇਖਕ ਸਨ। ਉਹ ਜਨਤਕ ਮੀਟਿੰਗਾਂ ਦੇ ਨਾਲ-ਨਾਲ ਕਾਰਲ ਮਾਰਕਸ ਆਦਿ 'ਤੇ ਸੈਮੀਨਾਰਾਂ ਵਿੱਚ ਵੀ ਬਰਾਬਰ ਪ੍ਰਭਾਵਸ਼ਾਲੀ ਸਨ।

ਸੋਮਨਾਥ ਲਹਿਰੀ ਦਾ 19 ਅਕਤੂਬਰ 1984 ਨੂੰ ਦੇਹਾਂਤ ਹੋ ਗਿਆ।

---

# ਪਾਣੀ ! ਓ ਪਾਣੀ !! ਤੇਰਾ ਭਾਗ ਕਿਤਨਾ ?

**ਸੁਵਰਨ ਸਿੰਘ ਵਿਰਕ**

ਡਾ. ਬਲਜੀਤ ਸਿੰਘ ਐਡਵੋਕੇਟ ਅਤੇ ਪਰਬੁੱਧ ਪੱਤਰਕਾਰ ਦੁਆਰਾ ਇੱਕ ਬਹੁਤ ਹੀ ਚਰਚਿਤ ਅਤੇ ਸੰਵੇਦਨਸ਼ੀਲ ਮੁੱਦੇ, "ਐੱਸ ਵਾਈ ਐੱਲ, ਹਕੀਕਤ ਜਾਂ ਸਿਆਸਤ" 'ਤੇ ਇਕ ਬਹੁਤ ਹੀ ਤੱਥ ਪਰਕ ਅਤੇ ਖੋਜ ਭਰਪੂਰ ਪੁਸਤਕ ਦੀ ਰਚਨਾ ਕੀਤੀ ਗਈ ਹੈ। ਮਨੁੱਖ ਜੀਵਨ ਅਤੇ ਪ੍ਰਕਿਰਤੀ ਲਈ ਲੋੜੀਂਦੇ ਪੰਜਾਂ ਤੱਤਾਂ ਵਿੱਚੋਂ ਪਾਣੀ ਇੱਕ ਮਹੱਤਵਪੂਰਨ ਤੱਤ ਹੈ, ਜੋ ਨਾ ਸਿਰਫ਼ ਮਨੁੱਖ ਦੀ ਪਿਆਸ ਬੁਝਾ ਕੇ ਸਰੀਰਕ ਲੋੜ ਪੂਰੀ ਕਰਦਾ ਹੈ, ਸਗੋਂ ਸਾਰੀ ਉਤਪਤੀ ਦਾ ਸੋਮਾ ਵੀ ਇਹ ਪਾਣੀ ਹੀ ਹੈ। ਗੁਰੂ ਨਾਨਕ ਦੇਵ ਜੀ ਦਾ ਕਥਨ ਹੈ-

ਪਹਿਲਾ ਪਾਣੀ ਜੀਉ ਹੈ ਜਿਤੁ ਹਰਿਆ ਸਭ ਕੋਇ॥
-(ਰਾਗ ਆਸਾ, ਅੰਗ 472)

ਦੁਨੀਆ ਦੀਆਂ ਸਾਰੀਆਂ ਪੁਰਾਤਨ ਸੱਭਿਅਤਾਵਾਂ ਦਾ ਮੁੱਢ ਵੀ ਦਰਿਆਵਾਂ ਦੇ ਕੰਢਿਆਂ 'ਤੇ ਹੀ ਹੋਇਆ ਹੈ, ਭਾਵੇਂ ਉਹ ਨੀਲ ਹੋਵੇ, ਦਜਲਾ ਫਰਾਤ, ਯੰਗ ਸੀ ਜਾਂ ਭਾਰਤੀ ਉਪ ਮਹਾਂਦੀਪ ਦੀ ਸਿੰਧ ਨਦੀ। ਖੇਤੀਬਾੜੀ ਵਾਲੇ ਮੁਲਖਾਂ ਵਿੱਚ ਤਾਂ ਪਾਣੀ ਦੀ ਮਹੱਤਤਾ ਬਹੁਤ ਜ਼ਿਆਦਾ ਹੁੰਦੀ ਹੈ। ਜਦੋਂ ਖੇਤੀ ਵਰਖਾ 'ਤੇ ਨਿਰਭਰ ਸੀ ਤਾਂ ਛੋਟੇ-ਛੋਟੇ ਬੱਚੇ ਵੀ ਬਰਸਾਤ ਦੇ ਮੌਸਮ ਵਿੱਚ ਆਸਮਾਨ ਵੱਲ ਵੇਖਦੇ ਹੋਏ ਗਾਇਆ ਕਰਦੇ ਸਨ-

"ਰੱਬਾ ਰੱਬਾ ਮੀਂਹ ਵਸਾ/ਸਾਡੀ ਕੋਠੀ ਦਾਣੇ ਪਾ।"

ਕਿਉਂਕਿ ਉਦੋਂ ਮੀਂਹ ਪੈਣ ਨਾਲ ਹੀ ਦਾਣਿਆਂ ਦੀ ਕੋਠੀ ਜਾਂ ਬੁਖਾਰੀ ਭਰੀ ਜਾਂਦੀ ਸੀ। ਬੇਸ਼ੱਕ ਐੱਸ ਵਾਈ ਐੱਲ ਦਾ ਮੁੱਦਾ ਹਰਿਆਣਾ ਪੰਜਾਬ ਦੇ ਵਿਚਾਲੇ ਪਿਛਲੇ ਚਾਰ ਦਹਾਕਿਆਂ ਤੋਂ ਵੱਧ ਸਮੇਂ ਤੋਂ ਲਟਕਦਾ ਆ ਰਿਹਾ ਹੈ ਅਤੇ ਹੱਥਲੀ ਕਿਤਾਬ ਇਸ ਮੁੱਦੇ ਦੇ ਇਰਦ-ਗਿਰਦ ਹੀ ਘੁੰਮਦੀ ਹੈ, ਪਰ ਵਿਦਵਾਨ ਲੇਖਕ ਨੇ ਵੰਡ ਤੋਂ ਪਹਿਲੇ ਪੰਜਾਬ ਵਿੱਚ ਦਰਿਆਈ ਪਾਣੀਆਂ ਦੀ ਕਿਹਨਾਂ-ਕਿਹਨਾਂ ਨਹਿਰਾਂ ਦੁਆਰਾ ਕਦੋਂ ਵਰਤੋਂ ਕੀਤੀ ਜਾਂਦੀ ਸੀ, ਇਸ ਸਭ ਕਾਸੇ 'ਤੇ ਵੀ ਇੱਕ ਬਿਹੰਗਮ ਨਜ਼ਰ ਪਈ ਹੈ। ਭਾਵੇਂ ਉਹ ਮੁਗਲ ਬਾਦਸ਼ਾਹ ਦੁਆਰਾ ਜਮਨਾ ਵਿੱਚੋਂ ਨਹਿਰ ਕੱਢ ਕੇ ਹਿਸਾਰ ਨੂੰ ਪਾਣੀ ਦੇਣਾ ਸੀ ਜਾਂ ਮਹਾਰਾਜਾ ਰਣਜੀਤ ਸਿੰਘ ਦੁਆਰਾ ਰਾਵੀ ਵਿੱਚੋਂ ਇੱਕ ਨਹਿਰ ਕੱਢ ਕੇ ਜਿਸ ਨੂੰ ਹੰਸਲੀ ਕਿਹਾ ਗਿਆ, ਸ੍ਰੀ ਹਰਿਮੰਦਰ ਸਾਹਿਬ ਦੇ ਅੰਮ੍ਰਿਤ ਸਰੋਵਰ ਨੂੰ ਭਰਿਆ ਜਾਂਦਾ ਸੀ। ਪੰਜਾਬ ਤੇ ਬਰਤਾਨੀਆ ਸਰਕਾਰ ਦਾ ਕਬਜ਼ਾ ਹੋਣ ਬਾਅਦ ਤਾਂ ਦਰਿਆਵਾਂ ਵਿੱਚੋਂ ਕਈ ਨਹਿਰਾਂ ਕੱਢ ਕੇ ਪੂਰਬੀ ਅਤੇ ਪੱਛਮੀ ਪੰਜਾਬ ਨੂੰ ਸਿੰਜਿਆ ਜਾਣ ਲੱਗਿਆ ਸੀ। ਹੋਰ ਤਾਂ ਹੋਰ ਪੰਜਾਬ ਦੇ ਦਰਿਆਵਾਂ ਦਾ ਪਾਣੀ 1927 ਵਿੱਚ ਗੰਗ ਨਹਿਰ ਦੁਆਰਾ ਪਹਿਲਾਂ ਰਿਆਸਤ ਬੀਕਾਨੇਰ ਨੂੰ ਅਤੇ ਵੰਡ ਤੋਂ ਬਾਅਦ ਇੰਦਰਾ ਗਾਂਧੀ ਨਹਿਰ ਦੁਆਰਾ, ਰਾਜਸਥਾਨ ਦੇ ਬਾੜਮੇਰ ਅਤੇ ਹੋਰ ਜ਼ਿਲ੍ਹਿਆਂ ਵਿੱਚ ਖੇਤੀ ਅਤੇ ਪੀਣ ਲਈ ਪੁਚਾਇਆ ਜਾਣ ਲੱਗਾ ਸੀ। ਬੇਸ਼ੱਕ ਰਾਜਸਥਾਨ ਨੂੰ ਪੰਜਾਬ ਦੇ ਦਰਿਆਵਾਂ ਦੇ ਬੇਸਿਨ ਵਿੱਚ ਸ਼ਾਮਲ ਕਰਨ ਦਾ ਮਕਸਦ, ਵਿਸ਼ਵ ਬੈਂਕ ਦੀ ਨਿਗਰਾਨੀ ਹੇਠ ਹੋਏ ਸਿੰਧ ਜਲ ਸਮਝੌਤੇ ਸਮੇਂ, ਰਾਵੀ ਦਾ ਪਾਣੀ ਲੈਣ ਲਈ ਪਾਕਿਸਤਾਨ 'ਤੇ ਦਬਾਅ ਬਣਾਉਣ ਸੀ, ਪਰ ਬਹੁਤ ਜ਼ਿਆਦਾ ਮਾਤਰਾ ਵਿੱਚ ਇਸ ਤਰ੍ਹਾਂ ਪੰਜਾਬ ਨੂੰ ਆਪਣੇ ਪਾਣੀ ਤੋਂ ਹੱਥ ਧੋਣੇ ਪਏ।

ਪਾਣੀਆਂ ਦੀ ਵੰਡ, ਨਦੀ ਕਿਨਾਰੇ ਦੇ ਰਾਜਾਂ ਦਾ ਸਿਧਾਂਤ, ਰੀਪੇਰੀਅਨ ਸਟੇਟ, ਬੇਸਿਨ ਸੰਕਲਪ, ਪਰੰਪਰਾਗਤ ਪ੍ਰਯੋਗ ਦਾ ਸਿਧਾਂਤ ਅਤੇ ਸੰਧੀ ਪ੍ਰਕਿਰਿਆ ਦੁਆਰਾ ਕੀਤੀ ਜਾਂਦੀ ਹੈ। ਫਿਰ ਲੇਖਕ ਨੇ ਇੱਕ-ਇੱਕ ਸਿਧਾਂਤ ਦੀ ਵਿਆਖਿਆ ਕੌਮਾਂਤਰੀ ਕਾਨੂੰਨ ਅਤੇ ਦਰਿਆਈ ਪਾਣੀਆਂ ਦੀ ਵੰਡ ਲਈ ਹੋਈਆਂ ਸੰਧੀਆਂ ਦੇ ਆਧਾਰ 'ਤੇ ਬਹੁਤ ਬਾਰੀਕੀ ਵਿੱਚ ਜਾ ਕੇ, ਵਿਸਥਾਰ-ਪੂਰਵਕ ਕੀਤੀ ਹੈ। ਲੇਖਕ ਦਾ ਕਾਨੂੰਨੀ ਪੇਸ਼ੇ ਦਾ ਗਹਿਨ ਅਧਿਐਨ ਅਤੇ ਪੱਤਰਕਾਰਤਾ ਵਿੱਚ ਡਾਕਟਰੇਟ ਤੱਕ ਦਾ ਖੋਜ ਕਾਰਜ, ਉਸ ਨੂੰ ਇਸ ਬਹੁਤ ਹੀ ਸਾਮਿਅਕ ਅਤੇ ਪੇਚੀਦਾ ਵਿਸ਼ੇ ਦੀ ਤਹਿ ਤੱਕ ਜਾਣ ਦੇ ਸਮਰੱਥ ਬਣਾਉਂਦਾ ਹੈ।



ਪੰਜਾਬ ਪੁਨਰ ਗਠਿਨ ਐਕਟ, 1966 ਪੰਜਾਬ ਅਤੇ ਨਵੇਂ ਬਣੇ ਪ੍ਰਾਂਤ ਹਰਿਆਣਾ ਵਿਚਲੇ ਸਾਰੇ ਅਸਾਸਿਆਂ ਦੀ ਵੰਡ 60:40 ਦੇ ਅਨੁਪਾਤ ਨਾਲ ਕਰਦਾ ਹੈ। ਪੰਜਾਬ ਦੇ ਹੈੱਡ ਵਰਕਸ 'ਤੇ ਲੇਖਕ ਮੁਤਾਬਕ ਜਿੱਥੇ ਪਹਿਲਾਂ ਪੰਜਾਬ ਦਾ ਅਧਿਕਾਰ ਸੀ, ਕੇਂਦਰ ਬੜੀ ਚਲਾਕੀ ਨਾਲ ਆਪਣੇ ਕਬਜ਼ੇ ਵਿੱਚ ਲੈ ਲੈਂਦਾ ਹੈ। ਪੰਜਾਬ ਅਤੇ ਹਰਿਆਣਾ, ਪੰਜਾਬ ਅਤੇ ਰਾਜਸਥਾਨ ਦੀਆਂ ਸਰਕਾਰਾਂ ਵਿਚਾਲੇ, ਤਿੰਨਾਂ ਮੁੱਖ ਮੰਤਰੀਆਂ ਦੀ ਮਾਰਫ਼ਤ ਜੋ ਸਮਝੌਤਾ ਕਰਵਾਇਆ, ਉਸ ਵਿੱਚ ਇਕ ਬੁਨਿਆਦੀ ਖਾਮੀ ਇਹ ਸੀ ਕਿ ਜਿਹੜਾ ਪਾਣੀ 1955 ਵਿੱਚ 158.5 ਲੱਖ ਏਕੜ ਫੁੱਟ ਸੀ, ਉਸ ਨੂੰ ਹੁਣ 171.50 ਲੱਖ ਏਕੜ ਫੁੱਟ ਕਰ ਦਿੱਤਾ ਗਿਆ ਅਤੇ ਇਸ ਦੀ ਵੰਡ ਪੰਜਾਬ 42, ਹਰਿਆਣਾ 35, ਰਾਜਸਥਾਨ 86, ਦਿੱਲੀ 2 ਅਤੇ ਜੰਮੂ ਕਸ਼ਮੀਰ 16.5 ਲੱਖ ਏਕੜ ਫੁੱਟ ਦਿੱਤਾ ਗਿਆ। ਇੱਕ ਹੋਰ ਅਹਿਮ ਨੁਕਤਾ ਹੈ ਕਿ ਪਾਣੀ ਦੀ ਵੰਡ ਸਰਕਾਰਾਂ ਨਹੀਂ, ਸਗੋਂ ਇਸ ਕੰਮ ਲਈ ਕਮਿਸ਼ਨ ਕਰਦੇ ਹਨ।

ਹਰਿਆਣਾ ਨੂੰ ਇਹ ਪਾਣੀ ਪੁਚਾਉਣ ਲਈ 'ਸਤਲੁਜ, ਯਮੁਨਾ ਲਿੰਕ ਨਹਿਰ ਦਾ ਟੱਕ, ਪ੍ਰਧਾਨ ਮੰਤਰੀ ਇੰਦਰਾ ਗਾਂਧੀ ਨੇ ਮਾਰਚ 1982 ਵਿੱਚ ਲਾਇਆ, ਜਿਸ ਦੇ ਖਿਲਾਫ਼ ਅਕਾਲੀਆਂ ਨੇ ਮਾਰਕਸੀ ਕਾਮਰੇਡਾਂ ਨਾਲ ਮਿਲ ਕੇ ਨਹਿਰ ਦੇ ਵਿਰੋਧ ਲਈ ਕਪੂਰੀ ਮੋਰਚਾ ਆਰੰਭਿਆ। ਇਹ ਮੋਰਚਾ ਫਿਰ ਧਰਮ ਯੁੱਧ ਮੋਰਚੇ ਵਿੱਚ ਬਦਲ ਗਿਆ, ਪੰਜਾਬ ਵਿੱਚ ਜਿਹੜੇ ਲੋਕਾਂ ਨੇ ਅੱਤਵਾਦ ਨੂੰ ਉਭਾਰਨ ਵਿੱਚ ਹਿੱਸਾ ਪਾਇਆ, ਹੁਣ ਉਨ੍ਹਾਂ ਨੇ ਹੀ ਇਸ ਨੂੰ ਕਾਬੂ ਕਰਨ ਲਈ ਸਾਕਾ ਨੀਲਾ ਤਾਰਾ ਵਰਤਾਅ ਦਿੱਤਾ। ਫਿਰ ਪ੍ਰਧਾਨ ਮੰਤਰੀ ਦੀ ਹੱਤਿਆ, ਸਿੱਖ ਵਿਰੋਧੀ ਹਿੰਸਾ, ਰਾਜੀਵ ਗਾਂਧੀ ਪ੍ਰਧਾਨ ਮੰਤਰੀ ਬਣਿਆ ਅਤੇ ਰਾਜੀਵ-ਲੌਂਗੋਵਾਲ ਸਮਝੌਤਾ। ਇਸ ਦੇ ਵਿਰੋਧ ਵਿੱਚ ਹਰਿਆਣੇ ਵਿੱਚ ਚੌਧਰੀ ਦੇਵੀ ਲਾਲ ਦੀ ਨਿਆਂ ਯਾਤਰਾ ਅਤੇ 1987 ਵਿੱਚ ਉਨ੍ਹਾਂ ਦਾ ਸੱਤਾ ਵਿੱਚ ਆਉਣਾ। ਅੱਤਵਾਦ ਦੇ ਨਵੇਂ ਸੰਸਕਰਣ ਸਮੇਂ ਪੰਜਾਬ ਖੇਤਰ ਵਿੱਚ ਐੱਸ ਵਾਈ ਐੱਲ ਦੀ ਖੁਦਾਈ ਵਿੱਚ ਰੁੱਝੇ 34 ਮਜ਼ਦੂਰਾਂ ਦਾ ਖ਼ੂਨ ਪਾਣੀ ਉਡੀਕਦੀ ਉਸ ਨਹਿਰ ਵਿੱਚ ਵੱਗਿਆ। ਫਿਰ ਇਸੇ ਦੀ ਖੁਦਾਈ ਨਾਲ ਸੰਬੰਧਤ ਇਸ ਮਹਿਕਮੇ ਦੇ ਦੋ ਵੱਡੇ ਅਧਿਕਾਰੀਆਂ ਨੂੰ ਚੰਡੀਗੜ੍ਹ ਉਨ੍ਹਾਂ ਦੇ ਦਫ਼ਤਰ ਵਿੱਚ ਮਾਰ ਦਿੱਤਾ ਗਿਆ। ਇਸ ਤਰ੍ਹਾਂ ਨਹਿਰ ਦੀ ਉਸਾਰੀ ਦਾ ਕੰਮ ਠੱਪ ਹੋ ਗਿਆ।

ਉਸ ਤੋਂ ਬਾਅਦ ਤਾਂ ਬਹੁਤ ਸਾਰਾ ਪਾਣੀ ਪੁਲਾਂ ਹੇਠੋਂ ਲੰਘ ਗਿਆ ਹੈ। ਦਾਅਵੇ ਅਤੇ ਪ੍ਰਤੀ ਦਾਅਵੇ। ਪੰਜਾਬ ਦੇ ਮੁੱਖ ਮੰਤਰੀ ਅਮਰਿੰਦਰ ਸਿੰਘ ਨੇ ਪੰਜਾਬ ਵਿਧਾਨ ਸਭਾ ਵਿੱਚ ਇਕ ਬਿੱਲ ਪਾਸ ਕਰਕੇ, ਹਰਿਆਣਾ-ਪੰਜਾਬ ਵਿਚਲੇ ਪਾਣੀਆਂ ਦੇ ਸਾਰੇ ਸਮਝੌਤੇ ਰੱਦ ਕਰ ਦਿੱਤੇ। ਕਿਹੜਾ ਵੱਡਾ ਸੂਰਮਾ ਹੈ, ਜਿਹੜਾ ਪੰਜਾਬ ਦਾ ਇੱਕ ਬੂੰਦ ਵੀ ਪਾਣੀ ਬਾਹਰ ਨਾ ਜਾਣ ਦੇਵੇ ਤੇ ਓਧਰ ਕਿਹੜਾ ਸੂਰਮਾ ਹੈ, ਜਿਹੜਾ ਹਰਿਆਣੇ ਵਿੱਚ ਦੱਖਣੀ ਹਰਿਆਣੇ ਦੀ ਬੰਜਰ ਧਰਤੀ ਲਈ ਇਸ ਨਹਿਰ ਦਾ ਪਾਣੀ ਲਿਆਵੇ। ਇਸ ਗੱਲ ਦੀ ਹੋੜ ਦੋਹਾਂ ਪ੍ਰਾਂਤਾਂ ਦੀਆਂ ਵੱਖ-ਵੱਖ ਸਿਆਸੀ ਪਾਰਟੀਆਂ ਵਿੱਚ ਲੱਗ ਗਈ ਹੈ। ਪਾਣੀ ਹਰਿਆਣੇ ਨੂੰ ਵੀ ਚਾਹੀਦਾ ਹੈ ਅਤੇ ਪੰਜਾਬ ਨੂੰ ਵੀ। ਪੰਜਾਬ ਦਾ ਕਹਿਣਾ ਹੈ ਕਿ ਉਸ ਦੀਆਂ ਲੋੜਾਂ ਲਈ ਵਰਤ ਕੇ ਹਰਿਆਣੇ ਨੂੰ ਦੇਣ ਜੋਗਾ ਫਾਲਤੂ ਪਾਣੀ ਉਸ ਕੋਲ ਨਹੀਂ ਬਚਦਾ। ਪੰਜਾਬ ਦਾ ਇਹ ਵੀ ਤਰਕ ਹੈ ਕਿ ਦਰਿਆ ਬੇਸਿਨ ਦੇ ਸਿਧਾਂਤ ਅਨੁਸਾਰ ਪੰਜਾਬ ਨੂੰ ਵੀ ਹਰਿਆਣਾ ਵਾਂਗ ਯਮੁਨਾ ਦੇ ਪਾਣੀ ਵਿੱਚੋਂ ਹਿੱਸਾ ਮਿਲਣਾ ਚਾਹੀਦਾ ਹੈ। ਪਿਛਲੇ ਸਮੇਂ ਵਿੱਚ ਤਾਂ ਪੰਜਾਬ ਸਰਕਾਰ ਨੇ ਨਹਿਰ ਨੂੰ ਮਿੱਟੀ ਨਾਲ ਪੂਰਨਾ ਸ਼ੁਰੂ ਕਰ ਦਿੱਤਾ, ਇੱਥੋਂ ਤੱਕ ਕਿ ਅਧਿਗ੍ਰਹਿਣ ਭੂਮੀ ਦੀ ਮਾਲਕੀ ਵਾਪਸ ਮੂਲ ਮਾਲਕਾਂ ਨੂੰ ਸੌਂਪ ਦਿੱਤੀ। ਸੁਪਰੀਮ ਕੋਰਟ ਦੋਹਾਂ ਰਾਜਾਂ ਨੂੰ ਮਿਲ ਬੈਠ ਕੇ ਇਸ ਦਾ ਨਿਪਟਾਰਾ ਕਰਨ ਲਈ ਆਦੇਸ਼ ਦੇ ਚੁੱਕੀ ਹੈ।

ਲੇਖਕ ਆਰੰਭ ਵਿੱਚ ਇਹ ਵਿਚਾਰ ਵੀ ਦੁਹਰਾਉਂਦਾ ਹੈ, ਜੋ ਤਤਕਾਲੀਨ ਪ੍ਰਧਾਨ ਮੰਤਰੀ ਅਟਲ ਬਿਹਾਰੀ ਵਾਜਪਾਈ ਨੇ ਭਾਰਤ ਦੇ ਪ੍ਰਮੁੱਖ ਦਰਿਆਵਾਂ ਨੂੰ ਜੋੜਨ ਲਈ ਦਿੱਤਾ ਸੀ। ਇਹ ਕੰਮ ਸਾਨੂੰ ਦੇਰ ਸਵੇਰ ਕਰਨਾ ਹੀ ਪਵੇਗਾ। ਕਿਉਂ ਜੁ ਅੱਧਾ ਦੇਸ਼ ਸੁੱਕ ਰਿਹਾ ਹੁੰਦਾ ਹੈ ਅਤੇ ਅੱਧਾ ਡੁੱਬ ਰਿਹਾ ਹੁੰਦਾ ਹੈ। ਧਰਤੀ ਹੇਠਲਾ ਪਾਣੀ ਤਾਂ ਪੰਜਾਬੀ ਦੇ ਉਸ ਲੋਕ ਗੀਤ ਜਿਉਂ ਪਤਾ ਨਹੀਂ ਕਦੋਂ ਕੰਨੀ ਕਿਸਕਾ ਜਾਏ

"ਸੁਪਨਾ ਹੋ ਗਿਉਂ ਯਾਰਾ, ਖੂਹ ਦੇ ਚੱਕ ਵਾਂਗੂੰ।"

ਜਲ ਸੰਰਕਸ਼ਣ ਵਿੱਚ ਸਰਕਾਰੀ ਯੋਜਨਾਵਾਂ ਦੀ ਅਣਹੋਂਦ ਦੇ ਨਾਲ-ਨਾਲ ਕਿਸਾਨਾਂ ਦੀ ਮੁਨਾਫ਼ਾ ਬਿਰਤੀ ਜਾਂ ਮਜਬੂਰੀ ਕਹਿ ਲਈਏ ਵੀ ਜ਼ਿੰਮੇਵਾਰ ਹੈ। ਘੱਗਰ ਨਦੀ ਦੇ ਖੇਤਰ ਵਿੱਚ ਕਮਾਦ ਕਦੇ ਆਮ ਸੀ। ਇੱਕ ਵਾਰ ਲੋਕ ਪੰਚਾਇਤ ਨੇ ਇਲਾਕਾ ਜੀਵਨ ਨਗਰ ਵਿੱਚ ਪੰਜ ਸੌ ਏਕੜ ਕਮਾਦ ਲੁਆਇਆ ਸੀ। ਭੂਨਾ ਖੰਡ ਮਿੱਲ ਵਾਲਿਆਂ ਨੇ ਜੀਵਨ ਨਗਰ ਕੰਡਾ ਵੀ ਲਾਇਆ, ਪਰ ਸਮੇਂ ਸਿਰ ਭੁਗਤਾਨ ਨਾ ਹੋਣ ਅਤੇ ਮਿੱਲ ਦਾ ਕਿਰਾਇਆ ਕਿਸਾਨਾਂ ਤੋਂ ਵੱਧ ਕੱਟਣ ਸਦਕਾ, ਉਹ ਯੋਜਨਾ ਸਿਰੇ ਨਾ ਚੜ੍ਹੀ। ਜੇ ਸਿਰਸਾ ਜ਼ਿਲ੍ਹੇ ਵਿੱਚ ਖੰਡ ਮਿੱਲ ਲੱਗੀ ਤਾਂ ਉਹ ਕਮਾਦ ਦੇ ਇਲਾਕੇ ਤੋਂ ਦੂਰ ਲਾ ਦਿੱਤੀ। ਕਿਸਾਨ ਨੂੰ ਝੋਨੇ ਦੀ ਫ਼ਸਲ ਤੋਂ ਮੁਕਤ ਕਰਵਾਉਣ ਲਈ ਬਦਲਵੀਆਂ ਫਸਲਾਂ ਦਾ ਪੂਰਾ ਸਮਰਥਨ ਮੁੱਲ ਅਤੇ ਸਰਕਾਰੀ ਖਰੀਦ ਦੀ ਗਾਰੰਟੀ ਚਾਹੀਦੀ ਹੈ, ਪਰ ਸਾਡੀ ਸਰਕਾਰ ਤਾਂ ਸਭ ਕੁਝ ਕਾਰਪੋਰੇਟਾਂ ਦੇ ਹਵਾਲੇ ਕਰਨ ਲਈ ਮੁਕਤ ਵਪਾਰ ਦੀ ਡੁਗਡੁਗੀ ਵਜਾ ਰਹੀ ਹੈ। ਕਿਸਾਨ ਆਪਣੇ ਖੇਤਾਂ ਲਈ ਪਾਣੀ ਮੰਗ ਰਿਹਾ ਹੈ, ਸਰਕਾਰ ਉਸ ਦੇ ਖੇਤ ਹੀ ਖੋਹਣ ਦੀਆਂ ਤਿਆਰੀਆਂ ਕਰ ਰਹੀ ਹੈ। "ਉਹ ਫਿਰੇ ਨੱਥ ਘੜਾਉਣ ਨੂੰ ਉਹ ਫਿਰੇ ਨੱਕ ਵਢਾਉਣ ਨੂੰ।"

ਹਰਿਆਣੇ ਦੇ ਵੀਹ ਸਿਆਸਤਦਾਨਾਂ ਦੀਆਂ ਟਿੱਪਣੀਆਂ ਇਸ ਮਸਲੇ 'ਤੇ ਦੇ ਕੇ ਡਾ. ਬਲਜੀਤ ਸਿੰਘ ਐਡਵੋਕੇਟ ਨੇ ਵੱਖ-ਵੱਖ ਸਿਆਸੀ ਦਲਾਂ ਦੇ ਦ੍ਰਿਸ਼ਟੀਕੋਣ ਨੂੰ ਪ੍ਰਗਟ ਕੀਤਾ ਹੈ, ਜੋ ਜ਼ਾਹਿਰ ਹੈ ਕਿ ਹਰਿਆਣੇ ਦੇ ਪਾਣੀਆਂ ਲਈ ਕੋਈ ਸਰਵ-ਸੰਮਤ ਰਾਇ ਬਣਾਉਣ ਦੀ ਬਜਾਏ ਇੱਕ-ਦੂਸਰੇ 'ਤੇ ਟੀਕਾ-ਟਿੱਪਣੀ ਜ਼ਿਆਦਾ ਕੀਤੀ ਗਈ ਹੈ। ਹਰਿਆਣੇ ਵਿੱਚ ਬੀਜੀਆਂ ਜਾਂਦੀਆਂ ਵੱਖ-ਵੱਖ ਫਸਲਾਂ ਹੇਠਲੇ ਰਕਬੇ ਇਨ੍ਹਾਂ ਦੀ ਪੈਦਾਵਾਰ ਦੇ ਵਰ੍ਹੇਵਾਰ ਅੰਕੜੇ ਦੇ ਕੇ ਹਰਿਆਣਾ ਦੀ ਖੇਤੀਬਾੜੀ ਦੀ ਸਮੁੱਚੀ ਤਸਵੀਰ ਅੰਤਕਾ ਵਿੱਚ ਅੰਕੜਿਆਂ ਦੁਆਰਾ ਦਿੱਤੀ ਗਈ ਹੈ।

ਲੇਖਕ ਨੇ ਨਦੀ ਜਲ ਬਟਵਾਰੇ ਨਾਲ ਸੰਬੰਧਤ ਬਹੁਤ ਸਾਰਾ ਸਾਹਿਤ ਬੜੀ ਬਾਰੀਕੀ ਨਾਲ ਘੋਖ ਕੇ ਬਹੁਤ ਮੁੱਲਵਾਨ ਸਮੱਗਰੀ ਇਸ ਪੁਸਤਕ ਵਿੱਚ ਪੇਸ਼ ਕੀਤੀ ਹੈ। ਇਹ ਉਸ ਦੀ ਖ਼ੂਬੀ ਹੈ ਕਿ ਬਿਨਾਂ ਕਿਸੇ ਕਿਸਮ ਦੇ ਪੂਰਵਾਗ੍ਰਹਿ ਤੋਂ ਪੀੜਤ ਹੋਏ, ਉਸ ਨੇ ਪੱਖਪਾਤ ਰਹਿਤ ਹੋ ਕੇ ਇਸ ਸਾਰੇ ਵਿਵਾਦ ਦੀ ਡੂੰਘੀ ਛਾਣਬੀਣ ਕਰਕੇ ਨਤੀਜਾ ਪਾਠਕਾਂ ਨਾਲ ਸਾਂਝਾ ਕੀਤਾ ਹੈ। ਲੇਖਕ ਪਰਿਆਵਰਣ ਬਚਾਉਣ ਲਈ ਵੀ ਬਹੁਤ ਫ਼ਿਕਰਮੰਦ ਹੈ। ਇਸੇ ਲਈ ਉਹ ਦਾਰਸ਼ਨਿਕ ਏਂਗਲਜ਼ ਦੇ ਹਵਾਲੇ ਨਾਲ ਕਹਿੰਦਾ ਹੈ ਕਿ ਸਾਨੂੰ ਕੁਦਰਤ ਉਤੇ ਆਪਣੀ ਭੌਤਿਕ ਜਿੱਤ ਸਦਕਾ ਸਵੈ ਪ੍ਰਸੰਸਾ ਵਿੱਚ ਨਹੀਂ ਡੁੱਬਣਾ ਚਾਹੀਦਾ, ਕਿਉਂਕਿ ਪ੍ਰਕਿਰਤੀ ਸਾਥੋਂ ਹਰ ਅਜਿਹੀ ਫਤਹਿ ਦਾ ਬਦਲਾ ਲੈਂਦੀ ਹੈ। ਹੁਣ ਅਬਾਦੀ ਵਧ ਰਹੀ ਹੈ, ਪਰ ਪਾਣੀ ਲਗਾਤਾਰ ਘਟ ਰਿਹਾ ਹੈ। ਲੇਖਕ ਅਸਿੱਧੇ ਤੌਰ 'ਤੇ ਸਾਨੂੰ ਪਾਣੀ ਦੀ ਫਜ਼ੂਲ ਖਰਚੀ ਪ੍ਰਤੀ ਵੀ ਆਪਣਾ ਨਜ਼ਰੀਆ ਬਦਲਣ ਲਈ ਪਰੇਰਦਾ ਹੈ। ਲੇਖਕ ਫੈਕਟਰੀਆਂ, ਸੀਵਰਾਂ ਆਦਿ ਦਾ ਅਣਸੋਧਿਆ ਪਾਣੀ ਨਦੀ, ਨਹਿਰਾਂ ਜਾਂ ਧਰਤੀ ਵਿੱਚ ਪਾਉਣ ਤੋਂ ਵੀ ਸੁਚੇਤ ਕਰਦਾ ਹੈ।

ਪੁਸਤਕ ਦੇ ਅੰਤ ਵਿੱਚ ਇਕ ਲੋਕ ਗਾਇਕ ਦੇ ਹਵਾਲੇ ਨਾਲ ਇਹ ਵੀ ਸੁਝਾਅ ਦਿੱਤਾ ਗਿਆ ਹੈ ਕਿ ਪੰਜਾਬ, ਹਰਿਆਣਾ ਅਤੇ ਹਿਮਾਚਲ ਨੂੰ ਜੇ ਫਿਰ ਇੱਕ ਵੱਡੇ ਪ੍ਰਾਂਤ ਵਿੱਚ ਸ਼ਾਮਲ ਕਰ ਲਿਆ ਜਾਵੇ ਤਾਂ ਸ਼ਾਇਦ ਇਹ ਝਗੜਾ ਮੁੱਕ ਜਾਵੇ। ਇਨ੍ਹਾਂ ਦਾ ਰਲੇਵਾਂ ਤਾਂ ਸ਼ਾਇਦ ਹੁਣ ਓਨਾ ਹੀ ਔਖਾ ਹੋਵੇ, ਜਿੰਨਾ ਕੋਈ ਕਹੇ ਕਿ ਸਿੰਧੂ ਜਲ ਸੰਧੀ ਵਿਹਾਰਕ ਤੌਰ 'ਤੇ ਲਾਗੂ ਕਰਨ ਲਈ ਭਾਰਤ-ਪਾਕਿਸਤਾਨ ਦਾ ਏਕੀਕਰਨ ਕਰ ਦਿੱਤਾ ਜਾਵੇ, ਪਰ ਕੌਣ ਜਾਣਦਾ ਹੈ ਕਿ ਭਵਿੱਖ ਦੇ ਗਰਭ ਵਿੱਚ ਕੀ ਹੈ? ਇਸ ਵਿਚਾਰ ਉਤੇਜਕ ਪੁਸਤਕ ਦੀ ਰਚਨਾ ਕਰਨ 'ਤੇ ਆਪਣੇ ਬਲਜੀਤ ਸਿੰਘ ਨੂੰ ਬਹੁਤ-ਬਹੁਤ ਵਧਾਈਆਂ।

*ਸੰਪਰਕ : 99963-71716*

# ਅਕਾਲੀਆਂ ਬਾਰੇ ਦੋ-ਤਰਫੀ ਭਰਮ ਪਾਊ ਨੀਤੀ ਵਰਤ ਰਹੀ ਹੈ ਭਾਜਪਾ

**ਦ੍ਰਿਸ਼ਟੀਕੋਣ**

**ਜਤਿੰਦਰ ਪਨੂੰ**

ਅਗਲੇ ਦਿਨ ਪੰਜਾਬ ਦੀ ਭਵਿੱਖ ਦੀ ਰਾਜਨੀਤੀ ਲਈ ਬੜੇ ਫੈਸਲਾਕੁਨ ਸਾਬਤ ਹੋ ਸਕਦੇ ਹਨ। ਬੀਤੇ ਹਫਤੇ ਭਾਰਤੀ ਜਨਤਾ ਪਾਰਟੀ ਦੇ ਪੰਜਾਬ ਪ੍ਰਧਾਨ ਸੁਨੀਲ ਜਾਖੜ ਆਪਣੇ ਇੱਕ ਬਿਆਨ ਨਾਲ ਇਸ ਦਾ ਸੰਕੇਤ ਪੰਜਾਬ ਦੇ ਲੋਕਾਂ ਨੂੰ ਕਾਫੀ ਹੱਦ ਤੱਕ ਪੁਚਾ ਚੁੱਕੇ ਹਨ, ਜਦੋਂ ਉਨ੍ਹਾਂ ਸਪੱਸ਼ਟ ਕਹਿ ਦਿੱਤਾ ਸੀ ਕਿ ਅਗਲੀਆਂ ਚੋਣਾਂ ਲਈ ਅਕਾਲੀ ਦਲ ਨਾਲ ਭਾਜਪਾ ਇੱਕ ਵਾਰ ਫਿਰ ਚੋਣ ਗੱਠਜੋੜ ਕਰ ਸਕਦੀ ਹੈ। ਏਸੇ ਹਫਤੇ ਇਸ ਪਾਰਟੀ ਨੇ ਪੰਜਾਬ ਵਾਸਤੇ ਇੱਕ ਕਾਰਜਕਾਰੀ ਪ੍ਰਧਾਨ ਬਣਾਇਆ ਅਤੇ ਉਸ ਦੀ ਤਾਜਪੋਸ਼ੀ ਵੀ ਕਰ ਦਿੱਤੀ ਤਾਂ ਫਿਰ ਉਸ ਪ੍ਰਧਾਨ ਦਾ ਬਿਆਨ ਆ ਗਿਆ ਕਿ ਭਾਜਪਾ ਦਾ ਅਗਲੀਆਂ ਚੋਣਾਂ ਵਿੱਚ ਅਕਾਲੀਆਂ ਨਾਲ ਗੱਠਜੋੜ ਕਰਨ ਦਾ ਕੋਈ ਖਿਆਲ ਨਹੀਂ। ਬਹੁਤ ਸਾਰੇ ਪੱਤਰਕਾਰਾਂ ਤੇ ਰਾਜਸੀ ਆਗੂਆਂ ਦੇ ਬਿਆਨ ਆਏ ਹਨ ਕਿ ਭਾਜਪਾ ਦਾ ਪ੍ਰਧਾਨ ਤੇ ਨਵਾਂ ਬਣਾਇਆ ਕਾਰਜਕਾਰੀ ਪ੍ਰਧਾਨ ਇੱਕ-ਦੂਸਰੇ ਦੇ ਉਲਟ ਬਿਆਨ ਦਾਗੀ ਜਾਂਦੇ ਹਨ ਅਤੇ ਇਸ ਤੋਂ ਲੱਗਦਾ ਹੈ ਕਿ ਅਕਾਲੀ ਦਲ ਨਾਲ ਸਮਝੌਤਾ ਕਰਨ ਜਾਂ ਨਾ ਕਰਨ ਦੇ ਮੁੱਦੇ ਉੱਤੇ ਪਾਰਟੀ ਅੰਦਰ ਕਾਫੀ ਗਹਿਰੇ ਮੱਤਭੇਦ ਹੋ ਸਕਦੇ ਹਨ। ਬਹੁਤ ਸਾਰੇ ਲੋਕਾਂ ਨੂੰ ਇਹਨਾਂ ਮੱਤਭੇਦ ਇਸ ਵਿੱਚੋਂ ਨਜ਼ਰੀਂ ਪਏ ਹਨ, ਉਹ ਉਨ੍ਹਾਂ ਦਾ ਕਾਰਨ ਕਾਰਜਕਾਰੀ ਪ੍ਰਧਾਨ ਅਸ਼ਵਨੀ ਸ਼ਰਮਾ ਦੇ ਟਕਸਾਲੀ ਭਾਜਪਾਈ ਹੋਣ ਅਤੇ ਸੁਨੀਲ ਜਾਖੜ ਦੇ ਕਾਂਗਰਸੀ ਪਿਛੋਕੜ ਦੀ ਜੜ੍ਹ ਵਿੱਚੋਂ ਲੱਭਦੇ ਹਨ ਅਤੇ ਇਸ ਹੱਦ ਤੱਕ ਚਲੇ ਜਾਂਦੇ ਹਨ ਕਿ ਅਸਲ ਵਿੱਚ ਸੁਨੀਲ ਜਾਖੜ ਦੇ ਖਿਲਾਫ ਪਾਰਟੀ ਵਿੱਚ ਕੋਈ ਕਤਾਰਬੰਦੀ ਹੁੰਦੀ ਪਈ ਹੈ, ਜਿਸ ਦੀ ਝਲਕ ਬਿਆਨਾਂ ਵਿੱਚੋਂ ਮਿਲਦੀ ਹੋ ਸਕਦੀ ਹੈ।

ਅਸਲ ਵਿੱਚ ਦੇਸ਼ ਦੀ ਕਿਸੇ ਗੱਲ ਦੀ ਸੰਭਾਵਨਾ ਬਹੁਤ ਘੱਟ ਹੈ ਅਤੇ ਨਰਿੰਦਰ ਮੋਦੀ ਅਤੇ ਅਮਿਤ ਸ਼ਾਹ ਦੇ ਦੌਰ ਦੀ ਅਜੋਕੀ ਭਾਰਤੀ ਜਨਤਾ ਪਾਰਟੀ ਵਿੱਚ ਕਿਸੇ ਵੀ ਲੀਡਰ ਦੀ ਇਹ ਜੁਰਅਤ ਨਹੀਂ ਕਿ ਕਿਸੇ ਹੋਰ ਪਾਰਟੀ ਵਿੱਚੋਂ ਇਸ ਪਾਰਟੀ ਵਿੱਚ ਨਵੇਂ ਆਏ ਆਗੂ ਦੇ ਪਿਛੋਕੜ ਕਾਰਨ ਉਸ ਦਾ ਵਿਰੋਧ ਕਰ ਸਕੇ। ਭਾਜਪਾ ਦੇ ਕਈ ਸੂਬਿਆਂ ਦੇ ਮੋਹਰੀ ਆਗੂ ਇੱਕ ਜਾਂ ਦੂਸਰੀ ਪਾਰਟੀ ਵਿੱਚੋਂ ਆਏ ਹੋਏ ਬਹੁਤ ਸਾਰੇ ਭਾਜਪਾ ਦੇ ਤਿੱਖੇ ਵਿਰੋਧ ਵਾਲੀ ਧਿਰ ਵਿੱਚੋਂ ਆਏ ਹੋਏ ਅਤੇ ਕਈ ਕੇਂਦਰੀ ਮੰਤਰੀ ਵੀ ਇਹੋ ਜਿਹੇ ਲੋਕ ਬਣੇ ਹੋਏ ਹਨ ਤੇ ਕਦੇ ਤਾਂ ਸਿੱਧਾ ਨਰਿੰਦਰ ਮੋਦੀ ਦੇ ਵਿਰੁੱਧ ਕਿਸੇ ਸਮੇਂ ਬਾਕੀਆਂ ਤੋਂ ਅੱਗੇ ਹੋ ਕੇ ਝੰਡਾ ਚੁੱਕਦੇ ਰਹੇ ਸਨ। ਗੁਜਰਾਤ ਦੇ ਦੰਗਿਆਂ ਪਿੱਛੋਂ ਹਿਮਾਚਲ ਪ੍ਰਦੇਸ਼ ਵਿੱਚ ਛੁੱਟੀ ਕੱਟਣ ਗਏ ਪ੍ਰਧਾਨ ਮੰਤਰੀ ਅਟਲ ਬਿਹਾਰੀ ਵਾਜਪਾਈ ਨੂੰ ਮਿਲਣ ਗਈ ਟੀ ਵੀ ਸੀਰੀਅਲ ਦੀ ਅਦਾਕਾਰਾ ਅਤੇ ਭਾਜਪਾ ਵਿੱਚ ਨਵੀਂ ਆਈ ਇੱਕ ਆਗੂ ਨੇ ਕਿਹਾ ਸੀ ਕਿ ਦੰਗਿਆਂ ਕਾਰਨ ਨਰਿੰਦਰ ਮੋਦੀ ਨੂੰ ਅਸਤੀਫਾ ਦੇਣਾ ਚਾਹੀਦਾ ਹੈ ਅਤੇ ਜੇ ਉਸ ਨੇ ਨਾ ਦਿੱਤਾ ਤਾਂ ਮੈਂ ਉਸ ਖਿਲਾਫ ਮਰਨ ਵਰਤ ਆਰੰਭ ਕਰ ਦਿਆਂਗੀ। ਦਿਨ ਦੋ ਨਹੀਂ ਸਨ ਨਿਕਲੇ ਅਤੇ ਸ਼ੂਟਿੰਗ ਚੱਲਦੀ ਰੋਕ ਕੇ ਵੱਖਰੇ ਕੈਮਰੇ ਉੱਤੇ ਉਸ ਦਾ ਅਫਸੋਸ ਪ੍ਰਗਟ ਕਰਨ ਦਾ ਬਿਆਨ ਲੈਣ ਪਿੱਛੋਂ ਜਾਰੀ ਕੀਤਾ ਗਿਆ ਅਤੇ ਅਗਲੇਰੇ ਦਿਨ ਨਰਿੰਦਰ ਮੋਦੀ ਨੂੰ ਜਦੋਂ ਉਹ ਸਫਾਈ ਦੇਣ ਗਈ ਤਾਂ ਉਸ ਪਿੱਛੋਂ ਕੇਂਦਰ ਦੀ ਮੰਤਰੀ ਬਣਨ ਤੱਕ ਉਹ ਭਾਜਪਾ ਦੀ ਨਵੀਂ ਟੀਮ ਦੀ ਮੋਹਰੀ ਮੈਂਬਰ ਵੀ ਬਣ ਚੁੱਕੀ ਸੀ। ਸਮੇਂ ਦੀ ਮਾਰ ਨਾਲ ਬੇਸ਼ੱਕ ਅੱਜ ਉਹ ਆਪਣਾ ਓਦੋਂ ਵਾਲਾ ਮੋਹਰੀ ਰੁਤਬਾ ਗਵਾ ਚੁੱਕੀ ਹੈ, ਪਰ ਇਸ ਨਾਲ ਕੋਈ ਫਰਕ ਨਹੀਂ ਪੈਂਦਾ, ਉਹਦੇ ਵਰਗੇ ਹੋਰ ਵੀ ਕਈ ਨਰਿੰਦਰ ਮੋਦੀ ਦੇ ਪੱਕੇ ਵਿਰੋਧੀ ਇਸ ਵਕਤ ਭਾਜਪਾ ਦੀ ਕੇਂਦਰੀ ਲੀਡਰਸ਼ਿਪ ਵਿੱਚ ਮੌਜੂਦ ਹਨ ਅਤੇ ਕਈ ਹੋਰ ਏਧਰ ਤੁਰੇ ਆ ਰਹੇ ਹਨ।

ਭਾਜਪਾ ਦੇ ਪੁਰਾਣੇ ਕੁਝ ਆਗੂਆਂ ਨੇ ਸ਼ੁਰੂ ਵਿੱਚ ਪੰਜਾਬ ਵਿੱਚ ਸੁਨੀਲ ਜਾਖੜ ਨਾਲ ਸਹਿਯੋਗ ਤੋਂ ਪਾਸਾ ਵੱਟਿਆ ਤਾਂ ਜਾਖੜ ਨੇ ਅਸਤੀਫਾ ਦੇ ਦਿੱਤਾ ਸੀ, ਉਸ ਨੂੰ ਮਨਾਉਣ ਲਈ ਇੱਕ ਵਿਆਹ ਵੱਲੋਂ ਮੋਦੀ ਸਾਹਿਬ ਜਿੱਦਾਂ ਅਚਾਨਕ ਆਣ ਪਹੁੰਚੇ ਸਨ, ਉਸ ਨੇ ਬਾਕੀ ਸਭ ਨੂੰ ਵੀ ਉਸ ਪਿੱਛੇ ਕਤਾਰਬੰਦ ਹੋਣ ਦਾ ਇਸ਼ਾਰਾ ਕਰ ਦਿੱਤਾ ਸੀ। ਉਸ ਦੇ ਬਾਅਦ ਅਸ਼ਵਨੀ ਸ਼ਰਮਾ ਨੂੰ ਨਾਲ ਲਾਇਆ ਗਿਆ ਤਾਂ ਇਸ ਦਾ ਉਹ ਮਤਲਬ ਨਹੀਂ, ਜਿਹੜਾ ਕਾਹਲੇ ਟਿੱਪਣੀਕਾਰ ਕੱਢਦੇ ਹਨ। ਇਸ ਪਾਰਟੀ ਦੀ ਸ਼ੁਰੂ ਤੋਂ ਇਸ ਤਰ੍ਹਾਂ ਦੀ ਨੀਤੀ ਰਹੀ ਹੈ ਕਿ ਜੋ ਕਰਨਾ ਹੈ, ਉਹ ਸਿਰਫ ਪਾਰਟੀ ਦੀ ਸਥਾਪਤੀ ਦੇ ਵਕਤ ਅਪਣਾਏ ਗਏ ਦਸਤਾਵੇਜ਼ ਵਿੱਚ ਰਹੇਗਾ ਜਾਂ ਇਸ ਪਾਰਟੀ ਪਿੱਛੇ ਕੰਧ ਵਾਂਗ ਖੜ੍ਹੀ ਆਰ ਐੱਸ ਐੱਸ ਦੀ ਟੀਮ ਦੇ ਮਾਰਗ-ਦਰਸ਼ਕਾਂ ਦੀ ਬੈਠਕ ਤੋਂ ਝਲਕੇਗਾ, ਵਿੱਚ-ਵਿਚਾਲੇ ਕੁਝ ਪਾਰਟੀ ਆਗੂ ਕਦੇ-ਕਦੇ ਉਸ ਲੋੜ ਮੁਤਾਬਕ ਬਿਆਨ ਦੇ ਕੇ ਕੁਝ ਕਹਿ ਛੱਡਦੇ ਹਨ, ਸਿਆਸੀ ਨਿੱਤ-ਵਿਹਾਰ ਅਤੇ ਰਾਜਸੀ ਗੱਠਜੋੜਾਂ ਵਿੱਚ ਇਸ ਦੀ ਝਲਕ ਜਾਂ ਅਸਿੱਧਾ ਉਹ ਲੋਕਾਂ ਅੱਗੇ ਪੇਸ਼ ਨਹੀਂ ਹੋਣ ਦੇਂਦੇ। ਭਾਜਪਾ ਨੇ ਬਿਹਾਰ ਵਿੱਚ ਨਿਤੀਸ਼ ਕੁਮਾਰ ਦੇ ਖੰਭ ਕਿਵੇਂ ਕੁਤਰਨੇ ਸਨ ਤੇ ਫਿਰ ਕੁਤਰ ਕੇ ਉਸ ਦਾ ਕੱਦ ਬੌਣਾ ਵੀ ਕਰ ਦਿੱਤਾ ਸੀ, ਇਹ ਗੱਲ ਕਦੀ ਕਿਸੇ ਭਾਜਪਾ ਆਗੂ ਦੇ ਮੂੰਹ ਨਹੀਂ ਸੀ ਕਹੀ ਤੇ ਜਦੋਂ ਤੱਕ ਇਹ ਸਭ ਵਾਪਰ ਨਹੀਂ ਗਿਆ, ਨਿਤੀਸ਼ ਕੁਮਾਰ ਨੂੰ ਇਸ ਦਾ ਅਹਿਸਾਸ ਵੀ ਨਹੀਂ ਸੀ। ਦਹਾਕਿਆਂ ਦੀ ਸਾਂਝ ਰੱਖਣ ਦੌਰਾਨ ਭਾਜਪਾ ਆਗੂਆਂ ਨੇ ਸ਼ਿਵ ਸੈਨਾ ਆਗੂਆਂ ਨੂੰ ਕਦੇ ਅਹਿਸਾਸ ਨਹੀਂ ਸੀ ਹੋਣ ਦਿੱਤਾ ਕਿ ਉਨ੍ਹਾਂ ਦੇ ਪੈਰਾਂ ਹੇਠੋਂ ਕਿਸ ਤਰ੍ਹਾਂ ਜ਼ਮੀਨ ਖਿਸਕੀ ਜਾਂਦੀ ਸੀ ਤੇ ਜਦੋਂ ਝਟਕਾ ਦਿੱਤਾ ਤਾਂ ਉਹ ਸੰਭਲ ਨਹੀਂ ਸੀ ਸਕੇ। ਮਮਤਾ ਬੈਨਰਜੀ ਪੱਛਮੀ ਬੰਗਾਲ ਦੀ ਰਾਜਨੀਤੀ ਵਿੱਚ ਆਪਣੀ ਅਗਲੇ ਲਈ ਭਾਜਪਾ ਨੂੰ ਆਪਣਾ ਸਾਥੀ ਸਮਝਦੀ ਰਹੀ ਤੇ ਭਾਜਪਾ ਉਸ ਨੂੰ ਰਾਜ ਤੋਂ ਲਾਂਭੇ ਭਾਵੇਂ ਪਿਛਲੀ ਵਾਰ ਨਹੀਂ ਕਰ ਸਕੀ, ਪਰ ਅਗਲੀ ਵਾਰ ਉਸ ਦਾ ਜਿੱਤਣਾ ਕਈ ਸਵਾਲੀਆ ਨਿਸ਼ਾਨਾਂ ਹੇਠ ਲਿਆਉਣ ਦਾ ਕੰਮ ਉਹ ਕਰ ਚੁੱਕੀ ਹੈ। ਇਸ ਵਿੱਚ ਮਮਤਾ ਬੈਨਰਜੀ ਦੀ ਭੁੱਲ ਸੀ ਕਿ ਉਹ ਆਪਣੇ ਨਾਲ ਲੱਗੇ ਭਾਜਪਾ ਦੇ ਸੰਪਰਕਾਂ ਨੂੰ ਪਛਾਨਣ ਜੋਗੀ ਸਾਬਤ ਨਹੀਂ ਹੋਈ ਤੇ ਆਪਣਾ ਸੱਜਾ ਹੱਥ ਸ਼ੁਵੇਂਦੂ ਅਧਿਕਾਰੀ ਨੂੰ ਮੰਨਦੀ ਰਹੀ, ਜਿਹੜਾ ਭਾਜਪਾ ਦੀ ਸਾਰੀ ਸਿਆਸੀ ਖੇਡ ਦਾ ਕੇਂਦਰੀ ਮੋਹਰਾ ਹੁੰਦਾ ਸੀ। ਫਿਰ ਸ਼ੁਵੇਂਦੂ ਅਧਿਕਾਰੀ ਉਸ ਪਾਰਟੀ ਦਾ ਉਸ ਰਾਜ ਵਿਚਲਾ ਮੁਖੀ ਆਗੂ ਬਣ ਗਿਆ, ਜਿਸ ਬਾਰੇ ਉਹ ਕਈ ਸਾਲ ਮਮਤਾ ਬੈਨਰਜੀ ਦੇ ਸਹਾਇਕ ਵਜੋਂ ਵਿਰੋਧ ਦਾ ਸਾਂਗ ਕਰਦਾ ਰਿਹਾ ਤੇ ਅੰਦਰੋਂ ਹਰ ਗੱਲ ਭਾਜਪਾ ਦੇ ਦਫਤਰ ਤੋਂ ਤੈਅ ਨੀਤੀ ਮੁਤਾਬਕ ਕਰਦਾ ਅਤੇ ਕਰਵਾਉਂਦਾ ਆਇਆ ਸੀ।

ਪੰਜਾਬ ਦੀ ਹਾਲਤ ਇਸ ਤੋਂ ਵੱਖ ਨਹੀਂ ਸਮਝਣੀ ਚਾਹੀਦੀ। ਏਥੇ ਸੁਨੀਲ ਜਾਖੜ ਜਦੋਂ ਅਕਾਲੀ ਦਲ ਨਾਲ ਜੁੜਨ ਦੀ ਗੱਲ ਕਰਨ ਤਾਂ ਭਾਜਪਾ ਦੀ ਕੇਂਦਰੀ ਲੀਡਰਸ਼ਿਪ ਤੋਂ ਪੁੱਛੇ ਬਿਨਾਂ ਨਹੀਂ ਕਰ ਸਕਦੇ ਤੇ ਅਸ਼ਵਨੀ ਸ਼ਰਮਾ ਵੀ ਅਕਾਲੀ ਦਲ ਨਾਲ ਗੱਠਜੋੜ ਦਾ ਵਿਰੋਧ ਉਤਲੀ ਪ੍ਰਵਾਨਗੀ ਬਿਨਾਂ ਕਦੀ ਨਹੀਂ ਕਰ ਸਕਦੇ। ਅਕਾਲੀ ਲੀਡਰਸ਼ਿਪ ਮੌਜੂਦਾ ਹਾਲਾਤ ਵਿੱਚ ਆਪਣੇ ਘਰ ਦੇ ਝੇੜੇ ਨਜਿੱਠਣ ਜੋਗੀ ਨਹੀਂ ਤੇ ਪ੍ਰਧਾਨਗੀ ਨੂੰ ਚੰਬੜਿਆ ਰਹਿਣ ਲਈ ਸੰਘਰਸ਼ ਕਰਦਾ ਪਿਆ ਇਸ ਦਾ ਪ੍ਰਧਾਨ ਸੁਖਬੀਰ ਸਿੰਘ ਬਾਦਲ ਇਹੋ ਜਿਹੇ ਦਾਅ ਕਦੇ ਸੋਚ ਵੀ ਨਹੀਂ ਸਕਦਾ। ਭਾਜਪਾ ਲੀਡਰਸ਼ਿਪ ਦੀ ਸੋਚੀ-ਸਮਝੀ ਨੀਤੀ ਇਹ ਲੱਗਦੀ ਹੈ ਕਿ ਅਕਾਲੀ ਆਗੂਆਂ ਨੂੰ ਸਮਝੌਤਾ ਹੋਣ ਦਾ ਲਾਲੀਪਾਪ ਵਿਖਾਈ ਜਾਣਾ ਤੇ ਸਪੱਸ਼ਟ ਗੱਲ ਵੀ ਨਹੀਂ ਕਰਨੀ, ਜਦੋਂ ਤੱਕ ਅਗਲੀ ਵਿਧਾਨ ਸਭਾ ਚੋਣ ਨੇੜੇ ਨਹੀਂ ਆ ਜਾਂਦੀ। ਅਗਲੇ ਡੇਢ ਸਾਲ ਦੌਰਾਨ ਹਾਲਾਤ ਕਿੱਧਰ ਜਾਣਗੇ, ਅੱਜ ਦੀ ਘੜੀ ਕੋਈ ਕਹਿ ਨਹੀਂ ਸਕਦਾ, ਪਰ ਭਾਜਪਾ ਲੀਡਰਸ਼ਿਪ ਸਾਰੇ ਬਦਲਾਂ ਬਾਰੇ ਸੋਚ ਕੇ ਚੱਲ ਰਹੀ ਹੈ ਅਤੇ ਫਿਰ ਸਮਝੌਤਾ ਹੋਣ ਜਾਂ ਨਾ ਹੋਣ ਦੀ ਹਾਲਤ ਵਿੱਚ ਕਦੋਂ ਕੀ ਕਰਨਾ ਹੈ, ਇਸ ਬਾਰੇ ਵੀ ਸਪੱਸ਼ਟ ਹੈ।

ਭਾਜਪਾ ਨਾਲ ਜਿਹੜਾ ਪਿਛਲਾ ਗੱਠਜੋੜ ਕਿਸਾਨ ਮੋਰਚੇ ਦੇ ਦਬਾਅ ਹੇਠ ਅਕਾਲੀ ਦਲ ਨੂੰ ਤੋੜਨਾ ਪੈ ਗਿਆ ਸੀ, ਉਸ ਤੋਂ ਪਹਿਲਾਂ ਦੇ ਹਾਲਾਤ ਬਹੁਤੇ ਲੋਕਾਂ ਨੂੰ ਯਾਦ ਨਹੀਂ। ਲੰਮੇ ਸਮੇਂ ਦੀ ਬਦਅਮਨੀ ਤੋਂ ਬਾਅਦ ਪੰਜਾਬ ਮਸਾਂ ਅਮਨ ਦੇ ਰਾਹ ਉੱਤੇ ਮੁੜਿਆ ਸੀ। ਐਮਰਜੈਂਸੀ ਪਿੱਛੋਂ ਜਿੱਦਾਂ ਦੀ ਸਾਂਝ ਅਕਾਲੀ ਦਲ ਅਤੇ ਓਦੋਂ ਵਾਲੀ ਜਨ ਸੰਘ ਤੋੜਨ ਦੇ ਬਾਅਦ ਬਣੀ ਜਨਤਾ ਪਾਰਟੀ ਵਿੱਚ ਭਾਰੂ ਹੋ ਚੁੱਕੇ ਅਜੋਕੇ ਭਾਜਪਾਈਆਂ ਦੀ ਟੀਮ ਨਾਲ ਬਣਾਈ ਗਈ ਸੀ, ਉਸ ਵਾਸਤੇ ਅਕਾਲੀ ਦਲ ਦੀ ਕੇਂਦਰੀ ਲੀਡਰਸ਼ਿਪ ਨੇ ਅੰਦਰਖਾਤੇ ਗੱਲ ਕਾਫੀ ਪਹਿਲਾਂ ਚਲਾ ਲਈ ਸੀ। ਬਾਰਾਂ ਸਾਲ ਹਿੰਦੂਤਵ ਦੇ ਵਿਰੋਧ ਵਾਲੀ ਲਾਈਨ ਉੱਤੇ ਚੱਲਦੀ ਰਹੀ ਅਕਾਲੀ ਲੀਡਰਸ਼ਿਪ ਫਿਰ ਭਾਜਪਾ ਨਾਲ ਸਾਂਝ ਬਾਰੇ ਕਾਫੀ ਕਸ਼ਮਕਸ਼ ਸੀ ਕਿ ਪੰਜਾਬ ਦੇ ਲੋਕ ਇਸ ਤੋਂ ਭੜਕ ਨਾ ਪੈਣ, ਇਸ ਲਈ ਲੋਕ ਸਭਾ ਚੋਣਾਂ ਵੇਲੇ ਉਨ੍ਹਾਂ ਪਹਿਲਾਂ ਭਾਜਪਾ ਨਾਲ ਸਮਝੌਤਾ ਨਹੀਂ ਸੀ ਕੀਤਾ, ਇਸ ਦੀ ਥਾਂ ਬਹੁਜਨ ਸਮਾਜ ਪਾਰਟੀ ਨਾਲ ਕੀਤਾ ਅਤੇ ਉਸ ਨੂੰ ਤਿੰਨ ਸੀਟਾਂ ਛੱਡੀਆਂ ਸਨ। ਉਸ ਚੋਣ ਸਮਝੌਤੇ ਨਾਲ ਉਨ੍ਹਾਂ ਨੇ ਭਾਜਪਾ ਲੀਡਰਸ਼ਿਪ ਕੋਲ ਆਪਣਾ ਆਧਾਰ ਬਚਿਆ ਰਹਿਣ ਦਾ ਸਬੂਤ ਪੇਸ਼ ਕੀਤਾ ਅਤੇ ਫਿਰ ਦਿੱਲੀ ਵਿੱਚ ਇਸ ਸਮਝੌਤੇ ਬਾਰੇ ਇੱਕ ਬੈਠਕ ਤੈਅ ਕੀਤੀ ਸੀ। ਸਾਰੀ ਅਕਾਲੀ ਲੀਡਰਸ਼ਿਪ ਇਕੱਠੀ ਬੈਠੀ ਪ੍ਰਕਾਸ਼ ਸਿੰਘ ਬਾਦਲ ਦੀ ਉਡੀਕ ਕਰਦੀ ਪਈ ਸੀ ਕਿ ਉਹ ਆਵੇ ਤਾਂ ਮੀਟਿੰਗ ਸ਼ੁਰੂ ਕਰੀਏ ਤੇ ਬਾਦਲ ਸਾਹਿਬ ਨੇ ਆਉਂਦੇ ਸਾਰ ਮੀਟਿੰਗ ਸ਼ੁਰੂ ਕਰਨ ਲਈ ਸਮਾਂ ਦਿੱਤੇ ਬਿਨਾਂ ਇਹ ਐਲਾਨ ਕਰ ਦਿੱਤਾ ਸੀ ਕਿ ਉਹ ਭਾਜਪਾ ਨਾਲ ਗੱਠਜੋੜ ਕਰ ਆਏ ਹਨ ਅਤੇ ਉਨ੍ਹਾਂ ਨੂੰ ਵਿਧਾਨ ਸਭਾ ਦੀਆਂ ਤੇਈ ਸੀਟਾਂ ਛੱਡਣ ਤੇ ਚੁਰਾਨਵੇਂ ਆਪ ਲੜਨ ਵਾਲਾ ਸੌਦਾ ਸਿਰੇ ਚੜ੍ਹ ਗਿਆ ਹੈ। ਬਾਕੀਆਂ ਵਿੱਚੋਂ ਇੱਕ ਵੀ ਆਗੂ ਇਸ ਸਮਝੌਤੇ ਬਾਰੇ ਕੋਈ ਕਿੰਤੂ-ਪ੍ਰੰਤੂ ਕਰਨ ਜੋਗਾ ਨਹੀਂ ਸੀ ਰਹਿ ਗਿਆ ਅਤੇ ਉਸ ਦਿਨ ਕੀਤਾ ਸਮਝੌਤਾ ਫਿਰ ਅਗਲੇ ਚੌਵੀ ਸਾਲ ਚੱਲਦਾ ਰਿਹਾ ਸੀ। ਇਸ ਵਕਤ ਭਾਜਪਾ ਫਿਰ ਕਿਸੇ ਉਹੋ ਜਿਹੇ ਮੌਕੇ ਦੀ ਭਾਲ ਵਿੱਚ ਜਾਪਦੀ ਹੈ।

ਅਕਾਲੀ ਦਲ ਪੰਜਾਬ ਵਿੱਚ ਆਪਣੀਆਂ ਉਲਝਣਾਂ ਵਿੱਚ ਫਸਿਆ ਪਿਆ ਹੈ ਅਤੇ ਉਨ੍ਹਾਂ ਦੇ ਦੋਵਾਂ ਮੁੱਖ ਧੜਿਆਂ ਦੀ ਖਿੱਚੋਤਾਣ ਮੁੱਕਣ ਤੱਕ ਉਹ ਕਿਸੇ ਹੋਰ ਧਿਰ ਨਾਲ ਕੋਈ ਸੌਦੇਬਾਜ਼ੀ ਕਰਨ ਦੀ ਸਥਿਤੀ ਵਿੱਚ ਨਹੀਂ। ਭਾਜਪਾ ਆਗੂਆਂ ਨੂੰ ਉਨ੍ਹਾਂ ਦੀ ਇਸ ਮਜਬੂਰੀ ਦਾ ਪਤਾ ਹੋਣ ਕਾਰਨ ਉਹ ਸਮਝੌਤਾ ਕਰਨ ਜਾਂ ਨਾ ਕਰਨ ਦੀ ਚੋਹਲਬਾਜ਼ੀ ਦੌਰਾਨ ਅਸਲ ਵਿੱਚ ਦੋਵਾਂ ਧੜਿਆਂ ਦੀ ਲੀਡਰਸ਼ਿਪ ਨੂੰ ਆਪਸੀ ਗੱਲ ਕਿਸੇ ਸਿਰੇ ਲਾਏ ਬਗੈਰ ਵੱਖ-ਵੱਖ ਇਹ ਗੱਲ ਪੁੱਛਣ ਦੇ ਯਤਨ ਕਰਦੇ ਪਏ ਹਨ ਕਿ ਜੇ ਗੱਲ ਮੁਕਾਉਣੀ ਹੋਵੇ ਤਾਂ ਬਾਕੀਆਂ ਨੂੰ ਛੱਡੋ ਤੇ ਤੁਸੀਂ ਆਪਣੇ ਧੜੇ ਦੀ ਸੀਟਾਂ ਦੀ ਪਸੰਦ ਦੱਸੋ। ਜਿੰਨੀਆਂ ਤੇ ਜਿਹੜੀਆਂ ਸੀਟਾਂ ਵੱਖ-ਵੱਖ ਧੜੇ ਦੱਸਣ ਨੂੰ ਮੂੰਹ ਖੋਲ੍ਹਣਗੇ, ਭਾਜਪਾ ਲੀਡਰਸ਼ਿਪ ਦੂਸਰੇ ਧੜੇ ਤੱਕ ਆਪਣੇ ਢੰਗ ਨਾਲ ਪਹੁੰਚ ਕਰ ਕੇ ਦੱਸੇਗੀ ਕਿ ਤੁਸੀਂ ਗੱਲ ਮੁਕਾਉਣੀ ਹੈ ਤਾਂ ਮੁਕਾਓ, ਦੂਸਰਾ ਧੜਾ ਆਪਣੀ ਪਸੰਦ ਸਾਨੂੰ ਇਨ੍ਹਾਂ ਸੀਟਾਂ ਬਾਰੇ ਦੱਸ ਚੁੱਕਾ ਹੈ। ਪਿਛਲੀਆਂ ਚੋਣਾਂ ਵੇਲੇ ਅਕਾਲੀ ਆਗੂਆਂ ਵਿੱਚ ਜਿੱਦਾਂ ਇੱਕ-ਇੱਕ ਸੀਟ ਦੇ ਕਈ ਦਾਅਵੇਦਾਰ ਸਨ ਅਤੇ ਕਾਗਜ਼ ਭਰਨ ਤੱਕ ਖਿੱਚੋਤਾਣ ਚੱਲਦੀ ਰਹੀ, ਇਸ ਵਾਰੀ ਉਹ ਸਭ ਕੁਝ ਅਗੇਤਾ ਸੰਭਾਲਣ ਦੇ ਆਹਰ ਵਿੱਚ ਲੱਗੇ ਹੋਏ ਹਨ। ਫਿਰ ਜਿਹੋ ਮਾਹੌਲ ਵਿੱਚ ਚਲਾਕ ਜਰਨੈਲ ਦੀ ਨੀਤੀ ਦਾ ਇਹ ਹਰ ਪੈਂਤੜਾ ਸਮਝਿਆ ਜਾਂਦਾ ਹੈ ਕਿ ਜਿਸ ਨਾਲ ਗੱਠਜੋੜ ਕਰਨ ਦੀਆਂ ਸੰਭਾਵਨਾਵਾਂ ਵਰਤਣੀਆਂ ਹਨ, ਉਸ ਅੱਗੇ ਭਰਮ ਤੇ ਭੁਲੇਖੇ ਦੀਆਂ ਏਨੀਆਂ ਤੰਦਾਂ ਵਿਛਾ ਦਿੱਤੀਆਂ ਜਾਣ ਕਿ ਉਹ ਫੈਸਲਾ ਕਰਨ ਦੇ ਸਮੇਂ ਤੱਕ ਮੱਕੜਤੰਦੀ ਵਿੱਚ ਫਸਿਆ ਰਹੇ। ਭਾਜਪਾ ਦੀ ਪੰਜਾਬ ਲੀਡਰਸ਼ਿਪ ਆਪਣੇ ਆਪ ਏਨੀ ਚੁਸਤ ਹੋ ਸਕਦੀ ਹੈ ਜਾਂ ਜਿਵੇਂ ਦੱਸਿਆ ਜਾ ਰਿਹਾ ਹੈ ਕਿ ਦਿੱਲੀ ਤੋਂ ਪੱਧਰ ਦੀ ਤਰ ਨੀਤੀਆਂ ਦੇ ਕੁਝ ਮਾਹਰ ਅਗਵਾਈ ਕਰ ਰਹੇ ਹੋ ਸਕਦੇ ਹਨ, ਪੈਂਤੜਾ ਇਹ ਬੜਾ ਸੋਚਿਆ-ਸਮਝਿਆ ਤੇ ਰਾਜਨੀਤੀ ਦੀ ਅਗੇਤ ਦੀ ਸੋਧ ਤੱਕ ਕਰਨ ਦੇ ਸਮਰੱਥ ਮੰਨਿਆ ਜਾ ਰਿਹਾ ਹੈ। ਪਿਛਲੇ ਦਿਨੀਂ ਕੁਝ ਭਾਜਪਾ ਲੀਡਰਾਂ ਨਾਲ ਨਿੱਜੀ ਪੱਧਰ ਦੀਆਂ ਗੱਲਾਂ ਦੌਰਾਨ ਉਨ੍ਹਾਂ ਨੂੰ ਜਦੋਂ ਇਸ ਬਾਰੇ ਟੁੰਬ ਕੇ ਅਸੀਂ ਪੁੱਛਿਆ ਤਾਂ ਉਹ ਆਪ ਨਹੀਂ ਬੋਲੇ, ਉਨ੍ਹਾਂ ਦੀ ਮੁਸਕਰਾਹਟ ਬੋਲਦੀ ਪਈ ਸੀ।

ਅਸੀਂ ਜਿੰਨਾ ਇਸ ਬੁੱਝੀ ਮੁਸਕਰਾਹਟ ਨੂੰ ਸਮਝਣ ਦਾ ਯਤਨ ਕੀਤਾ ਅਤੇ ਜਿਨ੍ਹਾਂ ਨਾਲ ਗੱਲ ਕੀਤੀ ਹੈ, ਸਭਨਾਂ ਦੀ ਧਾਰਨਾ ਇਹੀ ਹੈ ਕਿ ਭਾਜਪਾ ਇਸ ਵਕਤ ਅਕਾਲੀਆਂ ਦੇ ਫਸੇ ਹੋਣ ਦਾ ਲਾਹਾ ਅਗੇਤਾ ਲੈ ਲੈਣਾ ਚਾਹੁੰਦੀ ਹੈ।

# ਠੰਢੀਆਂ-ਮਿੱਠੀਆਂ ਛਾਵਾਂ, ਨਿੰਮ ਤੇ ਬੋਹੜ ਦੀਆਂ

**ਡਾਇਰੀ ਦਾ ਪੰਨਾ**

**ਹੀਰਾ ਸਿੰਘ ਤੂਤ**

ਘਰ ਦੀਆਂ ਸਾਰੀਆਂ ਕੰਧਾਂ ਕੱਚੀਆਂ ਸਨ। ਕੱਚਾ ਵਿਹੜਾ ਸੀ। ਇੱਕ ਪਾਸੇ ਤੂੜੀ ਵਾਲਾ ਤੇ ਪਸ਼ੂ ਬੰਨ੍ਹਣ ਵਾਲਾ ਕੱਚਾ ਕੋਠਾ। ਸਾਡੀ ਮਾਤਾ ਵਿਹੜੇ ਵਾਲੀ ਮਾਮੀ ਦੀਪੋ ਨੂੰ ਬੁਲਾ ਕੇ ਗੋਹਾ-ਮਿੱਟੀ ਫੇਰਦੀ। ਗੋਹੇ ਅਤੇ ਚੀਕਣੀ ਮਿੱਟੀ ਦੇ ਮਿਸ਼ਰਣ 'ਚੋਂ ਇੱਕ ਅਲੱਗ ਤਰ੍ਹਾਂ ਦੀ ਮਹਿਕ ਆਉਂਦੀ। ਵਿਹੜਾ ਸਾਫ-ਸੁਥਰਾ ਲੱਗਦਾ। ਕੋਈ ਆਖਦੀ ਤੁਹਾਡੇ ਘਰ ਤਾਂ ਇੰਨੀ ਸਫਾਈ ਹੈ, ਜੋ ਕਿ ਪੱਕੇ ਘਰਾਂ ਵਿੱਚ ਨਹੀਂ ਹੁੰਦੀ। ਭਾਵੇਂ ਥੱਲੇ ਬਹਿ ਕੇ ਖਾ ਲਓ।ਬਹੁਤ ਵਾਰ ਇਹ ਗੱਲ ਪਰਤਿਆਈ ਸੀ ਕਿ ਜਿਸ ਦਿਨ ਵਿਹੜੇ ਵਿੱਚ ਗੋਹਾ-ਮਿੱਟੀ ਫਿਰਨੀ ਤਾਂ ਮੀਂਹ ਆ ਜਾਣਾ। ਅਲੋਕਾਰ ਜਿਹੀ ਗੱਲ ਸੀ। ਇਹ ਹਰ ਵਾਰ ਇਸ ਤਰ੍ਹਾਂ ਹੀ ਵਾਪਰਦਾ।

ਫਿਰ ਸਮਾਂ ਬੀਤਿਆ, ਕੰਧਾਂ ਪੱਕੀਆਂ ਹੋ ਗਈਆਂ। ਲੋਹੇ ਦਾ ਗੇਟ ਬਣ ਗਿਆ। ਇੱਕ ਨਿੰਮ ਦਾ ਰੁੱਖ ਪੰਦਰਾਂ ਕੁ ਫੁੱਟ ਵਿਹੜੇ ਅਤੇ ਗੇਟ ਦੇ ਬਿਲਕੁਲ ਵਿਚਕਾਰ ਸੀ। ਇੱਥੇ ਮੱਝਾਂ-ਕੱਟੀਆਂ ਬੰਨ੍ਹੀਆਂ ਜਾਂਦੀਆਂ। ਬੜੀ ਗੂੜ੍ਹੀ ਛਾਂ ਹੁੰਦੀ ਸੀ।ਮੈਨੂੰ ਇਸ ਦੇ ਜਾਮਣੀ-ਚਿੱਟੇ ਫੁੱਲ ਬੜੇ ਮਨਮੋਹਣੇ ਲੱਗਦੇ। ਅਸੀਂ ਇਸ ਦੇ ਮੁੱਢ ਪਾਣੀ ਪਾਉਂਦੇ। ਪੂਦਨਾ ਬੀਜਦੇ, ਕੱਦੂ, ਅੱਲਾਂ ਦੀਆਂ ਵੇਲਾਂ ਲਾਉਂਦੇ। ਵੇਲਾਂ ਨੂੰ ਧਾਗੇ ਬੰਨ੍ਹ ਕੇ ਨਿੰਮ 'ਤੇ ਚਾੜ੍ਹਦੇ। ਉਦੋਂ ਤਾਂ ਸੋਸ਼ਲ ਮੀਡੀਆ ਨਹੀਂ ਹੁੰਦਾ ਸੀ, ਪਰ ਕਿਸੇ ਅਫਵਾਹ ਨੂੰ ਫੈਲਣ ਲਈ ਦੇਰ ਨਹੀਂ ਲੱਗਦੀ ਸੀ। ਉਦੋਂ ਇੱਕ ਇਹ ਅਫਵਾਹ ਫ਼ੈਲੀ ਸੀ ਕਿ ਜਿਨ੍ਹਾਂ ਦੇ ਘਰ ਵੇਲਾਂ ਲੱਗੀਆਂ ਹਨ ਤੇ ਉਹਨਾਂ 'ਤੇ ਜੇ ਸੱਪਾਂ ਦੀਆਂ ਲਕੀਰਾਂ ਹੋਣ ਤਾਂ ਪੁੱਟ ਦਿਓ। ਇਹ ਸਮਾਂ ਭਰਾਵਾਂ 'ਤੇ ਭਾਰੀ ਹੈ। ਜਿਹਨਾਂ ਦੇ ਘਰਾਂ 'ਚ ਵੇਲਾਂ ਸਨ, ਉਹਨਾਂ ਪੁੱਟ-ਪੁੱਟ ਕੇ ਸੁੱਟ ਦਿੱਤੀਆਂ ਸਨ। ਅਸੀਂ ਵੀ ਪੁੱਟ ਦਿੱਤੀਆਂ। ਸੱਚਮੁੱਚ ਹੀ ਵੇਲਾਂ ਉਪਰ ਸੱਪਾਂ ਦੀਆਂ ਅਕਿਰਤੀਆਂ ਨਜ਼ਰ ਆ ਰਹੀਆਂ ਸਨ। ਬਹੁਤ ਸਾਰੀਆਂ ਅਫ਼ਵਾਹਾਂ ਫੈਲਦੀਆਂ, ਲੋਕ ਸਹਿਮ ਜਾਂਦੇ। ਕਦੇ ਕਾਲੇ ਕੱਛਿਆਂ ਵਾਲਿਆਂ ਦਾ ਰੌਲਾ ਪੈ ਜਾਂਦਾ। ਪਿੰਡ ਵਿੱਚ ਪਹਿਰੇ ਲੱਗਦੇ ਤੇ ਇੱਕ ਦਿਨ ਹਨੇਰੀ ਨਾਲ ਨਿੰਮ ਦਾ ਰੁੱਖ ਟੁੱਟ ਗਿਆ। ਗੇਟ ਉੱਪਰ ਡਿੱਗ ਗਿਆ। ਗੇਟ ਦਾ ਨੁਕਸਾਨ ਨਹੀਂ ਹੋਇਆ, ਪਰ ਉਸ ਉਪਰ ਲੱਗਿਆ ਇੱਕ ਤੀਰ ਜਿਹਾ ਟੁੱਟ ਗਿਆ ਸੀ, ਜੋ ਹਾਲੇ ਤੱਕ ਟੁੱਟਾ ਹੈ। ਉਸ ਨੂੰ ਅਜੇ ਤੱਕ ਨਾ ਵੈਲਡਿੰਗ ਕਰਾਇਆ, ਨਾ ਹੀ ਜੋੜਿਆ ਗਿਆ ਹੈ।

ਮੈਂ ਫਿਰ ਘਰ ਸਾਹਮਣੇ ਸਕੂਲ ਦੀ ਨਿੰਮ ਹੇਠ ਚਲਿਆ ਜਾਂਦਾ। ਨਿੰਮ ਦੋ-ਫਾੜ ਸੀ। ਮੋਟੇ-ਮੋਟੇ ਟਾਹਣੇ ਸਨ। ਅਸੀਂ ਇਸ ਉੱਪਰ ਚੜ੍ਹ ਕੇ ਝੂਟੇ ਲੈਂਦੇ। ਜਦ ਇਸ ਦੀਆਂ ਨਮੋਲੀਆਂ ਪੱਕ ਜਾਂਦੀਆਂ ਤਾਂ ਮਿੱਠੀਆਂ ਹੋ ਜਾਂਦੀਆਂ। ਅਸੀਂ ਖਾਂਦੇ ਵੀ ਰਹੇ ਸੀ। ਬਜ਼ੁਰਗ ਆਖਦੇ ਜੇ ਖਾਓਗੇ ਤਾਂ ਫੋੜਾ-ਫਿਨਸੀ ਨ੍ਹੀਂ ਨਿਕਲਦੀ ਹੈ। ਇੱਕ ਬੋਹੜ ਵੀ ਸੀ। ਗਰਮੀਆਂ ਵਿੱਚ ਇੱਥੇ ਲੋਕ ਪਸ਼ੂਆਂ ਦੇ ਕਿੱਲੇ ਗੱਡ ਜਾਂਦੇ। ਬਿਜਲੀ ਦਾ ਬੁਰਾ ਹਾਲ ਹੁੰਦਾ। ਲੋਕ ਮੰਜੇ ਡਾਹ ਕੇ ਦੁਪਹਿਰਾ ਕੱਟਦੇ। ਚਾਹ ਵੇਲੇ ਘਰ ਵਾਪਸ ਆ ਜਾਂਦੇ। ਆਥਣ ਵੇਲੇ ਵਿਹੜੇ ਵਿੱਚ ਪਾਣੀ ਛਿੜਕਦੇ। ਇੱਕ ਪੱਖਾ ਤੇ ਪੰਜ-ਸੱਤ ਮੰਜੇ ਡਹਿੰਦੇ। ਕੋਈ ਪੱਖਾ ਸੱਜੇ ਘੁੰਮਾਉਂਦਾ, ਕੋਈ ਖੱਬੇ ਘੁੰਮਾਉਂਦਾ। ਅੱਧੀ ਰਾਤ ਨੂੰ ਫਿਰ ਬਿਜਲੀ ਦਾ ਕੱਟ ਲੱਗ ਜਾਂਦਾ। ਨਲਕਾ ਗੇੜ ਕੇ ਨਹਾਉਂਦੇ। ਨਹਾ ਕੇ ਫਿਰ ਪੈ ਜਾਂਦੇ। ਡੰਗਰਾਂ ਨੂੰ ਗਿੱਲੇ-ਸੁੱਕੇ ਘਾਹ ਦਾ ਧੂਣਾ ਬਾਲਦੇ। ਮੱਛਰ ਤੰਗ ਨਾ ਕਰਦਾ। ਦਿਨ ਵੇਲੇ ਲਹੂ-ਪੀਣੀਆਂ ਮੱਖੀਆਂ ਮੱਝਾਂ ਦਾ ਲਹੂ ਚੂਸਦੀਆਂ। ਅਸੀਂ ਚੱਪਲਾਂ ਨਾਲ ਲੱਭ-ਲੱਭ ਕੇ ਉਹਨਾਂ ਨੂੰ ਮਾਰਦੇ। ਖੁੱਡਾਂ ਵਿੱਚੋਂ ਟੀ-ਟੀ ਕਰਨ ਵਾਲੀਆਂ ਮੱਖੀਆਂ ਫੜਦੇ ਤੇ ਕੰਨਾਂ ਨਾਲ਼ ਲਗਾ ਕੇ ਸੁਣਦੇ।

ਫਿਰ ਪੰਚਾਇਤ ਵੱਲੋਂ ਬਹੁਤ ਸਾਰੇ ਰੁੱਖ ਕੱਟ ਦਿੱਤੇ ਗਏ। ਦੋ ਬੋਹੜ ਹੀ ਬਚੇ ਸਨ। ਪਿੰਡ ਵਿੱਚ ਇਥੇ ਹੀ ਪਸ਼ੂ ਬੈਠਦੇ। ਇਥੇ ਅਸੀਂ ਤਾਸ਼ ਖੇਡਦੇ। ਭਾਬੀ-ਦਿਓਰ ਦੀ ਖੇਡ ਖੇਡਦੇ। ਕੋਟ ਕਰਨ ਤੇ ਕੱਚ ਦੀਆਂ ਗੋਲੀਆਂ ਨਾਲ ਜੂਆ ਵੀ ਖੇਡਦੇ। ਖ਼ੁੱਤੀ ਪਾਉਣਾ, ਕਲੀ-ਜੋਟਾ ਤੇ ਪੇਲ-ਚੋਟ ਆਦਿ ਖੇਡਾਂ ਖੇਡਦੇ। ਮੈਨੂੰ ਦੁਧੀਆ ਰੰਗ ਦੀਆਂ ਚਿੱਟੀਆਂ ਗੋਲੀਆਂ ਬਹੁਤ ਵਧੀਆ ਲੱਗਦੀਆਂ। ਉਦੋਂ ਉਹ ਇੱਕ ਰੁਪਏ ਦੀਆਂ ਚਾਰ ਆਉਂਦੀਆਂ ਸਨ। ਯਾਨੀ ਕਿ ਚੁਆਨੀ ਦੀ ਇੱਕ। ਇੱਕ ਵੱਡੀ ਗੋਲੀ ਹੁੰਦੀ ਸੀ, ਜਿਸ ਨੂੰ 'ਲਾਚਾ' ਕਿਹਾ ਜਾਂਦਾ ਸੀ। ਬੋਹੜ ਉੱਪਰ ਗੜ੍ਹਕਾਲਾ-ਲੱਕੜ ਖੇਡਦੇ। ਛਿੱਤਰ-ਕੁੱਟ ਦੀ ਖੇਡ ਵੀ ਖੇਡਦੇ। ਆਥਣ ਵੇਲੇ ਲੱਲਾ-ਰੋਕ ਖੇਡਦੇ। ਛੁੱਟੀਆਂ ਦਾ ਕੰਮ ਕਰਦੇ। ਨਾ ਕੋਈ ਗਰਮੀ ਲੱਗਦੀ। ਨਾ ਕੋਈ ਸਰਦੀ। ਸ਼ਾਮ ਨੂੰ ਡੰਗਰ ਚਾਰਦੇ ਤੇ ਛੱਪੜ ਵਿੱਚ ਹੀ ਨਹਾ ਲੈਂਦੇ। ਉਦੋਂ ਸੂਏ ਦਾ ਪਾਣੀ ਪਾ ਕੇ ਛੱਪੜ ਭਰੇ ਜਾਂਦੇ ਸਨ। ਪਾਣੀ ਨਿੱਤਰ ਕੇ ਸਾਫ਼ ਹੋ ਜਾਂਦਾ ਸੀ।

ਇੱਕ ਵਾਰ ਤਾਸ਼ ਖੇਡਦਿਆਂ ਚਾਚਾ ਮੰਦਰ ਆ ਗਿਆ। ਆਖਣ ਲੱਗਾ, ਭਲਾਂ ਦੱਸੀਂ! ਤੇਰੀ ਮੱਝ ਕਿੱਥੇ ਆ! ਮੈਂ ਦੇਖਿਆ ਕਿ ਮੱਝ ਉਹਨਾਂ ਦੇ ਝੋਨੇ 'ਚ ਸੀ। ਮੈਂ ਖੇਡਣ 'ਚ ਮਸਤ ਹੋ ਗਿਆ ਸੀ। ਫੇਰ ਕੀ ਉਹ ਜੁੱਤੀ ਲਾਹ ਕੇ ਮੇਰੇ ਮਗਰ ਭੱਜਿਆ ਤੇ ਮੈਂ ਅੱਗੇ-ਅੱਗੇ।ਉਹ ਘਰ ਉਲਾਂਭਾ ਦੇ ਗਿਆ। ਏਧਰ ਘਰੋਂ ਵੀ ਖੰਡ ਪੈਗੀ ਸੀ।

ਕਈ ਵਾਰੀ ਸਰਕਲ ਕਬੱਡੀ ਵੀ ਖੇਡਦੇ। ਇੱਕ ਦਿਨ ਫੁੱਟਬਾਲ ਖੇਡਦੇ ਸੀ ਤੇ ਪਿੰਡ ਦੇ ਇੱਕ ਮੁੰਡੇ ਦੀ ਲੱਤ ਟੁੱਟ ਗਈ। ਫਿਰ ਸਾਰਿਆਂ ਨੇ ਫੁੱਟਬਾਲ ਖੇਡਣਾ ਬੰਦ ਕਰ ਦਿੱਤਾ। ਡਾਂਗਾਂ-ਸੋਟੀਆਂ ਨਾਲ਼ ਹਾਕੀ ਖੇਡਦੇ। ਲਿਫਾਫ਼ੇ ਸਾੜ ਕੇ ਮੋਟੀ ਗੇਂਦ ਤਿਆਰ ਕਰਦੇ। ਉਹ ਕਾਲੇ ਰੰਗ ਦੀ ਇੱਕ ਗੋਲਾ ਬਣ ਜਾਂਦੀ, ਜੋ ਕਿ ਬਹੁਤ ਸਖਤ ਹੁੰਦੀ। ਕਈ ਵਾਰੀ ਗੋਡਿਆਂ-ਗਿੱਟਿਆਂ 'ਤੇ ਵੀ ਵੱਜਦੀ। ਸਾਡੀ ਇਹ ਦੇਸੀ ਹਾਕੀ ਖੇਡ ਹੁੰਦੀ।

ਹੁਣ ਸੋਚਦਾ ਹਾਂ ਕਿ ਉਦੋਂ ਗਰਮੀ ਘੱਟ ਸੀ ਜਾਂ ਸਹਿਣਸ਼ੀਲਤਾ ਵੱਧ ਸੀ।ਹੁਣ ਦੇ ਬੱਚੇ ਇਹ ਸਮਾਂ ਸ਼ਾਇਦ ਨਹੀਂ ਵੇਖਦੇ ਹੋਣਗੇ। ਹੁਣ ਹਰ ਕਮਰੇ ਵਿੱਚ ਪੱਖਾ ਹੈ। ਕੂਲਰ ਹੈ। ਏ.ਸੀ ਹੈ, ਪਰ ਗਰਮੀ-ਗਰਮੀ ਫਿਰ ਵੀ ਸਾਰੇ ਕਰੀ ਜਾਂਦੇ ਨੇ। ਪੇਂਡੂ ਖੇਡਾਂ ਅਲੋਪ ਹੋ ਗਈਆਂ ਹਨ। ਸਾਰੀਆਂ ਖੇਡਾਂ ਮੋਬਾਈਲ ਖਾ ਗਿਆ ਹੈ। ਬੱਚੇ ਦਾ ਸਰੀਰਕ ਵਿਕਾਸ ਰੁਕ ਗਿਆ ਹੈ। ਗੱਭਰੂਆਂ ਦੇ ਲੱਕ ਸ਼ਿਕਾਰੀ ਕੁੱਤਿਆਂ ਵਰਗੇ ਹੋਏ ਪਏ ਹਨ। ਕੁੜੀਆਂ ਦਾ ਕੱਦ ਪੰਜ ਫੁੱਟ ਦਾ ਰਹਿ ਗਿਆ ਹੈ। ਨੌਜਵਾਨ ਪੀੜ੍ਹੀ ਨੂੰ ਬੱਸ ਜਹਾਜ਼ ਤੇ ਪ੍ਰਵਾਸ ਨਜ਼ਰ ਆ ਰਿਹਾ ਹੈ। ਅੱਜ ਬੱਚੇ ਨੂੰ ਕਹੋ ਕਿ ਜਾਹ ਨਿੰਮ ਜਾਂ ਬੋਹੜ ਦੀ ਛਾਂ ਵਿੱਚ ਘੜੀ-ਪਲ ਆਰਾਮ ਕਰ ਆਓ, ਤਾਂ ਉਹ ਕਦੇ ਨਹੀਂ ਜਾਣਗੇ ਜਾਂ ਤਪਦੀ ਰੇਤ 'ਤੇ ਨੰਗੇ ਪੈਰ ਤੁਰ ਕੇ ਵਿਖਾਓ। ਪੱਠਿਆਂ ਦੀ ਪੰਡ ਨੂੰ ਸਿਰ 'ਤੇ ਚੁੱਕ ਕੇ, ਲਿਆ ਕੇ ਦਿਖਾਓ। ਪੱਠੇ ਕੁਤਰ ਕੇ ਵਿਖਾਓ।ਮੰਜਾ ਸਿਰ 'ਤੇ ਚੁੱਕ ਕੇ, ਲਿਆ ਕੇ ਦਿਖਾਓ। ਚੱਕੀ ਉੱਤੇ ਪੀਹਣ ਸਿੱਟ ਕੇ ਆਓ। ਮੱਝਾਂ ਨੂੰ ਨਲਕਾ ਗੇੜ ਕੇ ਪਾਣੀ ਪਿਆਓ ਤੇ ਨਹਾਓ। ਸ਼ਾਇਦ ਇਹ ਕੰਮ ਕੋਈ ਨਹੀਂ ਕਰੇਗਾ। ਜਿਸ ਪੀੜ੍ਹੀ ਨੂੰ ਸਭ ਕੁਝ ਬਣਿਆ-ਬਣਾਇਆ ਮਿਲ ਜਾਵੇ, ਉਹ ਆਲਸੀ ਹੋ ਜਾਂਦੀ ਹੈ। ਮੈਨੂੰ ਤਾਂ ਯਾਦ ਰਹਿਣਗੀਆਂ ਬੋਹੜ ਤੇ ਨਿੰਮ ਦੀਆਂ ਠੰਢੀਆਂ ਮਿੱਠੀਆਂ ਛਾਂਵਾਂ। ਨਾਲ਼ੇ ਮੇਰਾ ਬਚਪਨ।

ਮੋਬਾ. 98724-55994

# ਗਿਰਗਿਟ ਵੀ ਹੋਏ ਹੈਰਾਨ, ਜਦੋਂ ਤੂੰ ਰੰਗ ਬਦਲੇ

**ਸ਼ੀਸ਼ੇ ਦੇ ਵੱਲ ਦੇਖ ਨਾ ਹੋਵੇਂ-25**

**ਸੁਰਜੀਤ ਸੁਮਨ**

ਜਦੋਂ ਕਿਤੇ ਕੋਈ ਇਹ ਕਹਿੰਦਾ, 'ਬਈ ਫਲਾਣਾ ਸਿਆਸਤਨਦਾਨ ਬੜਾ ਇਮਾਨਦਾਰ ਐ' ਉਦੋਂ ਈ ਤਾਇਆ ਆਤਮਾ ਸਿੰਘ ਦੇ ਚਿਹਰੇ 'ਤੇ ਵਿਅੰਗਮਈ ਜ਼ਹਿਰੀ ਮੁਸਕਾਨ ਫੈਲ ਜਾਇਆ ਕਰਦੀ ਸੀ।ਰਮਜ਼, ਸੈਨਤ, ਡੰਗ ਤੇ ਚੋਭਾਂ ਓਹਦੀ ਬੋਲ-ਬਾਣੀ ਵਿੱਚ ਆਪ-ਮੁਹਾਰੇ ਤਾਰੀ ਹੋ ਜਾਂਦੀਆਂ।ਓਹਦੀ ਓਸ ਮੁਸਕਾਨ ਨੂੰ ਹਰ ਕੋਈ ਨਹੀਂ ਸੀ ਪੜ੍ਹ ਸਕਦਾ ਹੁੰਦਾ। ਬੱਸ ਉਸ ਦੇ ਇੱਕ ਦੋ ਸੱਜਣ-ਬੇਲੀ ਹੀ ਸਮਝਦੇ ਸਨ, ਇਸ ਦਾ ਰਹੱਸ। ਹੌਲ਼ੀ ਹੌਲ਼ੀ ਉਸ ਦਾ ਇਹ ਰਹੱਸ ਸਾਡੇ ਅੱਗੇ ਖੁਲ੍ਹਣ ਲੱਗਦਾ ਤਾਂ ਮੈਂ ਵੀ ਅਸ਼ ਅਸ਼ ਕਰ ਉੱਠਦਾ। ਸਾਹਮਣੇ ਜੋ ਦਿਸਦਾ ਹੈ, ਉਹ ਸਿਆਸਤ ਨਹੀਂ ਹੁੰਦਾ। ਉਸ ਦਿਸਦੇ ਦੀ ਤਹਿ ਜਾਂ ਡੂੰਘਾਣ ਵਿੱਚ ਜੋ ਕੁਝ ਅਣਦਿਸਦਾ ਪਿਆ ਹੁੰਦਾ ਹੈ, ਉਹ ਸਿਆਸਤ ਹੁੰਦਾ ਹੈ।ਸਿਆਸਤ ਨਜ਼ਰ ਹੀ ਆ ਜਾਵੇ ਤਾਂ ਉਹ ਕਾਹਦੀ ਸਿਆਸਤ? ਹਜ਼ਾਰਾਂ ਪਰਦਿਆਂ ਦੇ ਕੱਜਣ ਵਿੱਚ ਕੱਜੀ ਸਿਆਸਤ ਲੋੜਾਂ ਦੀ ਵਹਿੰਗੀ 'ਤੇ ਸਵਾਰ ਹੋ ਕੇ ਆਉਂਦੀ ਹੈ।ਸਿਆਸਤ ਉਂਝ ਲੱਖਾਂ ਭੇਤਾਂ ਨੂੰ ਅੰਦਰੇ-ਅੰਦਰ ਹਜ਼ਮ ਕਰ ਲੈਣ ਦਾ ਮਾਦਾ ਰੱਖਦੀ ਹੈ।ਸਿਆਸਤ ਨੂੰ ਸਮਝਣ-ਸਮਝਾਉਣ ਲਈ ਤਾਇਆ ਆਤਮਾ ਸਿੰਘ ਨੇ ਉਦੋਂ ਇੱਕ ਕਥਾ ਛੋਹੀ ਸੀ, 'ਮੁਰਲੀਧਰ ਤੇ ਬੰਸੀਵਾਲ਼ਾ ਹੋ ਗੁਜ਼ਰਨ ਬਾਅਦ ਸੁਦਰਸ਼ਨ ਧਾਰਨ ਕਰਨ ਵਾਲ਼ੇ ਸ੍ਰੀ ਕ੍ਰਿਸ਼ਨ ਤੋਂ ਵੱਡਾ ਸਿਆਸਦਾਨ ਹਾਲੇ ਤੱਕ ਕਿਧਰੇ ਪੈਦਾ ਨਹੀਂ ਹੋਇਆ। ਅਨੁਭਵੀ, ਜਾਣੀ-ਜਾਣ।ਦਿੱਬ ਦ੍ਰਿਸ਼ਟੀ ਦੇ ਮਾਲਕ। ਵੱਡੇ ਤੋਂ ਵੱਡਾ ਯੋਧਾ ਵੀ ਉਨ੍ਹਾਂ ਦੀ ਸਿਆਸਤ ਨੂੰ ਸਮਝ ਨਾ ਸਕਿਆ। ਸੁਣੋ, ਮਹਾਰਾਜਾ ਛੱਲਿਆ, ਨਕੁਲ-ਸਹਿਦੇਵ ਦਾ ਮਾਮਾ ਸੀ ਨਾ। ਉਸ ਨੂੰ ਕੂਟਨੀਤੀ ਤਹਿਤ ਕੌਰਵਾਂ ਦੇ ਖੇਮੇ ਵਿੱਚ ਪ੍ਰਵੇਸ਼ ਕਰਵਾਇਆ ਗਿਆ। ਫਿਰ ਮਹਾਰਾਜਾ ਛੱਲਿਆ ਨੂੰ ਅੰਗਰਾਜ ਕਰਣ ਦਾ ਸਾਰਥੀ ਨਿਯੁਕਤ ਕਰਵਾਉਣ ਪਿੱਛੇ ਜੋ ਦਿੱਬ ਦ੍ਰਿਸ਼ਟੀ ਦੀ ਲੀਲਾ ਕੰਮ ਕਰ ਰਹੀ ਸੀ, ਉਹ, ਸ੍ਰੀ ਕ੍ਰਿਸ਼ਨ ਦੀ ਹੀ ਸੀ। ਮਹਾਰਾਜਾ ਛੱਲਿਆ, ਅੰਗਰਾਜ ਕਰਣ ਦਾ ਸਾਰਥੀ ਹੁੰਦਿਆਂ ਮੈਦਾਨ-ਏ-ਕੁਰੁਖੇਤਰ ਵਿੱਚ ਕਿੰਝ ਉਸ ਨੂੰ ਮਾਨਸਿਕ ਤੌਰ 'ਤੇ ਤੋੜਦਾ ਰਿਹਾ, ਜ਼ਿਬਾਹ ਕਰਦਾ ਰਿਹਾ, ਪਾਂਡਵਾਂ ਲਈ ਉਹ ਆਪਣੇ ਆਪ ਹੀ ਇਸ ਕੂਟਨੀਤੀ ਦੇ ਗਿਆਨ ਸ਼ਾਸਤਰ ਦੀ ਵਿਸ਼ੇਸ਼ ਔਸ਼ਧੀ ਹੋ ਨਿਬੜਿਆ। ਹੋਰ ਸੁਣੋ, ਇਹ ਸ੍ਰੀ ਕ੍ਰਿਸ਼ਨ ਹੀ ਸਨ, ਜਿਨ੍ਹਾਂ ਇੱਕੋ ਝਟਕੇ ਵਿੱਚ ਪਾਂਡਵਾਂ ਦੇ ਨਾਲ਼ ਨਾਲ਼ ਕੌਰਵਾਂ ਨਾਲ਼ ਵੀ ਆਪਣੇ ਸਬੰਧਾਂ ਨੂੰ ਪੁਗਾਇਆ। ਉਨ੍ਹਾਂ ਜਿਵੇਂ ਹੀ ਆਪਣਾ-ਆਪਾ ਪਾਂਡਵਾਂ ਨੂੰ ਸਮਰਪਿਤ ਕਰ ਦਿੱਤਾ ਤੇ ਫਿਰ ਆਪਣੀ ਪੂਰੀ ਨਰਾਇਣੀ ਸੈਨਾ ਨੂੰ ਕੌਰਵਾਂ ਦੇ ਖੇਮੇ ਵਿੱਚ ਭੇਜਿਆ, ਅਜਿਹੀ ਮਿਸਾਲ ਹੋਰ ਕਿਧਰੇ ਨਹੀਂ ਮਿਲ਼ਦੀ? ਸਮਝੇ ਕੁਝ? ਇਸ ਤਰ੍ਹਾਂ ਕਰਨ ਨਾਲ਼ ਨਰਾਇਣੀ ਸੈਨਾ ਦਾ ਸਮੁੱਚਾ ਖਰਚ ਕੌਰਵਾਂ ਨੂੰ ਉਠਾਉਣਾ ਪਿਆ।ਇਹ ਹੈ ਸਿਆਸਤ ਦੀ ਸਿਖਰ। ਸੋ ਪਿਆਰਿਓ, ਸਮਾਂ ਬਦਲਦਾ ਰਹਿੰਦਾ ਹੈ, ਨਾ ਧਰਮ ਬਦਲਦਾ ਹੈ ਤੇ ਨਾ ਹੀ ਸਿਆਸਤ।'ਏਨਾ ਆਖ ਤਾਇਆ ਆਤਮਾ ਸਿੰਘ ਨੇ ਆਪਣੇ ਦੋਵਾਂ ਬੇਲੀਆਂ ਖੁਸ਼ੀ ਰਾਮ ਤੇ ਸੰਤਾ ਸਿੰਘ ਵੱਲ ਖਚਰਾ ਜਿਹਾ ਹਾਸਾ ਸੁੱਟਦਿਆਂ ਖੱਬੇ ਹੱਥ ਨਾਲ਼ ਪੱਗ ਦਾ ਲੜ ਸੰਵਾਰਿਆ ਸੀ। ਸੋਚਦਾ ਹਾਂ, ਕੀ ਅੱਜ ਦੇ ਸਿਆਸਤਦਾਨ ਵੀ ਇੰਝ ਦਾ ਵਿਹਾਰ ਹੀ ਕਰਦੇ ਹਨ? ਸਿਆਸਤ ਜਿਵੇਂ ਨਚਾਈ ਜਾਂਦੀ, ਦੁਨੀਆਂ ਨੱਚੀ ਜਾਂਦੀ ਏ। ਹਰ ਬੰਦਾ ਸਿਆਸੀ ਏ। ਇੱਥੇ ਹਰ ਬੰਦਾ ਆਪਣੀਆਂ-ਆਪਣੀਆਂ ਗੋਟੀਆ ਫਿੱਟ ਕਰਦਾ ਹੈ।ਤੁਸੀਂ ਕਿਸੇ ਮੈਦਾਨ ਵਿੱਚ ਵੀ ਚਲੇ ਜਾਓ, ਤੁਹਾਨੂੰ ਤਰ੍ਹਾਂ ਤਰ੍ਹਾਂ ਦੇ ਸਿਆਸਤਦਾਨ ਮਿਲ਼ਣਗੇ। ਬਹੁਤ ਸਾਰੇ ਲੋਕਾਂ ਨਾਲ਼ ਤੁਹਾਡਾ ਵਾਹ ਪੈਂਦਾ ਰਹਿੰਦਾ ਹੋਵੇਗਾ, ਕਦੇ ਪੜ੍ਹਿਓ ਜ਼ਰੂਰ ਉਨ੍ਹਾਂ ਨੂੰ। ਸਾਹਿਤ ਸਿਰਜਣ ਪ੍ਰਕ੍ਰਿਆ ਦੇ ਨਾਲ਼ ਨਾਲ਼ ਉਹ ਹੋਰ ਵੀ ਬਹੁਤ ਕੁਝ ਸਿਰਜ ਰਹੇ ਹੁੰਦੇ ਹੋਣਗੇ।ਚੱਲੋ ਛੱਡੋ, ਅੱਜ ਦੀ ਸਿਆਸਤ ਵੱਲ ਝਾਤੀ ਮਾਰਦੇ ਆਂ। ਇਨ੍ਹੀਂ-ਦਿਨੀਂ ਚੰਡੀਗੜ੍ਹ ਦੇ ਪ੍ਰਵੇਸ਼ ਦੁਆਰ ਖਰੜ ਦੀ ਸਿਆਸਤ ਪੂਰੀ ਤਰ੍ਹਾਂ ਗਰਮਾਈ ਹੋਈ ਹੈ। ਹਾਲੇ ਮੈਂ ਇਹ ਸੋਚ ਹੀ ਰਿਹਾ ਸੀ ਕਿ ਬਾਈ ਦਲੇਰ ਦੇ ਫੋਨ ਦੀ ਘੰਟੀ ਖੜਕ ਪਈ। ਚੱਲੋ ਬਾਕੀ ਦੀਆਂ ਗੱਲਾਂ ਓਹਦੇ ਨਾਲ ਈ ਕਰਦੇ ਆਂ। ਦੁਆ-ਸਲਾਮ ਤੋਂ ਬਾਅਦ ਉਹ ਬੋਲਿਆ, 'ਛੋਟੇ ਭਾਈ ਤੇਰਾ ਖਰੜ ਛਾਇਆ ਪਿਆ ਅੱਜ ਕੱਲ੍ਹ। ਅੰਮ੍ਰਿਤਸਰ ਨੂੰ ਵੀ ਪਿੱਛੇ ਛੱਡ ਗਿਆ। ਸੋਸ਼ਲ ਮੀਡੀਆ 'ਤੇ ਅਨਮੋਲ ਗਗਨ ਮਾਨ ਦੇ ਵਿਧਾਈਕੀ ਤੋਂ ਅਸਤੀਫੇ ਦੀ ਖ਼ਬਰ ਤੇ ਫਿਰ ਵਾਪਸੀ ਦੀ ਖ਼ਬਰ ਚਟਕਾਰੇ ਲੈ ਲੈ ਕੇ ਪੜ੍ਹੀ-ਦੱਸੀ ਜਾ ਰਹੀ ਹੈ।ਚੁਟਕੀ ਵਿੱਚ ਐਮ ਐਸ ਪੀ ਦਿਵਾਉਣ ਵਾਲ਼ੀ ਬੀਬੀ ਚੁਟਕੀਆਂ ਵਿੱਚ ਅਸਤੀਫਾ ਵਾਪਸ ਵੀ ਲੈ ਗਈ। ਉਂਝ ਇਸ ਤੇਜ਼-ਤਰਾਰ ਵਿਧਾਇਕਾ ਬੀਬੀ ਤੇ ਪੂਰਵ-ਮੰਤਰੀ ਨੇ ਆਪਣੇ ਇੱਕੋ ਸਿਆਸੀ ਛੱਕੇ ਨਾਲ਼ ਕਈ ਨਿਸ਼ਾਨੇ ਸਾਧ ਲਏ ਹਨ। ਊਂ ਇਹਦੇ ਪਿੱਛੇ ਦੀ ਲੁਕਵੀਂ ਸਿਆਸਤ ਬੜੀ ਡਾਢੀ ਜਾਪਦੀ ਏ ਭਰਾ। ਦੇਖ ਲੈ ਆਪ ਪ੍ਰਧਾਨ ਦਾ ਉਨ੍ਹਾਂ ਨੂੰ ਮਨਾਉਣ ਲਈ, ਉਨ੍ਹਾਂ ਦੇ ਘਰ ਪੁੱਜਣਾ ਦੱਸਦਾ ਹੈ ਕਿ ਪ੍ਰਸਿਤੀਆਂ ਹਾਲੇ ਕਾਬੂ ਵਿੱਚ ਹਨ। ਓਧਰ ਗਿੱਲਕੋ ਦੇ ਕਰਤਾ-ਧਰਤਾ ਰਣਜੀਤ ਸਿੰਘ ਗਿੱਲ ਵੱਲੋਂ ਸ੍ਰੋਮਣੀ ਅਕਾਲੀ ਦਲ ਤੋਂ ਦਿੱਤਾ ਗਿਆ ਅਸਤੀਫਾ ਵੀ ਸਰਗੋਸ਼ੀਆਂ ਵਿੱਚ ਹੈ ਜੋ ਹਾਲੇ ਤ੍ਰਿਸ਼ੰਕੂ ਵਾਂਗ ਲਟਕ ਗਿਆ ਲਗਦੈ। ਦੇਖਿਆ ਜਾਵੇ ਤਾਂ ਮੌਜੂਦਾ ਸਿਆਸਤ ਈ ਤ੍ਰਿਸ਼ੰਕੂ ਵਾਂਗ ਲਟਕੀ ਹੋਈ ਹੈ। ਲੋਕ ਹਾਲੋਂ-ਬੇਹਾਲ ਹਨ, ਇਨ੍ਹਾਂ ਸਿਆਸਤਦਾਨਾਂ ਨੂੰ 2027 ਦਿਖਾਈ ਦੇ ਰਿਹਾ ਹੈ। ਕੋਈ ਮਰੇ ਕੋਈ ਜੀਵੇ, ਸੁਥਰਾ ਘੋਲ਼ ਪਤਾਸੇ ਪੀਵੇ। ਯਾਦ ਐ, ਉਸ ਦਿਨ ਆਪਾਂ ਸ਼ਿਵਾਲਿਕ ਸਿਟੀ ਜਾਣਾ ਸੀ।ਬੜਾ ਬੁਰਾ ਫਸੇ ਯਾਰ। ਤੇਰੀ ਨਿੱਝਰ ਰੋਡ ਤੋਂ ਚੱਲ ਕੇ ਸ਼ਿਵਾਲਿਕ ਤੱਕ ਜਾਂਦਿਆਂ ਇੰਝ ਲੱਗਾ ਜਿਵੇਂ ਕਿਸੇ ਨਰਕ ਦੁਆਰ 'ਤੇ ਖੜ੍ਹੇ ਹੋਈਏ। ਕਿਵੇਂ ਰਹਿ ਰਹੇ ਨੇ ਇੱਥੋਂ ਦੇ ਲੋਕ? ਇੰਝ ਹੀ ਜਦੋਂ ਕਿਸੇ ਹਾਈਵੇ 'ਤੇ ਸਫਰ ਕਰਦੇ ਆਂ ਤਾਂ ਇੰਝ ਲਗਦੈ ਬਈ ਕਿਆ ਬਾਤ ਐ। ਨਜ਼ਾਰਾ ਈ ਆ ਜਾਂਦੈ। ਪਰ ਫਿਰ ਜਦੋਂ ਕਿਸੇ ਪਿੰਡ ਨੂੰ ਜਾਂਦੇ ਆਂ ਤਾਂ ਨਾਨੀ ਚੇਤੇ ਆ ਜਾਂਦੀ ਆ। ਪਿੰਡਾਂ ਨੂੰ ਜਾਣ ਵਾਲ਼ੀਆਂ ਸੜਕਾਂ ਦੀ ਦਸ਼ਾ ਤੇ ਦਿਸ਼ਾ ਦਾ ਰੱਬ ਈ ਰਾਖਾ। ਸ਼ਿਵਾਲਿਕ ਸਿਟੀ ਦੇ ਪ੍ਰਵੇਸ਼ ਦੁਆਰ ਵਾਂਗ ਸੜਕ ਤਾਂ ਕਿਧਰੇ ਲੱਭਦੀ ਹੀ ਨਹੀਂ, ਬੱਸ ਟੋਏ ਈ ਟੋਏ ਲੱਭਦੇ ਹਨ।ਓਧਰ ਪ੍ਰਧਾਨਗੀ ਦੇ ਅਹੁਦੇ 'ਤੇ ਤ੍ਰਿਸ਼ੂੰਕੂ ਵਾਂਗ ਲਟਕੇ ਸੁਨੀਲ ਜਾਖੜ ਦਾ ਬਿਆਨ ਬੜਾ ਦੂਰਅੰਦੇਸ਼ੀ ਵਾਲਾ ਲੱਗਿਆ, ਮੈਨੂੰ। ਪੁੱਛੇਂਗਾ ਕਿਵੇਂ? ਬਈ ਇਹ ਸੱਚ ਐ। ਹਿੰਦੁਸਤਾਨ ਦੇ ਬਾਕੀ ਸੂਬਿਆਂ ਨਾਲ਼ੋਂ ਪੰਜਾਬ ਦੀ ਤਾਸੀਰ ਵੱਖਰੀ ਐ। ਲਹਿਜ਼ਾ ਅਲੱਗ ਐ। ਏਥੇ ਹਿੰਦੂ-ਸਿੱਖ ਏਕਤਾ ਦੀ ਡਾਢੀ ਲੋੜ ਐ, ਪਰ ਜੇ ਕੋਈ ਸਮਝੇ ਤਾਂ। ਉਹ ਸਹੀ ਕਹਿ ਰਹੇ ਨੇ ਜਾਂ ਗਲਤ, ਇਸ ਦਾ ਫੈਸਲਾ ਆਉਣ ਵਾਲ਼ੇ ਸਮੇਂ ਨੇ ਕਰਨਾ ਹੈ, ਪਰ ਸਿਆਸਤ ਵਿੱਚ ਸਦਭਾਵਨਾ ਦੀ ਸਖ਼ਤ ਲੋੜ ਹੁੰਦੀ ਹੈ, ਜ਼ਰੂਰਤਾਂ ਈ ਸਦਭਾਵਨਾ ਕਾਇਮ ਕਰਨ ਵਿੱਚ ਸਹਾਈ ਹੁੰਦੀਆਂ ਹਨ। ਕਿਸੇ ਵੀ ਇੱਕ ਕੌਮ ਨੂੰ ਦੂਜੀ ਕੌਮ ਵੱਲੋਂ ਮੂੰਹ ਮਰੋੜ ਕੇ ਖੜ੍ਹਨ ਨਾਲ਼ੋਂ ਚੰਗਾ ਹੁੰਦਾ ਹੈ ਸਹਿਮਤ ਹੋਣਾ। ਇੱਕਮੱਤ ਨਾ ਵੀ ਹੋਇਆ ਜਾਵੇ, ਕੋਈ ਗੱਲ ਨਹੀਂ ਬਹੁਮੱਤ ਨਾਲ਼ ਵੀ ਅੱਗੇ ਵਧਿਆ ਜਾ ਸਕਦਾ ਹੈ। ਹਿੰਦੋਸਤਾਨ 'ਤੇ ਰਾਜ ਕਰ ਰਹੀ ਭਾਜਪਾ ਨੂੰ ਵੀ ਆਪਣੀ ਜ਼ਰਜ਼ਰ ਹੋਈ ਸੋਚ ਵਿੱਚ ਨਵਾਂਪਣ ਲਿਆਉਣ ਦੀ ਜ਼ਰੂਰਤ ਹੈ।

ਕਿਸਾਨੀ ਮਸਲੇ ਹੱਲ ਹੋਣਗੇ, ਕਿਸਾਨ ਖੁਸ਼ਹਾਲ ਹੋਣਗੇ।ਕਿਸਾਨ ਖੁਸ਼ਹਾਲ ਹੋਣਗੇ, ਦੇਸ਼ ਖੁਸ਼ਹਾਲ ਹੋਵੇਗਾ।ਦੇਸ਼ ਖੁਸ਼ਹਾਲ ਹੋਵੇਗਾ ਤਾਂ ਹੀ ਤੁਹਾਡੀ ਸਿਆਸਤ ਨੂੰ ਪਰ ਲੱਗਣਗੇ।ਤੁਹਾਡੇ ਸੁਫਨੇ ਪੂਰੇ ਹੋਣਗੇ।ਫਿਰ ਤੁਸੀਂ ਚੰਨ 'ਤੇ ਵੀ ਜਾ ਸਕਦੇ ਹੋ। ਕਹਿੰਦੇ ਲੈਂਡ ਪੂਲਿੰਗ ਸਕੀਮ ਲਾਗੂ ਕਰਵਾਉਣ ਲਈ ਸਰਕਾਰ ਨੇ ਪਿੰਡਾਂ ਦੇ ਪਿੰਡ ਸਹਿਮਤ ਕਰ ਲਏ ਨੇ। ਉਂਝ ਖੱਖੜੀਆਂ-ਕਰੇਲੇ ਹੋਈਆਂ ਕਿਸਾਨ ਜਥੇਬੰਦੀਆਂ ਵੀ ਵਿਰੋਧ ਦੀ ਤਿਆਰੀ ਕਰ ਰਹੀਆਂ ਹਨ। ਜੋ ਮਰਜ਼ੀ ਹੋ ਜੇ ਭਰਾ, ਜੇ ਕਿਸੇ ਕਿਸਾਨ ਨੂੰ ਜ਼ਮੀਨ ਦੇ ਚਾਰ ਪੈਸੇ ਜ਼ਿਆਦਾ ਮਿਲ਼ ਗਏ ਤਾਂ ਉਸ ਨੇ ਉਦੋਂ ਈ ਆਪਣੀ ਜ਼ਮੀਨ ਵੇਚ ਦੇਣੀ ਆ। ਬੱਸ ਇਹ ਵੀ ਭਾਅ ਵਧਾਉਂਦੇ ਨੇ, ਜਿੰਨਾ ਮਿਲ਼ ਗਿਆ ਵਾਹ ਭਲੀ।'ਆਖ ਉਸ ਨੇ ਫੋਨ ਕੱਟ ਦਿੱਤਾ। ਮੇਰੇ ਮਨ ਵਿੱਚ ਵਿਚਾਰਾਂ ਦੀ ਫਿਰਕੀ ਤੇਜ਼ ਤੇਜ਼ ਘੁੰਮਣ ਲਗਦੀ ਹੈ।ਮੇਰੇ ਦਿਮਾਗ ਵਿੱਚ ਤਾਇਆ ਆਤਮਾ ਸਿੰਘ ਦੀ ਕਥਾ ਆ ਬਹਿੰਦੀ ਹੈ।ਸਦੀਆਂ ਪੁਰਾਣੀ ਸਿਆਸਤ ਦੇ ਅੱਜ ਵੀ ਉਹੀ ਰੰਗ ਹਨ, ਢੰਗ ਹਨ।ਹਰ ਕੋਈ ਆਪਣੀਆਂ ਗੋਟੀਆਂ ਫਿੱਟ ਕਰਨ ਵਿੱਚ ਲੱਗਾ ਹੋਇਆ ਹੈ।ਮੇਰੇ ਚੇਤੇ ਵਿੱਚ ਮੇਰੇ ਗੀਤ ਦਾ ਅੰਤਰਾ ਆ ਬਹਿੰਦਾ ਹੈ, 'ਉਦੋਂ ਮਾਣ ਸਾਡੇ ਦਾ ਤੂੰਬਾ-ਤੂੰਬਾ ਬਿਖਰ ਗਿਆ/ਜਦੋਂ ਤੋੜੀ ਡੋਰ ਤੂੰ ਗੁੱਡਾ ਡਿੱਗਿਆ, ਸਿਖਰ ਗਿਆ/ ਉਗ ਪਏ ਸੀਨੇ ਸ਼ਮਸ਼ਾਨ, ਜਦੋਂ ਤੂੰ ਰੰਗ ਬਦਲੇਂ/ ਸਾਡੀ ਠਾਕੀ ਗਈ ਜ਼ੁਬਾਨ, ਜਦੋਂ ਤੂੰ ਰੰਗ ਬਦਲੇਂ/ ਸੋਹਣਿਆਂ! ਜਦੋਂ ਤੂੰ ਰੰਗ ਬਦਲੇਂ।'

ਸੰਪਰਕ : 98144-30874

# ਭਾਰਤ ਦਾ ਮਿਜ਼ਾਈਲਮੈਨ : ਡਾ. ਏ ਪੀ ਜੇ ਅਬਦੁਲ ਕਲਾਮ

**ਪ੍ਰਿੰ. ਹਰੀ ਕ੍ਰਿਸ਼ਨ ਮਾਇਰ**

ਉਹ ਪਹਿਲਾ ਵਿਗਿਆਨੀ ਹੈ, ਜੋ ਭਾਰਤ ਦਾ ਗਿਆਰ੍ਹਵਾਂ ਰਾਸ਼ਟਰਪਤੀ ਬਣਿਆ।ਉਹ ਇੰਡੀਅਨ ਏਅਰ ਫੋਰਸ ਵਿੱਚ ਲੜਾਕੂ ਜਹਾਜ਼ ਦਾ ਪਾਇਲਟ ਬਣਨਾ ਚਾਹੁੰਦਾ ਸੀ।ਮੈਰਿਟ ਵਿੱਚ ਇਕ ਨੰਬਰ 'ਤੇ ਪਛੜ ਜਾਣ ਕਰਕੇ ਪਾਇਲਟ ਬਣ ਨਹੀਂ ਸਕਿਆ।ਕਿਸ ਨੂੰ ਪਤਾ ਸੀ ਕਿ ਉਹ ਭਾਰਤ ਦਾ 'ਮਿਜ਼ਾਇਲਮੈਨ' ਬਣੇਗਾ।ਇਕ ਗਰੀਬ ਪਰਵਾਰ ਵਿੱਚ ਜਨਮ ਲੈ ਕੇ, ਤੰਗੀਆਂ-ਤੁਰਸ਼ੀਆਂ ਵਿੱਚੋਂ ਨਿਕਲ ਕੇ ਵੀ ਕੋਈ ਮਹਾਨ ਬਣ ਸਕਦਾ ਹੈ, ਕਲਾਮ ਦੀ ਜ਼ਿੰਦਗੀ ਇਸ ਦੀ ਜਿਉਂਦੀ-ਜਾਗਦੀ ਮਿਸਾਲ ਹੈ। ਉਸ ਦਾ ਪੂਰਾ ਨਾਂਅ ਏਵੁਲ ਪਾਕਿਰ ਜੈਨੁਲਾਬਦੀਨ ਅਬਦੁਲ ਕਲਾਮ ਸੀ।

ਉਹ 15 ਅਕਤੂਬਰ 1931 ਨੂੰ ਤਾਮਿਲਨਾਡੂ ਦੇ ਤੀਰਥ ਅਸਥਾਨ ਰਾਮੇਸ਼ਵਰਮ ਵਿਖੇ ਇਕ ਮੱਧਵਰਗੀ ਤਾਮਿਲ ਪਰਵਾਰ ਵਿੱਚ ਜਨਮਿਆ।ਉਸ ਦਾ ਪਿਤਾ ਜੈਨੁਲਾਬਦੀਨ ਬਹੁਤਾ ਪੜ੍ਹਿਆ-ਲਿਖਿਆ ਨਹੀਂ ਸੀ, ਪਰ ਉਹ ਪੰਜ ਵੇਲੇ ਦਾ ਨਮਾਜ਼ੀ ਅਤੇ ਇਕ ਨੇਕ ਇਨਸਾਨ ਸੀ।ਉਸ ਦੀ ਮਾਂ ਆਸ਼ੀਅੰਮਾਂ ਸਾਦ ਮੁਰਾਦੀ, ਧਾਰਮਿਕ ਅਤੇ ਦਿਆਲੂ ਔਰਤ ਸੀ।ਪਿਤਾ ਕਿਸੇ ਰਿਸ਼ਤੇਦਾਰ ਅਹਿਮਦ ਜਲਾਲੁਦੀਨ ਨਾਲ ਮਿਲ ਕੇ ਸਮੁੰਦਰ ਦੇ ਤੱਟ ਨੇੜੇ ਬੇੜੀਆਂ ਤਿਆਰ ਕਰਦਾ ਸੀ।ਇਹ ਬੇੜੀਆਂ ਮਛੇਰੇ ਕਿਰਾਏ 'ਤੇ ਲੈ ਜਾਂਦੇ ਸਨ।ਬਾਅਦ ਵਿੱਚ ਕਲਾਮ ਦੀ ਭੈਣ ਇਸੇ ਜਲਾਲੁਦੀਨ ਨਾਲ ਵਿਆਹ ਦਿੱਤੀ ਗਈ ਸੀ।

ਅਬਦੁਲ ਕਲਾਮ ਘਰ ਦਾ ਪਹਿਲਾ ਬੱਚਾ ਸੀ, ਜੋ ਸਕੂਲ ਪੜ੍ਹਨ ਲੱਗਿਆ ਸੀ।ਉਸ ਨੂੰ ਪੰਜ ਸਾਲ ਦੀ ਉਮਰ ਵਿੱਚ ਰਾਮੇਸ਼ਵਰਮ ਦੇ ਪ੍ਰਾਇਮਰੀ ਸਕੂਲ ਵਿੱਚ ਦਾਖ਼ਲ ਕਰਵਾਇਆ ਗਿਆ।ਘਰੋਂ ਆਰਥਿਕ ਤੰਗੀ ਕਾਰਨ ਕਲਾਮ ਆਪਣੇ ਚਾਚੇ ਦੇ ਮੁੰਡੇ ਨਾਲ ਅਖ਼ਬਾਰਾਂ ਵੰਡਣ ਦਾ ਕੰਮ ਵੀ ਕਰਦਾ ਰਿਹਾ।ਤੜਕੇ ਚਾਰ ਵਜੇ ਜਾਗ ਪੈਂਦਾ, ਇਕ ਘੰਟਾ ਗਣਿਤ ਦੀ ਟਿਊਸ਼ਨ ਪੜ੍ਹਦਾ, ਵਾਪਸ ਆ ਕੇ ਨਮਾਜ਼ ਪੜ੍ਹਦਾ ਸੀ।ਫਿਰ ਘਰੋਂ ਤਿੰਨ ਕਿੱਲੋਮੀਟਰ ਦੂਰ ਰਾਮੇਸ਼ਵਰਮ ਰੋਡ ਤੋਂ ਅਖ਼ਬਾਰਾਂ ਦੇ ਬੰਡਲ ਚੁੱਕ ਕੇ ਲਿਆਉਂਦਾ।ਉਸ ਨੇ ਦਸਵੀਂ ਰਾਮਾਨਾਥਾਪੁਰਮ ਦੇ ਸ਼ਵਾਰਟਜ਼ ਹਾਈ ਸਕੂਲ ਤੋਂ ਪਾਸ ਕੀਤੀ।ਸਕੂਲ ਦਾ ਅਧਿਆਪਕ ਆਇਆਦਰਾਏ ਸੋਲੋਮਨ ਕਹਿੰਦਾ ਹੁੰਦਾ ਸੀ, ਤੁਸੀਂ ਜੋ ਕੁਝ ਵੀ ਚਾਹੋ, ਜੋ ਕੁਝ ਵੀ ਸੋਚੋ, ਬਣ ਸਕਦੇ ਹੋ। ਪੰਛੀਆਂ ਨੂੰ ਅੰਬਰੀਂ ਉਡਦੇ ਦੇਖ ਕੇ ਕਲਾਮ ਦਾ ਦਿਲ ਉਡਾਰੀ ਭਰਨ ਨੂੰ ਕਰਦਾ।ਫਿਰ ਅਧਿਆਪਕ ਸੋਲੋਮਨ ਦਾ ਆਖਿਆ ਇਕ ਦਿਨ ਸੱਚ ਹੋ ਗਿਆ।ਰਾਮੇਸ਼ਵਰਮ ਦਾ ਕਲਾਮ ਪਹਿਲਾ ਬੱਚਾ ਸੀ, ਜਿਸ ਨੇ ਆਕਾਸ਼ ਵਿੱਚ ਉਡਾਰੀ ਭਰੀ ਸੀ।

ਉਦੋਂ ਉਹ ਚੌਥੀ ਵਿੱਚ ਪੜ੍ਹਦਾ ਸੀ, ਜਦੋਂ ਇਕ ਅਜੀਬ ਘਟਨਾ ਵਾਪਰ ਗਈ।ਇਕ ਦਿਨ ਉਸ ਦਾ ਗਣਿਤ ਅਧਿਆਪਕ ਰਾਮਾਂ ਕ੍ਰਿਸ਼ਨਾ ਆਇਅਰ ਕਿਸੇ ਹੋਰ ਕਲਾਸ ਨੂੰ ਪੜ੍ਹਾ ਰਿਹਾ ਸੀ।ਕਲਾਮ ਬੇਧਿਆਨੇ ਉਸ ਦੀ ਕਲਾਸ ਵਿੱਚ ਜਾ ਵੜਿਆ।ਅਧਿਆਪਕ ਨੇ ਉਸ ਨੂੰ ਗਲ਼ੇ ਤੋਂ ਫੜ ਲਿਆ।ਸਾਰੀ ਕਲਾਸ ਸਾਹਮਣੇ ਉਸ ਦੇ ਕਿੰਨੇ ਹੀ ਡੰਡੇ ਮਾਰੇ।ਕਈ ਮਹੀਨਿਆਂ ਪਿੱਛੋਂ ਜਦੋਂ ਕਲਾਮ ਦੇ ਗਣਿਤ ਵਿੱਚੋਂ ਪੂਰੇ ਨੰਬਰ ਆਏ ਤਾਂ ਉਸ ਨੇ, ਉਸ ਦਿਨ ਦੀ ਘਟਨਾ ਸਵੇਰ ਦੀ ਸਭਾ ਵਿੱਚ ਸਾਰੇ ਸਕੂਲ ਦੇ ਸਾਹਮਣੇ ਦੱਸ ਦਿੱਤੀ।ਉਸ ਨੇ ਕਿਹਾ, ਮੈਂ ਜੀਹਨੂੰ ਵੀ ਡੰਡੇ ਮਾਰਦਾ ਹਾਂ, ਮਹਾਨ ਪੁਰਸ਼ ਬਣ ਜਾਂਦਾ ਹੈ।ਯਾਦ ਰੱਖਿਓ! ਇਹ ਮੁੰਡਾ ਸਾਨੂੰ ਸਭ ਨੂੰ ਇਕ ਦਿਨ ਸ਼ੋਭਾ ਦੁਆਵੇਗਾ। ਪਹਿਲਾਂ ਹੋਈ ਬੇਇਜ਼ਤੀ ਨੂੰ ਇਸ ਵਡਿਆਈ ਨੇ ਥੋੜ੍ਹਾ-ਬਹੁਤ ਧੋ ਜ਼ਰੂਰ ਦਿੱਤਾ ਸੀ।ਜਦੋਂ ਉਹ ਸ਼ਵਾਰਟਜ਼ ਸਕੂਲ ਤੋਂ ਪੜ੍ਹ ਕੇ ਨਿਕਲਿਆ, ਉਹ ਆਤਮ ਵਿਸ਼ਵਾਸ ਅਤੇ ਅਗਾਂਹ ਵਧਣ ਦੇ ਜਜ਼ਬੇ ਨਾਲ ਭਰਿਆ ਪਿਆ ਸੀ।

ਸੰਨ 1950 ਵਿੱਚ ਇੰਟਰਮੀਡੀਏਟ ਕਰਨ ਲਈ ਸੇਂਟ ਜੌਸਫ਼ ਕਾਲਜ ਤ੍ਰਿਚਰਾਪਲੀ 'ਚ ਦਾਖ਼ਲ ਹੋ ਗਿਆ।ਇੱਥੇ ਉਸ ਨੂੰ ਅੰਗਰੇਜ਼ੀ ਸਾਹਿਤ ਪੜ੍ਹਨ ਦਾ ਸ਼ੌਕ ਜਾਗ ਪਿਆ।ਉਸ ਨੇ ਮਹਾਨ ਲੇਖਕ ਟਾਲਸਟਾਏ, ਸਕੌਟ, ਹਾਰਡੀ ਸਭ ਪੜ੍ਹੇ।ਉਸ ਦੀ ਰੁਚੀ ਫਿਜ਼ੀਕਸ ਵਿੱਚ ਵੱਧ ਵਿਕਸਤ ਹੋ ਗਈ।ਉਸ ਨੇ ਬੀ.ਐੱਸ.ਸੀ ਵਿੱਚ ਦਾਖ਼ਲਾ ਲੈ ਲਿਆ।ਫਿਰ ਉਸ ਨੂੰ ਅਹਿਸਾਸ ਹੋਇਆ ਕਿ ਉਸ ਨੂੰ ਪਹਿਲਾਂ ਹੀ ਇੰਜੀਨੀਅਰਿੰਗ ਵਿੱਚ ਚਲੇ ਜਾਣਾ ਚਾਹੀਦਾ ਸੀ।ਉਸ ਨੇ ਮਦਰਾਸ ਇੰਸਟੀਚਿਊਟ ਆਫ ਟੈਕਨਾਲੋਜੀ ਵਿੱਚ ਏਅਰੋਨਾਟਿਕ ਇੰਜੀਨੀਅਰਿੰਗ ਵਿੱਚ ਦਾਖ਼ਲੇ ਲਈ ਫ਼ਾਰਮ ਭਰ ਦਿੱਤਾ ਸੀ।ਉਸ ਨੂੰ ਚੁਣ ਵੀ ਲਿਆ ਗਿਆ, ਪਰ ਉਸ ਦਾ ਪਿਤਾ ਫ਼ੀਸ ਨਹੀਂ ਦੇ ਸਕਦਾ ਸੀ।ਉਸ ਮੌਕੇ ਕਲਾਮ ਦੀ ਭੈਣ ਜੌਹਰਾਂ ਨੇ ਸੋਨੇ ਦੀਆਂ ਚੂੜੀਆਂ ਅਤੇ ਚੈਨੀ ਵੇਚ ਕੇ ਕਲਾਮ ਦੀ ਫ਼ੀਸ ਭਰ ਦਿੱਤੀ ਸੀ।



ਉਹ ਜਹਾਜ਼ ਉਡਾਉਣਾ ਚਾਹੁੰਦਾ ਸੀ।ਉਸ ਨੂੰ ਇਹ ਵੀ ਪਤਾ ਸੀ ਕਿ ਉਸ ਅੰਦਰ ਦ੍ਰਿੜ੍ਹਤਾ ਦੀ ਘਾਟ ਸੀ।ਕਾਲਜ ਵਿੱਚ ਤਿੰਨ ਅਧਿਆਪਕਾਂ ਨੇ ਉਸ ਨੂੰ ਬੜਾ ਪ੍ਰਭਾਵਿਤ ਕੀਤਾ।ਇਹ ਅਧਿਆਪਕ ਸਨ- ਪ੍ਰੋ. ਸਪੌਂਡਰ, ਪ੍ਰੋ. ਕੇ.ਏ.ਵੀ ਪੰਡਾਲ ਅਤੇ ਪ੍ਰੋ. ਨਰ ਸਿੰਘ ਰਾਓ। ਪ੍ਰੋ. ਸਪੌਂਡਰ ਆਸਟਰੀਅਨ ਸੀ।ਉਸ ਨੂੰ ਪ੍ਰੈਕਟੀਕਲ ਜਾਣਕਾਰੀ ਬਹੁਤ ਸੀ।ਪ੍ਰੋ. ਕੇ.ਏ.ਵੀ ਪੰਡਾਲ ਨੇ ਹੀ ਢਾਂਚਾਗਤ ਇੰਜੀਨੀਅਰਿੰਗ ਦੇ ਭੇਤ ਉਸ ਨੂੰ ਸਮਝਾਏ ਸਨ।ਪ੍ਰੋ. ਨਰ ਸਿੰਘ ਰਾਓ ਗਣਿਤ ਦਾ ਮਾਹਰ ਸੀ।ਉਸ ਨੇ ਕਲਾਮ ਅੰਦਰ ਗਣਿਤਕ ਭੌਤਿਕ ਵਿਗਿਆਨ ਪ੍ਰਤੀ ਰੁਚੀ ਜਗਾ ਦਿੱਤੀ ਸੀ।ਜਦ ਉਹ ਕੋਰਸ ਦੇ ਅਖ਼ੀਰਲੇ ਪੜਾਅ 'ਤੇ ਸੀ, ਉਸ ਨੂੰ ਚਾਰ ਸਾਥੀਆਂ ਸਮੇਤ ਨੀਵੀਂ ਉਡਾਣ ਵਾਲੇ ਲੜਾਕੂ ਜਹਾਜ਼ ਦੇ ਹਵਾ ਵਿੱਚ ਗਤੀ ਕਰਨ ਵਾਲੇ ਡਿਜ਼ਾਈਨ ਤਿਆਰ ਕਰਨ ਦਾ ਪ੍ਰਾਜੈਕਟ ਸੌਂਪਿਆ ਗਿਆ।ਇਕ ਦਿਨ ਪ੍ਰਾਜੈਕਟ ਡਾਇਰੈਕਟਰ ਪ੍ਰੋ. ਸ਼੍ਰੀ ਨਿਵਾਸਨ ਨੇ ਉਸ ਦੀ ਪ੍ਰਗਤੀ ਦਾ ਜਾਇਜ਼ਾ ਲਿਆ।ਕਲਾਮ ਦਾ ਪ੍ਰਾਜੈਕਟ ਅਜੇ ਅਧੂਰਾ ਸੀ।ਉਹ ਗੁੱਸੇ ਵਿੱਚ ਬੋਲਿਆ, ਡਿਜ਼ਾਈਨ ਪੂਰੇ ਨਾ ਕੀਤੇ ਮੈਂ ਤੇਰਾ ਵਜ਼ੀਫ਼ਾ ਰੋਕ ਦਿਆਂਗਾ।ਅੱਜ ਸ਼ੁੱਕਰਵਾਰ ਹੈ, ਮੈਂ ਤੈਨੂੰ ਤਿੰਨ ਦਿਨ ਦੇਂਦਾ ਹਾਂ।ਆਪਣਾ ਕੰਮ ਪੂਰਾ ਕਰਕੇ ਮੈਨੂੰ ਦਿਖਾ। ਕਲਾਮ ਤਾਂ ਪ੍ਰੇਸ਼ਾਨ ਹੋ ਗਿਆ।ਉਸ ਰਾਤ ਉਹ ਡਰਾਇੰਗ ਬੋਰਡ 'ਤੇ ਹੀ ਰੁੱਝਿਆ ਰਿਹਾ।ਰਾਤੀਂ ਖਾਣਾ ਵੀ ਨਹੀਂ ਖਾਧਾ।ਐਤਵਾਰ ਨੂੰ ਉਸ ਦਾ ਕੰਮ ਅੰਤਿਮ ਛੋਹਾਂ 'ਤੇ ਸੀ।ਉਸ ਨੂੰ ਭੁਲੇਖਾ ਪਿਆ ਕਿ ਕੋਈ ਉਸ ਦੇ ਕਮਰੇ ਵਿੱਚ ਆ ਵੜਿਆ ਸੀ।ਪ੍ਰੋ. ਸ਼੍ਰੀ ਨਿਵਾਸਨ ਕੁਝ ਦੂਰੀ ਤੋਂ ਉਸ ਵੱਲ ਦੇਖ ਰਿਹਾ ਸੀ। ਜਿਮਖਾਨੇ ਤੋਂ ਟੈਨਿਸ ਸੂਟ ਵਿੱਚ ਉਹ ਸਿੱਧਾ ਉਸ ਦੇ ਕਮਰੇ ਵਿੱਚ ਆ ਗਿਆ ਸੀ।ਕਲਾਮ ਦਾ ਕੰਮ ਦੇਖ ਕੇ ਉਸ ਨੇ ਕਲਾਮ ਨੂੰ ਜੱਫੀ ਵਿੱਚ ਲੈ ਕੇ, ਪਿੱਠ ਥਾਪੜੀ।ਬੋਲਿਆ, ਮੈਨੂੰ ਪਤਾ ਸੀ, ਮੈਂ ਤਾਂ ਤੇਰੇ ਮਨ 'ਤੇ ਬੋਝ ਪਾਇਆ ਸੀ।ਔਖੀ ਸਮਾਂ ਹੱਦ ਨਿਸ਼ਚਿਤ ਕੀਤੀ ਸੀ, ਪਰ ਤੂੰ ਮੇਰੇ ਸੋਚਣ ਤੋਂ ਵੀ ਵਧੀਆ ਡਿਜ਼ਾਈਨ ਬਣਾਏ ਹਨ।

ਇੰਜੀਨੀਅਰਿੰਗ ਕਰਨ ਉਪਰੰਤ ਕਲਾਮ ਹਿੰਦੁਸਤਾਨ ਏਅਰੋਨਾਟਿਕ ਲਿਮਟਿਡ ਬੈਂਗਲੂਰੂ ਚਲਾ ਗਿਆ।ਉੱਥੇ ਜਹਾਜ਼ ਦੇ ਕੱਲੇ-ਕੱਲੇ ਪੁਰਜ਼ੇ ਦੀ ਮੁਰੰਮਤ ਦਾ ਤਜਰਬਾ ਹਾਸਲ ਕੀਤਾ।ਨੌਕਰੀ ਲਈ ਏਅਰ ਫੋਰਸ ਅਤੇ ਸੁਰੱਖਿਆ ਮੰਤਰਾਲੇ ਅਧੀਨ ਡੀ.ਡੀ.ਟੀ ਐਂਡ ਪੀ ਵਿੱਚ ਅਰਜ਼ੀਆਂ ਭੇਜੀਆਂ ਸਨ।ਏਅਰ ਫੋਰਸ ਵਿੱਚ ਨੌਕਰੀ ਨਾ ਮਿਲ ਸਕੀ, ਪਰ ਡੀ.ਡੀ.ਟੀ ਐਂਡ ਪੀ ਵਿੱਚ ਉਹ ਸੀਨੀਅਰ ਸਾਇੰਟਿਸਟ ਸਹਾਇਕ ਲੱਗ ਗਿਆ।ਕੁਝ ਦੇਰ ਕਾਨਪੁਰ ਰਿਹਾ।ਫਿਰ ਏਅਰੋਨਾਟੀਕਲ ਡਿਵੈਲਪਮੈਂਟ ਇਸਟੈਬਲਿਸ਼ਮੈਂਟ ਬਣੀ ਅਤੇ ਕਲਾਮ ਨੂੰ ਬੰਗਲੌਰ ਭੇਜ ਦਿੱਤਾ ਗਿਆ।ਇੱਥੇ ਓ.ਪੀ. ਮਹਿੰਦੀਰੱਤਾ ਨਿਰਦੇਸ਼ਕ ਸੀ।ਉਸ ਨੇ ਕਲਾਮ ਦੀ ਅਗਵਾਈ ਵਿੱਚ ਹੋਵਰਕ੍ਰਾਫਟ (ਪ੍ਰੋਟੋਟਾਈਪ) ਦੇ ਡਿਜ਼ਾਈਨ ਤੇ ਵਿਕਾਸ ਹਿਤ ਇਕ ਕਮੇਟੀ ਬਣਾਈ।ਇਕ ਸਾਲ ਵਿੱਚ ਤਿਆਰ ਹੋਈ ਉਡਣੀ ਮਸ਼ੀਨ ਨੂੰ ਦੇਖਣ, ਇਕ ਦਿਨ ਰੱਖਿਆ ਮੰਤਰੀ ਕ੍ਰਿਸ਼ਨਾ ਮੈਨਨ ਉੱਥੇ ਆਏ।ਉਸ ਨੇ ਉਡਣੀ ਮਸ਼ੀਨ 'ਨੰਦੀ' ਉੱਪਰ ਕਲਾਮ ਦੇ ਨਾਲ ਬੈਠ ਕੇ ਛੋਟੀ ਜਿਹੀ ਉਡਾਣ ਵੀ ਭਰੀ।ਕਲਾਮ ਬਹੁਤ ਖੁਸ਼ ਸੀ।ਫੇਰ ਇਕ ਦਿਨ ਇਕ ਅਜਨਬੀ ਮਹਿਮਾਨ ਨੇ ਉਡਣੀ ਮਸ਼ੀਨ ਦੇਖਣ ਦੀ ਇੱਛਾ ਪ੍ਰਗਟ ਕੀਤੀ।ਉਸ ਨੇ ਕਲਾਮ ਨੂੰ ਕਿੰਨੇ ਹੀ ਸਵਾਲ ਪੁੱਛੇ।ਉਡਣੀ ਮਸ਼ੀਨ 'ਤੇ ਉਡਾਣ ਭਰਨ ਦਾ ਮਨ ਜਤਾਇਆ।ਇਹ ਵਿਅਕਤੀ ਟਾਟਾ ਇੰਸਟੀਚਿਊਟ ਆਫ ਫੰਡਾਮੈਂਟਲ ਰਿਸਰਚ ਦਾ ਨਿਰਦੇਸ਼ਕ ਸੀ।ਹਫ਼ਤੇ ਪਿੱਛੋਂ ਕਲਾਮ ਦੀ ਇੰਟਰਵਿਊ ਡਾ. ਵਿਕਰਮ ਸਾਰਾਭਾਈ ਨੇ ਲਈ ਸੀ।ਕਲਾਮ ਨੂੰ ਇੰਕੋਸਪਾਰ ( INCOSPAR) ਵਿੱਚ ਰਾਕੇਟ ਇੰਜੀਨੀਅਰ ਨਿਯੁਕਤ ਕਰ ਦਿੱਤਾ ਗਿਆ।ਸੰਨ 1962 'ਚ ਕੇਰਲਾ ਵਿੱਚ ਥੰਬਾ (Thumba) ਵਿਖੇ ਇਕੋਟੋਰੀਅਲ ਲਾਂਚ ਸਟੇਸ਼ਨ ਸਥਾਪਤ ਹੋਇਆ। ਥੋੜ੍ਹੀ ਦੇਰ ਬਾਅਦ ਕਲਾਮ ਸਾਊਡਿੰਗ ਰਾਕਟ ਛੱਡਣ ਦੀਆਂ ਤਕਨੀਕਾਂ ਦੀ ਟ੍ਰੇਨਿੰਗ ਲੈਣ ਲਈ ਅਮਰੀਕਾ ਵਿੱਚ ਨਾਸਾ ਚਲਾ ਗਿਆ।ਉੱਥੇ ਕਲਾਮ ਨੇ ਲੰਗਲੇ ਖੋਜ ਕੇਂਦਰ, ਹੰਪਟਨ ਵਰਜ਼ੀਨੀਆ ਵਿੱਚ ਖੋਜ ਕਾਰਜ ਕੀਤਾ।ਗੋਡਾਰਡ ਸਪੇਸ ਫਲਾਇਟ ਸੈਂਟਰ ਅਤੇ ਵੈਲਪ ਫਸਿਲਿਟੀ ਵਿੱਚ ਵੀ ਖੋਜ ਅਧਿਐਨ ਕੀਤਾ।ਇੱਥੇ ਉਸ ਨੇ ਇਕ ਪੇਂਟਿੰਗ ਦੇਖੀ, ਜਿਸ ਵਿੱਚ ਟੀਪੂ ਸੁਲਤਾਨ ਦੀ ਫੌਜ ਅੰਗਰੇਜ਼ਾਂ ਵਿਰੁੱਧ ਜੰਗ ਲੜ ਰਹੀ ਸੀ।ਸੈਨਿਕ ਰਾਕਟ ਸੁੱਟ ਰਹੇ ਸਨ।ਪਿੱਠਭੂਮੀ ਵਿੱਚ ਕੁਝ ਰਾਕਟ ਨਜ਼ਰ ਆ ਰਹੇ ਸਨ।ਨਾਸਾ ਨੇ ਇਕ ਭਾਰਤੀ ਨੂੰ ਨਾਇਕ ਬਣਾ ਕੇ ਵਡਿਆਇਆ ਸੀ। ਜਦ ਕਿ ਭਾਰਤ ਨੂੰ ਇਸ ਗੱਲ ਦਾ ਚਿੱਤ-ਚੇਤਾ ਵੀ ਨਹੀਂ ਸੀ।

ਸੰਨ 1963 ਵਿੱਚ ਕਲਾਮ ਨਾਸਾ ਤੋਂ ਵਾਪਸ ਮੁੜ ਆਇਆ।ਉੱਧਰ ਨਾਸਾ ਤੋਂ ਤਿਆਰ ਹੋਇਆ ਭਾਰਤ ਦਾ ਪਹਿਲਾ ਸਾਊਡਿੰਗ ਰਾਕਟ ਨਾਇਕ ਅਪਾਚੇ (Nike Apache) ਛੱਡਿਆ ਗਿਆ ਸੀ।ਕਲਾਮ ਨੇ ਇੱਥੇ ਕਈ ਤਰ੍ਹਾਂ ਦੇ ਪ੍ਰਾਜੈਕਟਾਂ 'ਤੇ ਕੰਮ ਕੀਤਾ।ਸੰਨ 1969 'ਚ ਆਈ.ਸੀ.ਐੱਸ.ਆਰ ਦੀ ਥਾਂ ਇਸਰੋ (ISRO) ਬਣ ਗਈ।ਕਲਾਮ ਨੂੰ ਇੱਥੇ ਨਵੇਂ ਪ੍ਰਾਜੈਕਟਾਂ ਦਾ

ਬਾਕੀ ਆਖਰੀ ਤੋਂ ਪਹਿਲੇ ਸਫ਼ੇ 'ਤੇ

ਨਵਾਂ ਜ਼ਮਾਨਾ ਪੋਸਟ ਬਾਕਸ ਨੰ. 134
Printed and Published by Printer, Publisher and Editor : Chand Singh @ Chand Fatehpuri for Arjan Singh Gargaj Foundation, Jalandhar printed at Nawan Zamana Printers, Nehru Garden Road, Jalandhar and published at Nawan Zamana office, Nehru Garden Road, Jalandhar.
ਪ੍ਰਕਾਸ਼ਕ, ਛਾਪਕ ਤੇ ਸੰਪਾਦਕ : ਚੰਦ ਸਿੰਘ ਉਰਫ ਚੰਦ ਫਤਿਹਪੁਰੀ ਨੇ ਨਵਾਂ ਜ਼ਮਾਨਾ ਪ੍ਰਿੰਟਰਜ਼, ਨਹਿਰੂ ਗਾਰਡਨ ਰੋਡ, ਜਲੰਧਰ ਤੋਂ ਛਪਵਾ ਕੇ ਅਰਜਨ ਸਿੰਘ ਗੜਗੱਜ ਫਾਊਂਡੇਸ਼ਨ, ਨਹਿਰੂ ਗਾਰਡਨ ਰੋਡ, ਜਲੰਧਰ ਲਈ ਪ੍ਰਕਾਸ਼ਤ ਕੀਤਾ। * ਪੀ ਆਰ ਬੀ ਐਕਟ ਤਹਿਤ ਖਬਰਾਂ ਦੀ ਚੋਣ ਲਈ ਜ਼ਿੰਮੇਵਾਰ।
ਫੋਨ ਨੰਬਰ ਪ੍ਰਬੰਧਕੀ ਵਿਭਾਗ : 0181-5097300, ਸਮਾਚਾਰ ਵਿਭਾਗ : 0181-5097310, ਈ-ਮੇਲ : nawanzamana@gmail.com * Web : www.nawanzamana.in

# ਦਾਰਸ਼ਨਿਕ ਪ੍ਰਤੀਕਾਂ ਦੀ ਸ਼ਾਇਰੀ






ਫੋਕਸ

## ਚਰਚਾ ਇਕ ਪੁਸਤਕ ਦੀ

**ਡਾ. ਮਨਦੀਪ ਕੌਰ**

### ਸ਼੍ਰੀ

(ਗ਼ਜ਼ਲ-ਸੰਗ੍ਰਹਿ)
**ਪੰਨੇ-100, ਮੁੱਲ-250 ਰੁਪਏ**
**ਚੇਤਨਾ ਪ੍ਰਕਾਸ਼ਨ ਪੰਜਾਬੀ ਭਵਨ, ਲੁਧਿਆਣਾ**

ਪੰਜਾਬੀ ਗ਼ਜ਼ਲ ਨੇ ਉਰਦੂ, ਫ਼ਾਰਸੀ ਗ਼ਜ਼ਲ ਦੇ ਤਕਨੀਕੀ ਸ਼ਿਲਪ ਵਿਧਾਨ ਨੂੰ ਆਪਣੀਆਂ ਸੰਚਾਰਮੁਖੀ ਲੋੜਾਂ ਅਨੁਸਾਰ ਢਾਲਦਿਆਂ ਲੰਮਾ ਸਫ਼ਰ ਤੈਅ ਕੀਤਾ ਹੈ ਅਤੇ ਇਸ ਸਫ਼ਰ ਦੌਰਾਨ ਸਮਕਾਲੀ ਪ੍ਰਸਥਿਤੀਆਂ ਦੇ ਪ੍ਰਭਾਵ ਕਬੂਲਦਿਆਂ ਆਪਣੇ ਮੌਲਿਕ ਮੁਹਾਂਦਰੇ ਨਾਲ ਪੰਜਾਬੀ ਭਾਸ਼ਾ ਵਿੱਚ ਪ੍ਰਵਾਨ ਚੜ੍ਹੀ ਅਤੇ ਪੰਜਾਬੀ ਰਹਿਤਲ ਨਾਲ ਜੁੜੀ ਹੈ। ਪੰਜਾਬੀ ਗ਼ਜ਼ਲ ਆਪਣੇ ਪਰੰਪਰਿਕ ਰੂਪ ਵਿਧਾਨ ਦੀ ਬੰਦਿਸ਼ ਦੇ ਬਾਵਜੂਦ ਆਪਣੇ ਸਮਕਾਲੀ ਮਸਲਿਆਂ ਨੂੰ ਸੰਵੇਦਨਾਤਮਿਕ ਅਰਥਾਂ ਵਿੱਚ ਪੇਸ਼ ਕਰਦੀ ਹੈ।ਅੱਠਵੇਂ ਦਹਾਕੇ ਦੀ ਪੰਜਾਬੀ ਗ਼ਜ਼ਲ ਵਿੱਚ ਸਮਕਾਲੀ ਯਥਾਰਥ ਦੀ ਕਠੋਰਤਾ ਤੇ ਕਰੂਪਤਾ ਦੇ ਨਾਲ ਜਨ-ਸਾਧਾਰਨ ਦੇ ਦੁੱਖਾਂ-ਦਰਦਾਂ ਦੀ ਅਭੀਵਿਅਕਤੀ ਵੀ ਮਿਲਦੀ ਹੈ ਅਤੇ ਸੁਨਹਿਰੇ ਭਵਿੱਖ ਦੇ ਹਸੀਨ ਖ਼ਾਬਾਂ ਦਾ ਚਿਤਰਨ ਵੀ। ਵਸਤੂ-ਸਥਿਤੀ ਦੇ ਗੰਭੀਰ ਵਿਸ਼ਲੇਸ਼ਣ ਦੇ ਨਾਲ-ਨਾਲ ਰੁਮਾਂਟਿਕ, ਸਮਾਜਿਕ ਅਤੇ ਆਦਰਸ਼ਿਕ ਰੰਗ ਇਸ ਦੌਰ ਦੀ ਗ਼ਜ਼ਲ ਦਾ ਖ਼ਾਸਾ ਬਣਦੇ ਹਨ। ਅਸਤਿੱਤਵਵਾਦੀ ਪਰਿਪੇਖ ਅਤੇ ਦਾਰਸ਼ਨਿਕ ਲਹਿਜ਼ਾ ਗ਼ਜ਼ਲ ਨੂੰ ਗੰਭੀਰਤਾ ਪ੍ਰਦਾਨ ਕਰਦਾ ਹੈ। ਆਧੁਨਿਕਤਾ ਦੇ ਆਗਮਨ ਨਾਲ ਪੰਜਾਬੀ ਗ਼ਜ਼ਲ ਅੰਦਰ ਬੌਧਿਕ ਤਰਕ ਦਾ ਵਿਕਾਸ ਹੁੰਦਾ ਹੈ ਅਤੇ ਗ਼ਜ਼ਲਕਾਰਾਂ ਨੂੰ ਵਿਸ਼ੇ ਚੋਣ ਦੀ ਸੁਤੰਤਰਤਾ ਪ੍ਰਾਪਤ ਹੁੰਦੀ ਹੈ। ਜਨ-ਸਾਧਾਰਨ ਦੀ ਮਾਨਸਿਕਤਾ ਨੂੰ ਚਿਤਰ ਕੇ ਪੰਜਾਬੀ ਗ਼ਜ਼ਲ ਲੋਕ-ਪ੍ਰਿਯ ਬਣਦੀ ਹੈ।

ਇੰਗਲੈਂਡ ਵਾਸੀ ਗ਼ਜ਼ਲਗੋ ਸੁਰਿੰਦਰ ਸੀਹਰਾ ਨੇ 'ਵੇ ਮੇਰੇ ਸਿਰਜਣਹਾਰਿਓ' ਕਾਵਿ-ਸੰਗ੍ਰਹਿ ਨਾਲ ਆਪਣਾ ਕਾਵਿ-ਸਫ਼ਰ ਸ਼ੁਰੂ ਕੀਤਾ।'ਹੁਣ ਮੈਂ ਕਵੀਆਂ ਵਾਂਗ' ਗ਼ਜ਼ਲ-ਸੰਗ੍ਰਹਿ ਨਾਲ ਉਸ ਨੇ ਪੰਜਾਬੀ ਗ਼ਜ਼ਲ-ਖੇਤਰ ਵਿੱਚ ਪ੍ਰਵੇਸ਼ ਕੀਤਾ।ਇਸ ਉਪਰੰਤ 'ਹਵਨ' ਗ਼ਜ਼ਲ-ਸੰਗ੍ਰਹਿ ਨਾਲ ਪੰਜਾਬੀ ਗ਼ਜ਼ਲ-ਕਾਵਿ ਵਿੱਚ ਆਪਣਾ ਵਡਮੁੱਲਾ ਯੋਗਦਾਨ ਪਾਇਆ ਹੈ।ਸੁਰਿੰਦਰ ਸੀਹਰਾ ਆਧੁਨਿਕ ਜੀਵਨ ਦੇ ਜਟਿਲ ਵਰਤਾਰੇ ਨੂੰ ਆਪਣੀ ਗ਼ਜ਼ਲ ਰਾਹੀਂ ਪ੍ਰਗਟ ਕਰਨ ਵਾਲਾ ਸਮਰੱਥ ਸ਼ਾਇਰ ਹੈ, ਜੋ ਕਾਵਿ-ਰਚਨਾ ਦੇ ਵਸਤੂ ਅਤੇ ਸ਼ਿਲਪ ਦੋਹਾਂ ਪੱਖਾਂ ਤੋਂ ਚੰਗੀ ਤਰ੍ਹਾਂ ਵਾਕਿਫ਼ ਹੈ। ਕਾਵਿ-ਸਿਰਜਣਾ ਦੀ ਨਿਰੰਤਰ ਵਿਕਾਸ ਪ੍ਰਕਿਰਿਆ ਦੌਰਾਨ ਉਸ ਦੀ ਕਾਵਿ-ਸਿਰਜਣਾ ਨੇ ਸਮਕਾਲੀ ਯਥਾਰਥ ਨੂੰ ਪ੍ਰਗਤੀਵਾਦੀ ਦ੍ਰਿਸ਼ਟੀ ਤੋਂ ਪੇਸ਼ ਕੀਤਾ ਹੈ। ਸੋਚ ਦੀ ਨਵੀਨਤਾ, ਵਿਚਾਰ ਦੀ ਬੁਲੰਦੀ, ਜਜ਼ਬੇ ਦੀ ਉਚਿਤਤਾ ਆਦਿ ਉਸ ਦੀ ਗ਼ਜ਼ਲ ਦੇ ਖ਼ਾਸ ਗੁਣ ਹਨ।ਉਹ ਆਸ਼ਾਵਾਦੀ ਨਜ਼ਰੀਆ ਰੱਖਦਾ ਹੈ।ਜ਼ਿੰਦਗੀ ਦੀ ਗਤੀਸ਼ੀਲ਼ਤਾ ਦਾ ਆਦਰਸ਼ ਸਿਰਜਦੇ ਹੋਏ ਇਸ ਪ੍ਰਾਪਤੀ ਲਈ ਨਿਰੰਤਰ ਸੰਘਰਸ਼ਸ਼ੀਲ ਹੈ।

ਉਸ ਨੇ ਪੰਜਾਬੀ ਗ਼ਜ਼ਲ ਨੂੰ ਜਦੀਦੀਅਤ ਨਾਲ ਜੋੜਨ ਦੀ ਪ੍ਰਕਿਰਿਆ ਵਿੱਚ ਅਹਿਮ ਭੂਮਿਕਾ ਨਿਭਾਈ ਹੈ। ਉਸ ਦੀ ਸ਼ਾਇਰੀ ਵਿੱਚੋਂ ਉੱਭਰਦਾ ਕਾਵਿ-ਬਿੰਬ ਇੱਕ ਅਨੁਭਵੀ ਸ਼ਾਇਰ ਦਾ ਬਿੰਬ ਹੈ, ਜੋ ਨਿੱਜੀ ਅਤੇ ਸਮੂਹਿਕ ਪੱਧਰ 'ਤੇ ਸਮਾਜਿਕ ਅਤੇ ਆਰਥਿਕ ਆਜ਼ਾਦੀ ਦੀ ਪ੍ਰਾਪਤੀ ਲਈ ਸੰਘਰਸ਼ਸ਼ੀਲ ਹੈ।ਸਾਧਾਰਨ ਵਿਅਕਤੀ ਲਈ ਭਾਸ਼ਾ ਕੇਵਲ ਸੰਚਾਰ ਦਾ ਮਾਧਿਅਮ ਹੈ, ਜਿਸ ਰਾਹੀਂ ਉਹ ਆਪਣੇ ਮਨ ਦੇ ਭਾਵਾਂ ਜਾਂ ਵਿਚਾਰਾਂ ਦਾ ਪ੍ਰਗਟਾਵਾ ਕਰਦਾ ਹੈ, ਪਰ ਇੱਕ ਸ਼ਾਇਰ ਲਈ ਭਾਸ਼ਾ ਵਿਚਾਰਾਂ ਦੇ ਸੰਚਾਰ ਦੇ ਨਾਲ-ਨਾਲ ਸੁਹਜ ਦਾ ਸੰਚਾਰ ਕਰਨ ਦਾ ਮਾਧਿਅਮ ਵੀ ਬਣ ਜਾਂਦੀ ਹੈ। ਇਸ ਲਈ ਸ਼ਾਇਰ ਆਪਣੀ ਰਚਨਾ ਦੇ ਸੁਹਜਮਈ ਸੰਚਾਰ ਲਈ ਪ੍ਰਯੋਗ ਕੀਤੀ ਭਾਸ਼ਾ ਵਿੱਚੋਂ ਆਪਣੀ ਸੂਝ-ਬੂਝ ਅਨੁਸਾਰ ਲਫ਼ਜ਼ਾਂ ਦੀ ਚੋਣ ਕਰਦਾ ਹੈ।

ਵਿਚਾਰਾਅਧੀਨ ਗ਼ਜ਼ਲ-ਸੰਗ੍ਰਹਿ 'ਸ਼੍ਰੀ' ਵਿੱਚ ਸੁਰਿੰਦਰ ਸੀਹਰਾ ਨੇ ਸ਼ਬਦਾਂ ਨੂੰ ਇਨ੍ਹਾਂ ਦੇ ਕੋਸ਼ਗਤ ਅਰਥਾਂ ਨਾਲੋਂ ਤੋੜ ਕੇ ਸੁਹਜਾਤਮਿਕ ਅਰਥਾਂ ਨਾਲ ਜੋੜਿਆ ਹੈ।ਉਸ ਦੁਆਰਾ ਸਿਰਜੀ ਗ਼ਜ਼ਲ ਵਿੱਚ ਪੇਸ਼ ਸ਼ਬਦ ਪ੍ਰਚਲਿਤ ਇਕਹਿਰੇ ਅਰਥਾਂ ਦੀ ਥਾਂ ਨਵੇਂ ਅਰਥਾਂ ਦਾ ਸੰਚਾਰ ਕਰਦੇ ਹਨ। ਗ਼ਜ਼ਲ ਦੇ ਸੁਹਜਮਈ ਸੰਚਾਰ ਨੂੰ ਬਰਕਰਾਰ ਰੱਖਣ ਲਈ ਉਹ ਵੱਖ-ਵੱਖ ਭਾਸ਼ਾਵਾਂ ਦੇ ਸ਼ਬਦਾਂ ਦੀ ਤਤਸਮ ਤੇ ਤਦਭਵ ਰੂਪ ਵਿੱਚ ਵਰਤੋਂ ਕਰਦਾ ਹੈ। ਇਸ ਗ਼ਜ਼ਲ-ਸੰਗ੍ਰਹਿ ਵਿੱਚ ਜਨ-ਸਾਧਾਰਨ ਪੱਧਰ ਦੀ ਭਾਸ਼ਾ ਲਈ ਠੇਠ ਪੰਜਾਬੀ ਸ਼ਬਦਾਵਲੀ ਦੇ ਨਾਲ-ਨਾਲ ਉਰਦੂ-ਫ਼ਾਰਸੀ, ਹਿੰਦੀ/ ਸੰਸਕ੍ਰਿਤ ਅਤੇ ਅੰਗਰੇਜ਼ੀ ਸ਼ਬਦਾਵਲੀ ਦੀ ਵਰਤੋਂ ਵੀ ਕੀਤੀ ਗਈ ਹੈ।

ਆਪਣੀ ਗ਼ਜ਼ਲ ਰਚਨਾ ਨੂੰ ਅਕਾਊ, ਬੋਝਲ ਅਤੇ ਨੀਰਸ ਹੋਣ ਤੋਂ ਬਚਾਉਣ ਲਈ ਸ਼ਾਇਰ ਨੇ ਵੱਖ-ਵੱਖ ਜੁਗਤਾਂ ਦੀ ਵਰਤੋਂ ਕੀਤੀ ਹੈ।ਗ਼ਜ਼ਲ ਰੂਪਾਕਾਰ ਵਿੱਚ ਪੇਸ਼ ਰੂਪਾਕਾਰਿਕ ਜੁਗਤਾਂ ਗ਼ਜ਼ਲ ਦੇ ਤਕਨੀਕੀ ਪੱਖ ਨਾਲ ਸੰਬੰਧਤ ਹੁੰਦੀਆਂ ਹਨ।ਸ਼ਾਇਰ ਨੂੰ ਇਸ ਵਿਧਾ ਨਾਲ ਸੰਬੰਧਤ ਨੇਮ-ਪ੍ਰਬੰਧ ਅਤੇ ਸ਼ਿਲਪ-ਕਲਾ ਵਿੱਚ ਪੂਰਨ ਮੁਹਾਰਤ ਹਾਸਲ ਹੈ।ਸ਼ਾਇਰ ਨੇ ਆਪਣੀ ਯੋਗਤਾ/ਸਮਰੱਥਾ ਅਨੁਸਾਰ ਹੀ ਸ਼ਬਦ-ਚੋਣ ਕੀਤੀ ਹੈ।ਗ਼ਜ਼ਲ ਵਿੱਚ ਸੁਹਜ-ਸੰਚਾਰ ਪੈਦਾ ਕਰਨ ਲਈ ਸੰਬੰਧਤ ਭੂਗੋਲਿਕ-ਸੰਸਕ੍ਰਿਤਕ ਦਾਇਰੇ ਦੇ ਸ਼ਬਦ-ਭੰਡਾਰ ਨੂੰ ਅਭੀਵਿਅਕਤ ਕਰਨਾ ਹੀ ਸ਼ਾਇਰ ਦੀ ਯੋਗਤਾ ਅਤੇ ਸਮਰੱਥਾ ਹੈ।ਸ਼ਾਇਰ ਨੇ ਪੰਜਾਬੀ ਜਨ-ਜੀਵਨ ਨਾਲ ਸਰੋਕਾਰ ਰੱਖਣ ਵਾਲੀ ਨਵੀਨ/ਮੌਲਿਕ ਸ਼ਬਦਾਵਲੀ ਦਾ ਉਪਯੋਗ ਕਰਕੇ ਆਪਣੇ ਭਾਵ-ਬੋਧ ਦੀ ਅਭਿਵਿਅਕਤੀ ਕੀਤੀ ਹੈ।

ਗ਼ਜ਼ਲ ਵਰਗੀ ਸਿਨਫ਼ ਦੇ ਸ਼ਿਅਰਾਂ ਵਿੱਚ ਸਪੱਸ਼ਟਤਾ ਦਾ ਹੋਣਾ ਲਾਜ਼ਮੀ ਹੈ। ਸ਼ਿਅਰ ਵਿੱਚ ਸਪੱਸ਼ਟਤਾ ਅਤੇ ਖ਼ੂਬਸੂਰਤੀ ਪੈਦਾ ਕਰਨ ਲਈ ਸ਼ਾਇਰ ਨੇ ਗ਼ਜ਼ਲ ਸਿਰਜਣਾ ਸਮੇਂ ਸੌਖੇ ਕੀਤਿਆਂ ਸਮਝ ਆਉਣ ਵਾਲੀ, ਨਿੱਤ ਵਰਤੀ ਜਾਣ ਵਾਲੀ ਮੁਹਾਵਰੇਦਾਰ ਭਾਸ਼ਾ ਦੀ ਵਰਤੋਂ ਕੀਤੀ ਹੈ, ਜਿਸ ਸਦਕਾ ਸ਼ਿਅਰਾਂ ਦੇ ਅਰਥ ਆਸਾਨੀ ਨਾਲ ਸਮਝ ਆਉਂਦੇ ਹਨ।ਸ਼ਾਇਰ ਨੇ ਸ਼ਿਅਰਾਂ ਵਿੱਚ ਖ਼ੂਬਸੂਰਤ ਟੁਕੜੀਆਂ ਦੀ ਵਰਤੋਂ ਨਾਲ ਗ਼ਜ਼ਲ ਦੀ ਸੁਹਜਾਤਮਿਕਤਾ ਵਿੱਚ ਵਾਧਾ ਕੀਤਾ ਹੈ। ਉਸ ਨੇ ਆਪਣੀ ਗ਼ਜ਼ਲ ਵਿੱਚ ਇਸ ਖ਼ੂਬੀ ਦੀ ਵਰਤੋਂ ਵੱਡੇ ਪੱਧਰ 'ਤੇ ਕੀਤੀ ਹੈ।ਗ਼ਜ਼ਲ ਦੇ ਮਿਸਰੇ ਵਿੱਚ ਫ਼ੁਰਨੇ, ਫ਼ਤਵੇ, ਫ਼ਰਜ਼, ਫ਼ਕੀਰੀ, ਫ਼ਿਕਰ, ਫ਼ਰੌਹਟੀ, ਫ਼ਨਕਾਰੀ ਤੇਵਰ ਦੀਆਂ ਖ਼ੂਬਸੂਰਤ ਮਿਸਾਲਾਂ ਮੌਜੂਦ ਹਨ।

ਜਦ ਕਿਸੇ ਸ਼ਿਅਰ ਵਿੱਚ ਦੋ ਵਰਨ ਕੋਲ-ਕੋਲ ਆ ਜਾਂਦੇ ਹਨ, ਜਿਨ੍ਹਾਂ ਵਿੱਚ ਪਹਿਲੇ ਸ਼ਬਦ ਦਾ ਆਖ਼ਰੀ ਵਰਣ ਉਹੀ ਹੁੰਦਾ ਹੈ, ਜੋ ਦੂਜੇ ਸ਼ਬਦ ਦਾ ਪਹਿਲਾ ਵਰਨ ਹੁੰਦਾ ਹੈ ਜਾਂ ਇਨ੍ਹਾਂ ਵਿੱਚ ਧੁਨੀਆਤਮਿਕ ਸਾਂਝ ਹੁੰਦੀ ਹੈ ਤਾਂ ਅਕਸਰ ਇਹਨਾਂ ਦੋਹਾਂ ਸ਼ਬਦਾਂ ਦੇ ਇਕੱਠੇ ਉਚਾਰਨ ਕਰਨ ਸਮੇਂ ਇਕ ਪ੍ਰਕਾਰ ਦਾ ਭਾਰਾਪਣ ਪੈਦਾ ਹੋ ਜਾਂਦਾ ਹੈ ਅਤੇ ਬੋਲਣ ਸਮੇਂ ਜ਼ੁਬਾਨ ਰੁਕਦੀ ਹੈ। ਇਸੇ ਨੂੰ ਐਬ ਤਨਾਫ਼ੁਰ ਕਹਿੰਦੇ ਹਨ।ਸ਼ਿਅਰ ਦੇ ਪਹਿਲੇ ਮਿਸਰੇ ਵਿੱਚ 'ਕਰ' ਤੇ 'ਰਹੀ', ਦਾ 'ਰ' ਅਤੇ ਦੂਜੇ ਸ਼ਿਅਰ ਦੇ ਦੂਜੇ ਮਿਸਰੇ ਵਿੱਚ 'ਕਰ' ਤੇ 'ਰਹੇ' ਦਾ 'ਰ' ਇਸ ਤਰ੍ਹਾਂ ਵੱਖ-ਵੱਖ ਸ਼ਿਅਰਾਂ ਦੇ ਮਿਸਰਿਆਂ ਵਿੱਚ 'ਪੜਾਅ' ਅਤੇ 'ਅਸਮਾਨ' ਦਾ 'ਅ', 'ਦੇ' ਅਤੇ 'ਦੇਵਤਿਆਂ' ਦਾ 'ਦ' ਇਕੱਠੇ ਹੋਣ ਕਾਰਨ ਐਬ-ਇ-ਤਨਾਫ਼ੁਰ ਪੈਦਾ ਹੁੰਦਾ ਹੈ, ਪਰ ਸ਼ਿਅਰਾਂ ਦੀ ਅਰਥ ਭਰਪੂਰਤਾ ਸਾਹਮਣੇ ਇਹ ਦੋਸ਼ ਨਿਗੂਣਾ ਹੈ।

ਪਰੰਪਰਾਗਤ ਗ਼ਜ਼ਲ ਵਿੱਚ ਇਹ ਰਵਾਇਤ ਪ੍ਰਚੱਲਿਤ ਰਹੀ, ਜਿਸ ਦੌਰ ਦੇ ਅੰਤਰਗਤ ਮਕਤੇ ਦਾ ਪ੍ਰਯੋਗ ਗ਼ਜ਼ਲ ਦੇ ਸੰਪੂਰਨ ਹੋਣ ਦਾ ਸੂਚਕ ਮੰਨਿਆ ਜਾਂਦਾ ਰਿਹਾ ਹੈ।ਮਕਤਾ ਗ਼ਜ਼ਲ ਦਾ ਉਹ ਸ਼ਿਅਰ ਜਿਸ ਵਿੱਚ ਸ਼ਾਇਰ ਆਪਣਾ ਨਾਮ/ਉਪਨਾਮ ਜਾਂ ਤਖ਼ੱਲਸ ਦੀ ਵਰਤੋਂ ਕਰਦਾ ਹੈ। ਮਕਤੇ ਤੋਂ ਬਾਅਦ ਕਿਸੇ ਸ਼ਿਅਰ ਦੀ ਕੋਈ ਗੁੰਜਾਇਸ਼ ਨਹੀਂ ਹੁੰਦੀ[ਸ਼ਾਇਰ ਨੇ ਆਪਣੀ ਗ਼ਜ਼ਲ ਵਿੱਚ ਆਪਣੇ ਨਾਮ/ਤਖ਼ੱਲਸ ਅਤੇ ਦਾ ਪ੍ਰਯੋਗ ਕਰਦਿਆਂ ਲੱਗਭੱਗ ਆਪਣੀ ਹਰ ਗ਼ਜ਼ਲ ਵਿੱਚ ਮਕਤੇ ਨਾਲ ਮੁਕੰਮਲ ਕੀਤੀ ਹੈ।

ਵਿਅੰਗ ਗ਼ਜ਼ਲ ਦਾ ਅਹਿਮ ਪਛਾਣ-ਚਿੰਨ੍ਹ ਹੈ ਅਤੇ ਗ਼ਜ਼ਲ ਦੀ ਜਾਨ ਹੈ।ਇਹ ਸ਼ਾਇਰ ਦੇ ਕਾਵਿ-ਕੌਸ਼ਲ ਦਾ ਪ੍ਰਮਾਣ ਹੈ, ਜੋ ਉਸ ਨੂੰ ਵਿਲੱਖਣਤਾ ਪ੍ਰਦਾਨ ਕਰਦਾ ਹੈ।ਕਾਵਿ ਵਿੱਚ ਸਾਧਾਰਨ ਕਥਨ ਜਾਂ ਵਰਣਨ ਕੋਈ ਵਿਸ਼ੇਸ਼ ਚਮਤਕਾਰ ਪੈਦਾ ਨਹੀਂ ਕਰਦਾ।ਸ਼ਾਇਰ ਦੁਆਰਾ ਕੀਤਾ ਵਿਅੰਗ ਨਸ਼ਤਰ ਵਾਂਗ ਕੰਮ ਕਰਦਾ ਹੈ।ਵਿਅੰਗ ਰਾਹੀਂ ਕੀਤੀ ਗੱਲ ਵਧੇਰੇ ਪ੍ਰਭਾਵਸ਼ਾਲੀ ਹੁੰਦੀ ਹੈ।ਸੁਰਿੰਦਰ ਸੀਹਰਾ ਨੇ ਸਮਾਜਿਕ ਬੁਰਾਈਆਂ, ਧਰਮ ਦੇ ਠੇਕੇਦਾਰਾਂ, ਖ਼ੁਦਗ਼ਰਜ਼ ਹੁਕਮਰਾਨਾਂ, ਰਸਮਾਂ-ਰੀਤਾਂ ਅਤੇ ਨਿਰਾਰਥਿਕ ਕੀਮਤਾਂ ਵਿਰੁੱਧ ਗ਼ਜ਼ਲ ਵਿੱਚ ਵਿਅੰਗ ਦੀ ਬੜੀ ਢੁਕਵੀਂ ਤੇ ਉਚਿੱਤ ਵਰਤੋਂ ਕੀਤੀ ਹੈ।

ਕਲਾ ਦੇ ਖੇਤਰ ਵਿੱਚ ਮਨੁੱਖ ਨੇ ਇਤਿਹਾਸ ਅਤੇ ਮਿਥਿਹਾਸ ਤੋਂ ਬਹੁਤ ਕੁਝ ਸਿੱਖਿਆ ਅਤੇ ਗ੍ਰਹਿਣ ਕੀਤਾ ਹੈ।ਇਤਿਹਾਸ ਅਤੇ ਮਿਥਿਹਾਸ ਮਨੁੱਖੀ ਜਾਤੀ ਨੂੰ ਸਮਝਣ ਅਤੇ ਸੰਵਾਰਨ ਵਿੱਚ ਸਹਾਇਤਾ ਕਰਦਾ ਹੈ।ਲੋਕ ਮਨ ਦੀ ਮਿਥਿਹਾਸ ਨਾਲ ਸਾਂਝ ਮਨੁੱਖੀ ਇਤਿਹਾਸ ਜਿੰਨੀ ਹੀ ਪੁਰਾਣੀ ਹੈ।ਇਸੇ ਤਰ੍ਹਾਂ ਸਾਹਿਤ ਸਿਰਜਣਾ ਵਿੱਚ ਵੀ ਮਿਥਿਹਾਸ ਅਤੇ ਇਤਿਹਾਸ ਦੇ ਯੋਗਦਾਨ ਤੋਂ ਇਨਕਾਰੀ ਨਹੀਂ ਹੋਇਆ ਜਾ ਸਕਦਾ। ਸੁਰਿੰਦਰ ਸੀਹਰਾ ਨੂੰ ਇਤਿਹਾਸ, ਮਿਥਿਹਾਸ ਦੀ ਡੂੰਘੀ ਸਮਝ ਹੈ । ਇਹ ਹਵਾਲੇ ਗ਼ਜ਼ਲ ਵਿੱਚ ਪੇਸ਼ ਕਾਵਿਕ ਪ੍ਰਵਚਨ ਨੂੰ ਅਰਥ ਭਰਪੂਰਤਾ ਦੇ ਨਾਲ-ਨਾਲ ਸੁਹਜਾਤਮਿਕਤਾ ਵੀ ਪ੍ਰਦਾਨ ਕਰਦੇ ਹਨ।ਸ਼ਾਇਰ ਦੀ ਗ਼ਜ਼ਲ ਵਿੱਚ ਪੇਸ਼ ਇਤਿਹਾਸਕ/ਮਿਥਿਹਾਸਕ ਹਵਾਲੇ ਵਿਸ਼ੇਸ਼ ਅਰਥਾਂ ਦੇ ਧਾਰਨੀ ਹਨ।ਮਿਸਾਲ ਦੇ ਤੌਰ 'ਤੇ ਬੇਗ਼ਮਪੁਰਾ, ਦਿੱਲੀ, ਵੇਂਈ, ਤੂਰ, ਕ੍ਰਿਸ਼ਨ, ਮੁਰਾਰੀ, ਪੂਰਨ, ਉਰਮਿਲਾ, ਰਾਮ, ਲਛਮਣ, ਈਸਾ, ਮੂਸਾ, ਘਣਸ਼ਾਮ, ਭਰਥਰੀ ਆਦਿ ਵੇਖੇ ਜਾ ਸਕਦੇ ਹਨ।

ਬਿੰਬ, ਸਾਹਿਤਕਾਰ ਦੇ ਭਾਵ, ਅਨੁਭਵ ਅਤੇ ਵਿਚਾਰ ਪ੍ਰਗਟਾਵੇ ਦਾ ਮਾਧਿਅਮ ਹੀ ਨਹੀਂ ਹੁੰਦੇ, ਬਲਕਿ ਕਾਵਿ ਦੀ ਦ੍ਰਿਸ਼ਟੀ ਤੋਂ ਵੀ ਵਧੇਰੇ ਮਹੱਤਵਪੂਰਨ ਹੁੰਦੇ ਹਨ।ਜਦੋਂ ਸਾਧਾਰਨ ਭਾਸ਼ਾ ਕਾਵਿ ਵਿਚਲੇ ਭਾਵ ਨੂੰ ਪ੍ਰਗਟਾਉਣ ਵਿੱਚ ਅਸਮਰੱਥ ਰਹਿੰਦੀ ਹੈ, ਤਾਂ ਸਾਹਿਤਕਾਰ ਨੂੰ ਬਿੰਬਾਂ ਦਾ ਸਹਾਰਾ ਲੈਣਾ ਪੈਂਦਾ ਹੈ।ਪ੍ਰਕਿਰਤੀ ਪੱਖੋਂ ਬਿੰਬ ਕਲਪਨਾਸ਼ੀਲ ਅਤੇ ਕਾਵਿਮਈ ਹੁੰਦਾ ਹੈ। ਉਹ ਬਿੰਬ ਹੀ ਗ੍ਰਹਿਣ-ਯੋਗ ਹੋ ਸਕਦਾ ਹੈ, ਜਿਸ ਤੋਂ ਪਾਠਕ ਭਲੀ-ਭਾਂਤ ਜਾਣੂੰ ਹੋਵੇ।ਸ਼ਾਇਰ ਜਿਸ ਕਾਵਿ-ਬਿੰਬ ਨੂੰ ਭਾਵ-ਵਿਅੰਜਨਾ ਲਈ ਵਰਤਦਾ ਹੈ, ਜੇ ਉਸ ਬਾਰੇ ਪਾਠਕ ਨੇ ਸੁਣਿਆ ਜਾਂ ਉਸ ਨੂੰ ਵੇਖਿਆ ਨਹੀਂ ਤਾਂ ਉਸ ਦੀ ਅਪੀਲ ਪੂਰਨ ਭਾਂਤ ਨਹੀਂ ਹੋ ਸਕਦੀ।ਸੁਰਿੰਦਰ ਸੀਹਰਾ ਲੋਕ ਜੀਵਨ ਵਿੱਚੋਂ ਬਿੰਬ ਲੈ ਕੇ ਭਾਵ-ਸੰਚਾਰਿਤ ਕਰਨ ਵਿੱਚ ਵਧੇਰੇ ਸਫ਼ਲ ਰਿਹਾ ਹੈ।ਇਸ ਤਰ੍ਹਾਂ ਬਿੰਬਾਂ ਦੀ ਸਹਾਇਤਾ ਨਾਲ ਸ਼ਾਇਰ ਦੇ ਅਮੂਰਤ ਭਾਵ ਸੁਹਜਮਈ ਢੰਗ ਨਾਲ ਪਾਠਕਾਂ ਸਾਹਮਣੇ ਸਮੂਰਤ ਰੂਪ ਗ੍ਰਹਿਣ ਕਰਦੇ ਹਨ ਅਤੇ ਵਸਤੂ ਨੂੰ ਸਮਝਣ ਵਿੱਚ ਸਹਾਈ ਹੁੰਦੇ ਹਨ। ਸਾਧਾਰਨ ਤੌਰ 'ਤੇ ਬਿੰਬ ਦਾ ਅਰਥ ਕਿਸੇ ਮੂਲ ਵਸਤੂ ਦੀ ਪ੍ਰਕਿਰਤੀ, ਪ੍ਰਤਿਛਾਇਆ ਜਾਂ ਪ੍ਰਤੀਕ ਹੁੰਦਾ ਹੈ।ਮਿਸਾਲ ਵਜੋਂ ਸ਼ਾਹਰਗ, ਅਟੇਰਨਾ, ਓਟਿਆ, ਧੌਲ਼, ਬਗਲਾ, ਸਰਦਲ, ਨੇਤਰਾ, ਠਠੇਰਾ, ਕਨਸੋਅ, ਖੜਾਵਾਂ, ਛਰਾਟੇ, ਸੱਲ, ਸੁੰਬਰਨਾ, ਝੇੜਾ, ਸਗਲ, ਧਮਾਲ, ਵਕੂਆ, ਹੇਂਅ, ਚੋਬ ਆਦਿ ਪ੍ਰਤੀਕ ਪੰਜਾਬੀ ਜਨ-ਜੀਵਨ ਨਾਲ ਸੰਬੰਧਤ ਹੋਣ ਕਾਰਨ ਇਨ੍ਹਾਂ ਵਿੱਚੋਂ ਪੰਜਾਬੀ ਸੱਭਿਆਚਾਰ ਦੀ ਤਸਵੀਰ ਝਲਕਦੀ ਹੈ।

ਗ਼ਜ਼ਲ ਦਾ ਹਰ ਇੱਕ ਸ਼ਿਅਰ ਇੱਕ ਮੁਕੰਮਲ ਵਿਸ਼ੇ ਨੂੰ ਬਿਆਨ ਕਰਦਾ ਹੈ। ਇਸ ਲਈ ਸ਼ਾਇਰ ਗ਼ਜ਼ਲ ਵਿੱਚ ਆਪਣੇ ਭਾਵ/ਵਿਚਾਰ ਨੂੰ ਵਿਅਕਤ ਕਰਨ ਲੱਗਿਆ ਇਸ ਨੂੰ ਵਧੇਰੇ ਪ੍ਰਭਾਵਸ਼ਾਲੀ ਬਣਾਉਣ ਲਈ 'ਪ੍ਰਤੀਕ' ਦੀ ਵਰਤੋਂ ਕਰਦਾ ਹੈ।ਸ਼ਾਇਰ ਨੇ ਗ਼ਜ਼ਲ ਨੂੰ ਸੁਹਜਾਤਮਿਕਤਾ ਪ੍ਰਦਾਨ ਕਰਨ ਲਈ ਜਿੱਥੇ ਸੁਚੱਜੀ ਸ਼ਬਦ ਚੋਣ ਦੀ ਵਰਤੋਂ ਕੀਤੀ ਹੈ, ਉੱਥੇ ਕੁਦਰਤ ਨਾਲ ਸੰਬੰਧਤ ਵੰਨ-ਸੁਵੰਨੇ ਪ੍ਰਤੀਕਾਂ ਦੀ ਵੀ ਵਰਤੋਂ ਕੀਤੀ ਹੈ।

ਪਰੰਪਰਿਕ ਗ਼ਜ਼ਲ ਅੰਦਰ ਆਰੰਭ ਤੋਂ ਹੀ 'ਪ੍ਰਤੀਕ' ਦੀ ਵਰਤੋਂ ਹੁੰਦੀ ਆ ਰਹੀ ਹੈ। ਇਸ ਲਈ ਪੰਜਾਬੀ ਸ਼ਾਇਰਾਂ ਨੇ ਉਰਦੂ ਗ਼ਜ਼ਲ ਦੇ ਪ੍ਰਤੀਕਾਂ ਨੂੰ ਸਹਿਜੇ ਹੀ ਅਪਣਾ ਲਿਆ। ਫਲਸਰੂਪ ਪੰਜਾਬੀ ਸ਼ਾਇਰਾਂ ਨੇ ਗ਼ਜ਼ਲ ਰਚਨਾ ਵਿੱਚ ਉਰਦੂ/ਫ਼ਾਰਸੀ ਸ਼ਬਦਾਵਲੀ ਵਿੱਚੋਂ ਅਪਨਾਏ ਪ੍ਰਤੀਕਾਂ ਦੀ ਹੂ-ਬ-ਹੂ ਵਰਤੋਂ ਕੀਤੀ ਹੈ। ਪੰਜਾਬੀ ਭਾਸ਼ਾ ਦੀ ਖ਼ਾਸੀਅਤ ਹੈ ਕਿ ਇਸ ਕੋਲ ਆਪਣੇ ਮੌਲਿਕ ਅਤੇ ਅਣਛੋਹੇ ਪ੍ਰਤੀਕਾਂ ਦੀ ਵੀ ਭਰਮਾਰ ਹੈ।

ਸੁਰਿੰਦਰ ਸੀਹਰਾ ਦੀ ਗ਼ਜ਼ਲ ਰਵਾਇਤੀ ਪ੍ਰਤੀਕ/ਬਿੰਬਾਂ ਨੂੰ ਤਿਆਗ ਕੇ ਉਨ੍ਹਾਂ ਬਿੰਬਾਂ/ਪ੍ਰਤੀਕਾਂ ਨੂੰ ਹੀ ਅਪਨਾਉਂਦੀ ਹੈ, ਜੋ ਪੰਜਾਬੀ ਸੱਭਿਆਚਾਰ ਅੰਦਰ ਭੌਤਿਕ ਪੱਧਰ ਉੱਤੇ ਮੌਜੂਦ ਹਨ।ਪੰਜਾਬੀ ਸੱਭਿਆਚਾਰ ਵਿੱਚ ਪ੍ਰਾਪਤ ਸਾਮਿੱਗ੍ਰੀ ਹੀ ਬਿੰਬ/ ਪ੍ਰਤੀਕ/ ਚਿਹਨਾਂ ਅੰਦਰ ਢਲ਼ ਕੇ ਸੁਰਿੰਦਰ ਸੀਹਰਾ ਦੀ ਗ਼ਜ਼ਲ ਪੰਜਾਬੀ ਗ਼ਜ਼ਲ ਦਾ ਅੰਗ ਬਣਦੀ ਹੈ।ਉਸ ਦੀ ਗ਼ਜ਼ਲ ਸਿਰਜਣਾ ਵਿੱਚ ਗ਼ਜ਼ਲ ਰੂਪਾਕਾਰ ਦੇ ਤਕਨੀਕੀ ਬੰਧਨਾਂ ਨੂੰ ਬਾਖ਼ੂਬੀ ਨਿਭਾਇਆ ਹੈ।ਸੁਰਿੰਦਰ ਸੀਹਰਾ ਸ਼ਬਦ ਦੇ ਸੁਹਜ ਨੂੰ ਪਛਾਨਣ ਦੀ ਸਮਰੱਥਾ ਰੱਖਣ ਵਾਲਾ ਸ਼ਾਇਰ ਹੈ, ਜਿਸ ਦੀ ਸ਼ਾਇਰੀ ਤ੍ਰਾਸਦਿਕ ਸਥਿਤੀ ਵਿੱਚ ਪਏ ਮਨੁੱਖ ਦੇ ਵੇਦਨਾਗ੍ਰਸਤ ਮਨੋਭਾਵਾਂ ਨੂੰ ਜ਼ੁਬਾਨ ਪ੍ਰਦਾਨ ਕਰਦੀ ਹੈ।

**ਸੰਪਰਕ : 98771-53618**

# ਭਾਰਤੀ ਰਾਜਨੀਤੀ ਦਾ ਵਿਸ਼ਲੇਸ਼ਣ

## ਸਾਹਿਤ ਚਿੰਤਨ

**ਡਾ. ਤੇਜਿੰਦਰ ਵਿਰਲੀ**

### ਜਿਓ ਪੌਲਿਟਿਕਸ

**ਨਵਨੀਤ ਚਤਰਵੇਦੀ**
**ਅਨੁ. ਹਰਜੋਤ**
**ਸਫੇ : 184, ਮੁੱਲ : 250 ਰੁਪਏ**
**ਵ੍ਹਾਈਟ ਕਰੋਅ ਪਬਲਿਸ਼ਰ, ਮੋਹਾਲੀ**

ਅੱਜ ਜਿਸ ਕਿਤਾਬ ਬਾਰੇ ਗੱਲ ਕਰਨ ਜਾ ਰਹੇ ਹਾਂ, ਉਹ ਹੈ ਜਿਓ ਪੌਲਿਟਿਕਸ ਭਾਗ ਪਹਿਲਾ, ਜਿਸ ਦੇ ਲੇਖਕ ਹਨ ਨਵਨੀਤ ਚਤੁਰਵੇਦੀ। ਇਹ ਪੁਸਤਕ ਮੂਲ ਰੂਪ ਵਿੱਚ ਹਿੰਦੀ ਭਾਸ਼ਾ ਵਿੱਚ ਲਿਖੀ ਗਈ ਹੈ, ਜਿਸ ਨੂੰ ਪੰਜਾਬੀ ਪਾਠਕਾਂ ਲਈ ਅਨੁਵਾਦ ਹਰਜੋਤ ਹੁਰਾਂ ਨੇ ਕੀਤਾ ਹੈ ਤੇ ਪੰਜਾਬੀ ਪਾਠਕਾਂ ਲਈ ਵ੍ਹਾਈਟ ਕਰੋਅ ਪਬਲਿਸ਼ਰ ਨੇ ਇਸ ਨੂੰ ਛਾਪਿਆ ਹੈ।

ਅਕਸਰ ਹੀ ਇਹ ਕਿਹਾ ਜਾਂਦਾ ਹੈ ਕਿ ਰਾਜਨੀਤੀ ਵਿੱਚ ਜੋ ਦਿਖਾਈ ਦਿੰਦਾ ਹੈ, ਉਹ ਅਸਲ ਵਿਚ ਹੁੰਦਾ ਨਹੀਂ ਅਤੇ ਜੋ ਹੁੰਦਾ ਹੈ, ਉਹ ਦਿਖਾਈ ਨਹੀਂ ਦਿੰਦਾ। ਇਹ ਗੱਲ ਰਾਸ਼ਟਰੀ ਅਤੇ ਅੰਤਰਰਾਸ਼ਟਰੀ ਪੱਧਰ ਦੀ ਰਾਜਨੀਤੀ ਲਈ ਸਮਾਨ ਰੂਪ ਵਿੱਚ ਲਾਗੂ ਹੁੰਦੀ ਹੈ। ਇਸੇ ਗੱਲ ਨੂੰ ਵਿਸਥਾਰ ਨਾਲ ਇਸ ਕਿਤਾਬ ਵਿੱਚ ਪੇਸ਼ ਕੀਤਾ ਗਿਆ ਹੈ। ਕਿਵੇਂ ਕੁਝ ਨਾ ਦਿਸਦੀਆਂ ਤਾਕਤਾਂ ਸਮਾਜਿਕ ਘਟਨਾਵਾਂ ਨੂੰ ਅੰਜਾਮ ਦਿੰਦੀਆਂ ਹਨ, ਕਿਵੇਂ ਉਹ ਘਟਨਾਵਾਂ ਰਾਜਨੀਤੀ ਨੂੰ ਪ੍ਰਭਾਵਿਤ ਕਰਦੀਆਂ ਹਨ। ਨਵਨੀਤ ਚਤੁਰਵੇਦੀ ਨੇ ਇਸ ਦੀ ਪੇਸ਼ਕਾਰੀ ਬਹੁਤ ਹੀ ਰੋਮਾਂਚਕ ਅੰਦਾਜ਼ ਵਿੱਚ ਕਰਕੇ ਘਟਨਾਵਾਂ ਨੂੰ ਹੋਰ ਵੀ ਰੌਚਕ ਬਣਾ ਦਿੱਤਾ ਹੈ।

ਜਿਓ ਪੌਲਿਟਿਕਸ ਯਾਨੀ ਭੂਮੰਡਲਿਕ ਰਾਜਨੀਤੀ। ਇਸ ਖੇਡ ਵਿੱਚ ਸੰਸਾਰ ਦੀਆਂ ਵੱਡੀਆਂ ਕੰਪਨੀਆਂ ਦਿਨ-ਰਾਤ ਲੱਗੀਆਂ ਹੋਈਆਂ ਹਨ। ਅੱਜ ਦਿਸਦੇ ਵੱਡੇ-ਵੱਡੇ ਰਾਜਨੇਤਾ ਇਨ੍ਹਾਂ ਕੰਪਨੀਆਂ ਦੀਆਂ ਕਠਪੁਤਲੀਆਂ ਵਜੋਂ ਕਾਰਜਸ਼ੀਲ ਹਨ। ਸੰਸਾਰ ਦੇ ਵੱਖ-ਵੱਖ ਦੇਸ਼ਾਂ ਦੀਆਂ ਵੱਡੀਆਂ ਏਜੰਸੀਆਂ ਹਰ ਵਕਤ ਆਪਣੇ ਹਿੱਤਾਂ ਅਨੁਸਾਰ ਦੂਸਰੇ ਦੇਸ਼ ਦੀ ਰਾਜਨੀਤੀ ਨੂੰ ਬਦਲਣ ਵਿਚ ਲੱਗੀਆਂ ਰਹਿੰਦੀਆਂ ਹਨ। ਵੱਡੇ-ਵੱਡੇ ਮੀਡੀਆ ਹਾਊਸ ਇਸ ਵਿਚ ਆਪਣਾ ਬਣਦਾ ਯੋਗਦਾਨ ਪਾਉਂਦੇ ਹਨ । ਇਕ ਪੂਰੀ ਦੀ ਪੂਰੀ ਟੀਮ ਹੈ, ਜਿਹੜੀ ਬੈਕਗਰਾਉਂਡ ਵਿਚ ਪੂਰੀ ਤਨਦੇਹੀ ਨਾਲ ਕੰਮ ਕਰਦੀ ਹੈ ਤੇ ਕਮਾਲ ਦੀ ਗੱਲ ਇਹ ਹੈ ਕਿ ਇਹ ਕਿਤੇ ਦਿਖਾਈ ਨਹੀਂ ਦਿੰਦੀ, ਜੋ ਦਿਖਾਈ ਦਿੰਦਾ ਹੈ, ਉਹ ਅਸਲ ਵਿੱਚ ਹੈ ਹੀ ਨਹੀਂ। ਇਹੋ ਹੀ ਇਸ ਕਿਤਾਬ ਦੀ ਖ਼ਾਸੀਅਤ ਹੈ ਕਿ ਇਸ ਨੇ ਰਾਜਨੀਤੀ ਉੱਪਰ ਪਏ ਪਰਦੇ ਨੂੰ ਉਤਾਰ ਕੇ ਇਸ ਨੂੰ ਨੰਗਿਆਂ ਕੀਤਾ ਹੈ। ਲੇਖਕ ਦੀ ਖਾਸੀਅਤ ਇਸ ਵਿੱਚ ਹੈ ਕਿ ਇਸ ਨੇ ਸੱਤਾ ਦੇ ਉੱਤੇ ਦਿਖਾਈ ਦਿੰਦੇ ਦੰਬ ਤੇ ਸੱਤਾ ਦੇ ਹੇਠ ਕਾਰਜਸ਼ੀਲ ਸੱਚ ਨੂੰ ਇੱਕ-ਦੂਸਰੇ ਦੇ ਵਿਰੋਧ ਵਿੱਚ ਉਜਾਗਰ ਕੀਤਾ ਹੈ। ਰਾਜਨੀਤੀ ਦੇ ਇਸ ਤਰ੍ਹਾਂ ਦੇ ਵਰਤਾਰੇ ਨੂੰ ਨੰਗਿਆਂ ਕਰਦੀ ਇਹ ਪੁਸਤਕ ਆਪਣੇ-ਆਪ ਵਿੱਚ ਨਿਵੇਕਲੀ ਹੋਣ ਕਰਕੇ ਵਧੇਰੇ ਖਿੱਚ ਦਾ ਕੇਂਦਰ ਬਣਦੀ ਹੈ।

ਕਈ ਲੋਕ ਪੈਸਾ ਕਮਾਉਣ ਲਈ ਕੰਮ ਕਰਦੇ ਹਨ ਤੇ ਕਈ ਲੋਕ ਰਾਜਨੀਤਕ ਤਾਕਤ ਹਥਿਆਉਣ ਲਈ ਕੰਮ ਕਰਦੇ ਹਨ। ਯਾਨੀ ਤਾਕਤ ਅਤੇ ਪੈਸਾ ਕਮਾਉਣ ਲਈ ਲੱਗੀਆਂ ਇਹਨਾਂ ਧਿਰਾਂ ਦੇ ਹੱਥ ਵੱਡੀਆਂ ਏਜੰਸੀਆਂ ਨਾਲ ਜੁੜ ਜਾਂਦੇ ਹਨ ਤਾਂ ਨਤੀਜੇ ਬਾਕਮਾਲ ਨਿਕਲਦੇ ਹਨ। ਤੁਸੀਂ ਇਹਨੂੰ ਕਿਸੇ ਵੀ ਤਰ੍ਹਾਂ ਦੀ ਗਿਰਾਵਟ ਦੀ ਰਾਜਨੀਤੀ ਆਖ ਸਕਦੇ ਹੋ ਜਾਂ ਖਿਆਲੀ ਪਲਾਓ ਆਖ ਕੇ ਇਸ ਨੂੰ ਅਣਡਿੱਠ ਵੀ ਕਰ ਸਕਦੇ ਹੋ ਪਰ ਇਹ ਜੋ ਕੁਝ ਹੋ ਰਿਹਾ ਹੈ, ਇਹ ਸਾਡੇ ਸਮਿਆਂ ਦੀ ਜਿਓ ਪੌਲਿਟਿਕਸ ਹੈ। ਜੇ ਤੁਸੀਂ ਰਾਜਨੀਤੀ ਦੇ ਵਿਦਿਆਰਥੀ ਹੋ ਜਾਂ ਰਾਜਨੀਤੀ ਦੇ ਅਖਾੜੇ ਵਿੱਚ ਕੰਮ ਕਰਦੇ ਹੋ ਤਾਂ ਤੁਹਾਨੂੰ ਜਿਓ ਪੌਲਿਟਿਕਸ ਨੂੰ ਸਮਝਣਾ ਬਹੁਤ ਜ਼ਰੂਰੀ ਹੋਵੇਗਾ। ਨਹੀਂ ਤਾਂ ਤੁਹਾਡੀ ਸਾਰੀ ਮਿਹਨਤ ਬੇਅਰਥ ਜਾਣ ਵਾਲੀ ਹੈ।




ਨਵਨੀਤ ਚਤੁਰਵੇਦੀ ਨੇ ਆਪਣੀ ਇਸ ਕਿਤਾਬ ਵਿੱਚ ਪਿਛਲੇ ਪੰਜ ਦਹਾਕਿਆਂ ਦੌਰਾਨ ਭਾਰਤ ਦੀ ਰਾਜਨੀਤੀ ਵਿੱਚ ਆਏ ਪਰਿਵਰਤਨਾਂ ਦਾ ਗਹਿਨ ਅਧਿਐਨ ਵਿਸ਼ਲੇਸ਼ਣ ਕਰਦਿਆਂ ਜਿਓ ਪੌਲਿਟਿਕਸ ਦੀ ਦ੍ਰਿਸ਼ਟੀ ਤੋਂ ਦੇਖਣ ਦਾ ਯਤਨ ਕੀਤਾ ਹੈ। ਭਾਵੇਂ ਉਹ ਕੰਧਾਰ ਦਾ ਜਹਾਜ਼ ਅਗਵਾ ਕਾਂਡ ਹੋਵੇ, ਭਾਵੇਂ ਨੋਟਬੰਦੀ ਤੇ ਭਾਵੇਂ ਈ ਵੀ ਐੱਮ ਮਸ਼ੀਨਾਂ ਸੰਬੰਧੀ ਸ਼ੰਕਾਵਾਂ ਦਾ ਭਰਮ ਜਾਲ, ਇਹਨਾਂ ਸਾਰੇ ਵਰਤਾਰਿਆਂ ਬਾਰੇ ਉਸ ਦੀ ਸਮਝਦਾਰੀ ਬਿਲਕੁਲ ਵਿਲੱਖਣ ਹੈ । ਉਹ ਉਦਾਹਰਨਾਂ ਸਹਿਤ ਸਮਝਾਉਣ ਦੀ ਕੋਸ਼ਿਸ਼ ਕਰਦਾ ਹੈ। ਇਸ ਤਰ੍ਹਾਂ ਦੀ ਪੱਤਰਕਾਰੀ ਕਰਨਾ ਜਾਂ ਇਸ ਤਰ੍ਹਾਂ ਦੀ ਪੁਸਤਕ ਲਿਖਣਾ ਆਪਣੇ ਆਪ ਵਿੱਚ ਜਾਨ ਜੋਖ਼ਮ ਵਿੱਚ ਪਾਉਣ ਵਾਲਾ ਕੰਮ ਹੈ, ਇਸੇ ਕਰਕੇ ਉਹ ਲਿਖਦਾ ਕਿ ਮੇਰੇ ਬਹੁਤ ਸਾਰੇ ਦੋਸਤ ਮੈਨੂੰ ਇਸ ਕਾਰਜ ਦੌਰਾਨ ਇਕੱਲੇ ਨੂੰ ਛੱਡ ਗਏ ਤੇ ਬਹੁਤ ਸਾਰੇ ਨਵੇਂ ਦੋਸਤ ਇਸ ਕਾਰਜ ਕਰਕੇ ਮੇਰੇ ਨਾਲ ਆ ਜੁੜੇ।

ਇਸ ਕਿਤਾਬ ਵਿੱਚ ਨਰਿੰਦਰ ਮੋਦੀ ਦੇ ਸੰਗਠਨ ਦੇ ਪ੍ਰਚਾਰਕ ਤੋਂ ਇਕ ਬਰਾਂਡ ਬਣਨ ਦੀ ਕਹਾਣੀ ਹੈ। ਮੋਦੀ ਨੂੰ ਬ੍ਰਾਂਡ ਬਣਾਉਣ ਲਈ ਕਿਵੇਂ ਕੰਪਨੀਆਂ ਨੇ ਵੱਡਾ ਰੋਲ ਅਦਾ ਕੀਤਾ ਤੇ ਬਦਲੇ ਵਿੱਚ ਕੰਪਨੀਆਂ ਨੂੰ ਕੀ ਕਦੋਂ ਕਿੱਥੇ ਮਿਲਿਆ, ਇਸ ਸਾਰੇ ਦਾ ਵਰਨਣ ਇਸ ਕਿਤਾਬ ਦੀ ਖ਼ੂਬਸੂਰਤੀ ਹੈ। ਇਹ ਕਿਤਾਬ ਇਹ ਵੀ ਦੱਸਦੀ ਹੈ ਕਿ ਮੋਦੀ ਦੇ ਰਾਹ ਵਿੱਚ ਆਉਂਦੇ ਕੰਡੇ ਭਾਵੇਂ ਉਹ ਪਾਰਟੀ ਦੇ ਅੰਦਰ ਹੋਣ ਤੇ ਭਾਵੇਂ ਉਹ ਪਾਰਟੀ ਦੇ ਬਾਹਰ ਕਿਵੇਂ ਕੰਪਨੀਆਂ ਨੇ ਚੁੱਕ ਕੇ ਮੋਦੀ ਦੇ ਰਾਹ ਵਿੱਚੋਂ ਦੂਰ ਕੀਤੇ।

ਕਈ ਵਾਰੀ ਵਿਕਸਿਤ ਦੇਸ਼ਾਂ ਦੀ ਰਾਜਨੀਤੀ ਸੰਬੰਧੀ ਅਜਿਹੀਆਂ ਚਰਚਾਵਾਂ ਸੁਣਨ ਵਿੱਚ ਆਉਂਦੀਆਂ ਸਨ ਕਿ ਉੱਥੇ ਭਾਵੇਂ ਵੋਟਾਂ ਪੈ ਕੇ ਹਾਕਮ ਧਿਰ ਦੀ ਚੋਣ ਹੁੰਦੀ ਹੋਵੇ, ਪਰੰਤੂ ਇਸ ਦਾ ਫੈਸਲਾ ਕੁਝ ਕੁ ਘਰਾਣੇ ਜਾਂ ਕੁਝ ਏਜੰਸੀਆਂ ਜਾਂ ਕੁਝ ਕੰਪਨੀਆਂ ਹੀ ਕਰਦੀਆਂ ਹਨ ਕਿ ਇਸ ਵਾਰੀ ਸੱਤਾ ਦੀ ਚਾਬੀ ਕਿਸ ਹਾਕਮ ਦੇ ਹੱਥ ਜਾਂ ਕਿਸ ਪਾਰਟੀ ਦੇ ਹੱਥ ਫੜਾਉਣੀ ਹੈ। ਸੰਸਾਰ ਦੀਆਂ ਵੱਡੀਆਂ ਏਜੰਸੀਆਂ ਕੇਵਲ ਇਹਨਾਂ ਵੱਡੇ ਦੇਸ਼ਾਂ ਵਿੱਚ ਹੀ ਸਰਗਰਮ ਨਹੀਂ ਹੁੰਦੀਆਂ, ਸਗੋਂ ਉਹ ਭਾਰਤ ਵਰਗੇ ਜਾਂ ਇਸ ਤੋਂ ਵੀ ਪੱਛੜੇ ਹੋਏ ਦੇਸ਼ਾਂ ਦੀ ਰਾਜਨੀਤੀ ਵਿੱਚ ਵੀ ਦਿਲਚਸਪੀ ਲੈਂਦੀਆਂ ਹਨ। ਜਿਸ ਗੱਲ ਦੇ ਪ੍ਰਮਾਣ ਇਹ ਪੁਸਤਕ ਪੇਸ਼ ਕਰਦੀ ਹੈ।

ਸੰਸਾਰ ਭਰ ਵਿੱਚ ਸੱਜੇ ਪੱਖੀ ਰਾਜਨੀਤੀ ਦਾ ਆਧਾਰ ਇਸ ਦੀ ਇੱਕ ਵਧੀਆ ਉਦਾਹਰਣ ਕਿਹਾ ਜਾ ਸਕਦਾ।

ਕਿਉਂਕਿ ਦਿਓਕੱਦ ਕੰਪਨੀਆਂ ਨਿੱਜੀ ਮੁਨਾਫੇ ਦੀ ਖਾਤਰ ਰਾਜਨੀਤੀ ਨੂੰ ਆਪਣੇ ਹਿੱਤ ਵਿੱਚ ਕਰਨ ਲਈ ਲੱਗੀਆਂ ਹੋਈਆਂ ਹਨ, ਇਸ ਲਈ ਖੱਬੀਆਂ ਧਿਰਾਂ ਨੂੰ ਹਾਸ਼ੀਏ 'ਤੇ ਭੇਜਣਾ ਇਹਨਾਂ ਦੀ ਪਹਿਲੀ ਲੋੜ ਬਣ ਜਾਂਦਾ ਹੈ। ਸੰਸਾਰ ਭਰ ਵਿੱਚ ਖੱਬੀਆਂ ਧਿਰਾਂ ਦਾ ਹਾਸ਼ੀਏ ਵੱਲ ਧੱਕੇ ਜਾਣਾ ਵੀ ਜਿਓ ਪੌਲਿਟਿਕਸ ਵਿੱਚੋਂ ਸਮਝਿਆ ਜਾ ਸਕਦਾ ਹੈ।

ਖ਼ੋਜੀ ਪੱਤਰਕਾਰੀ ਆਮ ਰੋਜ਼ਾਨਾ ਜੀਵਨ ਦੀ ਪੱਤਰਕਾਰੀ ਨਾਲੋਂ ਅਸਲੋਂ ਹੀ ਵੱਖਰੀ ਹੈ। ਉਦਾਹਰਣ ਵਜੋਂ ਅਸੀਂ ਨੋਟਬੰਦੀ ਦੀ ਘਟਨਾ ਨੂੰ ਲੈਂਦੇ ਹਾਂ। ਲੱਗਭੱਗ ਮੀਡੀਆ ਨੇ ਇਸ ਖਬਰ ਨੂੰ ਉਸੇ ਦ੍ਰਿਸ਼ਟੀਕੋਣ ਤੋਂ ਪੇਸ਼ ਕੀਤਾ, ਜਿਸ ਦ੍ਰਿਸ਼ਟੀਕੋਣ ਤੋਂ ਦੇਸ਼ ਦੇ ਪ੍ਰਧਾਨ ਮੰਤਰੀ ਸ੍ਰੀ ਨਰਿੰਦਰ ਮੋਦੀ ਨੇ ਦੱਸਿਆ। ਉਹਨਾਂ ਦਾ ਭਾਸ਼ਣ ਸੀ ਕਿ ਨੋਟਬੰਦੀ ਇਸ ਲਈ ਜ਼ਰੂਰੀ ਸੀ ਕਿਉਂਕਿ ਕਾਲਾ ਧਨ ਦੇਸ਼ ਵਿੱਚੋਂ ਬਾਹਰ ਕੱਢਣਾ ਸੀ। ਨੋਟਬੰਦੀ ਵੇਲੇ ਇਹ ਵੀ ਕਿਹਾ ਗਿਆ ਸੀ ਕਿ ਪੰਜ-ਪੰਜ ਸੌ ਦੇ ਨੋਟ ਲੈ ਕੇ ਕਸ਼ਮੀਰ ਅੰਦਰ ਪੱਥਰਬਾਜ਼ੀ ਕਰਨ ਵਾਲੇ ਇਸ ਨੋਟਬੰਦੀ ਦੇ ਨਾਲ ਹੀ ਬੰਦ ਹੋ ਜਾਣਗੇ। ਦੇਸ਼ ਦੇ ਸਮੁੱਚੇ ਮੀਡੀਆ ਨੇ ਇਸ ਨੋਟਬੰਦੀ ਦੇ ਵਰਤਾਰੇ ਨੂੰ ਜਾਲ੍ਹੀ ਕਰੰਸੀ ਤੇ ਅੱਤਵਾਦ ਦਾ ਲੱਕ ਤੋੜਨ ਦੇ ਸੰਦਰਭ ਵਿੱਚ ਦੇਖਿਆ ਤੇ ਪੇਸ਼ ਕੀਤਾ। ਜਿਸ ਕਿਸੇ ਨੇ ਇਸ ਦੇ ਵਿਰੋਧ ਵਿੱਚ ਕੋਈ ਬਿਰਤਾਂਤ ਸਿਰਜਣ ਦੀ ਕੋਸ਼ਿਸ਼ ਵੀ ਕੀਤੀ ਤਾਂ ਉਹ ਬਿਰਤਾਂਤ ਇੰਨਾ ਛੋਟਾ ਸੀ ਕਿ ਉਹ ਚੱਲ ਨਾ ਸਕਿਆ।

ਦਸੰਬਰ, 1999 ਵਿੱਚ ਇੱਕ ਭਾਰਤੀ ਜਹਾਜ਼ ਅਗਵਾ ਕਰਕੇ ਕੰਧਾਰ ਖੜਿਆ ਗਿਆ। ਉੱਥੇ ਯਾਤਰੀਆਂ ਦੀ ਸੁਰੱਖਿਅਤ ਰਿਹਾਈ ਦੇ ਬਦਲੇ ਮਸੂਦ ਅਜ਼ਹਰ ਸਮੇਤ ਕੁਝ ਅੱਤਵਾਦੀਆਂ ਨੂੰ ਭਾਰਤੀ ਜੇਲ੍ਹਾਂ ਵਿੱਚੋਂ ਰਿਹਾਅ ਕਰਨਾ ਪਿਆ ਸੀ। ਦੁਨੀਆ ਭਰ ਦੇ ਲੋਕਾਂ ਲਈ ਕੰਧਾਰ ਜਹਾਜ਼ ਅਗਵਾ ਕਾਂਡ ਕੇਵਲ ਇੰਨਾ ਕੁ ਹੀ ਬਿਰਤਾਂਤ ਸੀ, ਪਰ ਲੇਖਕ ਦੱਸਦਾ ਹੈ ਕਿ ਕਹਾਣੀ ਇਸ ਦੇ ਪਿੱਛੇ ਹੋਰ ਸੀ।

ਕਾਂਗਰਸ ਦੇ ਰਾਜ ਸਭਾ ਸਾਂਸਦ ਆਰ.ਕੇ. ਆਨੰਦ ਦਸੰਬਰ 2004 'ਚ ਪੀ ਐੱਮ ਮਨਮੋਹਨ ਸਿੰਘ ਨੂੰ ਪੱਤਰ ਲਿਖ ਕੇ ਮੰਗ ਕਰਦੇ ਹਨ ਕਿ ਕੰਧਾਰ ਜਹਾਜ਼ ਅਗਵਾ ਕਾਂਡ ਦੀ ਜਾਂਚ ਕੀਤੀ ਜਾਵੇ, ਉਹ ਦੱਸਦਾ ਹੈ ਕਿ ਉੱਥੇ 200 ਮਿਲੀਅਨ ਡਾਲਰ ਦੀ ਫਿਰੌਤੀ ਦਿੱਤੀ ਗਈ ਹੈ, ਉਹ ਪੈਸਾ ਸਾਬਕਾ ਕੇਂਦਰੀ ਮੰਤਰੀ ਜਸਵੰਤ ਸਿੰਘ ਇੱਕ ਬ੍ਰੀਫਕੇਸ 'ਚ ਲੈ ਕੇ ਗਏ ਸੀ। ਕਾਂਗਰਸੀ ਆਗੂ ਆਰ ਕੇ ਆਨੰਦ ਨੇ ਕਿਹਾ ਸੀ ਕਿ ਇਹ ਫਿਰੌਤੀ ਵਿਸ਼ਵ ਦੇ ਧਨੀ ਕਾਰੋਬਾਰੀ 'ਰਾਬਰਟ ਜਿਓਰੀ' ਦੀ ਸੁਰੱਖਿਅਤ ਰਿਹਾਈ ਲਈ ਦਿੱਤੀ ਗਈ ਸੀ, ਜਿਹੜਾ ਇਸ ਜਹਾਜ਼ ਦਾ ਮੁਸਾਫ਼ਿਰ ਸੀ, ਬਾਕੀ ਅੱਤਵਾਦੀਆਂ ਦੀ ਰਿਹਾਈ ਤਾਂ ਕੇਵਲ ਵਾਧੂ ਬੋਨਸ ਡੀਲ ਸੀ। ਅਸਲ 'ਚ ਜਹਾਜ਼ ਅਗਵਾ ਵੀ ਇਸ ਰਾਬਰਟ ਜਿਓਰੀ ਦੇ ਲਈ ਹੀ ਕੀਤਾ ਗਿਆ ਸੀ, ਪਰ ਬਦਕਿਸਮਤੀ ਨਾਲ ਕਾਂਗਰਸੀ ਰਾਜ ਵਿੱਚ ਇਕ ਕਾਂਗਰਸੀ ਐੱਮ ਪੀ ਆਰ.ਕੇ. ਆਨੰਦ ਦੀ ਕਿਸੇ ਨੇ ਇਕ ਨਾ ਸੁਣੀ।

ਡਾ. ਮਨਮੋਹਨ ਸਿੰਘ ਦੇ ਰਾਜ ਵਿੱਚ 7 ਮਾਰਚ, 2006 ਨੂੰ ਵਾਰਾਣਸੀ 'ਚ ਸਿਲਸਿਲੇਵਾਰ ਬੰਬ ਵਿਸਫੋਟ ਹੋਏ ਤੇ ਪੂਰਾ ਬਨਾਰਸ ਦਹਿਲ ਗਿਆ, ਇੱਕ ਵਾਰ ਫਿਰ ਤੋਂ ਗੱਲ ਅੱਤਵਾਦ ਦੀ ਹੋਣ ਲੱਗੀ, ਕਿਉਂਕਿ ਇਨ੍ਹਾਂ ਅੱਤਵਾਦੀ ਘਟਨਾਵਾਂ ਵਿੱਚ ਉਨ੍ਹਾਂ ਅੱਤਵਾਦੀਆਂ ਦਾ ਹੱਥ ਸੀ, ਜਿਨ੍ਹਾਂ ਨੂੰ ਕੰਧਾਰ ਵਿੱਚ ਛੱਡਿਆ ਗਿਆ ਸੀ, ਇਸ ਲਈ ਕੰਧਾਰ ਜਹਾਜ਼ ਅਗਵਾ ਕਾਂਡ ਇੱਕ ਵਾਰ ਫਿਰ ਚਰਚਾ ਵਿੱਚ ਆਇਆ।

ਆਰ.ਕੇ. ਆਨੰਦ ਨੂੰ ਹੁਣ ਭਾਜਪਾ ਦੇ ਬਾਗੀ ਆਗੂ ਮਦਨ ਲਾਲ ਖੁਰਾਣਾ ਦਾ ਵੀ ਸਾਥ ਮਿਲ ਰਿਹਾ ਸੀ। ਇਸ ਵਾਰ ਦੋਵਾਂ ਨੇ ਮਿਲ ਕੇ ਮੰਗ ਚੱਕੀ ਕਿ ਕੰਧਾਰ ਜਹਾਜ਼ ਅਗਵਾ ਕਾਂਡ ਦੀ ਜਾਂਚ ਹੋਣੀ ਚਾਹੀਦੀ ਹੈ। ਉਨ੍ਹਾਂ ਦੀ ਮੁਹਿੰਮ ਨੂੰ ਭਾਜਪਾ ਦੇ ਬਾਗ਼ੀ ਆਗੂ ਉਮਾ ਭਾਰਤੀ ਤੇ ਗੋਵਿੰਦਾਚਾਰਿਆ ਦਾ ਵੀ ਸਮਰਥਨ ਮਿਲ ਗਿਆ ਸੀ, ਪਰ ਡਾ. ਮਨਮੋਹਨ ਸਿੰਘ ਦੀ ਅਗਵਾਈ ਵਾਲੇ ਕਾਂਗਰਸ ਦੇ ਰਾਜ ਵਿੱਚ ਸੁਣਵਾਈ ਫਿਰ ਨਾ ਹੋਈ।


ਇਤਫ਼ਾਕ ਦੀ ਗੱਲ ਇਹ ਹੈ ਕਿ ਅਡਵਾਨੀ ਦਾ ਵੀ ਇਸ ਸੰਬੰਧੀ ਇਕ ਬਿਆਨ ਆਇਆ, ਜਿਸ ਨੂੰ ਆਧਾਰ ਬਣਾ ਕੇ ਇਨ੍ਹਾਂ ਸਾਰਿਆਂ ਨੇ ਇੱਕ ਵਾਰ ਫਿਰ ਮੰਗ ਕਰਨੀ ਸ਼ੁਰੂ ਕਰ ਦਿੱਤੀ ਕਿ ਕੰਧਾਰ ਕਾਂਡ ਦੀ ਪੀ ਐੱਮ ਮਨਮੋਹਨ ਸਿੰਘ ਨੂੰ ਜਾਂਚ ਕਰਵਾਉਣੀ ਚਾਹੀਦੀ ਹੈ ।

ਉੱਧਰ ਜਸਵੰਤ ਸਿੰਘ ਨੇ ਇਨ੍ਹਾਂ ਸਾਰਿਆਂ ਦਾ ਖੰਡਨ ਕੀਤਾ ਤੇ ਕਿਹਾ ਕਿ ਉਹ ਅਟਲ ਤੇ ਅਡਵਾਨੀ ਦੇ ਕਹਿਣ 'ਤੇ ਗਏ ਸਨ ਤੇ ● ਬਾਕੀ ਆਖਰੀ ਤੋਂ ਪਹਿਲੇ ਸਫ਼ੇ 'ਤੇ

## 'ਨਵਾਂ ਜ਼ਮਾਨਾ' ਟੇਬਲ 'ਤੋਂ

### ਨਾਰੀ ਸੰਵੇਦਨਾ : ਬਦਲਦੇ ਪਰਿਪੇਖ

**ਮੁੱਖ ਸੰਪਾਦਕ : ਡਾ. ਅਮਨਦੀਪ ਕੌਰ**
**ਸੰਪਾਦਕ : ਇੰਦਰਜੀਤ ਕੌਰ**
**ਮੁੱਲ : 300, ਪੰਨੇ : 238**
**ਸਪਤਰਿਸ਼ੀ ਪਬਲੀਕੇਸ਼ਨ, ਚੰਡੀਗੜ੍ਹ**




ਹੱਥਲੀ ਪੁਸਤਕ ਇਕ ਰੋਜ਼ਾ ਸੈਮੀਨਾਰ ਵਿਚ ਪੜ੍ਹੇ ਗਏ ਖੋਜ ਪੇਪਰਾਂ ਵਿਚੋਂ ਹੋਂਦ ਵਿਚੋਂ ਆਈ ਹੈ। ਇਹ ਖੋਜ ਪੇਪਰ ਨਾਰੀ ਲੇਖਕਾਂ ਦੀ ਸਿਰਜਣਕਾਰੀ 'ਤੇ ਅਧਾਰਤ ਨਾਰੀ ਆਲੋਚਕਾਂ ਵਲੋਂ ਲਿਖੀ ਗਏ ਹਨ। ਇਕ ਦੋ ਪੇਪਰ ਭਾਵੇਂ ਮਰਦ ਲੇਖਕਾਂ ਦੇ ਵੀ ਪੁਸਤਕ ਵਿੱਚ ਦਰਜ ਹਨ। ਇਕ ਸਿਰਜਣਕਾਰ ਨਾਰੀ ਨੂੰ ਦੂਜੀ ਆਲੋਚਕ ਨਾਰੀ ਉਸ ਨੂੰ ਕਿਵੇਂ ਸਮਝਦੀ ਹੈ। ਇਹੀ ਪੁਸਤਕ ਦੀ ਮੂਲ ਭਾਵਨਾ ਹੈ। ਇਨ੍ਹਾਂ ਸਾਰੇ ਖੋਜ ਪੇਪਰਾਂ ਦਾ ਸਾਂਝਾ ਵਿਸ਼ਾ 'ਪੰਜਾਬੀ ਸਾਹਿਤ ਦੇ ਵਿਕਾਸ ਵਿੱਚ ਨਾਰੀ ਸਾਹਿਤਕਾਰਾਂ ਦੀ ਭੂਮਿਕਾ' ਹੈ। ਇਹ ਨਾਰੀ ਲੇਖਕਾਂ ਨਾਵਲ, ਕਹਾਣੀ, ਨਾਟਕ, ਕਵਿਤਾ ਅਤੇ ਆਲੋਚਨਾ ਦੇ ਖੇਤਰ ਵਿੱਚ ਸਰਗਰਮ ਹਨ। 26 ਲੇਖ ਵੱਖ-ਵੱਖ ਲੇਖਿਕਾਵਾਂ ਦੀ ਸਿਰਜਣਕਾਰੀ ਦੀ ਪੜਚੋਲ ਕਰਦੇ ਹਨ। ਸਤਨਾਮ ਸਿੰਘ ਜੱਸਲ ਨੇ ਪੁਸਤਕ ਦੀ ਭੂਮਿਕਾ ਵਿੱਚ ਨਾਰੀ ਸਾਹਿਤ ਦੇ ਹਵਾਲੇ ਨਾਲ ਨਾਰੀ ਲੇਖਕਾਂ ਦਾ ਜ਼ਿਕਰ ਕੀਤਾ ਹੈ। ਹੱਥਲੀ ਪੁਸਤਕ ਵਿੱਚ ਡਾ. ਅਮਨਦੀਪ ਕੌਰ ਨੇ ਪੰਜਾਬੀ ਕਾਵਿ 'ਚ ਨਾਰੀ, ਡਾ. ਇੰਦਰਜੀਤ ਕੌਰ ਨੇ ਦਲੀਪ ਕੌਰ ਟਿਵਾਣਾ ਦੇ ਨਾਵਲ, ਡਾ. ਗੁਰਚਰਨ ਕੌਰ ਕੋਚਰ ਨੇ ਨਾਰੀ ਸਾਹਿਤਕਾਰਾਂ ਦੀ ਭੂਮਿਕਾ, ਅਰਵਿੰਦਰ ਢਿੱਲੋਂ ਨੇ ਪਰਵਾਸ ਤੇ ਨਾਰੀ ਸਾਹਿਤ, ਡਾ. ਗੁਰਪ੍ਰੀਤ ਕੌਰ ਬਰਾੜ ਨੇ ਅੰਮ੍ਰਿਤਾ ਪ੍ਰੀਤਮ ਦੇ ਨਾਵਲ, ਡਾ. ਪੁਸ਼ਵਿੰਦਰ ਕੌਰ ਨੇ ਸਾਹਿਤ ਦੇ ਵਿਕਾਸ 'ਚ ਨਾਰੀ ਸਾਹਿਤ ਦੀ ਭੂਮਿਕਾ, ਡਾ. ਗੁਰਪ੍ਰੀਤ ਸਿੰਘ ਨੇ 'ਚਿੜੀਆਂ' ਕਾਵਿ ਸੰਵੇਦਨਾ, ਡਾ. ਪਰਮਵੀਰ ਕੌਰ ਨੇ ਸੁਖਵੰਤ ਕੌਰ ਮਾਨ ਦੀ ਕਹਾਣੀ, ਡਾ. ਸਤਪ੍ਰੀਤ ਜੱਸਲ ਨੇ ਬਾਨੋ ਕੁਦਸੀਆ ਦੇ ਨਾਟਕ, ਡਾ. ਮੇਘਾ ਸਲਵਾਨ ਨੇ ਅਜੀਤ ਕੌਰ, ਡਾ. ਸਿਮਰਜੀਤ ਗਿੱਲ ਨੇ ਮਨਜੀਤ ਇੰਦਰਾ, ਡਾ. ਬਲਬੀਰ ਕੌਰ ਰੀਹਲ ਨੇ ਨਾਰੀ ਕਹਾਣੀਕਾਰਾਂ ਦੀ ਭੂਮਿਕਾ ਆਦਿ ਵੱਖ ਵੱਖ ਵਿਸ਼ਿਆਂ ਉੱਤੇ ਸਮੀਖਿਆ ਲੇਖ ਲਿਖੇ ਹਨ। ਇਸ ਤੋਂ ਇਲਾਵਾ ਵੀਨਾ ਵਰਮਾ, ਸ਼ਸ਼ੀ ਸਮੁੰਦਰਾ, ਪੀਰੋ, ਕੈਲਾਸਪੁਰੀ, ਮਨਜੀਤਪਾਲ ਦੇ ਨਾਟਕ, ਬਰਾਡ ਜੈਸੀ ਆਦਿ ਲੇਖਕਾਵਾਂ ਦੇ ਸਾਹਿਤ ਦੀ ਪੜਚੋਲ ਵੀ ਕੀਤੀ ਗਈ ਹੈ। ਸਾਰੀਆਂ ਉੱਭਰ ਰਹੀਆਂ ਆਲੋਚਕ ਭਾਵੇਂ ਨਵੇਂ ਪੂਰ ਦੀਆਂ ਹਨ ਪਰ ਭਵਿੱਖ 'ਚ ਸਥਾਪਤ ਆਲੋਚਕ ਬਣਨ ਦੀ ਭਰਪੂਰ ਸਮਰੱਥਾ ਹੈ।

# ਪੁਸਤਕ ਰੀਵਿਊ

### ਲਾਹੌਰ ਨਾਲ਼ ਗੱਲਾਂ

**ਰਵਿੰਦਰ ਸਹਿਰਾਅ**
**ਪੰਨੇ : 132, ਮੁੱਲ : 395 ਰੁਪਏ**
**ਚੇਤਨਾ ਪ੍ਰਕਾਸ਼ਨ, ਲੁਧਿਆਣਾ**

ਅੱਠ ਕਾਵਿ-ਪੁਸਤਕਾਂ, ਇੱਕ ਵਾਰਤਕ ਦੀ ਪੁਸਤਕ ਅਤੇ ਚਾਰ ਪੁਸਤਕਾਂ ਦੇ ਸਹਿ-ਸੰਪਾਦਕ ਵਜੋਂ ਸਥਾਪਤ ਹੋ ਚੁੱਕੇ ਰਵਿੰਦਰ ਸਹਿਰਾਅ ਦੀ ਹੱਥਲੀ ਕਿਤਾਬ 'ਲਾਹੌਰ ਨਾਲ ਗੱਲਾਂ' ਇੱਕ ਸਫ਼ਰਨਾਮਾ ਹੈ। ਲਹਿੰਦੇ ਪੰਜਾਬ ਦੀਆਂ ਯਾਤਰਾਵਾਂ 'ਤੇ ਆਧਾਰਤ ਇਹ ਪੁਸਤਕ ਸਫ਼ਰਨਾਮੇ ਦੌਰਾਨ ਖਿੱਚੀਆਂ ਸੁੰਦਰ ਤਸਵੀਰਾਂ ਤੋਂ ਸ਼ੁਰੂ ਹੁੰਦੀ ਹੈ। 2022 ਅਤੇ 2024 ਵਿੱਚ ਰਵਿੰਦਰ ਸਹਿਰਾਅ ਵੱਲੋਂ ਪਾਕਿਸਤਾਨ ਦੀਆਂ ਦੋ ਯਾਤਰਾਵਾਂ ਕੀਤੀਆਂ ਗਈਆਂ ਸਨ ਅਤੇ ਇਸੇ ਕਾਰਨ ਇਸ ਪੁਸਤਕ ਦੇ ਵੀ ਦੋ ਭਾਗ ਹਨ। ਪਹਿਲੇ ਭਾਗ ਵਿੱਚ 'ਲਾਹੌਰ ਦੀਆਂ ਗੱਲਾਂ' ਸਿਰਲੇਖ ਹੇਠ ਲੇਖਕ ਉਹ ਸਾਰੀਆਂ ਹਾਲਤਾਂ ਤੇ ਮੌਕਿਆਂ ਨੂੰ ਬਿਆਨ ਕਰਦਾ ਹੈ ਜਿਨ੍ਹਾਂ ਅਧੀਨ ਪਾਕਿਸਤਾਨ ਜਾਣ ਦਾ ਪ੍ਰੋਗਰਾਮ ਬਣਿਆ ਤੇ ਫਿਰ ਸਾਰੀ ਕਾਗ਼ਜ਼ੀ ਕਾਰਵਾਈ ਪੂਰੀ ਕਰਵਾਈ ਗਈ। ਇਕ ਮਹੀਨੇ ਦਾ ਸਮਾਂ ਮਿਲਣ ਕਾਰਨ ਲੇਖਕ ਦੀ ਖੁਸ਼ੀ ਦੀ ਇੰਤਹਾ ਨੂੰ ਪਾਠਕ ਵੀ ਮਹਿਸੂਸ ਕਰਦਾ ਹੈ। ਲੇਖਕ ਵੱਲੋਂ ਪਾਕਿਸਤਾਨ ਦੀ ਧਰਤੀ 'ਤੇ ਪਹਿਲੇ ਕਦਮਾਂ ਤੋਂ ਬਾਅਦ ਸਵਾਗ਼ਤ ਤੇ ਉਸ ਤੋਂ ਬਾਅਦ ਇਮੀਗ੍ਰੇਸ਼ਨ ਦੀਆਂ ਕਾਰਵਾਈਆਂ ਅਤੇ ਅਗਲੇ ਦਿਨ ਬਾਬਾ ਬੁੱਲ੍ਹੇ ਸ਼ਾਹ ਦੀ ਧਰਤੀ ਕਸੂਰ ਦੀ ਯਾਤਰਾ ਕੀਤੀ ਜਾਂਦੀ ਹੈ।

*ਬੁੱਲ੍ਹਿਆ ਧਰਮਸ਼ਾਲਾ ਗੜਵਈ ਰਹਿੰਦੇ, ਠਾਕੁਰ ਦੁਆਰੇ ਠੱਗ।*
*ਵਿੱਚ ਮਸੀਤਾਂ ਕੁਸੱਤੀਏ ਰਹਿੰਦੇ ਤੇ ਆਸ਼ਕ ਰਹਿਣ ਅਲੱਗ।*

ਲਾਹੌਰ ਤੋਂ ਆਲੇ-ਦੁਆਲੇ ਜਾਂ ਦੂਰ-ਦੁਰਾਡੇ ਪੰਜਾਬੀ ਖੋਜਗੜ੍ਹ, ਨਨਕਾਣਾ ਸਾਹਿਬ, ਗੁਰਦੁਆਰਾ ਸੱਚਾ ਸੌਦਾ, ਵਾਰਸ ਸ਼ਾਹ ਦਾ ਪਿੰਡ ਜੰਡਿਆਲਾ ਸ਼ੇਰ ਖਾਂ, ਗੁਰਦੁਆਰਾ ਪੰਜਾ ਸਾਹਿਬ, ਕਰਤਾਰਪੁਰ ਸਾਹਿਬ ਵਰਗੇ ਇਤਿਹਾਸਿਕ ਥਾਵਾਂ ਦੀ ਫੇਰੀ ਦੌਰਾਨ ਉੱਥੇ ਆਉਣ-ਜਾਣ 'ਤੇ ਉੱਥੇ ਪਹੁੰਚ ਕੇ ਕੀਤੀਆਂ ਗਤੀਵਿਧੀਆਂ ਨੂੰ ਲੇਖਕ ਨੇ ਬਹੁਤ ਹੀ ਸੁੰਦਰ ਢੰਗ ਨਾਲ ਲਿਖਿਆ ਹੈ। ਉਹ ਇਸ ਲੇਖਣੀ ਸਮੇਂ ਸਿੱਧਾ ਪਾਠਕ ਨੂੰ ਸੰਬੋਧਿਤ ਹੁੰਦਾ ਹੈ ਤੇ ਸਾਰੀ ਘਟਨਾ ਇਸ ਢੰਗ ਨਾਲ਼ ਚਿਤਰਦਾ ਹੈ ਕਿ ਪਾਠਕ ਖ਼ੁਦ ਇਸ ਯਾਤਰਾ ਵਿੱਚ ਸ਼ਾਮਿਲ ਹੋਣ ਦੇ ਭੁਲੇਖੇ ਵਿੱਚ ਲੇਖਕ ਦੇ ਨਾਲ਼-ਨਾਲ਼ ਤੁਰਿਆ ਫਿਰਦਾ ਹੈ। ਇਸ ਸੰਬੰਧੀ ਨਨਕਾਣਾ ਸਾਹਿਬ ਗੁਰਦੁਆਰੇ ਦੀ ਯਾਤਰਾ ਦਾ ਬਿਰਤਾਂਤ ਵੇਖਿਆ ਜਾ ਸਕਦਾ ਹੈ। ਹੁਣ ਅਸੀਂ ਗੁਰੂਘਰ ਦੇ ਮੁੱਖ ਦਰਵਾਜ਼ੇ ਮੋਹਰੇ ਹਾਂ। ਹਰ ਗੁਰੂ ਘਰ ਅੱਗੇ ਸੁਰੱਖਿਆ ਵਜੋਂ ਪੁਲਸ ਦੀ ਟੁਕੜੀ ਬਿਠਾਈ ਜਾਂਦੀ ਹੈ, ਜੋ ਤੁਹਾਡੇ ਪਾਸਪੋਰਟ ਅਤੇ ਵੀਜ਼ੇ ਚੈੱਕ ਕਰਦੇ ਹਨ। ਨਾਲ ਹੀ ਵਕਫ਼ ਬੋਰਡ ਦੇ ਮੁਲਾਜ਼ਮ ਵੀ ਹਰ ਜਗ੍ਹਾ ਹੀ ਹੁੰਦੇ ਹਨ। ਸਾਡੇ ਕਾਗਜ਼ਾਤ ਦੇਖਣ ਤੋਂ ਬਾਅਦ ਪੁਲਸ ਅਫ਼ਸਰ ਵਕਫ਼ ਬੋਰਡ ਦੇ ਇੱਕ ਮੁਲਾਜ਼ਮ ਜਿਸ ਦਾ ਨਾਂਅ ਮੁਹੰਮਦ ਲਤੀਫ ਹੈ, ਨੂੰ ਬੁਲਾ ਕੇ ਸਾਡੇ ਨਾਲ ਭੇਜਦਿਆਂ ਕਹਿੰਦਾ ਹੈ ਕਿ ਜਾਓ ਇਨ੍ਹਾਂ ਨੂੰ ਭਾਈ ਦਇਆ ਸਿੰਘ ਕੋਲ ਲੈ ਜਾਓ। ਸਾਨੂੰ ਮਿਲ ਕੇ ਭਾਈ ਸਾਹਿਬ ਆਦਰ ਨਾਲ ਬਿਠਾਉਂਦੇ ਹਨ। ਪੰਜ-ਸੱਤ ਮਿੰਟ ਗੱਲਬਾਤ ਕਰਦੇ ਹਨ ਅਤੇ ਸਿਰੋਪਾਉ ਨਾਲ ਸਾਡਾ ਮਾਣ ਕਰਦੇ ਹਨ। ਅਸੀਂ ਉਨ੍ਹਾਂ ਦਾ ਸ਼ੁਕਰੀਆ ਕਰਦੇ ਹਾਂ। ਇਹਨਾਂ ਸਥਾਨਾਂ ਦੀ ਯਾਤਰਾ ਤੋਂ ਬਾਅਦ ਉਹ ਲਾਹੌਰ ਦੇ ਇਤਿਹਾਸਕ ਸਥਾਨ ਵੀ ਵੇਖਦਾ ਹੈ। ਗੌਰਮਿੰਟ ਕਾਲਜ, ਲਾਹੌਰ ਮਿਊਜ਼ੀਅਮ, ਮਹਾਰਾਜਾ ਰਣਜੀਤ ਸਿੰਘ ਦੀ ਸਮਾਧ, ਗੁਰੂ ਅਰਜਨ ਦੇਵ ਦਾ ਸ਼ਹੀਦੀ ਸਥਾਨ, ਸ਼ਾਹੀ ਕਿਲ੍ਹਾ ਤੇ ਸਭ ਤੋਂ ਉੱਪਰ ਸ਼ਾਦਮਾਨ ਚੌਂਕ ਜਿੱਥੇ ਕਦੀ ਲਾਹੌਰ ਸੈਂਟਰਲ ਜੇਲ੍ਹ ਸੀ ਤੇ ਜਿੱਥੇ ਭਗਤ ਸਿੰਘ, ਰਾਜਗੁਰੂ ਤੇ ਸੁਖਦੇਵ ਨੂੰ ਰੱਖਿਆ ਗਿਆ ਸੀ। ਲਾਹੌਰ ਸ਼ਹਿਰ ਦੇ ਹਾਈਕੋਰਟ ਵਿੱਚ ਹੋਇਆ ਇੱਕ ਮੁਸ਼ਾਇਰਾ ਵੀ ਇਥੇ ਜ਼ਿਕਰਯੋਗ ਹੈ, ਜਿਸ ਵਿੱਚ ਲੇਖਕ ਨੇ ਸ਼ਿਰਕਤ ਕੀਤੀ ਤੇ ਮਜਾਹੀਆ ਸ਼ਾਇਰ ਜਨਾਬ ਅਨਵਰ ਮਸੂਦ ਨੂੰ ਸੁਣਿਆ। ਇਸ ਫੇਰੀ ਦੇ ਅੰਤ ਵਿੱਚ ਉਹ ਬਾਬਾ ਫ਼ਰੀਦ ਦੇ ਦਰਬਾਰ ਦੀ ਹਾਜ਼ਰੀ ਭਰਦਾ ਹੈ ਅਤੇ ਪਿੰਡ ਮਲਿਕਾ ਹੰਸ ਦੀ ਫੇਰੀ ਨੂੰ ਵੀ ਇਸ ਯਾਤਰਾ ਬਿਓਰੇ ਵਿੱਚ ਸ਼ਾਮਲ ਕਰਦਾ ਹੈ। ਦੂਜੀ ਫੇਰੀ ਦੌਰਾਨ ਲੇਖਕ ਲਾਹੌਰ ਸ਼ਹਿਰ ਦੇ ਅੰਦਰੂਨੀ ਹਿੱਸੇ ਤੇ ਗਲੀ ਮੁਹੱਲਿਆਂ ਦਾ ਵੀ ਦੌਰਾ ਕਰਦਾ ਹੈ। ਫਿਰ ਉਹ ਭਾਈ ਮਰਦਾਨੇ ਦੇ ਵਾਰਸਾਂ ਦੇ ਘਰ ਮੁਹੱਲਾ ਹੁਸੈਨਪੁਰਾ (ਗਾਜ਼ੀਆਬਾਦ) ਜ਼ਿਲ੍ਹਾ ਲਾਹੌਰ, ਭਗਤ ਸਿੰਘ ਦੇ ਪਿੰਡ ਬੰਗਾ (ਤਹਿਸੀਲ ਜੜ੍ਹਾਂਵਾਲਾ) ਜ਼ਿਲ੍ਹਾ ਲਾਇਲਪੁਰ, ਹੀਰ ਦੇ ਮਕਬਰੇ 'ਤੇ ਝੰਗ ਅਤੇ ਕਰਤਾਰਪੁਰ ਗੁਰਦੁਆਰੇ ਦੇ ਦਰਸ਼ਨ ਕਰਨ ਵੀ ਜਾਂਦਾ ਹੈ। ਇਸ ਤੋਂ ਇਲਾਵਾ ਉਹ ਗੌਰਮਿੰਟ ਕਾਲਜ (ਮੁੰਡੇ ਤੇ ਕੁੜੀਆਂ), ਨਨਕਾਣਾ ਸਾਹਿਬ ਯੂਨੀਵਰਸਿਟੀ ਵੀ ਜਾਂਦਾ ਹੈ ਤੇ ਕੁੜੀਆਂ ਦੇ ਗੌਰਮਿੰਟ ਕਾਲਜ ਵਿੱਚ ਮੌਲਵੀ ਗੁਲਾਮ ਰਸੂਲ ਆਲਮਪੁਰੀ ਬਾਰੇ ਇੱਕ ਸੈਮੀਨਾਰ ਵਿੱਚ ਸ਼ਿਰਕਤ ਵੀ ਕਰਦਾ ਹੈ।




ਪਾਕਿਸਤਾਨ ਵਿਚਲੀਆਂ ਇਤਿਹਾਸਕ ਥਾਵਾਂ ਦੀਆਂ ਯਾਤਰਾਵਾਂ ਦੇ ਨਾਲ਼-ਨਾਲ਼ ਇਹ ਫੇਰੀਆਂ ਲੇਖਕ ਦੁਆਰਾ ਪਾਕਿਸਤਾਨ ਦੀਆਂ ਸਾਹਿਤਕਾਰਾਂ ਨੂੰ ਮਿਲਣ ਦਾ ਇੱਕ ਢੰਗ ਵੀ ਸਿੱਧ ਹੁੰਦੀਆਂ ਹਨ। ਇਹਨਾਂ ਫੇਰੀਆਂ ਦੌਰਾਨ ਰਵਿੰਦਰ ਸਹਿਰਾਅ ਤੇ ਉਸ ਦੀ ਪਤਨੀ ਨੀਰੂ ਸਹਿਰਾਅ ਵੱਖ-ਵੱਖ ਅਦਬੀ ਸ਼ਖ਼ਸੀਅਤਾਂ ਨੂੰ ਮਿਲਦੇ ਹਨ, ਸਮਾਗਮ ਰਚਾਉਂਦੇ ਹਨ ਅਤੇ ਇਸ ਸਮੇਂ ਦੋਹਾਂ ਲਿਪੀਆਂ ਵਿੱਚ ਛਪੇ ਸਾਹਿਤ ਨੂੰ ਇਕ ਦੂਜੀ ਲਿਪੀ ਵਿੱਚ ਲਿਪੀਅੰਤਰਨ ਕਰਕੇ ਪੁਸਤਕਾਂ ਨੂੰ ਵੀ ਰਿਲੀਜ਼ ਕੀਤਾ ਜਾਂਦਾ ਹੈ। ਇਸ ਪੁਸਤਕ ਦੇ ਮੁੱਖਬੰਦ ਵਿੱਚ ਵਰਿਆਮ ਸਿੰਘ ਸੰਧੂ ਵੀ ਲਿਖਦਾ ਹੈ, ਰਵਿੰਦਰ ਸਹਿਰਾਅ ਅਤੇ ਨੀਰੂ ਸਹਿਰਾਅ ਦੀ ਜੋੜੀ ਵਿੱਚੋਂ ਮੁਹੱਬਤ ਤੇ ਮਿਲਣਸਾਰੀ ਦੀਆਂ ਸ਼ੁਆਵਾਂ ਫੁੱਟਦੀਆਂ ਰਹਿੰਦੀਆਂ ਹਨ, ਜਿਨ੍ਹਾਂ ਦੇ ਚਾਨਣ ਤੇ ਨਿੱਘ ਵਿੱਚ ਤੁਹਾਡਾ ਸੁੰਗੜਿਆ ਮਨ ਵੀ ਚਟਾਕ ਕਰਕੇ ਬੰਦ ਕਲੀ ਤੋਂ ਫੁੱਲ ਬਣ ਜਾਂਦਾ ਹੈ। ਏਸੇ ਸੁਭਾਅ ਕਰਕੇ ਰਵਿੰਦਰ ਨੇ ਬਹੁਤ ਦੋਸਤੀਆਂ ਕਮਾਈਆਂ ਹਨ। ਰਵਿੰਦਰ ਦੀ ਸ਼ਖ਼ਸੀਅਤ, ਸਾਹਿਤਕਾਰੀ ਤੇ ਸ਼ਾਇਰੀ ਨੇ ਲਾਹੌਰ ਦੇ ਅਦੀਬਾਂ ਨਾਲ ਆਪਣੀਆਂ ਮੁਹੱਬਤੀ ਰੋਦਾਂ ਜੋੜੀਆਂ ਹੋਈਆਂ ਹਨ। ਜਿਹੜੇ ਉਸ ਲਈ ਬਾਹਾਂ ਖੋਲ੍ਹ ਕੇ ਉਹਨੂੰ ਗਲ ਨਾਲ ਲਾਉਣ ਲਈ ਉਤਾਵਲੇ ਰਹਿੰਦੇ ਹਨ। ਤਾਹਿਰ ਸੰਧੂ ਉਹਦੀ ਅਜਿਹੀ ਵੱਡੀ ਧਿਰ ਹੈ। ਉਹ ਹੀ ਉਸ ਦੇ ਰਹਿਣ, ਹੋਰਨਾਂ ਅਦੀਬਾਂ ਨਾਲ ਮਿਲਣ, ਮਿਲਾਉਣ ਦਾ ਪ੍ਰਬੰਧ ਕਰਦਾ ਹੈ। ਉਹਨੂੰ ਅਫ਼ਜ਼ਲ ਸਾਹਿਰ, ਨਜ਼ਮ ਹੁਸੈਨ ਸੱਯਦ, ਮਕਸੂਦ ਸਾਕਿਬ, ਬਾਬਾ ਨਜਮੀ, ਮੁਸ਼ਤਾਕ ਸੂਫ਼ੀ, ਇਕਬਾਲ ਕੈਸਰ ਤੇ ਹੋਰ ਅਨੇਕਾਂ ਅਦਬੀ ਹਸਤੀਆਂ ਨਾਲ ਮਿਲਾਉਣ ਦਾ ਸਬੱਬ ਬਣਾਉਂਦਾ ਹੈ।

ਇਸ ਢੰਗ ਨਾਲ਼ ਇਹ ਪੁਸਤਕ ਇਕ ਸਫ਼ਰਨਾਮੇ ਦੇ ਨਾਲ਼-ਨਾਲ਼ ਸਾਹਿਤ ਲੈਣ-ਦੇਣ ਦਾ ਵਸੀਲਾ ਵੀ ਸਿੱਧ ਹੁੰਦੀ ਹੈ। ਆਸ ਹੈ ਇਹ ਸੰਬੰਧਤ ਵਿਅਕਤੀਆਂ ਵੱਲੋਂ ਅਤੇ ਪਾਠਕਾਂ ਵੱਲੋਂ ਪਸੰਦ ਕੀਤੀ ਜਾਵੇਗੀ।

**— ਡਾ. ਸੰਦੀਪ ਰਾਣਾ**

### ਖ਼ਾਲਸਾ ਪੰਥ ਦੀ ਸਿਰਜਣਾ

(ਕਾਵਿ ਸੰਗ੍ਰਹਿ)
**ਰਤਨ ਟਾਹਲਵੀ**
**ਮੁੱਲ : 200, ਸਫ਼ੇ :152**
**ਐਮ. ਆਰ. ਸਿੰਘ ਪਬਲੀਕੇਸ਼ਨ, ਬਠਿੰਡਾ**




ਕਿਤਾਬ ਦੇ ਲੇਖਕ ਰਤਨ ਟਾਹਲਵੀ ਨੇ ਸਿੱਖੀ ਦ੍ਰਿਸ਼ਟੀਕੋਣ ਤੋਂ ਮੁਗਲਾਂ ਦੇ ਜ਼ੁਲਮ ਦੀ ਗੱਲ ਤੱਥਾਂ, ਅੰਕੜਿਆਂ ਤੇ ਇਤਿਹਾਸਕ ਹਵਾਲਿਆਂ ਨਾਲ ਕਵਿਕ ਅੰਦਾਜ਼ ਵਿੱਚ ਕੀਤੀ ਹੈ। ਲੇਖਕ ਮੁਗਲ ਵੱਲੋਂ ਸਿੱਖਾਂ ਉੱਤੇ ਕੀਤੇ ਜਬਰ ਤੇ ਜ਼ੁਲਮ ਦੀ ਕਵਿਤਾ ਰਾਹੀ ਬਾਤ ਪਾਉਂਦਾ ਹੈ। ਔਰੰਗਜ਼ੇਬ ਦੀ ਹੈਂਕੜ, ਕੂੜ, ਜ਼ੁਲਮ ਦੇ ਵਰਤਾਰੇ ਨੂੰ ਬਿਆਨ ਕੀਤੇ ਗਿਆ ਹੈ। ਜ਼ੁਲਮ ਦਾ ਬਿਰਤਾਂਤ ਨੂੰ ਸਬਰ, ਸਿਦਕ, ਸਿਰੜ ਨਾਲ ਕਰਨ ਦਾ ਪ੍ਰਵਚਨ ਪੁਸਤਕ ਵਿੱਚ ਮਿਲਦਾ ਹੈ। ਪੁਸਤਕ ਦੇ ਆਰੰਭ ਵਿੱਚ ਔਰੰਗਜ਼ੇਬ ਦੇ ਜਬਰ ਦੀ ਦਾਸਤਾਨ, ਗੁਰੂ ਦੀ ਸ਼ਹੀਦੀ, ਖਾਲਸਾ ਦੀ ਸਾਜਨਾ, ਆਦਿ ਇਤਿਹਾਸ ਨੂੰ ਰੂਪਮਾਨ ਕੀਤਾ ਗਿਆ ਹੈ।

ਲੇਖਕ ਕਵਿਤਾਵਾਂ, ਗੀਤ, ਵਾਰਾਂ ਆਦਿ ਕਾਵਿ ਵਿਧਾਵਾਂ ਰਾਹੀਂ ਸਿੱਖੀ ਇਤਿਹਾਸ ਨੂੰ ਪਾਠਕਾਂ ਸਾਹਵੇ ਪ੍ਰਗੀਤਕ ਰੂਪ ਨਾਲ ਕਰਦਾ ਗਹਿਰਾ ਪ੍ਰਭਾਵ ਪਾਉਂਦਾ ਹੈ। ਔਰੰਗਜ਼ੇਬ, ਰੋਂਦੇ ਆਏ ਪੰਡਿਤ ਕਸ਼ਮੀਰ ਦੇ, ਦਿੱਲੀ ਤੋਂ ਸੀਸ, ਗੁਰੂ ਸੀਸ ਦਾ ਸਸਕਾਰ, ਭਾਈ ਧਰਮ ਚੰਦ ਆਦਿ ਕਵਿਤਾਵਾਂ ਇਸ ਪੱਖੋਂ ਮਹੱਤਪੂਰਨ ਹਨ। ਸ਼ਰਧਾਵਾਨ ਪਾਠਕਾਂ, ਸਰੋਤਿਆਂ ਨੂੰ ਇਹ ਕਵਿਤਾਵਾਂ ਕੀਲਣ ਦੀ ਸਮਰੱਥਾ ਤਾਂ ਰੱਖਦੀਆਂ ਹਨ ਦੂਜੇ ਪਾਠਕਾਂ 'ਤੇ ਵੀ ਗਹਿਰਾ ਪ੍ਰਭਾਵ ਪਾਉਣ ਵਾਲੀਆਂ ਹਨ।

# ਪ੍ਰਲੇਸ ਵੱਲੋਂ 'ਜੰਗ ਮਨੁੱਖਤਾ ਦਾ ਘਾਣ' 'ਤੇ ਵਿਚਾਰ-ਚਰਚਾ

**ਜਲੰਧਰ**-ਪ੍ਰਗਤੀਸ਼ੀਲ ਲੇਖਕ ਸੰਘ (ਪ੍ਰਲੇਸ) ਜਲੰਧਰ ਇਕਾਈ ਵੱਲੋਂ ਦੇਸ਼ ਭਗਤ ਯਾਦਗਾਰ ਹਾਲ ਜਲੰਧਰ ਵਿਖੇ 'ਜੰਗ ਮਨੁੱਖਤਾ ਦਾ ਘਾਣ' 'ਤੇ ਵਿਚਾਰ-ਚਰਚਾ ਕੀਤੀ। ਇਸ ਚਰਚਾ ਦੀ ਪ੍ਰਧਾਨਗੀ ਪ੍ਰਲੇਸ ਪੰਜਾਬ ਦੇ ਪ੍ਰਧਾਨ ਸੁਰਜੀਤ ਜੱਜ, ਪ੍ਰਿੰਸੀਪਲ ਸਿੰਘ ਮਾੜੀਮੇਘਾ, ਸਤਨਾਮ ਸਿੰਘ ਮਾਣਕ, ਮੱਖਣ ਮਾਨ ਨੇ ਕੀਤੀ। ਵਿਚਾਰ ਚਰਚਾ ਦੇ ਮੁੱਖ ਬੁਲਾਰੇ ਪ੍ਰਸਿੱਧ ਪੱਤਰਕਾਰ ਸਤਨਾਮ ਮਾਣਕ ਨੇ ਸੰਸਾਰ ਪੱਧਰ ਦੀਆਂ ਜੰਗਾਂ ਦੇ ਹਵਾਲੇ ਨਾਲ ਗੱਲ ਕਰਦਿਆਂ ਜੰਗ ਵਿਚ ਮਰੇ ਆਮ ਲੋਕਾਂ ਤੇ ਫ਼ੌਜੀਆਂ ਦੇ ਅੰਕੜੇ ਸਾਂਝੇ ਕੀਤੇ। ਉਨ੍ਹਾਂ ਕਿਹਾ ਕਿ ਜੋ ਜੰਗਾਂ ਭਾਰਤ ਦੀ ਧਰਤੀ 'ਤੇ ਲੜੀਆਂ ਗਈਆਂ, ਉਹ ਅਸੀਂ ਆਪਣੀ ਸੁਰਤਿ ਤੇ ਆਪਣੇ ਬਜ਼ੁਰਗਾਂ ਦੇ ਮੂੰਹੋਂ ਵੀ ਸੁਣੀਆਂ ਤਾਂ ਸਾਨੂੰ ਮਨੁੱਖਤਾ ਦੇ ਘਾਣ ਦਾ ਪਤਾ ਲੱਗਾ। ਅੱਗੇ ਉਨ੍ਹਾਂ ਜੰਗ ਦੀ ਦਹਿਸ਼ਤ ਦਾ ਬੱਚਿਆਂ 'ਤੇ ਪਏ ਮਾੜੇ ਪ੍ਰਭਾਵ ਦਾ ਜ਼ਿਕਰ ਵੀ ਕੀਤਾ। ਭਾਰਤ-ਪਾਕਿ ਜੰਗ ਦੇ ਹਵਾਲੇ ਨਾਲ ਗੱਲ ਨੂੰ ਅੱਗੇ ਤੋਰਦਿਆਂ ਕਿਹਾ ਕਿ ਹੁਣ ਜੰਗ ਦਾ ਸਰੂਪ ਬਿਲਕੁਲ ਬਦਲ ਗਿਆ ਹੈ। ਇਹ ਜੰਗ ਅਸਮਾਨ 'ਤੇ ਲੜੀ ਗਈ ਤੇ ਸਰਕਾਰਾਂ ਨੇ ਸਹੀ ਤੱਥ ਤੇ ਅੰਕੜੇ ਵੀ ਲੋਕਾਂ ਵਿੱਚ ਆਉਣ ਨਹੀਂ ਦਿੱਤੇ। ਅੰਤ ਵਿੱਚ ਉਨ੍ਹਾਂ ਜੰਗ ਵਿਰੁੱਧ ਆਮ ਲੋਕਾਂ ਨੂੰ ਲਾਮਬੰਦ ਹੋਣ ਦਾ ਹੋਕਾ ਮਾਰਨ ਲਈ ਕਿਹਾ।

ਸਟੇਜ ਸੰਚਾਲਨ ਕਰਦਿਆਂ ਭਗਵੰਤ ਰਸੂਲਪੁਰੀ ਨੇ ਸਵੀਡਨ ਦੇ ਰਸਾਇਣ ਵਿਗਿਆਨ ਵਿਸਫੋਟਕ ਪਦਾਰਥ, ਡਾਇਨਾਮਾਈਟ ਤਿਆਰ ਕਰਨ ਵਾਲੇ ਐਲਫਰੈਂਡ ਨੋਬੇਲ ਦੇ ਹਵਾਲੇ ਨਾਲ ਗੱਲ ਕਰਦਿਆਂ ਉਸ ਨੂੰ ਪਰਮਾਣੂ ਜੰਗ ਦਾ ਜਨਮ ਦਾਤਾ ਕਿਹਾ। ਉਨ੍ਹਾਂ ਸੰਸਾਰ ਵਿੱਚ ਬਣੇ ਪ੍ਰਮਾਣੂ ਰਿਐਕਟਰ ਦੇ ਹਵਾਲੇ ਨਾਲ ਕਿਹਾ ਕਿ ਏਸ ਵੇਲੇ ਸੰਸਾਰ ਪ੍ਰਮਾਣੂ ਊਰਜਾ ਦੇ ਢੇਰ 'ਤੇ ਬੈਠਾ ਹੈ। ਕਿਸੇ ਵੇਲੇ ਵੀ ਇਹ ਪ੍ਰਮਾਣੂ ਊਰਜਾ ਦੇ ਕਾਰਖਾਨੇ ਪ੍ਰਮਾਣੂ ਬੰਬ ਬਣ ਜਾਣਗੇ ਤੇ ਮਨੁੱਖਤਾ ਦੀ ਭਾਰੀ ਤਬਾਹੀ ਕਰਨਗੇ ਅਤੇ ਇਹ ਪ੍ਰਮਾਣੂ ਰਿਐਕਟ ਖਤਮ ਕਰਨ ਵਾਲੀ ਭਾਰੀ ਤਬਾਹੀ ਹੋਵੇਗੀ। ਰਕੇਸ਼ ਆਨੰਦ ਨੇ ਮਦਨ ਵੀਰਾ ਵੱਲੋਂ ਅਨੁਵਾਦ ਮੁਹੰਮਦ ਮੂਸਾ ਦੀਆਂ ਫ਼ਲਸਤੀਨੀ ਜੰਗ ਨਾਲ ਸੰਬੰਧਤ ਕਵਿਤਾਵਾਂ ਪੜ੍ਹ ਕੇ ਚਰਚਾ ਦਾ ਮੁੱਢ ਬੰਨ੍ਹਿਆ।

ਡਾ. ਜਗਜੀਤ ਚੀਮਾ ਨੇ ਬਹਿਸ ਦੀ ਸ਼ੁਰੂਆਤ ਕਰਦਿਆਂ ਕਿਹਾ ਕਿ ਮਹਾਂ ਸ਼ਕਤੀਆਂ ਛੋਟੇ ਮੁਲਕਾਂ ਦੇ ਕੁਦਰਤੀ ਸਰੋਤਾਂ 'ਤੇ ਕਾਬਜ਼ ਹੋਣ ਲਈ ਮੁਲਖਾਂ ਨੂੰ ਤੇ ਲੋਕਾਂ ਨੂੰ ਜੰਗ ਦੀ ਭੱਠੀ ਵਿੱਚ ਝੋਕ ਦਿੰਦੀਆਂ ਹਨ। ਤਸਕੀਨ ਨੇ ਤਿੱਖੇ ਸੁਰ ਵਿੱਚ ਮਹਾਂਸ਼ਕਤੀਆਂ ਦੇ ਆਕਾਵਾਂ ਨੂੰ ਲੰਮੇ ਹੱਥੀਂ ਲੈਂਦਿਆਂ ਕਿਹਾ ਕਿ ਸਾਨੂੰ ਪਤਾ ਹੈ ਕਿ ਵਿਸ਼ਵ ਜੰਗ 'ਚ ਲੱਖਾਂ ਦੀ ਗਿਣਤੀ ਵਿੱਚ ਯਹੂਦੀਆਂ ਨੂੰ ਮਾਰਿਆ ਗਿਆ। ਇਜ਼ਰਾਈਲ ਦੇ ਮੌਜੂਦਾ ਪ੍ਰਧਾਨ ਮੰਤਰੀ ਬੈਂਜਾਮਿਨ ਨੇਤਨਯਾਹੂ ਤੇ ਟਰੰਪ ਛੋਟੇ ਮੁਲਖਾਂ ਨੂੰ ਜੰਗ ਵਿੱਚ ਝੋਕ ਜੋ ਹੁਣ ਮਨੁੱਖਤਾ ਦਾ ਘਾਣ ਕਰ ਰਿਹਾ ਹੈ, ਸਾਨੂੰ ਉਸ ਬਾਰੇ ਵੀ ਸੋਚਣਾ ਚਾਹੀਦਾ ਹੈ ਤੇ ਏਸ ਜੰਗ ਦੀ ਆੜ ਵਿੱਚ ਟਰੰਪ ਵਰਗੇ ਜਿਵੇਂ ਛੋਟੇ ਕਮਜ਼ੋਰ ਮੁਲਖਾਂ ਨੂੰ ਹੜੱਪਣ ਦੀ ਕੋਸ਼ਿਸ਼ ਕਰ ਰਹੇ ਹਨ, ਇਸ ਖ਼ਿਲਾਫ਼ ਤਿੱਖੀ ਸੁਰ ਵਿੱਚ ਆਵਾਜ਼ ਉਠਾਉਣ ਦੀ ਲੋੜ ਹੈ। ਉਨ੍ਹਾਂ ਅੱਗੇ ਕਿਹਾ ਕਿ ਜਿਸ ਵੇਲੇ ਭਾਰਤ-ਪਾਕਿ ਦੀ ਜੰਗਬੰਦੀ ਦੀ ਖ਼ਬਰ ਆਈ ਤਾਂ ਮੈਨੂੰ ਲੱਗਾ ਇਹ ਮੁਲਖ ਅਜੇ ਵੀ ਪੱਛਮੀ ਮੁਲਖਾਂ ਦੀਆਂ ਬਸਤੀਆਂ ਹਨ ਕਿ ਜਦੋਂ ਮਰਜ਼ੀ ਇਨ੍ਹਾਂ ਦੀ ਜੰਗ ਲਗਾ ਦੇਣ ਤੇ ਜਦੋਂ ਮਰਜ਼ੀ ਖਤਮ ਕਰਨ ਲਈ ਕਹਿ ਦੇਣ।



ਪ੍ਰਸਿੱਧ ਲੇਖਕ ਕੁਲਦੀਪ ਸਿੰਘ ਬੇਦੀ ਨੇ ਕਿਹਾ ਕਿ ਜੰਗ ਦੇ ਮਸਲੇ ਆਮ ਨਾਗਰਿਕ ਦੇ ਵੱਸੋਂ ਬਾਹਰ ਹੁੰਦੇ ਜਾ ਰਹੇ ਹਨ। ਹੁਣ ਜੰਗਬੰਦੀ ਛੋਟੇ ਮੁਲਖਾਂ ਦੇ ਵੀ ਵੱਸ ਵਿੱਚ ਨਹੀਂ ਰਹੀ। ਏਸ ਦੇ ਬਾਵਜੂਦ ਸਾਨੂੰ ਸ਼ਾਂਤੀ ਲਈ ਯਤਨ ਕਰਨੇ ਚਾਹੀਦੇ ਹਨ। ਉਨ੍ਹਾਂ ਜੰਗ ਨਾਲ ਸੰਬੰਧਤ ਸਾਹਿਤ ਦੀਆਂ ਗੱਲਾਂ ਕਰਦਿਆਂ ਕਿਹਾ ਕਿ ਅਸੀਂ ਸਾਹਿਤ ਰਾਹੀਂ ਵੀ ਜੰਗ ਦੇ ਨੁਕਸਾਨ ਨੂੰ ਸਮਝ ਸਕਦੇ ਹਾਂ। ਇਹ ਵੀ ਵੱਡਾ ਸਵਾਲ ਹੈ ਕਿ ਆਪਣੇ ਮੁਲਖ ਵਿੱਚ ਸ਼ਾਂਤੀ ਦੀ ਆਵਾਜ਼ ਕਿਵੇਂ ਬੁਲੰਦ ਕਰਨੀ ਹੈ।

ਡਾ. ਸ਼ੈਲਸ ਨੇ ਬਹਿਸ ਨੂੰ ਅੱਗੇ ਤੋਰਦਿਆਂ ਕਿਹਾ ਕਿ ਵੱਡੇ ਦੇਸ਼ਾਂ ਵੱਲੋਂ ਛੋਟੇ ਦੇਸ਼ਾਂ ਨੂੰ ਜੰਗ ਦੀ ਭੱਠੀ ਵਿੱਚ ਝੋਕਣ ਦੇ ਦੋ-ਤਿੰਨ ਕਾਰਨ ਮੈਂ ਸਮਝਦਾ ਹਾਂ। ਵੱਡਾ ਕਾਰਨ ਏਹੋ ਹੈ ਕਿ ਜੰਗ ਰਾਹੀਂ ਉਥੋਂ ਕੁਦਰਤੀ ਸਰੋਤਾਂ ਉੱਤੇ ਕਬਜ਼ਾ ਕਰਨਾ ਤੇ ਕਮਜ਼ੋਰ ਦੇਸ਼ਾਂ ਨੂੰ ਹਥਿਆਰ ਜੰਗੀ ਸਾਜ਼ੋ-ਸਾਮਾਨ ਖਰੀਦਣ ਲਈ ਬੇਵੱਸ ਕਰਨਾ ਤੇ ਆਪਣੇ ਗੋਡੇ ਥੱਲੇ ਰੱਖਣਾ।

ਪ੍ਰਲੇਸ ਪੰਜਾਬ ਦੇ ਪ੍ਰਧਾਨ ਪ੍ਰੋ. ਸੁਰਜੀਤ ਜੱਜ ਨੇ ਕਿਹਾ ਕਿ ਇਹ ਚੰਗੇ ਤਰੀਕੇ ਨਾਲ ਵਿਉਂਤਿਆ ਗਿਆ ਜਲੰਧਰ ਇਕਾਈ ਦਾ ਪਲੇਠਾ ਸਫ਼ਲ ਪ੍ਰੋਗਰਾਮ ਹੈ। ਅੱਗੇ ਉਨ੍ਹਾਂ ਪ੍ਰਲੇਸ ਦੀਆਂ ਜ਼ਿਲ੍ਹਾ ਇਕਾਈਆਂ ਦੇ ਸਮਾਗਮਾਂ ਦਾ ਜ਼ਿਕਰ ਵੀ ਕੀਤਾ। ਜੰਗ ਸੰਬੰਧੀ ਉਨ੍ਹਾਂ ਕਿਹਾ ਕਿ ਅੱਜ ਜੰਗ ਦਾ ਖਤਰਨਾਕ ਚਿਹਰਾ ਸਾਡੇ ਸਾਹਮਣੇ ਆ ਰਿਹਾ ਹੈ। ਤੁਸੀਂ ਪਿਛਲੇ 100 ਸਾਲਾਂ ਦਾ ਇਤਿਹਾਸ ਵੇਖ ਲਓ, ਉਹ ਸਮਾਂ ਲੱਭਣਾ ਮੁਸ਼ਕਲ ਹੈ ਜਦੋਂ ਸੰਸਾਰ ਵਿੱਚ ਮੁਕੰਮਲ ਸ਼ਾਂਤੀ ਰਹੀ ਹੋਵੇ। ਦੁਨੀਆ ਵਿੱਚ ਕਿਤੇ ਨਾ ਕਿਤੇ ਜੰਗ ਲੱਗੀ ਰਹਿੰਦੀ ਹੈ। ਜਦੋਂ ਪ੍ਰਗਤੀਸ਼ੀਲ ਲੇਖਕ ਸੰਘ ਦੀ 1936 ਵਿੱਚ ਸਥਾਪਨਾ ਹੁੰਦੀ ਹੈ, ਉਸ ਵੇਲੇ ਵੀ ਨਾਜ਼ੀਵਾਦ ਦੇ ਖ਼ਿਲਾਫ਼ ਵਿਰੋਧ ਕਰਨ ਨਾਲ ਸੰਘ ਦਾ ਮੁੱਢ ਬੱਝਦਾ ਹੈ ਕਿ ਯੁੱਧ ਜੋ ਮਨੁੱਖਤਾ ਦਾ ਘਾਣ ਕਰਦਾ ਹੈ, ਉਹਦਾ ਵਿਰੋਧ ਕਰਨਾ ਹੈ। ਏਸ ਵਿਚਾਰ ਚਰਚਾ ਵਿੱਚ ਸਭ ਨੇ ਕਾਫੀ ਵਿਸਥਾਰ ਨਾਲ ਗੱਲਾਂ ਕੀਤੀਆਂ ਹਨ। ਸਤਨਾਮ ਮਾਣਕ ਹੁਰਾਂ ਨੇ ਜੰਗ ਵਿੱਚ ਮਨੁੱਖਤਾ ਦੇ ਮਰਨ ਦੇ ਜੋ ਅੰਕੜੇ ਦਿੱਤੇ ਗਏ ਹਨ, ਉਹ ਸਰਕਾਰੀ ਹਨ ਤੇ ਸਰਕਾਰਾਂ ਦੇ ਅੰਕੜੇ ਪੂਰੇ ਸੱਚੇ ਨਹੀਂ ਹੁੰਦੇ। ਏਹਦਾ ਮਤਲਬ ਹੈ ਕਿ ਜੰਗ ਵਿੱਚ ਮਨੁੱਖਤਾ ਦਾ ਘਾਣ ਵੱਡੀ ਪੱਧਰ ਉੱਤੇ ਹੁੰਦਾ ਹੈ। ਜੰਗ ਮਨੁੱਖ ਉੱਤੇ ਮਾਨਸਿਕ ਦਹਿਸ਼ਤ ਵੀ ਪਾਉਂਦਾ ਹੈ ਤੇ ਉਹ ਬਰਬਾਦੀ ਵੀ ਕਰਦੀ ਹੈ, ਜੋ ਮਨੁੱਖ ਦੇ ਮਨਾਂ ਉੱਤੇ ਸਾਲਾਂ ਤੱਕ ਰਹਿੰਦੀ ਹੈ। ਸਾਨੂੰ ਪਤਾ ਹੈ ਕਿ ਅਸੀਂ ਫ਼ਲਸਤੀਨੀ ਲੋਕਾਂ ਦੇ ਮੱਲ੍ਹਮ ਨਹੀਂ ਲਗਾ ਸਕਦੇ, ਪਰ ਸਾਰੀ ਦੁਨੀਆ 'ਚੋਂ ਜੋ ਲੋਕ ਵਿਰੋਧ ਦੀ ਆਵਾਜ਼ ਪੈਦਾ ਹੋਈ ਹੈ, ਉਹ ਹਰ ਥਾਂ-ਥਾਂ 'ਤੇ ਹੁੰਦੀ ਹੋਈ ਬਹੁਤ ਵੱਡੀ ਆਵਾਜ਼ ਬਣ ਕੇ ਇਕ ਲਹਿਰ ਦਾ ਰੂਪ ਧਾਰਨ ਕਰ ਲੈਂਦੀ ਹੈ।

ਅੰਤ ਵਿੱਚ ਸੰਘ ਦੇ ਸੀਨੀਅਰ ਮੀਤ ਪ੍ਰਧਾਨ ਮੱਖਣ ਮਾਨ ਨੇ ਸਭ ਦਾ ਧੰਨਵਾਦ ਕਰਦਿਆਂ ਕਿਹਾ ਕਿ ਪਿਛਲੇ ਸਮੇਂ 'ਚ ਅਸੀਂ ਜੋ ਦੋ-ਚਾਰ ਦਿਨਾਂ ਦੀ ਜੰਗ ਵੇਖੀ ਕਿ ਕਿਵੇਂ ਜੰਗ ਨੇ ਚਾਰ ਦਿਨਾਂ ਵਿੱਚ ਆਮ ਮਨੁੱਖਤਾ ਉੱਤੇ ਕਿੰਨੀ ਦਹਿਸ਼ਤ ਪਾ ਦਿੱਤੀ ਤੇ ਜਿਨ੍ਹਾਂ ਦੇਸ਼ਾਂ ਵਿੱਚ ਜੰਗ ਲੱਗੇ ਨੂੰ ਕਈ-ਕਈ ਸਾਲ-ਮਹੀਨੇ ਹੋ ਗਏ ਹਨ, ਉੱਥੇ ਕਿੰਨੀ ਤਬਾਹੀ ਤੇ ਲੋਕਾਂ ਵਿੱਚ ਦਹਿਸ਼ਤ ਹੋਵੇਗੀ। ਇਹ ਜਾਣ ਕੇ ਰੌਂਗਟੇ ਖੜ੍ਹੇ ਹੋ ਜਾਂਦੇ ਹਨ। ਸਮਾਗਮ ਵਿੱਚ ਭਗਵੰਤ ਰਸੂਲਪੁਰੀ ਦੀ ਸੰਪਾਦਨਾ ਹੇਠ ਛਪਦੇ 'ਕਹਾਣੀ ਧਾਰਾ' ਦਾ ਵਿਸ਼ੇਸ਼ ਅੰਕ 'ਕਹਾਣੀ ਦੇ ਅਸਲੀ ਤੇ ਨਕਲੀ ਪਾਤਰ' ਅਤੇ ਕੁਲਦੀਪ ਸਿੰਘ ਬੇਦੀ ਦੇ ਪਰਚੇ 'ਅਸਲੀ ਮੀਰਜ਼ਾਦਾ' ਦੇ ਨਵਾਂ ਅੰਕ ਵੀ ਰਿਲੀਜ਼ ਕੀਤੇ ਗਏ। ਵਿਚਾਰ-ਚਰਚਾ ਵਿੱਚ ਹੋਰਨਾਂ ਤੋਂ ਇਲਾਵਾ ਜੁਗਿੰਦਰ ਸੰਧੂ, ਬਿੰਦਰ ਬਸਰਾ, ਜਗਦੀਸ਼ ਰਾਣਾ, ਪ੍ਰੋ. ਲਾਲ ਬਹਾਦਰ, ਨਰਿੰਦਰ ਸੱਤੀ, ਸਰੋਜ, ਸੁਰਿੰਦਰ ਕੁਮਾਰੀ ਕੋਛੜ, ਕੇਸਰ, ਰਮੇਸ਼ ਚੋਹਕਾਂ, ਨਰਿੰਦਰ ਪਾਲ, ਬਿਹਾਰੀ ਲਾਲ ਛਾਬੜਾ, ਪਰਮਜੀਤ, ਪੁਨੀਤ, ਬਲਜਿੰਦਰ ਅਤੇ ਹੋਰ ਵਿਚਾਰ ਚਰਚਾ ਵਿੱਚ ਪਹੁੰਚੇ।

## 'ਮੌਸਮ ਠੀਕ ਨਹੀਂ' ਰਿਲੀਜ਼



**ਸੰਗਰੂਰ** : ਨਾਵਲਕਾਰ ਤੇ ਕਹਾਣੀਕਾਰ ਪਰਗਟ ਸਿੰਘ ਸਤੌਜ ਦੀ ਕਹਾਣੀਆਂ ਦੀ ਦੂਸਰੀ ਪੁਸਤਕ 'ਮੌਸਮ ਠੀਕ ਨਹੀਂ' ਰਿਲੀਜ਼ ਕੀਤੀ ਗਈ। ਰਿਲੀਜ਼ ਦੌਰਾਨ ਕਿਤਾਬ ਉਪਰ ਬੋਲਦਿਆਂ ਨਾਵਲਕਾਰ ਹਰਵਿੰਦਰ ਸਿੰਘ ਚਹਿਲ ਨੇ ਕਿਹਾ ਕਿ ਸਤੌਜ ਦੀਆਂ ਕਹਾਣੀਆਂ ਮਨੁੱਖੀ ਮਨ ਦੇ ਮੌਸਮ ਦੀਆਂ ਕਹਾਣੀਆਂ ਹਨ। ਇਹਨਾਂ ਕਹਾਣੀਆਂ ਵਿੱਚ ਅਜੋਕੇ ਮਨੁੱਖ ਦੀ ਤਸਵੀਰ ਉੱਭਰਦੀ ਹੈ। ਕਵੀ ਸੱਤ ਔਜ ਨੇ ਕਿਹਾ ਕਿ ਪਰਗਟ ਸਤੌਜ ਪੰਜਾਬੀ ਸਾਹਿਤ ਦਾ ਇੱਕ ਸਥਾਪਤ ਲੇਖਕ ਹੈ। ਕਵੀ ਸੁਖਵਿੰਦਰ ਨੇ ਬੋਲਦਿਆਂ ਕਿਹਾ ਕਿ ਸਤੌਜ ਦੀ ਕਹਾਣੀ ਲਿਖਣ ਦੀ ਸ਼ੈਲੀ ਵੱਖਰੀ ਤੇ ਰੌਚਕ ਹੈ। ਇਸ ਮੌਕੇ ਕਿਤਾਬ ਦੇ ਲੇਖਕ ਪਰਗਟ ਸਿੰਘ ਸਤੌਜ ਨੇ ਦੱਸਿਆ ਕਿ ਇਸ ਕਿਤਾਬ ਵਿੱਚ ਉਸ ਦੀਆਂ ਬਾਰਾਂ ਸਾਲਾਂ ਦੌਰਾਨ ਲਿਖੀਆਂ ਦਸ ਕਹਾਣੀਆਂ ਸ਼ਾਮਲ ਹਨ।

## 'ਅਣੂ' ਲੋਕ ਅਰਪਣ

**ਲੁਧਿਆਣਾ**-ਲੇਖਕਾਂ, ਵਿਦਵਾਨਾਂ ਤੇ ਪਾਠਕਾਂ ਦੀ ਭਰਵੀਂ ਹਾਜ਼ਰੀ ਵਿੱਚ 'ਅਣੂ' ਦਾ ਨਵਾਂ ਅੰਕ ਲੋਕ ਅਰਪਣ ਕੀਤਾ ਗਿਆ। ਡਾ. ਭੀਮਇੰਦਰ ਸਿੰਘ ਦੀ ਪ੍ਰਧਾਨਗੀ ਹੇਠ ਡਾ. ਗੁਲਜ਼ਾਰ ਸਿੰਘ ਪੰਧੇਰ, ਡਾ. ਹਰਪ੍ਰੀਤ ਸਿੰਘ ਰਾਣਾ, ਡਾ. ਰਾਜਵੰਤ ਕੌਰ ਪੰਜਾਬੀ, ਦਰਸ਼ਨ ਸਿੰਘ ਆਸ਼ਟ ਤੇ ਸੁਰਿੰਦਰ ਕੈਲੇ ਨੇ 'ਅਣੂ' ਦਾ ਨਵਾਂ ਅੰਕ ਰਿਲੀਜ਼ ਕੀਤਾ।ਮੁੱਖ ਮਹਿਮਾਨ ਦਵਿੰਦਰ ਸਿੰਘ ਪਟਿਆਲਵੀ ਤੇ ਨਵਦੀਪ ਸਿੰਘ ਮੁੰਡੀ, ਸਤਿੰਦਰ ਸਿੰਘ ਨੰਦਾ, ਡਾ. ਜਗਜੀਤ ਸਿੰਘ, ਬਾਬੂ ਸਿੰਘ ਰਹਿਲ ਵਿਸ਼ੇਸ਼ ਮਹਿਮਾਨ ਵਜੋਂ ਸ਼ਾਮਲ ਹੋਏ। ਕਿਸੇ ਸਾਹਿਤਕ ਪੱਤਰ ਦਾ ਨਿਰੰਤਰ ਅੱਧੀ ਸਦੀ ਤੋਂ ਵੱਧ ਪਾਠਕਾਂ ਦੇ ਸਾਹਿਤ ਸਵਾਦ ਦੀ ਪੂਰਤੀ ਕਰਦਿਆਂ, ਉਹਨਾ ਨੂੰ ਵਧੀਆ ਸਮਾਜਿਕ ਜੀਵ ਬਣਾਉਣਾ ਹੁੰਦਾ ਹੈ।ਇਹ ਕਾਰਜ 'ਅਣੂ' ਪੱਤ੍ਰਿਕਾ ਸਫਲਤਾਪੂਰਵਕ ਕਰ ਰਹੀ ਹੈ। ਇਹ ਸ਼ਬਦ ਡਾ. ਭੀਮਇੰਦਰ ਸਿੰਘ ਨੇ ਪ੍ਰਧਾਨਗੀ ਭਾਸ਼ਣ ਦੌਰਾਨ ਕਹੇ। ਡਾ. ਹਰਪ੍ਰੀਤ ਸਿੰਘ ਰਾਣਾ ਨੇ ਕਿਹਾ ਕਿ ਮੈਂ 'ਅਣੂ' ਨਾਲ ਲੰਮੇ ਸਮੇਂ ਤੋਂ ਜੁੜਿਆ ਹੋਇਆ ਹਾਂ। ਸੁਰਿੰਦਰ ਕੈਲੇ ਨੇ ਹਾਜ਼ਰੀਨ ਨੂੰ ਸੰਬੋਧਨ ਕਰਦਿਆਂ ਕਿਹਾ ਅਣੂ ਨੇ ਸਮਾਜ ਦੀ ਬਿਹਤਰੀ ਲਈ ਜਿੰਨਾ ਵੀ ਯੋਗਦਾਨ ਪਾਇਆ ਹੈ, ਉਸ ਦਾ ਸਿਹਰਾ ਪਾਠਕਾਂ, ਲੇਖਕਾਂ ਤੇ ਵਿਦਵਾਨਾਂ ਨੂੰ ਜਾਂਦਾ ਹੈ।ਨਵਦੀਪ ਸਿੰਘ ਮੁੰਡੀ ਨੇ ਹਾਜ਼ਰੀਨ ਦਾ ਧੰਨਵਾਦ ਕੀਤਾ। ਡਾ. ਸੰਤੋਖ ਸਿੰਘ ਨੇ ਸਮਾਗਮ ਦੀ ਕਾਰਵਾਈ ਨੂੰ ਸਫਲਤਾਪੂਰਵਕ ਨਿਭਾਇਆ। ਰਿਲੀਜ਼ ਸਮਾਰੋਹ ਵਿੱਚ ਹੋਰਨਾਂ ਤੋਂ ਇਲਾਵਾ ਪ੍ਰਿੰਸੀਪਲ ਚਰਨਜੀਤ ਕੌਰ, ਜੋਗਾ ਸਿੰਘ ਧਨੌਲਾ, ਅਵਤਾਰਜੀਤ, ਪ੍ਰਿੰਸੀਪਲ ਰਿਪਨਜੀਤ ਕੌਰ ਸੋਨੀ, ਸਤੀਸ਼ ਵਿਦਰੋਹੀ, ਨਾਇਬ ਸਿੰਘ ਬਦੇਸ਼ਾ, ਕੁਲਵਿੰਦਰ ਸਿੰਘ ਮਾਨੂੰਪੁਰੀ, ਭਗਵਾਨ ਦਾਸ ਗੁਪਤਾ ਸ਼ਾਮਲ ਸਨ।



## ਡਾ. ਰਾਜਵੰਤ ਕੌਰ 'ਪੰਜਾਬੀ' ਬਣੇ ਪੰਜਾਬੀ 'ਵਰਸਿਟੀ ਪਟਿਆਲਾ ਦੇ ਸੈਨੇਟ ਤੇ ਫੈਲੋ

**ਪਟਿਆਲਾ**-ਸਟੇਟ ਐਵਾਰਡੀ ਅਤੇ ਪੰਜਾਬੀ ਯੂਨੀਵਰਸਿਟੀ, ਪਟਿਆਲਾ ਦੇ ਪੰਜਾਬੀ ਵਿਭਾਗ ਦੇ ਮੁਖੀ ਡਾ. ਰਾਜਵੰਤ ਕੌਰ 'ਪੰਜਾਬੀ' ਨੂੰ ਪੰਜਾਬੀ ਯੂਨੀਵਰਸਿਟੀ ਪਟਿਆਲਾ ਦੇ ਸੈਨੇਟ ਤੇ ਸਾਧਾਰਨ ਫੈਲੋ ਵਜੋਂ ਚੁਣਿਆ ਗਿਆ ਹੈ। ਡਾ. ਪੰਜਾਬੀ ਦੀ ਇਹ ਚੋਣ ਯੂਨੀਵਰਸਿਟੀ ਐਕਟ ਦੀ ਧਾਰਾ 11(1) ਤਹਿਤ ਕੀਤੀ ਗਈ ਹੈ। ਪੰਜਾਬੀ ਯੂਨੀਵਰਸਿਟੀ, ਪਟਿਆਲਾ ਦੇ ਵਾਈਸ-ਚਾਂਸਲਰ ਡਾ. ਜਗਦੀਪ ਸਿੰਘ ਦੀ ਅਗਵਾਈ ਅਧੀਨ ਯੂਨੀਵਰਸਿਟੀ ਦੇ ਰਜਿਸਟਰਾਰ ਡਾ. ਸੰਜੀਵ ਪੁਰੀ ਵੱਲੋਂ ਜਾਰੀ ਪੱਤਰ ਰਾਹੀਂ ਡਾ. ਪੰਜਾਬੀ ਨੂੰ ਇਸ ਚੋਣ ਲਈ ਵਧਾਈ ਦਿੱਤੀ ਗਈ ਹੈ। ਜ਼ਿਕਰਯੋਗ ਹੈ ਕਿ ਪੰਜਾਬੀ ਯੂਨੀਵਰਸਿਟੀ ਪਟਿਆਲਾ ਵਿਖੇ ਪਹਿਲਾਂ ਗੈਰ ਅਧਿਆਪਨ ਸੇਵਾਵਾਂ ਨਿਭਾਉਣ ਵਾਲੇ ਡਾ. ਪੰਜਾਬੀ, ਯੂਨੀਵਰਸਿਟੀ ਦੇ ਪੰਜਾਬੀ ਵਿਭਾਗ ਦੇ ਪਹਿਲੇ ਅਧਿਆਪਕ ਹਨ, ਜਿਨ੍ਹਾਂ ਨੇ ਬੀਤੇ ਦਿਨੀਂ ਮੁਖੀ ਵਜੋਂ ਵੀ ਕਾਰਜਭਾਰ ਸੰਭਾਲਿਆ ਹੈ। ਇਸ ਨਿਯੁਕਤੀ ਦੀ ਮਿਆਦ 29.06.2027 ਤੱਕ ਹੋਵੇਗੀ।



## ਪੰਜਾਬੀ ਸਾਹਿਤ ਸਭਾ ਸਾਂਝੀ ਸੱਥ 'ਚ ਕਵਿਤਾ, ਗ਼ਜ਼ਲ, ਗੀਤ ਤੇ ਕਹਾਣੀਆਂ 'ਤੇ ਚਰਚਾ

**ਖੰਨਾ** : ਬੀਤੇ ਦਿਨ ਪੰਜਾਬੀ ਸਾਹਿਤ ਸਭਾ ਸਾਂਝੀ ਸੱਥ ਦੀ ਮਹੀਨਾਵਾਰ ਮੀਟਿੰਗ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਪਿੰਡ ਬੀਜਾ ਜ਼ਿਲ੍ਹਾ ਲੁਧਿਆਣਾ ਵਿਖੇ ਹੋਈ। ਇਸ ਮੀਟਿੰਗ ਦੀ ਪ੍ਰਧਾਨਗੀ ਸੱਥ ਦੇ ਸਰਪ੍ਰਸਤ ਅਵਤਾਰ ਸਿੰਘ ਉਟਾਲਾਂ, ਪ੍ਰਧਾਨ ਕਿਰਨਦੀਪ ਸਿੰਘ ਕੁਲਾਰ, ਉਪ ਪ੍ਰਧਾਨ ਹਰਬੰਸ ਸਿੰਘ ਸਾਨ ਬਗਲੀ ਕਲਾਂ ਵੱਲੋਂ ਕੀਤੀ ਗਈ। ਮੀਟਿੰਗ ਦੀ ਸ਼ੁਰੂਆਤ ਗੁਰਬਾਣੀ ਦੇ ਸ਼ਬਦ ' ਮੋਰੀ ਰੁਣ ਝੁਣ ਲਾਇਆ ਭੈਣੇ ਸਾਵਣੁ ਆਇਆ' ਦੀ ਵਿਆਖਿਆ ਹਰਬੰਸ ਸਿੰਘ ਸਨ ਬਗਲੀ ਕਲਾਂ ਵੱਲੋਂ ਕੀਤੀ ਗਈ । ਉਸ ਤੋਂ ਬਾਅਦ ਬਜ਼ੁਰਗ ਮੈਰਾਥਨ ਦੌੜਾਕ ਫ਼ੌਜਾ ਸਿੰਘ 114 ਸਾਲ ਦੀ ਉਮਰ ਵਿੱਚ ਹੋਈ ਮੌਤ 'ਤੇ ਸੱਥ ਵੱਲੋਂ ਦੋ ਮਿੰਟ ਦਾ ਮੋਨ ਧਾਰ ਕੇ ਸ਼ਰਧਾਂਜਲੀ ਦਿੱਤੀ ਗਈ। ਰਚਨਾਵਾਂ ਦੇ ਦੌਰ ਵਿੱਚ ਸਭ ਤੋਂ ਪਹਿਲਾਂ ਸੁਖਵਿੰਦਰ ਸਿੰਘ ਬਿੱਟੂ ਖੰਨੇ ਵਾਲਾ ਵੱਲੋਂ ਖੰਨਾ ਅਤੇ ਇਸ ਦੇ ਨਾਲ ਲੱਗਦੇ ਸੰਬੰਧਤ ਪਿੰਡਾਂ ਦੇ ਵਿਅਕਤੀਆਂ ਵੱਲੋਂ ਵੱਖ-ਵੱਖ ਖੇਤਰਾਂ ਵਿੱਚ ਕੀਤੀਆਂ ਪ੍ਰਾਪਤੀਆਂ ਨਾਲ ਸੰਬੰਧਤ ਬੋਲੀਆਂ ਸੁਣਾਈਆਂ, ਉਸ ਤੋਂ ਬਾਅਦ ਮਨਦੀਪ ਸਿੰਘ ਮਾਨਕੀ ਗੀਤ ਦੋ ਪੈਰ ਘੱਟ ਤੁਰਨਾ, ਦਿਲਪ੍ਰੀਤ ਸਿੰਘ ਬੀਜਾ ਗ਼ਜ਼ਲ, ਨਰਿੰਦਰ ਸਿੰਘ ਪਿੰਕੀ ਗਗੜੇ ਵਾਲਾ ਗੀਤ ਇੱਕ ਨੂੰ ਦੋ ਛੱਲੀਆਂ ਨੇ, ਸੁਖਦੇਵ ਸਿੰਘ ਘਲੋਟੀ ਗੀਤ ਸੌਣ ਦਾ ਮਹੀਨਾ, ਮਕੰਦ ਸਿੰਘ ਨਗਾਹੀ ਗੀਤ, ਦਰਸ਼ਨ ਸਿੰਘ ਦੀਵਾਨਾ ਕਵੀਸ਼ਰੀ, ਨੇਤਰ ਸਿੰਘ ਮੁੱਤੋ ਕਵਿਤਾ ਭਗਵਾ, ਹਰਚਰਨ ਸਿੰਘ ਬਧੌਛੀ ਸਿੰਘ ਕਹਾਣੀ ਮੇਰੀਆਂ ਸੱਤ ਜ਼ਿੰਦਗੀਆਂ, ਰਾਜ ਸਿੰਘ ਬਧੌਛੀ ਮਿੰਨੀ ਕਹਾਣੀ ਵਿਚੋਲਾ, ਬਾਵਾਂ ਹੋਲੀਆਂ ਗੀਤ, ਹਰਬੰਸ ਸਿੰਘ ਸ਼ਾਨ ਬਗਲੀ ਬਾਬੇ ਦੇ ਚਰਿੱਤਰ, ਮਨਜੀਤ ਸਿੰਘ ਧੰਜਲ ਗੀਤ ਨੀ ਕੁੜੀਏ, ਪੰਜਾਬੀ ਸਾਹਿਤ ਸਭਾ ਖੰਨਾ ਦੇ ਪ੍ਰਧਾਨ ਨਰਿੰਦਰ ਮਾਨਕੂ ਗ਼ਜ਼ਲ, ਫਤਿਹ ਕੁਲਾਰ ਵਿਚਾਰ ਸਾਂਝੇ ਕੀਤੇ, ਜਗਦੀਪ ਸਿੰਘ ਬੀਜਾ ਕਵਿਤ, ਸਵਰਨ ਸਿੰਘ ਗਗੜਾ, ਸ਼ਮਸ਼ੇਰ ਸਿੰਘ ਸ਼ੇਰ ਸਿੰਘ ਨਵਾਂ ਪਿੰਡੀਆ ਬੀਜਾ ਪਿੰਡ ਨੂੰ ਸਮਰਪਿਤ ਗੀਤ, ਪਰਮਜੀਤ ਸਿੰਘ ਮੁੰਡੀਆਂ ਗੀਤ ਸ਼ਿਮਲੇ ਨੂੰ ਚੱਲ ਚੱਲੀਏ, ਮਾਸਟਰ ਪ੍ਰਦੀਪ ਸਿੰਘ ਕਵਿਤਾ ਉਮੀਦ ਜ਼ਰੂਰੀ ਹੈ, ਗੁਰੀ ਤੁਰਮਰੀ ਖੁੱਲ੍ਹੀ ਕਵਿਤਾ ਕਾਫਲਾ, ਕਿਰਨਦੀਪ ਸਿੰਘ ਕੁਲਾਰ ਗਜ਼ਲ, ਅਵਤਾਰ ਸਿੰਘ ਉਟਾਲਾਂ ਗੀਤ। ਸੱਥ ਦੀ ਕਾਰਵਾਈ ਸੁਖਵਿੰਦਰ ਸਿੰਘ ਭਾਦਲਾ ਅਤੇ ਗੁਰੀ ਤੁਰਮਰੀ ਵੱਲੋਂ ਬਾਖੂਬੀ ਨਾਲ ਨਿਭਾਈ ਗਈ। ਸਾਰੀਆਂ ਹੀ ਸੁਣਾਈਆਂ ਗਈਆਂ ਰਚਨਾਵਾਂ 'ਤੇ ਸੁਚਾਰੂ ਢੰਗ ਨਾਲ ਚਰਚਾ ਕੀਤੀ ਗਈ।ਅਖੀਰ ਵਿੱਚ ਪੰਜਾਬੀ ਸਾਹਿਤ ਸਭਾ ਸਾਂਝੀ ਸੱਥ ਦੇ ਪ੍ਰਧਾਨ ਕਿਰਨਦੀਪ ਸਿੰਘ ਕੁਲਾਰ ਵੱਲੋਂ ਆਏ ਸਾਰੇ ਸਾਹਿਤਕਾਰਾਂ ਦਾ ਧੰਨਵਾਦ ਕੀਤਾ ਗਿਆ। ਸੱਥ ਦੀ ਅਗਲੀ ਮੀਟਿੰਗ 17 ਅਗਸਤ ਦਿਨ ਐਤਵਾਰ 2025 ਨੂੰ ਖੰਨਾ-ਸਮਰਾਲਾ ਰੋਡ 'ਤੇ ਸਥਿਤ ਪਿੰਡ ਗਗੜਾ ਵਿਖੇ ਕੀਤੀ ਜਾਵੇਗੀ।



-ਸੁਖਵਿੰਦਰ ਸਿੰਘ ਭਾਦਲਾ

## ਯੂਗਾਂਡਾ 'ਚ ਵੱਸਦੇ ਪੰਜਾਬੀ ਉਥੇ ਪੰਜਾਬੀ ਸਾਹਿਤ, ਸੱਭਿਆਚਾਰ ਤੇ ਸੇਵਾ ਦਾ ਝੰਡਾ ਬੁਲੰਦ ਕਰ ਰਹੇ : ਬਾਜਵਾ

**ਲੁਧਿਆਣਾ**-ਯੁਗਾਂਡਾ ਵੱਸਦੇ ਪੰਜਾਬੀ ਗੀਤਕਾਰ ਤੇ ਉੱਘੇ ਸਮਾਜ ਸੇਵੀ ਨ ਸ ਬਾਜਵਾ ਨੇ ਪੰਜਾਬੀ ਲੋਕ ਵਿਰਾਸਤ ਅਕਾਡਮੀ ਲੁਧਿਆਣਾ ਦੇ ਚੇਅਰਮੈਨ ਪ੍ਰੋ. ਗੁਰਭਜਨ ਸਿੰਘ ਗਿੱਲ ਨਾਲ ਵਿਚਾਰ-ਵਟਾਂਦਰਾ ਕਰਦਿਆਂ ਕਿਹਾ ਹੈ ਕਿ ਯੁਗਾਂਡਾ ਵਿੱਚ ਵੱਸਦੇ ਪੰਜਾਬੀ ਲੋਕ ਬੜੇ ਸਮਰੱਥ ਹਨ ਅਤੇ ਕੁਝ ਸੱਜਣ ਪੰਜਾਬੀ ਸਾਹਿਤ ਤੇ ਸੱਭਿਆਚਾਰ ਨਾਲ ਨਵੀਂ ਪੀੜ੍ਹੀ ਨੂੰ ਜੋੜਨ ਲਈ ਲਗਾਤਾਰ ਸੇਵਾ ਕਰ ਰਹੇ ਹਨ। ਇਸ ਕੰਮ ਵਿੱਚ ਗੁਰੂ ਘਰਾਂ ਦਾ ਯੋਗਦਾਨ ਬਹੁਤ ਵੱਡਾ ਹੈ। ਸ. ਬਾਜਵਾ ਨੇ ਕਿਹਾ ਕਿ ਉਨ੍ਹਾਂ ਦੇ ਵੱਡੇ-ਵਡੇਰੇ ਨਾਮਧਾਰੀ ਗੁਰੂ ਪ੍ਰਤਾਪ ਸਿੰਘ ਜੀ ਦੀ ਕਿਰਪਾ ਸਦਕਾ ਨਾਰੋਵਾਲ ਤੋਂ 1946 ਵਿੱਚ ਹੀ ਰਾਣੀਆਂ (ਸਿਰਸਾ) ਆਣ ਵੱਸੇ ਸਨ। ਉਨ੍ਹਾਂ ਦੱਸਿਆ ਕਿ ਦੇਸ਼ ਰਹਿੰਦਿਆਂ ਉਹ ਦੂਰਦਰਸ਼ਨ ਪ੍ਰੋਗਰਾਮ ਪੰਜਾਬ ਦੇ ਮੇਲੇ ਅਤੇ ਸ਼ਾਮ ਸੁਨਹਿਰੀ ਪ੍ਰੋਗਰਾਮ ਰਿਕਾਰਡ ਕਰਕੇ ਪੇਸ਼ ਕਰਦੇ ਰਹੇ ਹਨ। ਇੱਥੇ ਉਹ ਬੀ ਐੱਮ ਸੀ ਰਿਕਾਰਡਿੰਗ ਕੰਪਨੀ ਵੀ ਚਲਾਉਂਦੇ ਰਹੇ ਹਨ। ਉਨ੍ਹਾਂ ਦੀ ਇਸ ਫੇਰੀ ਦਾ ਮਨੋਰਥ ਵੀਹਵੀਂ ਸਦੀ ਦੇ ਇੱਕ ਮਹਾਨ ਤੇ ਸੁਰੀਲੇ ਕਵੀ ਬਾਰੇ ਜਸਵਿੰਦਰ ਸਿੰਘ ਭੱਟੀ ਭੜੀਵਾਲਾ ਨਾਲ ਰਲ਼ ਕੇ ਫਿਲਮ ਬਣਾਉਣਾ ਹੈ। ਇਸ ਸੰਬੰਧੀ ਵਿਚਾਰ ਚਰਚਾ ਕਰਨ ਲਈ ਹੀ ਉਹ ਭੱਟੀ ਭੜੀ ਵਾਲਾ ਸਮੇਤ ਪ੍ਰੋ. ਗਿੱਲ ਨੂੰ ਮਿਲਣ ਆਏ ਸਨ।ਇਸ ਮੌਕੇ ਵਿਚਾਰਾਂ ਕਰਦਿਆਂ ਭੱਟੀ ਭੜੀਵਾਲਾ ਨੇ ਕਿਹਾ ਕਿ ਪੰਜਾਬੀ ਫ਼ਿਲਮਾਂ ਨੇ ਹੁਣ ਤੀਕ ਸਾਹਿਤ ਦੇ ਨਾਇਕ ਪੇਸ਼ ਨਹੀਂ ਕੀਤੇ ਜਿਸ ਕਾਰਨ ਸਾਨੂੰ ਇਹ ਘਾਟ ਰੜਕਦੀ ਸੀ। ਫ਼ਿਲਮ ਦਾ ਲਿਖਤੀ ਕੰਮ ਪੂਰਾ ਕਰਕੇ ਉਹ ਸ਼ਾਇਰ ਦੇ ਪਰਵਾਰ ਦਾ ਆਸ਼ੀਰਵਾਦ ਲੈ ਕੇ ਇਹ ਫ਼ਿਲਮ ਤਿਆਰ ਕਰਨਗੇ।



ਪ੍ਰੋ. ਗੁਰਭਜਨ ਸਿੰਘ ਗਿੱਲ ਨੇ ਕਿਹਾ ਕਿ ਯੁਗਾਂਡਾ ਵਿੱਚ ਵੱਸਦੇ ਪੰਜਾਬੀ ਭਰਾ ਸਾਡੇ ਸੱਭਿਆਚਾਰਕ ਰਾਜਦੂਤ ਹਨ। ਵੱਡੀ ਗੱਲ ਇਹ ਹੈ ਕਿ 1972 ਵਿੱਚ ਉੱਥੋਂ ਦੇ ਰਾਸ਼ਟਰਪਤੀ ਈਦੀ ਅਮੀਨ ਵੱਲੋਂ ਸਾਰੇ ਭਾਰਤੀਆਂ ਨੂੰ ਕੱਢ ਦਿੱਤੇ ਜਾਣ ਦੇ ਬਾਵਜੂਦ ਉੱਥੇ ਵੱਸਦੇ ਪੰਜਾਬੀ ਯੁਗਾਂਡਾ ਦੇ ਵਿਕਾਸ ਵਿੱਚ ਵਡਮੁੱਲਾ ਹਿੱਸਾ ਪਾਉਣ ਦੇ ਨਾਲ-ਨਾਲ ਪੰਜਾਬੀ ਸਾਹਿਤ ਤੇ ਸੱਭਿਆਚਾਰ ਦੇ ਖੇਤਰ ਵਿੱਚ ਵੀ ਕਹਿਣ-ਸੁਣਨ ਯੋਗ ਹਿੱਸਾ ਪਾ ਰਹੇ ਹਨ। ਉਨ੍ਹਾਂ ਵੀਹਵੀਂ ਸਦੀ ਦੇ ਮਹਾਨ ਕਵੀ ਦੀ ਯਾਦ ਵਿੱਚ ਫਿਲਮ ਬਣਾਉਣ ਦੀ ਵੀ ਸ਼ਲਾਘਾ ਕੀਤੀ ਅਤੇ ਹਰ ਤਰ੍ਹਾਂ ਦਾ ਸਹਿਯੋਗ ਦੇਣ ਦਾ ਭਰੋਸਾ ਦਿਵਾਇਆ। ਦੋਹਾਂ ਗੀਤਕਾਰਾਂ ਨੂੰ ਪ੍ਰੋ. ਗਿੱਲ ਨੇ ਪਿਛਲੇ 50 ਸਾਲਾਂ ਦੌਰਾਨ ਲਿਖੀਆਂ ਗ਼ਜ਼ਲਾਂ ਦਾ ਵੱਡ ਆਕਾਰੀ ਸੰਗ੍ਰਹਿ 'ਅੱਖਰ ਅੱਖਰ' ਭੇਟ ਕੀਤਾ।

## ਕਹਾਣੀਕਾਰਾ ਤ੍ਰਿਪਤਾ ਕੇ ਸਿੰਘ ਦਾ ਸਨਮਾਨ



**ਹੁਸ਼ਿਆਰਪੁਰ** : ਪੰਜਾਬੀ ਸਾਹਿਤ ਸਭਾ ਹੁਸ਼ਿਆਰਪੁਰ ਵੱਲੋਂ ਦਫ਼ਤਰ ਭਾਸ਼ਾ ਵਿਭਾਗ ਹੁਸ਼ਿਆਰਪੁਰ ਦੇ ਸਹਿਯੋਗ ਨਾਲ ਮੀਤ ਪ੍ਰਧਾਨ ਸੁਰਿੰਦਰ ਕੰਗਵੀ ਦੀ ਪ੍ਰਧਾਨਗੀ ਹੇਠ ਡਿਜੀਟਲ ਲਾਇਬ੍ਰੇਰੀ ਹੁਸ਼ਿਆਰਪੁਰ ਵਿਖੇ ਸਨਮਾਨ ਸਮਾਰੋਹ ਕਰਵਾਇਆ ਗਿਆ, ਜਿਸ ਵਿੱਚ ਸਭਾ ਦੇ ਸਾਰੇ ਅਹੁਦੇਦਾਰਾਂ ਅਤੇ ਸਾਹਿਤ ਪ੍ਰੇਮੀਆਂ ਨੇ ਹਿੱਸਾ ਲਿਆ। ਸਭਾ ਦੇ ਜਨਰਲ ਸਕੱਤਰ ਡਾ. ਜਸਵੰਤ ਰਾਏ ਨੇ ਪਿਛਲੇ ਦਿਨੀਂ ਪੰਜਾਬੀ ਸਾਹਿਤ ਜਗਤ ਨੂੰ ਸਦੀਵੀ ਵਿਛੋੜਾ ਦੇ ਗਏ ਸਾਹਿਤਕਾਰ ਤਜੱਮਲ ਕਲੀਮ, ਅਰਸ਼ਦ ਮਨਜ਼ੂਰ ਅਤੇ ਸੰਸਾਰ ਪ੍ਰਸਿੱਧ ਮੈਰਾਥਨ ਦੌੜਾਕ ਫੌਜਾ ਸਿੰਘ ਦੇ ਹੱਕ ਵਿੱਚ ਸ਼ੋਕ ਮਤਾ ਪੜ੍ਹਿਆ ਅਤੇ ਮੈਂਬਰਾਂ ਨੇ ਦੋ ਮਿੰਟ ਦਾ ਮੌਨ ਰੱਖ ਕੇ ਸ਼ਰਧਾਂਜਲੀ ਅਰਪਿਤ ਕੀਤੀ। ਉਪਰੰਤ ਕਹਾਣੀਕਾਰਾ ਤ੍ਰਿਪਤਾ ਕੇ ਸਿੰਘ ਹੁਰਾਂ ਦੀਆਂ ਸਿਹਤ ਵਿਭਾਗ ਵਿੱਚ ਚਾਲੀ ਸਾਲ ਦੀਆਂ ਸੇਵਾਵਾਂ ਬਾਅਦ ਬਤੌਰ ਮਾਸ ਮੀਡੀਆ ਅਫ਼ਸਰ ਸੇਵਾ-ਮੁਕਤ ਹੋਣ 'ਤੇ ਸਮਾਗਮ ਰਚਾਇਆ ਗਿਆ। ਤ੍ਰਿਪਤਾ ਕੇ ਸਿੰਘ ਦੀ ਜ਼ਿੰਦਗੀ ਬੜੀ ਸੰਘਰਸ਼ਪੂਰਨ ਰਹੀ। ਨਰਸਿੰਗ ਦਾ ਡਿਪਲੋਮਾ ਕਰਕੇ ਉਹ ਬਹੁਤ ਜਲਦੀ ਸਰਕਾਰੀ ਨੌਕਰੀ ਵਿੱਚ ਆ ਗਏ। ਬਾਕੀ ਪੜ੍ਹਾਈ ਬਾਰ੍ਹਵੀਂ ਤੋਂ ਪੀ.ਐੱਚ ਡੀ ਤੱਕ ਦੀ ਸਾਰੀ ਪ੍ਰਾਈਵੇਟ ਤੌਰ 'ਤੇ ਨੌਕਰੀ ਕਰਦਿਆਂ ਨੇਪਰੇ ਚਾੜ੍ਹੀ। ਡਾ. ਕਰਮਜੀਤ ਸਿੰਘ, ਕੁਲਤਾਰ ਸਿੰਘ ਕੁਲਤਾਰ, ਮਦਨ ਵੀਰਾ, ਸਤੀਸ਼ ਕੁਮਾਰ ਅਤੇ ਡਾ. ਸ਼ਮਸ਼ੇਰ ਮੋਹੀ ਨੇ ਕਿਹਾ ਕਿ ਸਿਹਤ ਵਿਭਾਗ ਵਿੱਚ ਲਾਸਾਨੀ ਪ੍ਰਾਪਤੀਆਂ ਦੇ ਬਾਵਜੂਦ ਤ੍ਰਿਪਤਾ ਕੇ ਸਿੰਘ ਨੇ ਸਾਹਿਤਕ ਮੰਚ 'ਤੇ ਬਤੌਰ ਕਹਾਣੀਕਾਰਾ ਚੰਗਾ ਨਾਮਣਾ ਖੱਟਿਆ ਹੈ।ਉਨ੍ਹਾਂ ਨੇ ਆਪਣੀਆਂ ਕਹਾਣੀਆਂ ਵਿੱਚ ਨਾਰੀ ਮਨ ਦੀਆਂ ਗੁੰਝਲਾਂ ਦੀ ਮਨੋਵਿਗਿਆਨਕ ਨਜ਼ਰੀਏ ਨਾਲ ਪੇਸ਼ਕਾਰੀ ਕਰਕੇ ਪੰਜਾਬੀ ਨਿੱਕੀ ਕਹਾਣੀ ਦੇ ਖੇਤਰ ਵਿੱਚ ਇੱਕ ਅਲੱਗ ਪਹਿਚਾਣ ਬਣਾਈ ਹੈ। ਉਨ੍ਹਾਂ ਦੁਆਰਾ ਲਿਖੀਆਂ ਕਹਾਣੀਆਂ ਪੰਜਾਬੀ ਦੇ ਸਾਰੇ ਸਾਹਿਤਕ ਮੈਗਜ਼ੀਨਾਂ ਤੋਂ ਇਲਾਵਾ ਹਿੰਦੀ, ਅੰਗਰੇਜ਼ੀ, ਉਰਦੂ ਅਤੇ ਬੰਗਾਲੀ ਭਾਸ਼ਾ ਵਿੱਚ ਵੀ ਅਨੁਵਾਦ ਹੋਈਆਂ ਹਨ।ਤ੍ਰਿਪਤਾ ਕੇ ਸਿੰਘ ਦੀਆਂ ਕਹਾਣੀਆਂ ਦੀ ਕਿਤਾਬ 'ਇੱਕ ਦਿਨ' ਨੇ ਪਾਠਕਾਂ ਅਤੇ ਆਲੋਚਕਾਂ ਦਾ ਚੰਗਾ ਧਿਆਨ ਖਿੱਚਿਆ ਹੈ। 'ਇੱਕ ਦਿਨ' ਕਹਾਣੀ ਪੰਜਾਬੀ ਯੂਨੀਵਰਸਿਟੀ ਪਟਿਆਲਾ ਦੇ ਪੰਜਾਬੀ ਵਿਭਾਗ ਵਿੱਚ ਐੱਮ.ਏ. ਪੰਜਾਬੀ ਦੇ ਵਿਦਿਆਰਥੀਆਂ ਦੇ ਸਿਲੇਬਸ ਦਾ ਅੰਗ ਬਣੀ ਹੈ। 2020 ਦੇ ਢਾਹਾਂ ਇਨਾਮ ਲਈ ਵੀ ਇਹ ਕਿਤਾਬ ਸ਼ਾਰਟ ਲਿਸਟ ਹੋਈ ਸੀ। ਤ੍ਰਿਪਤਾ ਕੇ ਸਿੰਘ ਨੂੰ ਪ੍ਰਿੰਸੀਪਲ ਸੁਜਾਨ ਸਿੰਘ ਕਹਾਣੀ ਉਤਸ਼ਾਹ ਵਰਧਕ ਸਨਮਾਨ ਵੀ ਮਿਲ ਚੁੱਕਾ ਹੈ।ਇਸ ਤੋਂ ਇਲਾਵਾ ਉਨ੍ਹਾਂ ਨੂੰ ਆਪਣੇ ਕਹਾਣੀ ਸੰਗ੍ਰਹਿ ਲਈ ਦਲਬੀਰ ਚੇਤਨ ਕਹਾਣੀ ਪੁਰਸਕਾਰ ਅਤੇ ਰਾਮ ਸਰੂਪ ਅਣਖੀ ਸਨਮਾਨ ਵੀ ਹਾਸਲ ਹੋ ਚੁੱਕੇ ਹਨ।ਸੇਵਾ-ਮੁਕਤੀ 'ਤੇ ਸਭਾ ਦੇ ਮੈਂਬਰਾਂ ਨੇ ਤ੍ਰਿਪਤਾ ਕੇ ਸਿੰਘ ਅਤੇ ਉਨ੍ਹਾਂ ਦੇ ਪਤੀ ਕੁਲਵੰਤ ਸਿੰਘ ਹੁਰਾਂ ਦਾ ਸਟਾਲ, ਲੋਈ ਅਤੇ ਮਿਮੈਂਟੋ ਦੇ ਕੇ ਸਨਮਾਨ ਕੀਤਾ। ਇਸ ਤੋਂ ਬਾਅਦ ਹੋਏ ਕਵੀ ਦਰਬਾਰ ਵਿਚ ਸਭਾ ਦੇ ਮੈਂਬਰਾਂ ਨੇ ਆਪਣੀਆਂ ਸੱਜਰੀਆਂ ਨਜ਼ਮਾਂ ਸੁਣਾ ਕੇ ਮਹਿਫ਼ਲ ਆਪਣੇ ਨਾਂਅ ਕਰ ਲਈ।ਇਸ ਮੌਕੇ ਸਭਾ ਵੱਲੋਂ ਤ੍ਰੈ-ਮਾਸਿਕ ਸਾਹਿਤਕ ਮੈਗਜ਼ੀਨ 'ਚਿਰਾਗ਼' ਦਾ 128ਵਾਂ ਅੰਕ ਵੀ ਲੋਕ ਅਰਪਣ ਕੀਤਾ ਗਿਆ। ਸੁਰਿੰਦਰ ਕੰਗਵੀ ਨੇ ਆਪਣੇ ਪ੍ਰਧਾਨਗੀ ਭਾਸ਼ਣ ਵਿੱਚ ਤ੍ਰਿਪਤਾ ਕੇ ਸਿੰਘ ਨੂੰ ਵਧਾਈ ਦਿੰਦਿਆਂ ਪੇਸ਼ ਨਜ਼ਮਾਂ 'ਤੇ ਸੰਖੇਪ ਟਿੱਪਣੀਆਂ ਵੀ ਕੀਤੀਆਂ। ਇਸ ਮੌਕੇ ਲਾਇਬ੍ਰੇਰੀਅਨ ਵਿਜੇ ਕੁਮਾਰ, ਡਾ. ਸੁਖਦੇਵ ਢਿੱਲੋਂ, ਤੀਰਥ ਚੰਦ ਸਰੋਆ, ਜਸਵੰਤ ਸਿੰਘ ਬੱਸਨ, ਰਾਜ ਕੁਮਾਰ ਘਾਸੀਪੁਰੀਆ, ਰਵੀ ਸਿੰਘ, ਡਾ. ਦਰਸ਼ਨ ਸਿੰਘ, ਲੈਕਚਰਾਰ ਲਖਵਿੰਦਰ ਰਾਮ, ਪ੍ਰਿੰਸੀਪਲ ਦਾਸ ਭਾਰਤੀ ਆਦਿ ਸਾਹਿਤਕਾਰ ਹਾਜ਼ਰ ਸਨ। ਸਮਾਗਮ ਦੌਰਾਨ ਸਟੇਜ ਦੀ ਕਾਰਵਾਈ ਡਾ. ਜਸਵੰਤ ਰਾਏ ਨੇ ਬਾਖ਼ੂਬੀ ਨਿਭਾਈ।

## ਪਾਠਕਾਂ ਦੇ ਝਰੋਖੇ 'ਚੋਂ

### ਜੰਗ, ਪੂੰਜੀਵਾਦ ਅਤੇ ਮਨੁੱਖੀ ਸਰੋਕਾਰ

20 ਜੁਲਾਈ ਦੇ 'ਨਵਾਂ ਜ਼ਮਾਨਾ' 'ਚ ਪੁਸ਼ਪਿੰਦਰ ਦਾ ਅਨੁਵਾਦਿਤ ਲੇਖ ਮੁੱਖ ਪੰਨੇ 'ਤੇ ਪੜ੍ਹਿਆ। ਬਹੁਤ ਸਵਾਲ ਜ਼ਿਹਨ ਵਿੱਚ ਪੈਦਾ ਕਰ ਗਿਆ।ਮੂਲ ਲੇਖਕ ਚੰਗਾ ਅਰਥ ਸ਼ਾਸਤਰੀ ਹੈ, ਜਿਨ੍ਹਾਂ ਨੂੰ ਡਾ. ਮਨਮੋਹਨ ਸਿੰਘ ਨੇ ਆਪਣੇ ਕੋਲ ਵਿਕਾਸ ਬਾਰੇ ਚਰਚਾ ਕਰਨ ਲਈ ਸੱਦਾ ਦਿੱਤਾ।ਗੱਲ ਪੁਰਾਣੀ ਲੱਗਦੀ ਹੈ, ਕਿਉਂਕਿ ਮਨਮੋਹਨ ਸਿੰਘ ਤੋਂ ਬਾਅਦ ਨਰਿੰਦਰ ਮੋਦੀ ਦਾ ਰਾਜ ਕਾਲ ਵੀ ਹੁਣ ਦਸ ਸਾਲ ਤੋਂ ਉਪਰ ਹੋ ਚੱਲਿਆ ਹੈ।ਦੇਸ਼ 'ਚ ਰਹਿੰਦੇ ਪੁਰਾਣੇ ਲੋਕ ਉਮਰ ਸੱਠ ਸੱਤਰ ਸਾਲ ਵਾਲੇ ਲੋਕ ਜਾਣਦੇ ਹਨ ਕਿ ਸਾਡਾ ਦੇਸ਼ ਕਿਸੇ ਵੇਲੇ ਕਣਕ ਲਈ ਬਾਹਰਲੇ ਦੇਸ਼ਾਂ 'ਤੇ ਨਿਰਭਰ ਕਰਦਾ ਸੀ।ਮੈਂ ਖ਼ੁਦ ਰਾਸ਼ਨ ਡੀਪੂ 'ਤੇ ਕਤਾਰ 'ਚ ਖੜ੍ਹੇ ਹੋ ਕੇ ਕਣਕ ਲਿਆਇਆ ਕਰਦਾ ਸੀ।ਮਿੱਟੀ ਦਾ ਤੇਲ, ਖੰਡ ਵੀ ਮਿਲਿਆ ਕਰਦੇ ਸੀ।ਦੁੱਧ ਉਸ ਵੇਲੇ ਪੰਜਾਹ ਪੈਸੇ ਕਿੱਲੋ ਸੀ।ਘਿਓ ਵੀ ਸਸਤਾ ਸੀ ਸਿੱਖਿਆ ਵੀ ਸਸਤੀ ਸੱਜੀ ਸਕੂਲ ਨਹੀ ਹੁੰਦੇ ਸੀ।ਸਾਰੀ ਸਿੱਖਿਆ ਸਰਕਾਰੀ ਸਕੂਲਾਂ 'ਚ ਹੁੰਦੀ ਸੀ ਘਰਾਂ 'ਚ ਸੀਵਰੇਜ ਸਿਸਟਮ ਨਹੀਂ ਸੀ ਹੁੰਦਾ ਨਾ ਹੀ ਪਾਣੀ ਦੀ ਕਿਲਤ ਸੀ ਨਲਕੇ ਘਰ-ਘਰ ਹੁੰਦੇ ਸੀ ਕੱਪੜਾ ਸਸਤਾ ਸੀ । ਮੈਲਾ ਘਰਾਂ ਤੋਂ ਢੋਇਆ ਜਾਂਦਾ ਸੀ ਦੂਸਰੇ ਪਾਸੇ ਹੁਣ ਦਾ ਸਮਾਂ ਵੇਖੋ ਤਾਂ ਵਿਕਾਸ ਸਾਫ ਦਿਸਦਾ ਹੈ।ਕਮਾਈ ਵਧ ਗਈ। ਸਿੱਖਿਆ ਦਾ ਮੁਲ ਘਟ ਗਿਆ ਹੈ। ਉਚ ਸਿੱਖਿਆ ਪ੍ਰਾਪਤ ਲੋਕ ਵੀ ਬੇਰੁਜ਼ਗਾਰ ਹਨ। ਉਸ ਵੇਲੇ ਘੱਟ ਪੜ੍ਹੇ ਲੋਕ ਵੀ ਸਰਕਾਰੀ ਨੌਕਰੀਆਂ 'ਤੇ ਲੱਗ ਜਾਂਦੇ ਸੀ।ਉਸ ਸਮੇਂ ਦੇ ਨੌਕਰੀ ਜ਼ਾਫਤਾ ਲੋਕ ਹੁਣ ਸਰਕਾਰੀ ਪੈਨਸ਼ਨਾ ਦਾ ਆਨੰਦ ਲੈ ਰਹੇ ਹਨ।ਪਰ ਹੁਣ ਵਿਕਾਸ ਦਾ ਪੱਧਰ ਵੇਖੋ ਨੌਕਰੀ ਮਿਲਦੀ ਨਹੀਂ।ਜੇ ਮਿਲੇ ਵੀ ਤਾਂ ਘੱਟ ਉਜਰਤ 'ਤੇ ਮਿਲਦੀ ਹੈ।

ਰਘਬੀਰ ਸਿੰਘ ਸਿਰਜਨਾ ਦਾ ਲੇਖ ਜੰਗ ਪੂੰਜੀਵਾਦ ਤੇ ਮਨੁੱਖੀ ਸਰੋਕਾਰ ਲੇਖ ਗਹਿਰਾ ਹੈ ਜੰਗਾਂ ਵਿਚ ਕੁੱਦੇ ਦੇਸ਼ਾਂ ਦੇ ਮਖੌਟੇ ਨੰਗੇ ਕਰਦਾ ਹੈ।ਹੋਰ ਮੈਟਰ ਵਿਚ ਗੁਰਦੀਪ ਸਿੰਘ ਸੈਣੀ ਦੀਆਂ ਗ਼ਜ਼ਲਾਂ ਡਗਸ਼ਈ ਦੀ ਜੇਲ੍ਹ ਯਾਤਰਾ ਰਜਿੰਦਰ ਸਿੰਘ ਬੇਦੀ ਦਾ ਆਪਣੇ ਪੁੱਤਰ ਬਾਰੇ ਸ਼ਬਦ ਚਿੱਤਰ ਪਿੰਡ ਬਖਸ਼ੀ ਵਾਲਾ ਦੀ ਜਾਣਕਾਰੀ, ਸੁਰਜੀਤ ਸੁਮਨ ਦਾ ਵਿਦੇਸ਼ਾਂ ਵਿਚ ਪੰਜਾਬੀਆਂ ਦੇ ਰਿਸ਼ਤਿਆ ਵਿਚ ਨਿਘਾਰ, ਡਾ ਸੰਦੀਪ ਰਾਣਾ ਦਾ ਤਲੀਆ ਹੇਠਲੀ ਅੱਗ ਦਾ ਵਿਸ਼ਲੇਸ਼ਣ, ਡਾ. ਜਸਵਿੰਦਰ ਕੌਰ ਬਿੰਦਰਾ ਦਾ ਕਿਤਾਬ ਵਕਤ ਦੇ ਖੀਸੇ ਦਾ ਚਿੰਤਨ ਤੇ ਸਾਹਿਤਕ ਸਰਗਰਮੀਆਂ ਦੀ ਭਰਵੀ ਜਾਣਕਾਰੀ ਹੈ।

- ਗੁਰਮੀਤ ਸਿੰਘ ਫਾਜ਼ਿਲਕਾ

### ਪਾਠਕਾਂ ਲਈ

ਤੁਹਾਡੇ ਖ਼ਤਾਂ ਦਾ ਸਵਾਗਤ ਹੈ। ਖ਼ਤ ਤੇ ਮੈਟਰ ਸਾਨੂੰ ਹੇਠ ਲਿਖੀ ਈਮੇਲ 'ਤੇ ਭੇਜ ਸਕਦੇ ਹੋ।

atwartazamana@gmail.com

- ਸੰਪਾਦਕ

### ਆਉਂਦੇ ਐਤਵਾਰਤਾ 'ਚ ਵਿਸ਼ੇਸ਼

ਬੇਰੁਜ਼ਗਾਰੀ : ਫਾਸ਼ੀਵਾਦ ਬਨਾਮ ਸਮਾਜਵਾਦ : ਜਗਰੂਪ

ਸੂਰਜ ਪਾਂਡੇ : ਅਨਿਲ ਰਾਜੀਮਵਾਲੇ

'ਸੰਤਾਲੀ ਤੋਂ ਚੁਰਾਸੀ ਤੱਕ' : ਜਗਤਾਰਜੀਤ (ਫੋਕਸ) ਡਾ. ਪਰਮਜੀਤ ਢੀਂਗਰਾ

ਦਾਦਰ ਪੰਡਰੋਵੀ ਦੀਆਂ ਗ਼ਜ਼ਲਾਂ ਤੇ ਹੋਰ ਬਹੁਤ ਕੁਝ

## ਸਮਕਾਲ

### ਸਿਰਜਣਾ : ਚਾਰ ਮਿਆਰੀ ਕਹਾਣੀਆਂ

ਤ੍ਰੈਮਾਸਿਕ 'ਸਿਰਜਣਾ'-217 ਦਾ ਜੁਲਾਈ-ਸਤੰਬਰ, 2025 ਅੰਕ ਛਪ ਕੇ ਪਾਠਕਾਂ ਤੱਕ ਪੁੱਜ ਗਿਆ ਹੈ। ਹੱਥਲੇ ਅੰਕ ਦੀ ਸੰਪਾਦਕੀ ਵਿੱਚ ਭਖ਼ਵੇ ਮੁੱਦੇ 'ਜੰਗ, ਪੂੰਜੀਵਾਦ ਅਤੇ ਮਨੁੱਖੀ ਸਰੋਕਾਰ' ਸਬੰਧੀ ਮੁੱਲਵਾਨ ਧਾਰਨਾਵਾਂ ਦੇ ਕੇ ਚਰਚਾ ਕੀਤੀ ਗਈ ਹੈ। ਜਿਸ ਵਿੱਚ ਗਾਜ਼ਾ ਬਾਰੇ ਦਿੱਤੇ ਟਰੰਪ ਦੇ ਬਿਆਨ ਨੂੰ ਸੰਪਾਦਕੀ 'ਚ ਅਸ਼ਲੀਲ ਕਹਿ ਕੇ ਸਵਾਲ ਖੜੇ ਕੀਤੇ ਹਨ। ਅੱਗੇ ਉਨ੍ਹਾਂ ਸਾਹਿਤਕਾਰਾਂ, ਕਲਾਕਾਰਾਂ ਅਤੇ ਕਲਾ ਨਾਲ ਜੁੜੀ ਲੋਕਾਈ ਵੱਲੋਂ ਅਮਨ ਲਹਿਰ 'ਚ ਪਾਏ ਯੋਗਦਾਨ ਦੀ ਗੱਲ ਕਰਦਿਆਂ ਇਹ ਸਵਾਲ ਵੀ ਖੜ੍ਹਾ ਕੀਤਾ ਕਿ 'ਐਤਕੀਂ ਇਹ ਤੱਥ ਬਾਕਾਇਦਾ ਨੋਟ ਕੀਤਾ ਗਿਆ ਹੈ ਕਿ ਇਸ ਵਾਰ ਜੰਗਾਂ ਖ਼ਿਲਾਫ਼ ਉਹੋ ਜਿਹਾ ਜਲੌਅ ਨਹੀਂ ਉੱਭਰ ਸਕਿਆ, ਜਿਹੋ ਜਿਹਾ ਅਮਨ ਲਹਿਰ ਦੌਰਾਨ ਕੁੱਲ ਲੋਕਾਈ ਨੇ ਦੇਖਿਆ ਸੀ।' ਉਨ੍ਹਾਂ ਅੱਗੇ ਕਿਹਾ ਕਿ 'ਸਾਮਵਾਦ ਦੇ ਸਿਧਾਂਤ ਅਨੁਸਾਰ ਬਰਾਬਰੀ ਲਈ ਪਹਿਰਾ ਦੇਣ ਵਾਲੇ ਵਿਦਵਾਨਾਂ ਤੇ ਬੁੱਧੀਜੀਵੀਆਂ, ਸਾਹਿਤਕਾਰਾਂ ਤੇ ਕਲਾਕਾਰਾਂ ਦਾ ਇਹ ਫ਼ਰਜ਼ ਬਣਦਾ ਹੈ ਕਿ ਪੂੰਜੀਵਾਦ ਦੇ ਕੁਹਜ ਦੀ ਬਾਕਾਇਦਾ ਨਿਸ਼ਾਨਦੇਹੀ ਕਰ ਕੇ ਇਸ ਦਾ ਕੱਚਾ ਚਿੱਠਾ ਫਰੋਲਿਆ ਜਾਵੇ।' ਪ੍ਰਸਿੱਧ ਕਥਾਕਾਰ ਵਰਿਆਮ ਸਿੰਘ ਸੰਧੂ ਦਾ ਸਵੈ ਬਿਰਤਾਂਤ-ਯਾਦਾਂ 'ਮੇਰਾ ਘਰ ਮੈਨੂੰ ਕਦੀ ਨਹੀਂ ਲੱਭਣਾ!' ਕਾਫ਼ੀ ਦਿਲਚਸਪ ਹੈ। ਜਿਸ ਵਿੱਚ ਉਨ੍ਹਾਂ ਆਪਣੇ ਪਿੰਡ ਤੇ ਪੁਰਖਿਆ ਦਾ ਚੇਤਾ ਕਰਦਿਆਂ ਆਪਣੇ ਪੁਰਖਿਆ ਦੀਆਂ ਜੜ੍ਹਾਂ ਦੀ ਤਲਾਸ਼ ਕੀਤੀ ਹੈ। ਅਗਾਂਹ ਕਹਾਣੀ ਭਾਗ 'ਚ ਸੁਕੀਰਤ ਨੇ ਆਪਣੀ ਕਹਾਣੀ 'ਫੋ ਮੇ' ਵਿੱਚ ਸੋਸ਼ਲ ਮੀਡੀਏ ਦੀ ਗ੍ਰਿਫਤ ਵਿੱਚ ਬੁਰੀ ਤਰ੍ਹਾਂ ਫਸੇ ਬੁੱਧੀਜੀਵੀ-ਲੇਖਕਾਂ ਦੀ ਬੌਧਿਕ ਕੰਗਾਲੀ ਦਾ ਚਿਤਰਣ ਮਨੋਵਿਗਿਆਨਕ ਤਰੀਕ ਨਾਲ ਕੀਤਾ ਹੈ। ਭਗਵੰਤ ਰਸੂਲਪੁਰੀ (ਜਾਣੀ ਕਿ ਮੈਂ) ਨੇ ਆਪਣੀ ਕਹਾਣੀ 'ਨੇਲ ਪਾਲਿਸ਼' ਥਰਡ ਜੈਂਡਰ ਦੀ ਮਾਨਸਿਕਤਾ ਨੂੰ ਜਿੱਥੇ ਕੁਸ਼ਲ ਤਰੀਕੇ ਨਾਲ ਕਹਾਣੀ ਦੇ ਬਿਰਤਾਂਤ ਵਿੱਚ ਢਾਲਿਆ ਹੈ, ਉੱਥੇ ਕਬੀਲਾ ਪਾਲਕ ਮਾਨਸਿਕਤਾ ਵਾਲੇ ਪਿਓ ਦੀ ਪੰਜਾਬੀ ਰਹਿਤਲ ਵਾਲੀ ਮਾਨਸਿਕਤਾ ਨੂੰ ਬੜੀ ਸ਼ਿੱਦਤ ਨਾਲ ਬਿਆਨ ਕੀਤਾ ਹੈ। 'ਨੇਲ ਪਾਲਿਸ਼' ਦਾ ਚਿਹਨ ਕਹਾਣੀ ਨੂੰ ਅਰਥਵਾਨ ਬਣਾ ਦਿੰਦਾ ਹੈ। ਸਿਮਰਨ ਧਾਲੀਵਾਲ ਨੇ ਆਪਣੀ ਕਹਾਣੀ 'ਆਖਿਰੀ ਘੜੀ' 'ਚ ਉਸ ਮਨੁੱਖ ਦੀ ਅੰਦਰਲੀ ਟੁੱਟ ਭੱਜ ਨੂੰ ਤਰਕ ਨਾਲ ਪੇਸ਼ ਕੀਤਾ ਹੈ ਜਿਹਦੇ ਹੱਥੋਂ ਕਤਲ ਹੋ ਜਾਂਦਾ ਹੈ। ਇਸ ਸਾਰੇ ਕਾਰਜ ਨੂੰ ਲੈ ਕੇ ਉਹਦੇ ਮਨ ਵਿੱਚ ਇਕ ਗਿਲਟੀ ਪੈਦਾ ਹੋ ਜਾਂਦੀ ਹੈ। ਪਰਮਜੀਤ ਮਾਨ ਨੇ ਆਪਣੀ ਕਹਾਣੀ 'ਤੂੰ ਬਾਪੂ ਨਾਲ ਗੱਲ ਕਰੀਂ' ਪਰਵਾਸ ਦੇ ਗੰਭੀਰ ਮੁੱਦੇ ਨੂੰ ਉਭਾਰਦੀ ਹੈ। ਕਹਾਣੀ ਦੋਗਲੀ ਨਸਲ ਦੇ ਮੈਟਾਫ਼ਰ ਨਾਲ ਉਸਰਦੀ ਹੈ। ਫਿਲੀਪੀਨੋ ਨਾਲ ਵਿਆਹ ਕਾਰਨ ਮੁੰਡੇ ਦੇ ਮਨ ਵਿੱਚ ਪਿਓ ਦੀ ਦਹਿਸ਼ਤ ਭਰ ਜਾਂਦੀ ਹੈ। ਉਹ ਪਿਓ ਜੋ ਆਪਣੇ ਕਬੀਲੇ ਵਾਲੀ ਮਾਨਸਿਕਤਾ ਦਾ ਸ਼ਿਕਾਰ ਹੈ। ਅੰਤ ਵਿੱਚ ਪਿਓ ਦਾ ਕਾਇਆ ਕਲਪ ਦਿਖਾਇਆ ਹੈ। ਚਾਰੇ ਕਹਾਣੀਆਂ ਸਮਕਾਲ ਦੇ ਯਥਾਰਥ ਨੂੰ ਬੜੀ ਸ਼ਿੱਦਤ ਨਾਲ ਫੜਦੀਆਂ ਹਨ। ਬਲਜੀਤ ਬਾਸੀ ਨੇ ਆਪਣੇ ਲੇਖ 'ਪਤੰਦਰ' ਵਿੱਚ ਇਸ ਦੇ ਅਰਥਾਂ ਪਿੱਛੇ ਲੁਕੇ ਸਮਾਜ ਵਿਗਿਆਨ ਨੂੰ ਸਮਝਿਆ ਹੈ। ਤੇਜਵੰਤ ਸਿੰਘ ਗਿੱਲ ਆਪਣੇ ਲੇਖ 'ਪੰਜਾਬੀ ਬੋਲੀ-ਸੰਕਟ ਤੇ ਸੰਭਾਵਨਾਵਾਂ' 'ਚ ਪੰਜਾਬੀ ਭਾਸ਼ਾ ਪ੍ਰਤੀ ਚਿੰਤਾ-ਚਿੰਤਨ ਕਰਦਾ ਹੈ। ਕੁਲਦੀਪ ਸਿੰਘ ਦੀਪ ਨੇ ਆਪਣੇ ਲੇਖ 'ਪੇਸ਼ਕਾਰੀ ਦਾ ਹੁਨਰ ਅਤੇ ਅਦਬ' 'ਚ ਬੜੇ ਸੁਲਝੇ ਤਰੀਕੇ ਨਾਲ ਪੇਸ਼ਕਾਰੀ ਦੇ ਹੁਨਰ ਦਾ ਵਿਸ਼ਲੇਸ਼ਣ ਕੀਤਾ ਹੈ। ਲੇਖ ਵਿੱਚ ਮੰਚਕਾਰੀ ਦੇ ਨੁਕਤਿਆਂ ਨੂੰ ਵਿਸਥਾਰ ਨਾਲ ਸਮਝਾਇਆ ਹੈ। ਅੰਕ ਵਿੱਚ ਸਤਪਾਲ ਭੀਖੀ ਤੇ ਅਜੀਤ ਪਿਆਸਾ ਦੀਆਂ ਕਵਿਤਾਵਾਂ ਵੀ ਛਪੀਆਂ ਹਨ। ਅੰਤਲੇ ਪੰਨਿਆਂ ਉੱਤੇ ਪੰਜ ਮਹੱਤਵਪੂਰਨ ਕਿਤਾਬਾਂ 70 % ਪ੍ਰੇਮ ਕਥਾ (ਜੇ. ਬੀ. ਸੇਖੋਂ), ਚੰਨ ਦਾ ਉੱਚੜਿਆ ਚਿਹਰਾ, ਗੁੱਡ-ਲੱਕ, ਪੌੜੀ (ਹਰਿੰਦਰ ਸਿੰਘ ਬਰਾੜ), ਮੁਹੱਬਤ ਨੇ ਕਿਹਾ (ਦਵਿੰਦਰ ਸਿੰਘ ਬੋਹਾ), ਇਹ ਤਾਂ ਮੈਂ ਹੀ ਹਾਂ, ਹੀਰ ਨਾ ਆਖੋ ਕੋਈ (ਪਰਗਟ ਸਿੰਘ ਬਰਾੜ) ਕਿਤਾਬਾਂ ਦੇ ਸਾਰਥਕ ਰੀਵਿਊ ਛਪੇ ਹਨ। ਨਿੱਗਰ ਸਮੱਗਰੀ ਛਾਪਣ ਲਈ ਸੰਪਾਦਕ ਨੂੰ ਵਧਾਈ।



ਮੁੱਲ : 50 ਰੁਪਏ, ਪੰਨੇ : 96, ਸੰਪਰਕ : ਸਿਰਜਣਾ (ਸੰਪਾਦਕ ਰਘਬੀਰ ਸਿੰਘ), 1728, ਸੈਕਟਰ 43-ਬੀ, ਚੰਡੀਗੜ੍ਹ, e-mail: sirjanasahitak@gmail.com

### ਤਰਕਸ਼ੀਲ : ਏ. ਆਈ. ਵਿਸ਼ੇਸ਼ ਅੰਕ



ਤਰਕਸ਼ੀਲ ਦਾ ਜੁਲਾਈ-ਅਗਸਤ, 2025 ਅੰਕ ਏ. ਆਈ. ਵਿਸ਼ੇਸ਼ ਅੰਕ ਪ੍ਰਕਾਸ਼ਤ ਹੋਇਆ ਹੈ। ਅੰਕ ਵਿੱਚ ਏ. ਆਈ. ਬਾਰੇ ਮਹੱਤਵਪੂਰਨ ਤੇ ਗਿਆਨ ਵਰਧਕ ਸਮੱਗਰੀ ਛਪੀ ਹੈ। ਰਾਜਪਾਲ ਸਿੰਘ ਦੇ ਲੇਖ 'ਏ. ਆਈ. ਭਾਵ ਮਸ਼ੀਨੀ ਬੁੱਧੀ ਕੀ ਹੁੰਦੀ ਹੈ? ਵਿੱਚ ਏ. ਆਈ. ਨੂੰ ਤਰਕ ਨਾਲ ਸਮਝਿਆ ਗਿਆ ਹੈ। ਏ. ਆਈ. ਨੂੰ ਪੁੱਛੇ ਗਏ ਤਰਕਸ਼ੀਲ ਦੇ ਮਹੱਤਵ ਵਾਲੇ ਸਵਾਲਾਂ ਵਾਲਾ ਲੇਖ ਵੀ ਦਿਲਚਸਪ ਤੇ ਗਿਆਨ ਭਰਪੂਰ ਹੈ। ਡਾ. ਰਾਜਿੰਦਰ ਪਾਲ ਸਿੰਘ ਬਰਾੜ ਦਾ ਲੇਖ ਵੀ ਚੰਗਾ ਹੈ। ਏ. ਆਈ. ਉੱਤੇ ਜਸਪਾਲ ਮਾਨਖੇੜਾ (ਲਾਜਵੰਤੀ ਦਾ ਬੂਟਾ) ਅਤੇ ਅਜਮੇਰ ਸਿੱਧੂ (ਨਵੇਂ ਅਵਤਾਰ) ਦੋ ਕਹਾਣੀਆਂ ਪ੍ਰਕਾਸ਼ਤ ਕੀਤੀਆਂ ਗਈਆਂ ਹਨ। ਲੇਖਾਂ ਵਿੱਚ ਜਾਅਲੀ ਵੀਡੀਓ ਤਿਆਰ ਕਰਨ ਵਾਲਾ ਐਪ ਡੀਪਫੇਕ, ਤੇ ਏ. ਆਈ. ਦੇ ਮਹੱਤਵ ਦਾ ਲੇਖਾਂ ਵਿੱਚ ਜ਼ਿਕਰ ਹੈ। 'ਫੂਲੇ ' ਫਿਲਮ ਤੇ ਗੁਰਮੀਤ ਕੜਿਆਲਵੀ ਨੇ ਲਿਖਿਆ ਹੈ। ਪਰਚਾ ਤਰਕਸ਼ੀਲ ਵਿਚਾਰਾਂ ਨੂੰ ਪ੍ਰਮੁੱਖਤਾ ਨਾਲ ਉਭਾਰਨ ਵਾਲਾ ਮੰਚ ਹੈ।

ਤਰਕਸ਼ੀਲ ਦਾ ਮੁੱਲ : 30 ਰੁਪਏ, ਪੰਨੇ : 56, ਸੰਪਰਕ : ਸੰਘੇੜਾ ਬਾਈਪਾਸ, ਤਰਕਸ਼ੀਲ ਚੌਂਕ, ਬਰਨਾਲਾ-148101, e-mail: editortarksheel@gmail.com, ਮੁੱਖ ਸੰਪਾਦਕ : ਰਾਜਪਾਲ ਸਿੰਘ (95018-83486)

### ਪੰਖੜੀਆਂ : ਜੁਲਾਈ, 2025

ਹੱਥਲੇ ਅੰਕ ਵਿੱਚ ਅਵਤਾਰ ਸਿੰਘ ਸੰਧੂ (ਖ਼ਰਗੋਸ਼ ਦੀ ਚਾਲ), ਦਰਸ਼ਨ ਸਿੰਘ ਬਨੂੜ (ਫੁੱਲ ਮੁਸਕਰਾ ਪਏ) ਕਹਾਣੀ ਛਪੀਆਂ ਹਨ। ਇਸ ਤੋਂ ਇਲਾਵਾ ਅੰਕ ਵਿੱਚ ਮਹਿੰਗਾ ਸਿੰਘ ਕਲਸੀ (ਮਾਂ ਦੀ ਮਮਤਾ), ਜਤਿੰਦਰ ਕੌਰ (ਜ਼ਿੰਦਗੀ-ਇੱਕ ਅਨਮੋਲ ਤੋਹਫ਼ਾ), ਲੈਫਟੀਨੈਂਟ ਨਵਦੀਪ ਸਿੰਘ ਦਾ ਜੀਵਨ, ਡਾ. ਹਰਨੇਕ ਸਿੰਘ ਕਲੇਰ (ਸ਼ਹੀਦ ਊਧਮ ਸਿੰਘ), ਡਾ. ਇਕਬਾਲ ਸਿੰਘ (ਯਾਦਾਂ ਦੇ ਝਰੋਖੇ 'ਚੋਂ), ਕੁਲਵੰਤ ਸਿੰਘ ਢੰਡ (ਵਿਸ਼ਵ ਜਨਸੰਖਿਆ ਦਿਵਸ), ਪ੍ਰਿੰਸੀਪਲ ਵਿਜੈ ਕੁਮਾਰ (ਰਿਸ਼ਤਿਆਂ ਵਿੱਚ ਮੱਤ-ਭੇਦ), ਸੰਜੀਵ ਸੈਣੀ (ਗੁੱਸੇ ਦਾ ਸ਼ਿਕਾਰ ਇਨਸਾਨ) ਆਦਿ ਦੇ ਵੱਖ ਵੱਖ ਵਿਸ਼ਿਆ ਤੇ ਲੇਖ ਅਤੇ ਹੋਰ ਸਮੱਗਰੀ ਛਪੀ ਹੈ। ਅੰਕ ਸੁੰਦਰ ਤੇ ਰੰਗੀਨ ਪੰਨਿਆਂ ਉੱਤੇ ਛਪਿਆ ਹੈ।



ਪੰਖੜੀਆਂ ਦਾ ਮੁੱਲ : 20 ਰੁਪਏ, ਪੰਨੇ : 40 ਹਨ। ਸੰਪਰਕ : ਪੰਖੜੀਆਂ, ਮੈਗਜ਼ੀਨ ਸੈੱਲ ਪੰਜਾਬ ਸਕੂਲ ਸਿੱਖਿਆ ਬੋਰਡ, ਵਿੱਦਿਆ ਭਵਨ, ਫੇਜ਼ -8, ਮੁਹਾਲੀ-160062, e-mail: pankhrianpseb@gmail.com ਸੰਪਾਦਕ : ਪਰਮਿੰਦਰ ਕੌਰ (0172-5227395)

### ਪ੍ਰਾਇਮਰੀ ਸਿੱਖਿਆ: ਜੁਲਾਈ,2025



ਹੱਥਲੇ ਅੰਕ ਵਿੱਚ ਸੰਤੋਸ਼ ਕੁਮਾਰ (ਇਮਾਨਦਾਰੀ ਦੀ ਰਾਹ), ਡਾ. ਸੋਨੀਆ ਚਹਿਲ (ਜਾਦੂ ਦੀ ਖੇਡ), ਨਵ ਸੰਗੀਤ ਸਿੰਘ (ਛਣਕੂ ਦੀ ਪੀਂਘ), ਨਤਾਸ਼ਾ ਕੋਹਲੀ (ਟਰੱਕ ਦੀ ਸਵਾਰੀ), ਬਲਦੇਵ ਸਿੰਘ ਸਿੱਧੂ (ਹੁਨਰ ਦੀ ਕਦਰ), ਡਾ. ਐਸ. ਐਸ. ਕਿਸ਼ਨਪੁਰੀ (ਇੱਕ ਸੁਫਨਾ), ਸੰਜੀਵ ਧਰਮਾਣੀ (ਅੱਤ ਦੀ ਗਰਮੀ), ਮਨਿੰਦਰ ਕੌਰ ਬਸੀ (ਸ਼ਰਾਰਤ ਦੀ ਸਜ਼ਾ), ਸੁਰਿਦਜੀਤ ਕੌਰ (ਵਗਦਾ ਪਾਣੀ), ਰਘੁਵੀਰ ਸਿੰਘ ਕਲੋਆ (ਸੋਹਣਾ ਘਰ), ਅਵਤਾਰ ਸਿੰਘ ਸੰਧੂ (ਪਰਾਇਆ ਹੱਕ) ਆਦਿ ਵੱਡੀ ਗਿਣਤੀ ਵਿੱਚ ਕਹਾਣੀਆਂ ਪ੍ਰਕਾਸ਼ਤ ਕੀਤੀਆਂ ਗਈਆਂ ਹਨ। ਕਹਾਣੀਆਂ ਬੱਚਿਆਂ ਦੇ ਸੋਹਜ ਸੁਆਦ ਭਰਪੂਰ ਹਨ। ਇਸ ਤੋਂ ਇਲਾਵਾਂ ਕੁਝ ਕਵਿਤਾਵਾਂ ਵੀ ਛਪੀਆਂ ਹਨ। ਬਾਲ ਸਾਹਿਤ ਦੀ ਸੁੰਦਰ ਤਰੀਕੇ ਨਾਲ ਰਸਾਲਾ ਗੱਲ ਕਰਦਾ ਹੈ। ਅੰਕ ਹਰ ਵਾਰ ਗਲੇਜ਼ਡ ਪੇਪਰ ਤੇ ਰੰਗੀਨ ਛਪਦਾ ਹੈ।

ਪ੍ਰਾਇਮਰੀ ਸਿੱਖਿਆ ਦਾ ਮੁੱਲ : 20 ਰੁਪਏ, ਪੰਨੇ : 36 ਹਨ। ਸੰਪਰਕ : ਪ੍ਰਾਇਮਰੀ ਸਿੱਖਿਆ, ਮੈਗਜ਼ੀਨ ਸੈੱਲ ਪੰਜਾਬ ਸਕੂਲ ਸਿੱਖਿਆ ਬੋਰਡ, ਵਿੱਦਿਆ ਭਵਨ, ਫੇਜ਼ -8, ਮੁਹਾਲੀ-160062, e-mail: pankhrianpseb@gmail.com ਸੰਪਾਦਕ : ਪਰਮਿੰਦਰ ਕੌਰ (0172-5227395)

---- ਭਗਵੰਤ ਰਸੂਲਪੁਰੀ----



ਤ੍ਰੈਲੋਚਨ ਲੋਚੀ ਪੰਜਾਬੀ ਸ਼ਾਇਰੀ ਵਿੱਚ ਇੱਕ ਜਾਣਿਆ-ਪਛਾਣਿਆ ਨਾਂਅ ਹੈ। ਨਵੇਂ ਤੇ ਪੁਰਾਣੇ ਸ਼ਾਇਰ ਉਸ ਦੀ ਸ਼ਾਇਰੀ ਨੂੰ ਮਣਾਂ-ਮੂੰਹੀਂ ਪਿਆਰ ਦਿੰਦੇ ਨੇ। ਸ਼ਬਦਾਂ ਦਾ ਅਥਾਹ ਖ਼ਜ਼ਾਨਾ ਹੈ ਉਸ ਕੋਲ। ਕਲਪਨਾ ਨੂੰ ਯਥਾਰਥ ਵਿੱਚ ਵਾਂਗ ਪੇਸ਼ ਕਰਨਾ ਉਸ ਨੂੰ ਬਾਖ਼ੂਬੀ ਆਉਂਦਾ ਹੈ। ਉਹ ਜਦ ਵੀ ਆਪਣੀ ਕੋਈ ਗ਼ਜ਼ਲ ਤਰੰਨੁਮ ਵਿੱਚ ਸੁਣਾਉਂਦਾ ਹੈ ਤਾਂ ਚੁਫੇਰੇ ਚੁੱਪ ਪਸਰ ਜਾਂਦੀ ਹੈ। ਇੱਕ ਖਾਸ ਕਿਸਮ ਦਾ ਕੰਨ ਰਸ ਪੈਦਾ ਹੁੰਦਾ ਹੈ। ਉਸ ਦਾ ਹਰ ਸ਼ਿਅਰ ਸੁਣਨ ਵਾਲੇ ਦਾ ਧਿਆਨ ਖਿੱਚਦਾ ਹੈ। ਸਰਦ ਮੌਸਮ ਵਿੱਚ ਜਿਵੇਂ ਸੰਘਣੀ ਧੁੰਦ ਪਿੱਛੋਂ ਸੂਰਜ ਦੇ ਦਰਸ਼ਨ-ਦੀਦਾਰੇ ਹੁੰਦੇ ਨੇ ਤਾਂ ਹਰ ਚਿਹਰਾ ਮੁਸਕਰਾ ਉੱਠਦਾ ਹੈ, ਕੋਸੀ-ਕੋਸੀ ਧੁੱਪ ਦਾ ਅਹਿਸਾਸ ਠਰੇ ਜਿਸਮਾਂ ਵਿੱਚ ਵੀ ਨਵੀਂ ਊਰਜਾ ਭਰਦਾ ਹੈ, ਇੰਨ-ਬਿੰਨ ਉਵੇਂ ਹੀ ਉਸ ਦੀ ਸ਼ਾਇਰੀ ਹੈ, ਜੋ ਕੁਸੈਲੀ ਰੁੱਤ ਵਿੱਚ ਵੀ ਬਹਾਰ ਵਰਗਾ ਅਹਿਸਾਸ ਕਰਵਾਉਂਦੀ ਹੈ। ਉਸ ਦੀ ਸ਼ਾਇਰੀ ਪੜ੍ਹਦਿਆਂ ਜਾਂ ਸੁਣਦਿਆਂ ਇੱਕ ਵੱਖਰਾ ਸਵਾਦ ਦਿੰਦੀ ਹੈ। ਉਸ ਨੂੰ ਗ਼ਜ਼ਲ ਦੀ ਬਹਿਰ, ਵਜ਼ਨ ਤੇ ਤਕਨੀਕੀ ਪੱਖ ਦਾ ਪੂਰਾ ਇਲਮ ਹੈ। ਉਸ ਦੇ ਕੋਲ ਵਿਸ਼ਿਆਂ ਦੀ ਵੰਨ-ਸੁਵੰਨਤਾ ਤਾਂ ਹੈ ਹੀ ਤੇ ਨਾਲ ਉਸ ਦੀ ਸ਼ਾਇਰੀ ਵਿੱਚ ਜੋ ਨਵਾਂਪਣ ਹੈ, ਉਹ ਵੀ ਕਮਾਲ ਹੈ।

— ਜਗਦੀਸ਼ ਰਾਣਾ

# ਤ੍ਰੈਲੋਚਨ ਲੋਚੀ ਦੀਆਂ ਨਵੀਂਆਂ .ਗ਼ਜ਼ਲਾਂ

ਰਹੀ ਨਾ ਪੌਂਦ ਬੀਬੇ ਰਾਣਿਆਂ ਦੀ।
ਹਕੂਮਤ ਹਰ ਜਗ੍ਹਾ ਜਰਵਾਣਿਆਂ ਦੀ।

ਕਿਸੇ ਭੁੱਖੇ ਦੀ ਜਦ ਝੋਲੀ 'ਚ ਪੈਂਦੇ,
ਉਦੋਂ ਖੁਸ਼ ਹੁੰਦੀ ਹੈ ਰੂਹ ਦਾਣਿਆਂ ਦੀ।

ਜੇ ਅੰਦਰ ਕਾਲਖਾਂ ਦੇ ਢੇਰ ਲੱਗੇ,
ਹੈ ਕੀਮਤ ਫਿਰ ਕੀ ਸੁਥਰੇ ਬਾਣਿਆਂ ਦੀ।

ਤੁਸੀਂ ਵਿਚਕਾਰੋਂ ਰੁੱਖ ਨੂੰ ਚੀਰ ਸੁੱਟਿਆ,
ਸੁਣੀ ਨਾ ਕੂਕ ਪੱਤਿਆਂ, ਟਾਹਣਿਆਂ ਦੀ।

ਕਰਾਂ ਦੁਨੀਆ 'ਤੇ ਕੀ ਇਤਬਾਰ ਲੋਚੀ,
ਇਹ ਸਾਰੀ ਫ਼ੌਜ ਅੰਨ੍ਹਿਆਂ, ਕਾਣਿਆਂ ਦੀ।

(2)

ਰੂਹਦਾਰੀਆਂ ਨੇ ਕਿੱਥੇ।
ਕਿੱਥੇ ਨੇ ਨੇਕ ਬੰਦੇ।

ਅੱਜ ਕੱਲ੍ਹ ਤਾਂ ਦੂਰ ਤੋਂ ਹੀ,
ਮਾਰਨ ਇਹ ਸੇਕ ਬੰਦੇ।

ਮਿਲਦਾ ਨਹੀਂ ਹੈ ਕੋਈ,
ਸੁੱਚੀ ਜ਼ਮੀਰ ਜਿਸ ਦੀ।

ਮਿਲਦੇ ਨੇ ਹਰ ਕਦਮ 'ਤੇ,
ਮਿਲਦੇ ਨੇ ਫੇਕ ਬੰਦੇ।

ਰੱਖਦੇ ਜ਼ੁਬਾਨ ਕੌੜੀ।
ਮੱਥਿਆਂ 'ਤੇ ਵੀ ਤਿਊੜੀ।

ਆਉਂਦੇ ਗੁਰੂ ਘਰਾਂ ਵਿੱਚ,
ਮੱਥੇ ਵੀ ਟੇਕ ਬੰਦੇ।

ਬੰਦਿਆਂ ਦੇ ਵਾਂਗ ਲੋਚੀ,
ਮਿਲਦਾ ਹੈ ਕੌਣ ਏਥੇ।

ਵਸਦੇ ਨੇ ਸ਼ਹਿਰ ਅੰਦਰ,
ਉਂਜ ਤਾਂ ਅਨੇਕ ਬੰਦੇ।

(3)

ਤੂੰ ਵੀ ਚੁੱਪ ਤੇ ਮੈਂ ਵੀ ਚੁੱਪ ਹਾਂ।
ਕਿਧਰੇ ਵੀ ਆਵਾਜ਼ ਨਾ ਕੋਈ।

ਕਿਉਂ ਨਾ ਦੋਵੇਂ ਚੁੱਪ ਤੋੜੀਏ,
ਇਸ ਤੋਂ ਬਿਨਾਂ ਇਲਾਜ ਨਾ ਕੋਈ।

ਦੁਨੀਆ ਭਰ ਦੇ ਸ਼ਾਸਕ ਦੇਖੇ,
ਇੱਕੋ ਗੱਲ ਹੀ ਸਮਝ ਸਕੇ ਨਾ।

ਸਾਰੀ ਉਮਰਾ ਸਿਰ 'ਤੇ ਸਜਿਆ,
ਸਦਾ ਹੀ ਰਹਿੰਦਾ ਤਾਜ ਨਾ ਕੋਈ।

ਪੱਤੇ ਮਿੱਠੜੇ ਸੁਰ ਨੇ ਬਣਦੇ,
ਹਰ ਇੱਕ ਟਾਹਣ ਬਣੇ ਸਾਰੰਗੀ।

ਬਿਰਖ਼ ਦੇ ਨਾਲੋਂ ਇਸ ਧਰਤੀ 'ਤੇ,
ਸੱਚੀਓਂ ਵੱਡਾ ਸਾਜ਼ ਨਾ ਕੋਈ।

ਜ਼ਿੰਦਗੀ ਆਪਾਂ ਖ਼ੂਬ ਹੈ ਮਾਣੀ,
ਅਪਣੀ ਤਾਂ ਬਸ ਇਹੋ ਕਹਾਣੀ।

ਏਸੇ ਗੱਲ ਦੀ ਖੁਸ਼ੀ ਹੈ ਲੋਚੀ,
ਆਪਣੇ ਨਾਲ ਨਾਰਾਜ਼ ਨਾ ਕੋਈ।

(4)

ਭੋਰਾ ਵੀ ਨਾ ਹੁੰਦੀਆਂ ਹੈਰਾਨੀਆਂ।
ਅਪਣੇ ਹੀ ਕਰਦੇ ਜਦੋਂ ਸ਼ੈਤਾਨੀਆਂ।

ਬਚ ਬਚਾ ਕੇ ਦਿਲ ਦੀਆਂ ਗੱਲਾਂ ਕਰੋ,
ਲੋਕ ਅਕਸਰ ਮਾਰ ਜਾਂਦੇ ਭਾਨੀਆਂ।

ਹੁਣ ਇਕੱਲਾ ਬੰਦਾ ਹੀ ਤੁਰਦਾ ਨਹੀਂ,
ਤੁਰਦੀਆਂ ਨੇ ਨਾਲ ਬੇਈਮਾਨੀਆਂ।

ਜੇ ਇਬਾਰਤ ਸੱਚ ਦੀ ਲਿਖਣੀ ਨਹੀਂ,
ਹੱਥਾਂ ਵਿੱਚ ਫੜੀਆਂ ਨੇ ਕਿਉਂ ਫਿਰ ਕਾਨੀਆਂ।

ਸਨਕੀ ਸ਼ਾਸਕ ਦੀ ਨਿਸ਼ਾਨੀ ਹੋਰ ਕੀ,
ਹਰ ਜਗ੍ਹਾ ਕਰਦਾ ਹੈ ਫਿਰੇ ਮਨਮਾਨੀਆਂ।

ਬਦਲਦਾ ਇਹ ਵਕਤ 'ਲੋਚੀ' ਦੇਖਿਆ,
ਬਦਲੀਆਂ ਨਾ ਤੇਰੀਆਂ ਨਾਦਾਨੀਆਂ।

(5)

ਕੁਝ ਮਿੱਠੀਆਂ ਤਰਜ਼ਾਂ ਛੱਡ ਜਾਈਏ।
ਦੁਨੀਆ 'ਤੇ ਕੁਝ ਤਾਂ ਛੱਡ ਜਾਈਏ।

ਬਾਲਾਂ ਨੂੰ ਕੁਝ ਤਾਂ ਸੇਧ ਮਿਲੂ,
ਕੁਝ ਐਸੀਆਂ ਪੈੜਾਂ ਛੱਡ ਜਾਈਏ।

ਕੋਈ ਆਵੇਗਾ ਤੇ ਗਾਵੇਗਾ,
ਕੁਝ ਨਜ਼ਮਾਂ, ਗ਼ਜ਼ਲਾਂ ਛੱਡ ਜਾਈਏ।

ਯਾਰਾਂ ਨੂੰ ਜੋ ਸਰਸ਼ਾਰ ਕਰਨ,
ਕੁਝ ਐਸੀਆਂ ਯਾਦਾਂ ਛੱਡ ਜਾਈਏ।

ਕਿਤੇ ਨਵੀਆਂ ਨਸਲਾਂ ਤਰਸਣ ਨਾ,
ਕੁਝ ਭਰੀਆਂ ਨਦੀਆਂ ਛੱਡ ਜਾਈਏ।

(6)

ਵਗਾਹ ਕੇ ਸੁੱਟ ਪਾਸੇ ਯਾਰ ਹਉਮੈ।
ਬੜਾ ਹੀ ਸਿਰ 'ਤੇ ਹੁੰਦੀ ਭਾਰ ਹਉਮੈ।

ਉਦੋਂ ਹੀ ਰਿਸ਼ਤਿਆਂ ਵਿੱਚ ਫਿੱਕ ਪੈਂਦੀ,
ਜਦੋਂ ਆ ਜਾਂਦੀ ਹੈ ਵਿਚਕਾਰ ਹਉਮੈ।

ਮੁਹੱਬਤ ਨਾਲ ਮੈਂ ਰਿਸ਼ਤੇ ਨੇ ਜੋੜੇ,
ਤੁਸੀਂ ਸਾਂਭੀ ਫਿਰੋ ਬੇਕਾਰ ਹਉਮੈ।

ਤੁਸੀਂ ਨਾਨਕ ਦੇ ਦਰ ਚੱਲੇ ਤਾਂ ਹੋ, ਪਰ,
ਨਹੀਂ ਚਲਦੀ ਉਹਦੇ ਦਰਬਾਰ ਹਉਮੈ।

ਤੂੰ ਲੋਚੀ ਸਮਝ ਲੈ ਤੇ ਧਿਆਨ ਰੱਖੀਂ,
ਕਦੇ ਵੀ ਲਾਉਂਦੀ ਨਾ ਇਹ ਪਾਰ ਹਉਮੈ।

(7)

ਤੇਰੇ ਚਿਹਰੇ 'ਤੇ ਨਿਖਾਰ ਦੇਖਿਆ।
ਚੰਨ ਦਿਨੇ ਪਹਿਲੀ ਵਾਰ ਦੇਖਿਆ।

ਦਿੱਤੀ ਬਿਰਖਾਂ ਵਧਾਈ ਝੂਮ ਕੇ,
ਇੱਕ ਬੋਟ ਜੋ ਉਡਾਰ ਦੇਖਿਆ।
ਕਿਸੇ ਗੱਲ 'ਤੇ ਵੀ ਖੜਦਾ ਨਹੀਂ,
ਕਿੰਨਾ ਬੰਦਾ ਇਹ ਉਲਾਰ ਦੇਖਿਆ।

ਉਹਦੀ ਅੱਖ ਨੂੰ ਕਿਉਂ ਜਚੇ ਹੀ ਨਹੀਂ,
ਬੜਾ ਖ਼ੁਦ ਨੂੰ ਸੰਵਾਰ ਦੇਖਿਆ।

ਜਿੱਥੇ ਕੂਕਦਾ ਨਿਆਂ ਫਿਰਦਾ,
ਕੈਸਾ ਤੇਰਾ ਦਰਬਾਰ ਦੇਖਿਆ।

ਆਏ ਚੇਤਿਆਂ 'ਚ ਉਦੋਂ ਪੁਰਖੇ,
ਰੁੱਖ ਜਿੱਥੇ ਵੀ ਛਾਂਦਾਰ ਦੇਖਿਆ।

ਅਸੀਂ ਖੁਸ਼ੀਆਂ 'ਚ ਲੋਚੀ ਝੂਮ ਪਏ,
ਅੱਜ ਖੁੱਲ੍ਹਾ ਤੇਰਾ ਬਾਰ ਦੇਖਿਆ।

(8)

ਕੈਸੀ ਤੇਰੀ ਲੀਲ੍ਹਾ, ਇਹ ਸੰਸਾਰ ਮੀਆਂ।
ਚੋਰਾਂ ਨੇ ਵੀ ਰੱਖੇ ਪਹਿਰੇਦਾਰ ਮੀਆਂ।

ਏਧਰ ਮਾਲ ਪਲਾਜ਼ੇ, ਓਧਰ ਝੁੱਗੀਆਂ ਨੇ,
ਕਦ ਹੋਵੇਗੀ ਧਰਤੀ ਮਾਂ ਇਕਸਾਰ ਮੀਆਂ।

ਬਾਬਾ ਜੋਤ ਜਗਾਉਂਦਾ ਰਿਹਾ ਸੀ ਸ਼ਬਦਾਂ ਦੀ,
ਓਸੇ ਦੀ ਨਗਰੀ ਵਿਚ ਕਿਉਂ ਅੰਧਕਾਰ ਮੀਆਂ?

ਧਰਤੀ ਦੇ ਬੰਦੇ ਤਾਂ ਆਕੜਖੋਰੇ ਨੇ,
ਤੇਰੇ ਨਾਲ ਹੀ ਬਣਿਆ ਰਹੇ ਪਿਆਰ ਮੀਆਂ।

ਪਤਾ ਨਈਂ ਕਿਹੜਾ ਕਿਲ੍ਹਾ ਇਹ ਜਿੱਤਣ ਚੱਲੇ ਨੇ?
ਏਨੀ ਤੇਜ਼ ਜੋ ਬੰਦਿਆਂ ਦੀ ਰਫ਼ਤਾਰ ਮੀਆਂ।

'ਲੋਚੀ' ਨੇ ਤਾਂ ਜਿਉਂਦੇ ਜੀ ਮੁੱਕ ਜਾਣਾ ਸੀ,
ਜਿੱਤ ਦੀ ਆਸ ਜਗਾਉਂਦੀ ਨਾ ਜੇ ਹਾਰ ਮੀਆਂ।

(9)

ਤੁਰਦਾ ਫਿਰਦਾ ਸਭ ਤੋਂ ਇੰਝ ਦੁਆ ਲੈਨਾਂ।
ਮੈਂ ਤਾਂ ਦੁਸ਼ਮਣ ਦਾ ਵੀ ਦੁੱਖ ਵੰਡਾ ਲੈਨਾਂ।

ਏਸ ਬਹਾਨੇ ਮਨ ਵੀ ਥਾਂ ਸਿਰ ਹੋ ਜਾਂਦੈ,
ਸ਼ੌਕ ਦੇ ਜਦੋਂ ਕਬੂਤਰ ਕਦੇ ਉਡਾ ਲੈਨਾਂ।

ਅਪਣੇ ਆਪ ਨੂੰ ਪਰਖ਼ਣ ਦਾ ਵੀ ਢੰਗ ਮੇਰਾ,
ਕਿਸੇ ਦੇ ਕੌੜੇ ਬੋਲ ਵੀ ਸੀਨੇ ਲਾ ਲੈਨਾਂ।

ਕਿਸੇ ਉਦਾਸੀ ਸ਼ਾਮ ਨੂੰ ਅਕਸਰ ਇੰਝ ਮਾਣਾਂ,
ਅਪਣੇ ਆਪ ਨੂੰ ਅਪਣੀ ਗ਼ਜ਼ਲ ਸੁਣਾ ਲੈਨਾਂ।

ਬੇ ਸਮਝਾਂ ਵਿੱਚ ਕਦੇ ਤਮਾਸ਼ਾ ਬਣਿਆ ਨਹੀਂ,
ਬੋਲਣ ਨਾਲੋਂ ਮੂੰਹ 'ਤੇ ਜਿੰਦਰਾ ਲਾ ਲੈਨਾਂ।

ਘਰ ਤੋਂ ਹੋਰ ਮੁਕੱਦਸ ਕਿਹੜੀ ਥਾਂ ਲੋਚੀ,
ਰੁੱਖਾ ਮਿੱਸਾ ਜੋ ਵੀ ਮਿਲਦਾ ਖਾ ਲੈਨਾਂ।

**ਸੰਪਰਕ-98142-53315**

# ਲੰਡਨ ਦੀ ਅੱਖ ਅਤੇ ਸਿੱਖ ਰਾਜ ਦਾ ਸੂਰਜ

## ਗੁਰਭਜਨ ਸਿੰਘ ਲਾਸਾਨੀ

ਵਲਾਇਤ ਦਾ ਨਾਂਅ ਸੁਣਦਿਆਂ ਹੀ ਚੇਤਿਆਂ ਦੀ ਸਰਦਲ ਉੱਤੇ ਗ਼ੁਲਾਮੀ ਦੀਆਂ ਜ਼ੰਜੀਰਾਂ ਦਾ ਲੰਬਾ ਇਤਿਹਾਸ ਘੁੰਮਣ ਲੱਗਦਾ ਹੈ ਅਤੇ ਗੋਰਿਆਂ ਦੀਆਂ ਚਤੁਰ-ਚਲਾਕੀਆਂ ਵੀ ਸਮਝ ਆਉਂਦੀਆਂ ਨੇ। ਫਿਰ ਵੀ ਵਲਾਇਤ ਦੇਖਣ ਦੀ ਇੱਛਾ ਹਰ ਬੰਦੇ ਅੰਦਰ ਜਾਗਦੀ ਹੈ ਕਿ ਦੇਖ ਕੇ ਤਾਂ ਆਈਏ ਉਹ ਦੇਸ਼ ਜਿੱਥੋਂ ਦੇ ਗੋਰਿਆਂ ਨੇ ਸਾਰੀ ਦੁਨੀਆ 'ਤੇ ਰਾਜ ਕੀਤਾ। ਛੋਟੇ ਹੁੰਦਿਆਂ ਅਕਸਰ ਹੀ ਸੁਣਦੇ ਸੀ ਕਿ ਅੰਗਰੇਜ਼ਾਂ ਦੇ ਰਾਜ ਵਿੱਚ ਕਦੇ ਸੂਰਜ ਨਹੀਂ ਸੀ ਡੁੱਬਦਾ। ਜਦੋਂ ਜਵਾਨ ਹੋਏ ਚਾਰ ਅੱਖਰ ਪੜ੍ਹੇ ਤਾਂ ਫਿਰ ਇਸ ਕਹਾਵਤ ਦਾ ਸੱਚ ਪਤਾ ਲੱਗਾ। ਬਹੁਤ ਪਹਿਲਾਂ ਵਲਾਇਤ ਬਾਰੇ ਕਈ ਗੀਤ ਵੀ ਬਹੁਤ ਮਸ਼ਹੂਰ ਹੋਏ। ਸ. ਮਹਿੰਦਰ ਸਿੰਘ ਕੋਮਲ ਦਾ ਲਿਖਿਆ ਤੇ ਗੁਲਸ਼ਨ ਕੋਮਲ ਦਾ ਗਾਇਆ ਗੀਤ ਅਕਸਰ ਹੀ ਰੇਡੀਓ 'ਤੇ ਸੁਣਦੇ ਹੁੰਦੇ ਸਾਂ।

ਕੱਢਣਾ ਰੁਮਾਲ ਦੇ ਗਿਉਂ ਵੇ
ਆਪ ਬਹਿ ਗਿਉਂ ਵਲਾਇਤ ਵਿੱਚ ਜਾ ਕੇ
ਕੀ ਲੱਭਾ ਬੇਦਰਦਾ ਵੇ
ਸਾਡੀ ਅੱਲ੍ਹੜਾਂ ਦੀ ਨੀਂਦ ਗੁਆ ਕੇ

ਖੈਰ, ਕਦੇ-ਕਦੇ ਦਿਲ ਵਿੱਚ ਵਲਾਇਤ ਦੇਖਣ ਦੀ ਇੱਛਾ ਜਾਗਦੀ ਰਹੀ, ਪਰ ਨੌਕਰੀ ਦੌਰਾਨ ਛੁੱਟੀ ਮਨਜ਼ੂਰ ਕਰਾਉਣ ਦੇ ਝੰਜਟ ਕਰਨੇ ਤੋਂ ਚੁੱਪ ਕਰ ਜਾਣਾ। ਫਿਰ ਜਦੋਂ 2022 ਵਿੱਚ ਸੇਵਾ-ਮੁਕਤ ਹੋਇਆ ਤਾਂ ਵਲਾਇਤ ਦੇਖਣ ਦਾ ਸਬੱਬ ਬਣ ਗਿਆ। ਮੇਰੇ ਵੱਡੇ ਭੈਣ ਜੀ ਦਲਜੀਤ ਕੌਰ ਪੰਨੂ ਦਾ ਵੱਡਾ ਬੇਟਾ ਸ. ਹਰਦੇਵ ਸਿੰਘ ਪੰਨੂ ਕਾਫੀ ਸਾਲਾਂ ਤੋਂ ਇੰਗਲੈਂਡ ਵਿੱਚ ਸੈਟਲ ਹੈ। ਉਸ ਨੇ ਸਪਾਂਸਰਸ਼ਿਪ ਭੇਜੀ ਤਾਂ ਮੇਰਾ ਵੀਜ਼ਾ ਲੱਗ ਗਿਆ।ਸੋ ਮੈਂ 30 ਮਾਰਚ 2023 ਨੂੰ ਅੰਮ੍ਰਿਤਸਰ ਤੋਂ ਵਿਸਤਾਰਾ ਏਅਰ ਲਾਈਨ ਦੇ ਹਵਾਈ ਜਹਾਜ਼ ਰਾਹੀਂ ਇੰਗਲੈਂਡ ਦੇ ਹੀਥਰੋ ਹਵਾਈ ਅੱਡੇ ਉਤੇ ਰਾਤ ਦੇ ਲੱਗਭੱਗ 8 ਵਜੇ ਪਹੁੰਚ ਗਿਆ।ਹਰਦੇਵ ਸਿੰਘ ਪੰਨੂ ਤੇ ਉਸ ਦੀ ਧਰਮ ਪਤਨੀ ਸਿਮਰਨ ਪੰਨੂ ਨੇ ਬੜੀ ਗਰਮਜੋਸ਼ੀ ਨਾਲ ਮੇਰਾ ਸੁਆਗਤ ਕੀਤਾ। ਉਹਨਾਂ ਦਾ ਘਰ ਹੀਥਰੋ ਏਅਰਪੋਰਟ ਦੇ ਨੇੜੇ ਹੀ ਹੈ, ਸੋ ਅਸੀਂ 15-20 ਮਿੰਟਾਂ ਵਿੱਚ ਹੀ ਘਰ ਪਹੁੰਚ ਗਏ। ਘਰ ਪਹੁੰਚ ਕੇ ਪਿਆਰੇ ਜਿਹੇ ਬੇਟੇ ਪਾਹੁਲਦੇਵ ਸਿੰਘ ਪੰਨੂ ਨੂੰ ਮਿਲ ਕੇ ਬਹੁਤ ਖੁਸ਼ੀ ਹੋਈ। ਬਹੁਤ ਹੀ ਸੰਗਾਊ ਤੇ ਮਾਸੂਮ ਜਿਹੇ ਚਿਹਰੇ ਵਾਲਾ ਪਾਹੁਲਦੇਵ ਆਪਣੀ ਪੜ੍ਹਾਈ ਵਿੱਚ ਹੀ ਮਸਤ ਰਹਿੰਦਾ। ਪਾਹੁਲਦੇਵ ਸਿੰਘ ਇਸ ਸਾਲ (2025) ਆਪਣੀ ਸਕੂਲ ਦੀ ਪੜ੍ਹਾਈ ਪੂਰੀ ਕਰਕੇ ਡਾਕਟਰੀ ਦੀ ਪੜ੍ਹਾਈ ਕਰਨ ਲੱਗ ਗਿਆ ਹੈ। ਸਾਰਾ ਪਰਵਾਰ ਬਹੁਤ ਹੀ ਖੁਸ਼ਦਿਲ ਤੇ ਮਿਲਣਸਾਰ ਹੈ। ਇਹ ਜਾਣ ਕੇ ਮੈਨੂੰ ਹੋਰ ਵੀ ਖੁਸ਼ੀ ਹੋਈ ਕਿ ਮੇਰੇ ਮਿੱਤਰ ਨੈਸ਼ਨਲ ਐਵਾਰਡੀ ਸਰਵਣ ਸਿੰਘ ਔਜਲਾ ਦੇ ਵੱਡੇ ਭਰਾ ਡਾਕਟਰ ਸੁਰਿੰਦਰ ਸਿੰਘ ਔਜਲਾ ਦਾ ਘਰ ਵੀ ਨਜ਼ਦੀਕ ਹੀ ਹੈ। ਦੂਜੇ ਦਿਨ ਹੀ ਸੁਰਿੰਦਰ ਸਿੰਘ ਔਜਲਾ ਤੇ ਉਨ੍ਹਾਂ ਦੀ ਧਰਮ ਪਤਨੀ ਕੁਲਬੀਰ ਕੌਰ ਔਜਲਾ ਵੀ ਫੁੱਲਾਂ ਦਾ ਗੁਲਦਸਤਾ ਲੈ ਕੇ ਮਿਲਣ ਆ ਪਹੁੰਚੇ।ਔਜਲਾ ਪਰਵਾਰ ਬਹੁਤ ਹੀ ਮਿਲਣਸਾਰ ਤੇ ਪੂਰਨ ਗੁਰਸਿੱਖ ਹੈ। ਬੇਟੀ ਕਾਜਲਦੀਪ ਕੌਰ ਔਜਲਾ ਤੇ ਬੇਟਾ ਤੇਜਬੀਰ ਸਿੰਘ ਔਜਲਾ ਬਹੁਤ ਹੀ ਪਿਆਰੇ ਤੇ ਪੂਰੇ ਪੰਜਾਬੀ ਰੰਗ ਵਿੱਚ ਰੰਗੇ ਹੋਏ ਹਨ। ਕਾਜਲਦੀਪ ਕੌਰ ਤਾਂ ਇਸ ਸਾਲ ਲਾਅ ਦੀ ਡਿਗਰੀ ਕਰਕੇ ਸੋਲੀਸਿਟਰ ਬਣ ਗਈ ਹੈ।ਮੈਨੂੰ ਲੱਗਿਆ ਕਿ ਜਿਵੇਂ ਮੈਂ ਆਪਣੇ ਪੰਜਾਬ ਵਿੱਚ ਹੀ ਬੈਠਾ ਹਾਂ।ਨਾਲੇ ਆਪਣਿਆਂ ਨੂੰ ਮਿਲ ਕੇ ਤਾਂ ਖੁਸ਼ੀ ਦੂਣ ਸਵਾਈ ਹੋ ਜਾਂਦੀ ਹੈ।ਇੱਕ ਦਿਨ ਅਰਾਮ ਕਰਨ ਤੋਂ ਬਾਅਦ ਦੂਜੇ ਦਿਨ ਮਿਤੀ 02/04/23 ਨੂੰ ਦੁਪਹਿਰ ਤੋਂ ਬਾਅਦ ਹਰਦੇਵ ਸਿੰਘ, ਸਿਮਰਨ ਤੇ ਪਾਹੁਲਦੇਵ ਸਿੰਘ ਮੈਨੂੰ ਟਾਵਰ ਬ੍ਰਿਜ ਤੇ ਆਸ-ਪਾਸ ਦੀਆਂ ਥਾਵਾਂ ਦਿਖਾਉਣ ਲੈ ਗਏ।ਮੌਸਮ ਬਹੁਤ ਹੀ ਵਧੀਆ ਅਤੇ ਸੁਹਾਵਣਾ ਸੀ। ਹਲਕੀ-ਹਲਕੀ ਸਰਦੀ ਮਹਿਸੂਸ ਹੋ ਰਹੀ ਸੀ।ਸੂਰਜ ਦੇਵਤਾ ਤਾਂ ਇੱਥੇ ਕਦੇ-ਕਦੇ ਹੀ ਦਰਸ਼ਨ ਦਿੰਦਾ ਹੈ। ਹਰ ਰੋਜ਼ ਅੰਬਰ ਚਿੱਟੇ ਕਪਾਹ ਵਰਗੇ ਬੱਦਲਾਂ ਨਾਲ ਢਕਿਆ ਰਹਿੰਦਾ ਹੈ। ਕਦੋਂ ਦੁਪਹਿਰ ਢਲਦੀ ਤੇ ਕਦੋਂ ਸ਼ਾਮ ਪੈਂਦੀ, ਇਹ ਤਾਂ ਬਸ ਘੜੀ ਉੱਤੇ ਸਮਾਂ ਦੇਖਣ ਤੋਂ ਹੀ ਪਤਾ ਲੱਗਦਾ ਹੈ। ਅਸੀਂ ਗੱਡੀ ਪਾਰਕ ਕਰਕੇ ਥੇਮਸ ਦਰਿਆ ਵੱਲ ਹੋ ਤੁਰੇ। ਪੁਲ ਉੱਤੇ ਤੁਰਦਿਆਂ ਸਾਹਮਣੇ ਹਾਊਸਜ਼ ਆਫ ਪਾਰਲੀਮੈਂਟ 'ਤੇ ਨਜ਼ਰ ਪਈ। ਬਿੱਗ ਬੈਨ ਘੜੀ ਦੀ ਸੂਈ ਸ਼ਾਮ ਦੇ ਚਾਰ ਵਜਾ ਰਹੀ ਸੀ।ਪੁਲ ਦੇ ਦੂਸਰੇ ਪਾਸੇ ਇੱਕ ਬਹੁਤ ਵੱਡਾ ਗੋਲ ਅੰਡਾਕਾਰ ਪੰਘੂੜਾ ਹੌਲੀ-ਹੌਲੀ ਘੁੰਮ ਰਿਹਾ ਸੀ। ਇਸੇ ਨੂੰ ਹੀ ਲੰਡਨ ਆਈ (ਲੰਡਨ ਦੀ ਅੱਖ) ਕਿਹਾ ਜਾਂਦਾ ਹੈ। ਸ਼ਾਇਦ ਇਸ ਲਈ ਕਿ ਘੁੰਮਦਿਆਂ ਹੋਇਆਂ ਜਦੋਂ ਤੁਹਾਡੀ ਬੋਗੀ (Capsules) ਸਭ ਤੋਂ ਉੱਪਰ ਪਹੁੰਚ ਜਾਂਦੀ ਹੈ ਤਾਂ ਇਸ ਦੀ ਸਿਖਰ ਤੋਂ ਖ਼ੂਬਸੂਰਤ ਲੰਡਨ ਸ਼ਹਿਰ ਦਾ 360 ਡਿਗਰੀ ਦ੍ਰਿਸ਼ ਤੁਹਾਨੂੰ ਨਜ਼ਰ ਆਉਣ ਲੱਗਦਾ ਹੈ।

ਸਾਡਾ ਪ੍ਰੋਗਰਾਮ ਇਸੇ ਨੂੰ ਹੀ ਦੇਖਣ ਦਾ ਸੀ। ਹਰਦੇਵ ਸਿੰਘ ਨੇ ਇਸ ਦੀ ਬੁਕਿੰਗ ਘਰ ਤੋਂ ਹੀ ਕਰਵਾ ਲਈ ਸੀ। ਸੋ ਅਸੀਂ ਆਪਣੇ ਮਿੱਥੇ ਹੋਏ ਸਮੇਂ 'ਤੇ ਜਾ ਕੇ ਲਾਈਨ ਵਿੱਚ ਖੜ੍ਹੇ ਹੋ ਗਏ।ਇੱਥੇ ਹਰ ਵਿਅਕਤੀ ਆਪਣੀ ਲਾਈਨ ਵਿੱਚ ਹੀ ਰਹਿੰਦਾ ਹੈ। ਇੱਕ ਦੂਜੇ ਤੋਂ ਅੱਗੇ ਲੰਘਣ ਦੀ ਕਿਸੇ ਨੂੰ ਕੋਈ ਕਾਹਲ਼ ਨਹੀਂ ਹੁੰਦੀ। ਸਲੀਕੇ ਭਰਿਆ ਵਰਤਾਓ ਦੇਖ ਕੇ ਬਹੁਤ ਹੀ ਚੰਗਾ ਲੱਗਦਾ ਹੈ।

ਲੰਡਨ ਆਈ ਥੇਮਸ ਦਰਿਆ ਦੇ ਦੱਖਣੀ ਕਿਨਾਰੇ ਉੱਤੇ ਸਥਿਤ ਹੈ। ਇਹ ਸੰਸਾਰ ਦਾ ਸਭ ਤੋਂ ਉੱਚਾ Cantilevered Observation wheel ਹੈ ਅਤੇ UK ਆਉਣ ਵਾਲੇ ਟੂਰਿਸਟਾਂ ਲਈ ਸਭ ਤੋਂ ਵੱਧ ਖਿੱਚ ਦਾ ਕੇਂਦਰ ਹੈ, ਜਿੱਥੇ ਹਰ ਸਾਲ ਲੱਗਭੱਗ ਤਿੰਨ ਮਿਲੀਅਨ ਟੂਰਿਸਟ ਆਉਂਦੇ ਹਨ।



ਲੰਡਨ ਆਈ 135 ਮੀਟਰ (443 ਫੁੱਟ) ਉੱਚਾ ਅਤੇ 120 ਮੀਟਰ (394 ਫੁੱਟ) ਵਿਆਸ (ਡਾਇਆਮੀਟਰ) ਵਾਲਾ ਵ੍ਹੀਲ ਚੱਕਰ ਹੈ।ਇਸ ਵ੍ਹੀਲ ਚੱਕਰ ਵਿੱਚ ਗੋਲ ਅੰਡਾਕਾਰ 32 ਬੋਗੀਆਂ (Capsules) ਹਨ, ਜਿਨ੍ਹਾਂ ਉੱਤੇ 1 ਤੋਂ 12 ਤੱਕ ਅਤੇ 14 ਤੋਂ 33 ਤੱਕ ਨੰਬਰ ਲੱਗੇ ਹੋਏ ਹਨ। 13 ਦੇ ਅੰਕ ਨੂੰ ਅਸ਼ੁੱਭ ਮੰਨਦੇ ਹੋਏ ਛੱਡਿਆ ਗਿਆ ਹੈ। ਹਰ ਬੋਗੀ ਵਿੱਚ 25 ਵਿਅਕਤੀਆਂ ਦੇ ਬੈਠਣ ਦੀ ਸਮਰੱਥਾ ਹੈ। ਇਹ 0.9 km/h ( BFcm/s) ਦੀ ਰਫ਼ਤਾਰ ਨਾਲ ਘੁੰਮਦਾ ਹੈ ਅਤੇ ਲੱਗਭੱਗ 30 ਮਿੰਟ ਵਿੱਚ ਇੱਕ ਚੱਕਰ ਪੂਰਾ ਕਰਦਾ ਹੈ। ਹਰੇਕ ਬੋਗੀ ਗਰਾਉਂਡ ਲੈਵਲ 'ਤੇ ਆ ਕੇ ਲੱਗਭੱਗ 30 ਸੈਕਿੰਡ ਤੋਂ ਲੈ ਕੇ ਇੱਕ ਮਿੰਟ ਤੱਕ ਇਸ ਦੇ ਬਰਾਬਰ ਚੱਲਣ ਲੱਗਦੀ ਹੈ। ਇਹ ਹੌਲੀ-ਹੌਲੀ ਆਪਣੀ ਰਫਤਾਰ ਨਾਲ ਤੁਰੀ ਜਾਂਦੀ ਹੈ।ਇਸ ਦੀ ਗਤੀ ਨੂੰ ਇਸ ਤਰ੍ਹਾਂ ਨਿਯੰਤਰਨ ਕੀਤਾ ਗਿਆ ਹੈ ਕਿ ਹਰੇਕ ਯਾਤਰੀ ਬਹੁਤ ਅਰਾਮ ਨਾਲ ਇਸ ਵਿੱਚੋਂ ਉੱਤਰ ਜਾਂਦਾ ਹੈ ਤੇ ਫਿਰ ਸਵਾਰ ਹੋਣ ਵਾਲਾ ਬਹੁਤ ਅਰਾਮ ਨਾਲ ਇਸ ਵਿੱਚ ਚੜ੍ਹ ਜਾਂਦਾ ਹੈ। ਸੋ ਸਾਡੀ ਵਾਰੀ ਆਉਣ 'ਤੇ ਅਸੀਂ ਵੀ ਇਸ ਵਿੱਚ ਸਵਾਰ ਹੋ ਗਏ। ਇਹ ਬਹੁਤ ਹੀ ਰੁਮਾਂਚ ਭਰਿਆ ਲੱਗ ਰਿਹਾ ਸੀ। ਜਿਉਂ-ਜਿਉਂ ਅਸੀਂ ਉੱਪਰ ਵੱਲ ਨੂੰ ਜਾ ਰਹੇ ਸੀ। ਲੰਡਨ ਸ਼ਹਿਰ ਹੇਠਾਂ ਵੱਲ ਨੂੰ ਖਿਸਕਦਾ ਜਾਂਦਾ ਮਹਿਸੂਸ ਹੋ ਰਿਹਾ ਸੀ। ਪੂਰੇ ਸਿਖਰ 'ਤੇ ਜਾ ਕੇ ਲੰਡਨ ਸ਼ਹਿਰ ਦੀਆਂ ਉੱਚੀਆਂ-ਉੱਚੀਆਂ ਇਮਾਰਤਾਂ ਦਾ ਅਦਭੁੱਤ ਨਜ਼ਾਰਾ ਵੇਖ ਕੇ ਮੈਂ ਪੂਰੀ ਤਰ੍ਹਾਂ ਅਚੰਭਤ ਹੋ ਗਿਆ। ਲੰਡਨ ਦਾ ਨਾ ਭੁੱਲਣ ਵਾਲਾ ਨਜ਼ਾਰਾ ਸਾਡੇ ਸਾਹਮਣੇ ਸੀ। ਹੇਠਾਂ ਥੇਮਸ ਦਰਿਆ ਵਿੱਚ ਚੱਲ ਰਹੀਆਂ ਕਿਸ਼ਤੀਆਂ ਅਤੇ ਫੈਰੀਜ (ਛੋਟੇ ਸਮੁੰਦਰੀ ਜਹਾਜ਼) ਆਪਣੇ ਪਿੰਡ ਦੇ ਛੱਪੜ ਵਿੱਚ ਤਰਦੀਆਂ ਬੱਤਖਾਂ ਵਾਂਗ ਨਜ਼ਰ ਆ ਰਹੀਆਂ ਸਨ। ਥੇਮਸ ਦਰਿਆ ਦੇ ਦੋਹਾਂ ਕੰਢਿਆਂ ਦੇ ਨਾਲ-ਨਾਲ ਬਣੀਆਂ ਸੜਕਾਂ ਉੱਤੇ ਤੁਰ ਰਹੇ ਲੋਕ ਬੌਣੇ-ਬੌਣੇ ਨਜ਼ਰ ਆ ਰਹੇ ਸਨ। ਦਰਿਆ ਦੇ ਦੂਸਰੇ ਪਾਸੇ ਹਾਊਸਜ਼ ਆਫ਼ ਪਾਰਲੀਮੈਂਟ ਅਤੇ ਬਿੱਗ ਬੈਨ ਬਹੁਤ ਖ਼ੂਬਸੂਰਤ ਨਜ਼ਰ ਆ ਰਹੇ ਸਨ। ਹੌਲੀ-ਹੌਲੀ ਸਾਡੀ ਬੋਗੀ ਵੀ ਸਿਖਰ ਤੋਂ ਹੇਠਾਂ ਵੱਲ ਖਿਸਕਣ ਲੱਗੀ। ਦੂਰ ਤੱਕ ਨਜ਼ਰ ਮਾਰਦਿਆਂ ਮੇਰੇ ਅਚੇਤ ਮਨ ਵਿੱਚ ਫਿਲਮ ਬਲੈਕ ਪ੍ਰਿੰਸ ਦਾ ਗੀਤ ਮੈਨੂੰ ਦਰਦਾਂ ਵਾਲਾ ਦੇਸ਼ ਅਵਾਜ਼ਾਂ ਮਾਰਦਾ ਗੂੰਜਣ ਲੱਗਾ ਤੇ ਮੈਨੂੰ ਸਿੱਖ ਰਾਜ ਦਾ ਆਖ਼ਰੀ ਸੂਰਜ ਮਹਾਰਾਜਾ ਦਲੀਪ ਸਿੰਘ ਯਾਦ ਆਇਆ। ਮੈਂ ਇੱਕਦਮ ਹਰਦੇਵ ਨੂੰ ਪੁੱਛਿਆ ਕਿ ਲੰਡਨ ਆਈ ਤੋਂ ਮਹਾਰਾਜਾ ਦਲੀਪ ਸਿੰਘ ਦੀ ਯਾਦਗਾਰ ਨਜ਼ਰ ਨਹੀਂ ਆਉਂਦੀ ? ਉਸ ਨੇ ਦੱਸਿਆ ਕਿ ਲੰਡਨ ਤੋਂ ਉੱਤਰ ਪੂਰਬ ਵਿੱਚ ਕੋਈ (75 miles) ਲੱਗਭੱਗ 121 ਕਿਲੋਮੀਟਰ ਦੂਰ Elveden (Suffolk) ਪਿੰਡ ਦੇ St.Andrew and St. Patrick Chrch ਵਿੱਚ ਉਨ੍ਹਾਂ ਦੀ ਸਮਾਧ ਹੈ। ਮਹਾਰਾਜਾ ਦਲੀਪ ਸਿੰਘ 55 ਸਾਲ ਦੀ ਉਮਰ ਵਿੱਚ ਹੀ 22 ਅਕਤੂਬਰ 1893 ਨੂੰ ਪੈਰਿਸ (ਫਰਾਂਸ) ਵਿਖੇ ਅਕਾਲ ਚਲਾਣਾ ਕਰ ਗਏ ਸਨ। ਉਨ੍ਹਾਂ ਦੇ ਬੱਚਿਆਂ ਵੱਲੋਂ ਉਨ੍ਹਾਂ ਦੀ ਮ੍ਰਿਤਕ ਦੇਹ ਨੂੰ ਇੱਥੇ ਇੰਗਲੈਂਡ ਲਿਆ ਕੇ Elveden ਦੇ ਚਰਚ ਵਿੱਚ ਇਸਾਈ ਧਰਮ ਦੀਆਂ ਰਹੁ-ਰੀਤਾਂ ਅਨੁਸਾਰ ਸਪੁਰਦ-ਏ-ਖ਼ਾਕ ਕੀਤਾ ਗਿਆ। ਉਂਝ ਮਹਾਰਾਜਾ ਦਲੀਪ ਸਿੰਘ ਜੀ ਦੀ ਆਖ਼ਰੀ ਇੱਛਾ ਸੀ ਕਿ ਉਨ੍ਹਾਂ ਦਾ ਅੰਤਿਮ ਸੰਸਕਾਰ ਪੰਜਾਬ (ਭਾਰਤ) ਵਿੱਚ ਸਿੱਖ ਮਰਿਆਦਾ ਅਨੁਸਾਰ ਕੀਤਾ ਜਾਵੇ ਜੋ ਕਿ ਅੰਗਰੇਜ਼ ਸਰਕਾਰ ਵੱਲੋਂ ਪੂਰੀ ਨਾ ਹੋਣ ਦਿੱਤੀ ਗਈ। ਮੈਂ ਹਰਦੇਵ ਸਿੰਘ ਨੂੰ ਉਹ ਸਥਾਨ ਦੇਖਣ ਦੀ ਆਪਣੀ ਇੱਛਾ ਪ੍ਰਗਟਾਈ। ਹਰਦੇਵ ਸਿੰਘ ਨੇ ਸੁਰਿੰਦਰ ਸਿੰਘ ਔਜਲਾ ਨਾਲ ਫੋਨ 'ਤੇ ਗੱਲ ਕਰਕੇ ਅਗਲੇ ਦਿਨ ਹੀ ਉੱਥੇ ਜਾਣ ਦਾ ਪ੍ਰੋਗਰਾਮ ਬਣਾ ਲਿਆ। ਸੋ ਅਗਲੀ ਸਵੇਰ ਸੁਰਿੰਦਰ ਸਿੰਘ ਔਜਲਾ ਤਿਆਰ ਹੋ ਕੇ ਸਾਡੇ ਕੋਲ ਪਹੁੰਚ ਗਏ ਤੇ ਅਸੀਂ ਤਿੰਨੇ ਮੈਂ, ਹਰਦੇਵ ਸਿੰਘ ਅਤੇ ਸੁਰਿੰਦਰ ਔਜਲਾ ਸਿੱਖ ਰਾਜ ਦੇ ਆਖ਼ਰੀ ਮਹਾਰਾਜਾ ਦਲੀਪ ਸਿੰਘ ਨੂੰ ਆਪਣੀ ਸ਼ਰਧਾ ਦੇ ਫੁੱਲ ਭੇਟ ਕਰਨ ਲਈ ਤੁਰ ਪਏ। ਵਾਟ ਕਾਫ਼ੀ ਲੰਬੀ ਸੀ, ਪਰ ਇੰਗਲੈਂਡ ਦੀਆਂ ਸੜਕਾਂ ਅਤੇ ਨਵੀਆਂ, ਨਕੋਰ, ਸਾਫ-ਸੁਥਰੀਆਂ ਗੱਡੀਆਂ ਉੱਤੇ ਜਾਣਾ ਕੋਈ ਮੁਸ਼ਕਲ ਨਹੀਂ ਲੱਗਦਾ। ਲੰਡਨ ਸ਼ਹਿਰ ਦੀ ਹੈਵੀ ਟ੍ਰੈਫਿਕ ਭਰੀਆਂ ਸੜਕਾਂ ਤੋਂ ਬਾਹਰ ਨਿਕਲ ਜਲਦੀ ਹੀ ਸਾਡੀ ਰੇਂਜ ਰੋਵਰ ਕਾਰ ਸਟੇਟ ਹਾਈ ਵੇ 'ਤੇ ਦੌੜਨ ਲੱਗੀ। ਦੂਰ-ਦੂਰ ਤੱਕ ਹਰਿਆਲੀ ਭਰੇ ਖੇਤਾਂ ਦਾ ਮਨਮੋਹਕ ਨਜ਼ਾਰਾ ਵੇਖ ਦਿਲ ਸਰਸ਼ਾਰ ਹੋਈ ਜਾ ਰਿਹਾ ਸੀ। ਸਾਰੇ ਰਾਹ ਹਲਕੀ ਹਲਕੀ ਬਾਰਸ਼ ਹੁੰਦੀ ਰਹੀ। ਸੜਕ ਦੇ ਦੋਹਾਂ ਪਾਸਿਆਂ ਉੱਤੇ ਬਹੁਤ ਹੀ ਖ਼ੂਬਸੂਰਤ ਰੁੱਖ ਲੱਗੇ ਹੋਏ ਸਨ। ਮੇਰੇ ਦਿਲ ਵਿੱਚ ਮਹਾਰਾਜਾ ਰਣਜੀਤ ਸਿੰਘ ਦਾ ਚਾਲੀ ਸਾਲਾਂ ਦਾ ਸੁਨਹਿਰੀ ਇਤਿਹਾਸ ਘੁੰਮ ਰਿਹਾ ਸੀ। ਡੇਢ-ਦੋ ਘੰਟੇ ਦੇ ਸਫ਼ਰ ਤੋਂ ਬਾਅਦ ਅਸੀਂ ਉਸ ਚਰਚ ਦੇ ਗੇਟ ਕੋਲ ਪਹੁੰਚ ਗਏ, ਜਿਸ ਵਿੱਚ ਮਹਾਰਾਜਾ ਦਲੀਪ ਸਿੰਘ ਦੀ ਸਮਾਧ ਸੀ। ਆਪਣੇ ਮਹਾਰਾਜਾ ਨੂੰ ਸ਼ਰਧਾ ਦੇ ਫੁੱਲ ਭੇਟ ਕਰਨ ਲਈ ਡਾਕਟਰ ਸੁਰਿੰਦਰ ਔਜਲਾ ਆਪਣੇ ਨਾਲ ਤਾਜ਼ੇ ਫੁੱਲਾਂ ਦਾ ਗੁਲਦਸਤਾ ਵੀ ਲੈ ਕੇ ਆਏ ਸੀ। ਅਸੀਂ ਚਰਚ ਦੇ ਬਾਹਰ ਲੱਗੇ ਸਧਾਰਨ ਜਿਹੇ ਗੇਟ ਨੂੰ ਹੌਲੀ ਜਿਹੀ ਸਰਕਾ ਕੇ ਅੰਦਰ ਦਾਖਲ ਹੋ ਗਏ।ਹਲਕੀ-ਹਲਕੀ ਬਾਰਿਸ਼ ਹੋ ਰਹੀ ਸੀ। ਅਸੀਂ ਆਪਣੀਆਂ ਛਤਰੀਆਂ ਤਾਣ ਲਈਆਂ, ਜੋ ਅਸੀਂ ਤੁਰਨ ਵੇਲੇ ਗੱਡੀ ਵਿੱਚ ਰੱਖ ਲਈਆਂ ਸਨ, ਕਿਉਂਕਿ ਇੱਥੇ ਮੌਸਮ ਦਾ ਕੋਈ ਭਰੋਸਾ ਨਹੀਂ ਹੁੰਦਾ।ਵੈਸੇ ਵੀ ਸਾਰੇ ਪੱਛਮੀ ਦੇਸ਼ਾਂ ਵਿੱਚ ਥ੍ਰੀ W ਦੀ ਕਹਾਵਤ ਮਸ਼ਹੂਰ ਹੈ। Work,Weather and Woman ਦਾ ਕੋਈ ਭਰੋਸਾ ਨਹੀਂ ਕਿ ਕਿਹੜੇ ਵੇਲੇ ਸਾਥ ਛੱਡ ਜਾਣ। ਦੂਰ ਤੱਕ ਕਰਾਸ ਚਿੰਨ੍ਹ ਲੱਗੀਆਂ ਕਬਰਾਂ ਹੀ ਕਬਰਾਂ ਵਿੱਚ ਦੀ ਅਸੀਂ ਹੋਰ ਅੱਗੇ ਵਧੇ, ਪਰ ਸਾਨੂੰ ਮਹਾਰਾਜਾ ਦਲੀਪ ਸਿੰਘ ਜੀ ਦੀ ਸਮਾਧ ਕਿਤੇ ਨਜ਼ਰ ਨਾ ਆਈ। ਆਸੇ-ਪਾਸੇ ਕੋਈ ਹੈ ਵੀ ਨਹੀਂ ਸੀ, ਜਿਸ ਕੋਲੋਂ ਪੁੱਛ ਲੈਂਦੇ। ਚਰਚ ਦੀ ਵੱਡੀ ਸਾਰੀ ਬਿਲਡਿੰਗ ਵਿੱਚੋਂ ਦੀ ਲੰਘ ਕੇ ਅਸੀਂ ਉਸ ਦੇ ਪੱਛਮ ਵਾਲੇ ਪਾਸੇ ਹੋ ਤੁਰੇ। ਸਾਰੀਆਂ ਕਬਰਾਂ ਸਧਾਰਨ ਜਿਹੀਆਂ ਬਣੀਆਂ ਹੋਈਆਂ ਸਨ। ਫਿਰ ਸਾਡੀ ਨਜ਼ਰ ਮਾਰਬਲ ਨਾਲ ਬਣੀਆਂ ਤਿੰਨ ਸਮਾਧਾਂ ਉੱਤੇ ਪਈ, ਜਿਨ੍ਹਾਂ ਉੱਤੇ ਫੁੱਲਾਂ ਦੇ ਗੁਲਦਸਤੇ ਪਏ ਹੋਏ ਸਨ।ਅਸੀਂ ਉਸ ਵੱਲ ਹੋ ਤੁਰੇ। ਜਾ ਕੇ ਵੇਖਿਆ ਤਾਂ ਉਨ੍ਹਾਂ ਵਿੱਚੋਂ ਇੱਕ ਉੱਤੇ ਉੱਕਰਿਆ ਹੋਇਆ ਸੀ। In Memory Of DULEEP SINGH .G.C.S.I. (Knight Grand Commander of the Order of the Star of India )Maharaja Of Lahore। ਮੇਰਾ ਖ਼ਿਆਲ ਹੈ ਕਿ ਇਸ ਨੂੰ (Maharaja Of Punjab ) ਲਿਖਣਾ ਚਾਹੀਦਾ ਸੀ। ਦੂਸਰੀ ਉੱਤੇ ਮਹਾਰਾਣੀ ਬੰਬਾ ਦਲੀਪ ਸਿੰਘ ਅਤੇ ਤੀਜੇ ਉੱਤੇ ਉਨ੍ਹਾਂ ਦੇ ਬੇਟੇ ਪ੍ਰਿੰਸ ਅਲਬਰਟ ਐਡਵਰਡ ਅਲੈਗਜੈਂਡਰ ਦਲੀਪ ਸਿੰਘ ਉੱਕਰਿਆ ਹੋਇਆ ਸੀ। ਅਸੀਂ ਗੁਲਦਸਤਾ ਭੇਟ ਕਰਕੇ ਕੁਝ ਸਮਾਂ ਉੱਥੇ ਰੁਕੇ। ਮੈਂ ਸੋਚ ਰਿਹਾ ਸੀ ਕਿ ਜੇਕਰ ਸਿੱਖ ਰਾਜ ਪੀੜ੍ਹੀ-ਦਰ-ਪੀੜ੍ਹੀ ਚੱਲਦਾ ਰਹਿੰਦਾ ਤਾਂ ਅੱਜ ਪੰਜਾਬ ਦੀ ਤਸਵੀਰ ਹੋਰ ਤਰ੍ਹਾਂ ਦੀ ਹੁੰਦੀ ਤੇ ਅਸੀਂ ਵੀ ਦੁਨੀਆ ਦੇ ਨਕਸ਼ੇ 'ਤੇ ਇੱਕ ਅਮੀਰ ਦੇਸ਼ ਪੰਜਾਬ ਦੇ ਨਾਗਰਿਕ ਹੁੰਦੇ। ਫਿਰ ਅਸੀਂ ਵਾਪਸੀ ਪਾ ਲਈ। ਗੱਡੀ ਆਪਣੀ ਪੂਰੀ ਰਫ਼ਤਾਰ ਨਾਲ ਜਾ ਰਹੀ ਸੀ। ਮੇਰੇ ਦਿਲ ਅੰਦਰ ਅਜੀਬ ਜਿਹੀ ਖਲਬਲੀ ਮਚ ਉੱਠੀ। ਮੈਂ ਆਪਣੀਆਂ ਅੱਖਾਂ ਨੂੰ ਬੰਦ ਕਰ ਲਿਆ। ਹੰਝੂਆਂ ਦੀ ਝਰਾਲ ਮੇਰੇ ਨੈਣਾਂ 'ਚੋਂ ਵਹਿ ਤੁਰੀ।ਇੱਕ ਹਉਕਾ ਮੇਰੇ ਦਿਲ ਅੰਦਰ ਡੂੰਘਾ ਲਹਿ ਗਿਆ। ਤੇ ਫਿਰ ਉਹੀ ਗੀਤ ਮੈਨੂੰ ਦਰਦਾਂ ਵਾਲਾ ਦੇਸ਼ ਅਵਾਜ਼ਾਂ ਮਾਰਦਾ ਮੇਰੇ ਦਿਲ ਵਿੱਚ ਗੂੰਜਣ ਲੱਗ ਪਿਆ। ਮੈਂ ਸੋਚ ਰਿਹਾ ਸੀ ਕਿ ਲੰਡਨ ਆਈ ਤੋਂ ਸਿਰਫ਼ ਲੰਡਨ ਹੀ ਵੇਖਿਆ ਜਾ ਸਕਦਾ। ਦਰਦਾਂ ਵਾਲੇ ਦੇਸ਼ ਦੇ ਮਹਾਰਾਜਾ ਦਲੀਪ ਸਿੰਘ ਨੂੰ ਤਾਂ ਦਿਲ ਦੀਆਂ ਅੱਖਾਂ ਨਾਲ ਹੀ ਵੇਖਿਆ ਜਾ ਸਕਦਾ ਹੈ।

**ਮੋਬਾ. 98724-39278**

## ਸਫ਼ਾ 2 ਦੀ ਬਾਕੀ — ਭਾਰਤ ਦਾ ਮਿਜ਼ਾਈਲਮੈਨ ...

ਸਫ਼ਾ 2 ਦੀ ਬਾਕੀ

ਨਿਰਦੇਸ਼ਕ ਬਣਾ ਦਿੱਤਾ ਗਿਆ।ਉਸ ਨੂੰ ਵਿਸ਼ੇਸ਼ ਤੌਰ 'ਤੇ ਉਪ ਗ੍ਰਹਿ ਲਾਂਚ ਵਹੀਕਲ (SLV) ਤਿਆਰ ਕਰਨ ਦਾ ਪ੍ਰਾਜੈਕਟ, ਇਸ ਦਾ ਡਿਜ਼ਾਈਨ, ਮਾਡਲ, ਪੁਰਜ਼ੇ ਤਿਆਰ ਕਰਨੇ ਅਤੇ ਜੋੜਨ ਦਾ ਕੰਮ ਸੌਂਪਿਆ ਗਿਆ, ਪਰ ਕਲਾਮ ਨੇ ਇਸ ਵਿੱਚ ਕਾਮਯਾਬੀ ਹਾਸਲ ਕਰ ਲਈ।ਇਸੇ ਲਾਂਚ ਵਹੀਕਲ ਨਾਲ ਜੁਲਾਈ 1980 ਵਿੱਚ 'ਰੋਹਿਨੀ' ਉਪਗ੍ਰਹਿ ਸਫ਼ਲਤਾ-ਪੂਰਵਕ ਪੁਲਾੜ ਵਿੱਚ ਦਾਗਿਆ ਗਿਆ।ਉਸ ਦੀ ਖੋਜ ਨੂੰ ਹੋਰ ਵਿਸਥਾਰ ਦੇਣ ਦੀ ਮਨਜ਼ੂਰੀ ਮਿਲ ਗਈ ਸੀ ਅਤੇ ਬਜਟ ਵੀ।ਸੰਨ 1970 ਤੋਂ 1990 ਦੌਰਾਨ ਕਲਾਮ ਧਰੁਵੀ ਉਪਗ੍ਰਹਿ ਲਾਂਚਰ ਪੀ.ਐੱਸ.ਐੱਲ.ਵੀ, ਐੱਸ.ਐੱਲ.ਵੀ-3 ਦੀ ਤਿਆਰੀ ਕਰਨ ਵਿੱਚ ਕਾਮਯਾਬ ਰਿਹਾ।ਇਹੀ ਸਫਲਤਾ ਉਸ ਨੂੰ ਰਾਕਟ ਅਸਿਸਟਿਡ ਟੇਕ ਆਫ ਸਿਸਟਮ (RATO) ਦੀ ਸਫ਼ਲ ਪਰਖ, ਸੁਖੋਈ 16 ਜੈੱਟ ਜਹਾਜ਼ਾਂ ਨਾਲ ਬਰੇਲੀ ਵਿੱਚ ਕਰਨ ਵੇਲੇ ਮਿਲੀ ਸੀ।ਇਸ ਦ੍ਰਿਸ਼ ਨੂੰ ਰੱਖਿਆ ਮੰਤਰੀ ਦੇ ਵਿਗਿਆਨ ਸਲਾਹਕਾਰ ਬੀ.ਡੀ. ਨਾਗ ਚੌਧਰੀ ਅਤੇ ਏਅਰ ਮਾਰਸ਼ਲ ਸ਼ਿਵਦੇਵ ਸਿੰਘ ਨੇ 8 ਅਕਤੂਬਰ 1972 ਨੂੰ ਅੱਖੀਂ ਦੇਖਿਆ ਸੀ।

ਡਾ. ਰਾਜਾ ਰਮੰਨਾ ਨੇ ਕਲਾਮ ਨੂੰ ਦੇਸ਼ ਦੇ ਪਹਿਲੇ ਨਿਊਕਲੀਅਰ ਪਰੀਖਣ 'ਸਮਾਈਲਿੰਗ ਬੁੱਧਾ' ਸਮੇਂ ਉਨ੍ਹਾ ਨਾਲ ਸ਼ਾਮਲ ਹੋਣ ਦਾ ਸੱਦਾ ਦਿੱਤਾ ਸੀ। ਸੰਨ 1970 ਵਿੱਚ ਕਲਾਮ ਦੋ ਪ੍ਰੋਜੈਕਟਾਂ ਦਾ ਨਿਰਦੇਸ਼ਕ ਸੀ, ਇਕ ਪ੍ਰਾਜੈਕਟ ਸੀ ਡੇਵਿਲ ਅਤੇ ਦੂਜਾ ਪ੍ਰਾਜੈਕਟ ਵੈਲੀਐਂਟ।ਇਨ੍ਹਾਂ ਅਧੀਨ ਹੀ ਬੈਲਿਸਟਿਕ ਮਿਜ਼ਾਇਲਾਂ ਤਿਆਰ ਹੋਣੀਆਂ ਸਨ।ਇਨ੍ਹਾਂ ਦਾ ਆਧਾਰ ਐੱਸ.ਐੱਲ.ਵੀ ਨੂੰ ਹੀ ਮੰਨਿਆ ਗਿਆ ਸੀ।ਸੰਨ 1980 'ਚ ਐਡਵਾਂਸਡ ਮਿਜ਼ਾਈਲ ਪ੍ਰੋਗਰਾਮ ਦੀ ਸ਼ੁਰੂਆਤ ਹੋ ਗਈ ਸੀ।ਅਪ੍ਰੈਲ 1982 ਵਿੱਚ ਕਲਾਮ ਨੂੰ ਡੀ.ਆਰ.ਡੀ ਪ੍ਰਯੋਗਸ਼ਾਲਾ ਹੈਦਰਾਬਾਦ ਦਾ ਡਾਇਰੈਕਟਰ ਲਗਾ ਦਿੱਤਾ ਗਿਆ।ਇੱਥੇ ਹੀ ਉਸ ਨੇ ਗਾਈਡਡ ਮਿਜ਼ਾਈਲ ਡਿਵੈਲਪਮੈਂਟ ਪ੍ਰੋਗਰਾਮ ਦੀ ਰੂਪ-ਰੇਖਾ ਉਲੀਕੀ ਸੀ।ਧਰਤੀ ਤੋਂ ਧਰਤੀ, ਧਰਤੀ ਤੋਂ ਆਕਾਸ਼, ਛੋਟੀ ਰੇਂਜ , ਔਸਤ ਦੂਰੀ ਤੱਕ, ਲੰਬੀਆਂ ਦੂਰੀਆਂ ਤੱਕ, ਯੁੱਧ ਦੇ ਹਥਿਆਰ ਲੈ ਕੇ ਜਾਣ ਲਈ, ਪਰਮਾਣੂ ਹਥਿਆਰ ਲੈ ਕੇ ਜਾਣ ਵਾਲੀਆਂ ਅਲੱਗ-ਅਲੱਗ ਪ੍ਰਕਾਰ ਦੀਆਂ ਮਿਜ਼ਾਈਲਾਂ ਦੇ ਡਿਜ਼ਾਈਨ ਅਤੇ ਤਿਆਰੀ ਦਾ ਕੰਮ ਕਲਾਮ ਦੀ ਦੇਖ-ਰੇਖ ਵਿੱਚ ਤੇਜ਼ੀ ਨਾਲ ਹੋਇਆ।ਸਾਰੇ ਪ੍ਰਾਜੈਕਟਾਂ 'ਤੇ ਸਰਕਾਰ ਨੇ ਕੋਈ ਵਿੱਤੀ ਅੜਿੱਕਾ ਨਹੀਂ ਆਉਣ ਦਿੱਤਾ। ਸਾਰੇ ਪ੍ਰਾਜੈਕਟਾਂ 'ਤੇ ਇੱਕੋ ਸਮੇਂ ਕੰਮ ਸ਼ੁਰੂ ਹੋਇਆ ਸੀ।ਹਰ ਇਕ ਪ੍ਰਾਜੈਕਟ ਦੇ ਵੱਖੋ-ਵੱਖਰੇ ਇੰਚਾਰਜ ਬਣਾਏ ਗਏ।ਤਕਨੀਕੀ ਕੋਰ ਵਹੀਕਲ ਨੂੰ ਤ੍ਰਿਸ਼ੂਲ ਦਾ ਨਾਂਅ ਦਿੱਤਾ ਗਿਆ।ਟੈਂਕ ਤੋੜਨ ਵਾਲੀ ਮਿਜ਼ਾਇਲ ਨੂੰ ਨਾਗ ਦਾ ਨਾਂਅ ਦਿੱਤਾ ਗਿਆ।ਧਰਤੀ ਤੋਂ ਧਰਤੀ ਤੀਕ ਮਾਰ ਕਰਨ ਵਾਲੀ ਮਿਜ਼ਾਈਲ ਨੂੰ ਪ੍ਰਿਥਵੀ ਅਤੇ ਧਰਤੀ ਤੋਂ ਆਕਾਸ਼ ਤੱਕ ਮਾਰ ਕਰਨ ਵਾਲੀ ਮਿਜ਼ਾਈਲ ਨੂੰ ਅਗਨੀ ਕਿਹਾ ਗਿਆ।ਇਨ੍ਹਾਂ ਦੇ ਡਿਜ਼ਾਈਨ ਅਤੇ ਮਾਡਲ ਬਣੇ।ਸਭਨਾਂ ਨਾਲ ਤਾਲਮੇਲ, ਡਿਜ਼ਾਈਨ, ਪ੍ਰਬੰਧ, ਕੰਟਰੋਲ ਕਲਾਮ ਕੋਲ ਹੀ ਸਨ।

27 ਜੁਲਾਈ 2015 ਨੂੰ ਕਲਾਮ ਸ਼ਿਲਾਂਗ ਇਕ ਇੰਜੀਨੀਅਰਿੰਗ ਕਾਲਜ ਵਿੱਚ ਲੈਕਚਰ ਦੇਣ ਗਿਆ ਸੀ।ਮੰਚ 'ਤੇ ਮੂੰਹੋਂ ਅਜੇ ਦੋ ਬੋਲ ਹੀ ਨਿਕਲੇ ਸਨ ਕਿ ਉਸ ਨੂੰ ਦਿਲ ਦਾ ਦੌਰਾ ਪੈ ਗਿਆ।ਹਰ ਕੋਸ਼ਿਸ਼ ਕੀਤੀ ਗਈ, ਪਰ ਉਸ ਨੂੰ ਬਚਾਇਆ ਨਹੀਂ ਜਾ ਸਕਿਆ। ਅਜਿਹੇ ਇਨਸਾਨ ਕਦੀ-ਕਦੀ ਧਰਤੀ 'ਤੇ ਪੈਦਾ ਹੁੰਦੇ ਹਨ।ਉਸ ਦੀ ਮੌਤ 'ਤੇ ਅਜਿਹਾ ਕੋਈ ਨਹੀਂ ਹੋਣਾ, ਜੀਹਦੀ ਅੱਖ ਨਹੀਂ ਰੋਈ।

## ਸਫ਼ਾ 3 ਦੀ ਬਾਕੀ — ਭਾਰਤੀ ਰਾਜਨੀਤੀ ਦਾ ਵਿਸ਼ਲੇਸ਼ਣ...

ਸਫ਼ਾ 3 ਦੀ ਬਾਕੀ

ਉਨ੍ਹਾਂ ਦੇ ਕੋਲ ਬ੍ਰੀਫਕੇਸ ਤਾਂ ਸੀ, ਪਰ ਉਸ 'ਚ ਪੈਸੇ ਨਹੀਂ ਸਨ, ਉਨ੍ਹਾਂ ਦਾ ਤਰਕ ਸੀ ਕਿ ਉਸ ਬ੍ਰੀਫਕੇਸ 'ਚ 200 ਮਿਲੀਅਨ ਡਾਲਰ ਕਿਵੇਂ ਆ ਸਕਦੇ ਹਨ? ਤੇ ਉਨ੍ਹਾਂ ਨੇ ਖੰਡਨ ਕੀਤਾ ਕਿ ਉੱਥੇ ਕੋਈ ਰੱਾਬਰਟ ਜਿਓਰੀ ਨਾਂਅ ਦਾ ਵਿਅਕਤੀ ਮੁਸਾਫ਼ਰਾਂ ਵਿੱਚ ਸ਼ਾਮਲ ਹੀ ਨਹੀਂ ਸੀ, ਪਰ ਜਸਵੰਤ ਸਿੰਘ ਦੇ ਦਾਅਵੇ ਦੀ ਪੋਲ ਸਵਿਸ ਮੀਡੀਆ ਖੋਲ੍ਹ ਚੁੱਕਾ ਸੀ, ਜਿਸ ਦੇ ਮੁਤਾਬਿਕ ਰਾਬਰਟ ਜਿਓਰੀ ਦੀ ਸੁਰੱਖਿਅਤ ਰਿਹਾਈ ਲਈ ਸਵਿਟਜ਼ਰਲੈਂਡ ਤੋਂ ਇੱਕ ਸਪੈਸ਼ਲ ਟੀਮ ਦਿੱਲੀ ਤੇ ਕੰਧਾਰ ਤੱਕ ਗਈ ਸੀ।

ਹੁਣ ਵਿਵਾਦ ਕੇਵਲ ਏਨਾ ਸੀ ਕਿ 200 ਮਿਲੀਅਨ ਡਾਲਰ ਦੀ ਫਿਰੌਤੀ ਦਿੱਤੀ ਗਈ ਜਾਂ ਨਹੀਂ, ਤੇ ਅਸਲ ਮਕਸਦ ਕੀ ਸੀ ਅੱਤਵਾਦੀਆਂ ਨੂੰ ਛੁਡਾਉਣਾ ਸੀ ਜਾਂ ਰਾਬਰਟ ਜਿਓਰੀ ਨੂੰ ਛੁਡਾਉਣ ਦਾ ?

ਸਾਬਕਾ ਮੰਤਰੀ ਜਸਵੰਤ ਸਿੰਘ ਨੇ ਖੁੱਲ੍ਹੀ ਚੁਣੌਤੀ ਦਿੱਤੀ, ਆਓ ਜਿਸ ਏਜੰਸੀ ਤੋਂ ਜਾਂਚ ਕਰਵਾਉਣ ਦਾ ਮਨ ਹੋਵੇ, ਕਰਵਾ ਲਓ, ਉਦੋਂ ਹੀ ਇੱਕ ਨਾਟਕੀ ਘਟਨਾਕ੍ਰਮ 'ਚ ਆਰ.ਕੇ. ਆਨੰਦ ਨੇ ਆਪਣੀ ਸ਼ਿਕਾਇਤ ਪੀ ਐੱਮ ਓ ਤੋਂ ਵਾਪਸ ਲੈ ਲਈ ਤੇ ਕੰਧਾਰ ਕਾਂਡ ਦੀ ਗੱਲ ਆਈ ਗਈ ਹੋ ਗਈ।

ਹੁਣ ਇੱਕ ਜਿਗਿਆਸਾ ਹੋਵੇਗੀ ਕਿ ਇਹ ਕੌਣ ਸੀ ਰਾਬਰਟ ਜਿਓਰੀ ? 1998 ਵਿੱਚ ਜਦੋਂ ਅਟਲ ਜੀ ਦੀ ਸਰਕਾਰ ਦੇ ਵਕਤ ਰਿਜ਼ਰਵ ਬੈਂਕ ਨੇ ਨਵੇਂ ਨੋਟ ਛਪਵਾਏ ਸਨ, ਉਨ੍ਹਾਂ ਦਿਨਾਂ 'ਚ 100, 500, 1000 ਦੇ ਨੋਟਾਂ ਦੀ ਸ਼ਕਲ 'ਚ ਕਰੀਬ ਇੱਕ ਲੱਖ ਕਰੋੜ ਦੀ ਕਰੰਸੀ ਛਪਵਾਈ ਗਈ ਸੀ ਤੇ ਇਸ ਸੌਦੇ ਦਾ ਵੱਡਾ ਹਿੱਸਾ ਰਾਬਰਟੋ ਜਿਓਰੀ ਦੀ ਕੰਪਨੀ Delarue ਦੇ ਕੋਲ ਸੀ।

ਇਹ ਕੰਪਨੀ ਪਿਛਲੇ 150 ਸਾਲਾਂ ਤੋਂ ਬ੍ਰਿਟਿਸ਼ ਸ਼ਾਸਨ ਦੇ ਲਈ ਨੋਟ ਛਾਪਣ ਤੇ ਕਰੰਸੀ ਕਾਗ਼ਜ਼ ਦਾ ਕੰਮ ਕਰ ਰਹੀ ਹੈ, ਜ਼ਾਹਿਰ ਹੈ ਕਿ ਉਨ੍ਹਾਂ ਦਿਨਾਂ 'ਚ ਇੰਗਲੈਂਡ ਦੇ ਸਾਮਰਾਜ 'ਚ ਜਿੰਨੇ ਦੇਸ਼ ਹੋਣਗੇ, ਉਨ੍ਹਾਂ ਦੀ ਕਰੰਸੀ ਵੀ ਇੱਥੋਂ ਹੀ ਪ੍ਰਿੰਟ ਹੁੰਦੀ ਹੋਵੇਗੀ। 1928 ਤੋਂ ਭਾਰਤੀ ਕਰੰਸੀ ਵੀ ਇਸ ਦੇ ਦੁਆਰਾ ਪ੍ਰਿੰਟ ਹੁੰਦੀ ਆਈ ਸੀ।

ਕਹਾਣੀ ਅੱਗੇ ਚੱਲਦੀ ਹੈ 2009-10 ਦੇ ਦੌਰਾਨ ਸਾਡੇ ਇੱਥੇ ਨਕਲੀ ਨੋਟਾਂ ਦੇ ਕਈ ਮਾਮਲੇ ਫੜੇ ਗਏ ਸਨ, ਉਂਝ ਤਾਂ ਛੋਟੇ-ਮੋਟੇ ਆਉਂਦੇ ਰਹਿੰਦੇ ਹਨ, ਪਰ ਇਸ ਸਮੇਂ 'ਚ ਮਹੱਤਵਪੂਰਨ ਇਹ ਸੀ ਕਿ ਨੇਪਾਲ ਨਾਲ ਲੱਗਦੇ ਯੂ ਪੀ ਤੇ ਬਿਹਾਰ ਦੇ ਕਈ ਬੈਂਕਾਂ ਦੇ ਪਰਸ 'ਚ ਨਕਲੀ ਨੋਟ ਮਿਲੇ। ਇਨ੍ਹਾਂ ਬੈਂਕ ਵਾਲਿਆਂ ਦਾ ਕਹਿਣਾ ਸੀ ਕਿ ਇਹ ਨੋਟ ਆਰ ਬੀ ਆਈ ਤੋਂ ਆਏ ਹਨ ਤੇ ਮਾਮਲਾ ਏਨਾ ਅੱਗੇ ਵਧਿਆ ਕਿ ਸੀ ਬੀ ਆਈ ਨੂੰ ਰਿਜ਼ਰਵ ਬੈਂਕ 'ਚ ਛਾਪਾ ਮਾਰਨਾ ਪਿਆ ਤੇ ਉੱਥੇ ਵੀ 500 ਤੇ 1000 ਦੇ ਨਕਲੀ ਨੋਟਾਂ ਦੀ ਵੱਡੀ ਖੇਪ ਬਰਾਮਦ ਹੋਈ। ਉਸ ਵਕਤ ਭਾਜਪਾ ਨੇ ਕਾਂਗਰਸ ਦੀ ਸਰਕਾਰ ਤੇ ਸੋਨੀਆ ਗਾਂਧੀ ਦੇ ਖਿਲਾਫ ਬਹੁਤ ਪ੍ਰਾਪੇਗੰਡਾ ਚਲਾਇਆ। ਜਿਵੇਂ ਸਾਰਾ ਕੁਝ ਇਹਨਾਂ ਦੀ ਮਿਲੀਭੁਗਤ ਨਾਲ ਹੀ ਹੋ ਰਿਹਾ ਹੋਵੇ।

ਉਨ੍ਹਾਂ ਦਿਨਾਂ 'ਚ 20 ਦਸੰਬਰ, 2011 ਨੂੰ ਕੇਰਲ ਤੋਂ ਕਮਿਊਨਿਸਟ ਪਾਰਟੀ ਦੇ ਰਾਜ ਸਭਾ ਮੈਂਬਰ ਪੀ. ਰਾਜੀਵ ਨੇ Delarue ਕੰਪਨੀ, ਨਕਲੀ ਨੋਟ ਤੇ ਰਿਜ਼ਰਵ ਬੈਂਕ ਦੇ ਠੇਕੇ ਆਦਿ ਮੁੱਦਿਆਂ ਉੱਤੇ ਇੱਕ ਸਵਾਲ ਪੁੱਛਿਆ, ਜੋ ਅੱਜ ਵੀ ਰਾਜ ਸਭਾ ਦੇ ਰਿਕਾਰਡ 'ਚ ਮੌਜੂਦ ਹੈ। ਉਸ ਦੇ ਜਵਾਬ 'ਚ ਵਿੱਤ ਰਾਜ ਮੰਤਰੀ ਨਮੋ ਨਰਾਇਣ ਮੀਣਾ ਨੇ ਕਿਹਾ ਕਿ ਹਾਂ, ਇਸ ਕੰਪਨੀ ਨੂੰ ਠੇਕਾ ਮਿਲਿਆ ਹੈ ਤੇ 2010 'ਚ ਗੜਬੜ ਦੀ ਖ਼ਬਰ ਆਉਣ ਕਰਕੇ ਹੁਣ ਉਨ੍ਹਾਂ ਤੋਂ ਕੰਮ ਨਹੀਂ ਲਿਆ ਜਾ ਰਿਹਾ।

ਅਗਲੇ ਦਿਨ 21 ਦਸੰਬਰ, 2011 ਦੀ ਮੀਡੀਆ ਹੈੱਡਲਾਈਨ ਸੀ ਕਿ ਯੂ ਪੀ ਏ ਸਰਕਾਰ ਨੇ ਬ੍ਰਿਟਿਸ਼ ਫਰਮ Delarue ਨੂੰ ਬਲੈਕ ਲਿਸਟ ਕਰ ਦਿੱਤਾ ਹੈ।

ਉਨ੍ਹਾਂ ਦਿਨਾਂ 'ਚ ਮਜ਼ਬੂਤ ਵਿਰੋਧੀ ਧਿਰ ਹੋਣ ਦੇ ਨਾਤੇ ਭਾਜਪਾ ਸੰਸਦ ਵਿੱਚ ਨਕਲੀ ਨੋਟ ਮਾਮਲਿਆਂ ਉੱਤੇ ਬਹੁਤ ਰੌਲਾ ਪਾਇਆ ਕਰਦੀ ਸੀ ਤੇ ਕਾਂਗਰਸ 'ਤੇ ਖ਼ੂਬ ਦੋਸ਼ ਲੱਗਦੇ ਸਨ। ਆਖ਼ਿਰ ਤਤਕਾਲੀਨ ਕਾਂਗਰਸ ਸਰਕਾਰ ਨੇ ਇੱਕ ਵਿਸਤ੍ਰਿਤ ਜਾਂਚ ਸੰਸਦ ਦੀ ਕਮੇਟੀ ਆੱਨ ਪਬਲਿਕ ਅੰਡਰਟੇਕਿੰਗ (COPU) ਤੋਂ ਕਰਵਾਈ, ਇਸ ਕਮੇਟੀ ਦੇ ਪ੍ਰਧਾਨ ਤਤਕਾਲੀਨ ਕਾਂਗਰਸ ਸਾਂਸਦ ਜਗਦੰਬਿਕਾਪਾਲ ਸਨ, ਇਹ ਰਿਪੋਰਟ 21 ਮਾਰਚ, 2013 ਨੂੰ ਲੋਕ ਸਭਾ 'ਚ ਪੇਸ਼ ਕੀਤੀ ਗਈ। ਇਹ ਰਿਪੋਰਟ ਵੀ ਲੋਕ ਸਭਾ ਰਿਕਾਰਡ 'ਚ ਮੌਜੂਦ ਹੈ, ਇਸ 'ਚ ਵਿਸਤ੍ਰਿਤ ਜਾਂਚ ਹੋਈ, ਕਈ ਤੱਥ ਲੱਭੇ ਗਏ, ਪਰ ਬਹੁਤੀ ਗੱਲ ਬਾਹਰ ਨਹੀਂ ਆਈ।

ਇਹ ਵੀ ਇੱਕ ਇਤਫਾਕ ਹੈ ਕਿ ਉਸ ਕਮੇਟੀ ਦੇ ਪ੍ਰਧਾਨ ਜਗਦੰਬਿਕਾਪਾਲ ਮਾਰਚ 2014 'ਚ ਕਾਂਗਰਸ ਛੱਡ ਕੇ ਭਾਜਪਾ 'ਚ ਸ਼ਾਮਲ ਹੋ ਗਏ।

ਦੂਸਰੇ ਪਾਸੇ ਸੀ ਬੀ ਆਈ ਦੀ ਰਿਪੋਰਟ 'ਚ ਆਇਆ ਸੀ ਕਿ ਇਸ ਬ੍ਰਿਟਿਸ਼ ਫਰਮ Delarue ਨੇ ਉਹੀ ਕਾਗਜ਼ ਪਾਕਿਸਤਾਨ ਨੂੰ ਵੀ ਸਪਲਾਈ ਕੀਤਾ ਸੀ ਤੇ ਇਸ ਕਾਰਨ ਪਾਕਿਸਤਾਨ ਤੋਂ ਜੋ ਨਕਲੀ ਨੋਟ ਆਏ, ਉਸ 'ਚ ਅਸਲੀ ਤੇ ਨਕਲੀ ਹੋਣ ਦਾ ਫ਼ਰਕ ਲੱਭਣਾ ਬਹੁਤ ਮੁਸ਼ਕਲ ਹੋ ਜਾਂਦਾ ਹੈ। ਇਹੀ ਕਾਰਨ ਹੈ ਕਿ ਨੇਪਾਲ ਦੇ ਰਸਤੇ ਇਹ ਸਾਰੀ ਕਰੰਸੀ ਭਾਰਤ 'ਚ ਆ ਗਈ ਤੇ ਮਾਰਕੀਟ 'ਚ ਘੁੰਮਦੇ-ਘੁੰਮਦੇ ਬੈਂਕ ਤੱਕ ਆ ਪਹੁੰਚੀ, ਜਿਸ ਨੂੰ ਕੋਈ ਪਹਿਚਾਣ ਨਹੀਂ ਸਕਿਆ।

ਸੰਸਦ 'ਚ ਸਵਾਲ ਪੁੱਛਿਆ ਕਾਮਰੇਡ ਪੀ. ਰਾਜੀਵ ਨੇ ਤੇ ਸੰਸਦ ਦੀ ਕਮੇਟੀ ਦੇ ਪ੍ਰਧਾਨ ਸਨ ਜਗਦੰਬਿਕਾ ਪਾਲ, ਤਾਂ ਇਸ ਸਭ ਨਾਲ ਨੋਟ ਬੰਦੀ ਦਾ ਕੀ ਲੈਣਾ-ਦੇਣਾ?

ਨੋਟਬੰਦੀ ਦੇ ਦੌਰਾਨ ਅਚਾਨਕ ਯੂ ਪੀ ਏ ਸਰਕਾਰ ਦੇ ਵਕਤ ਕਾਲੀ ਸੂਚੀ 'ਚ ਪਾਈ ਗਈ ਇਸ ਕੰਪਨੀ ਨੂੰ ਦੁਬਾਰਾ ਕੰਮ ਮਿਲ ਜਾਂਦਾ ਹੈ, ਇਹ ਕੰਮ ਸੀ 500 ਤੇ 2000 ਦੇ ਨੋਟ ਛਾਪਣ ਦਾ।ਇਹ ਕੰਮ ਮੋਦੀ ਸਰਕਾਰ ਨੇ ਦਿੱਤਾ।

ਇਸ ਤੋਂ ਇਲਾਵਾ ਇਹ ਵੀ ਯਾਦ ਰਹੇ ਕਿ ਜਿਸ ਦਿਨ ਸ਼ਾਮ 8 ਵਜੇ ਨੋਟਬੰਦੀ ਹੋਈ, ਉਸ ਤੋਂ 3 ਦਿਨ ਪਹਿਲਾਂ ਤੋਂ ਇੰਗਲੈਂਡ ਦੀ ਪੀ ਐੱਮ ਥੇਰੇਸਾ ਮੇ ਜੋ ਭਾਰਤ ਵਿਚ ਸਟੇਟ ਮਹਿਮਾਨ ਸਨ ਤੇ ਉਸੇ ਦਿਨ 8 ਨਵੰਬਰ ਨੂੰ ਉਹ ਵਾਪਸ ਇੰਗਲੈਂਡ ਪਰਤ ਗਈ ਸੀ।

1999 ਦੇ ਦੌਰਾਨ ਮੋਦੀ ਅਮਰੀਕਾ 'ਚ ਜਿੱਥੇ ਖਾਸ ਸਿਖਲਾਈ ਪ੍ਰੋਗਰਾਮ 'ਚ ਗਏ ਸਨ, ਉੱਥੇ ਹੀ ਉਸ ਦੌਰਾਨ ਥੇਰੇਸਾ ਮੇ ਵੀ ਉਸ ਗਰੁੱਪ 'ਚ ਸ਼ਾਮਲ ਹੋਈ ਸੀ।

ਇਹ ਵੀ ਇੱਕ ਇਤਫਾਕ ਸੀ 1999 ਦੇ ਵਾਕਫ ਦੋ ਵੱਖ-ਵੱਖ ਆਗੂ ਵੱਖ-ਵੱਖ ਦੇਸ਼ਾਂ ਦੀ ਪ੍ਰਤੀਨਿਧਤਾ ਕਰ ਰਹੇ ਸਨ ਤੇ ਨੋਟਬੰਦੀ ਤੋਂ ਪਹਿਲਾਂ ਮਿਲੇ।

ਜਿਸ Delarue ਕੰਪਨੀ ਨੂੰ ਮਨਮੋਹਨ ਸਿੰਘ ਦੀ ਸਰਕਾਰ ਨੇ ਬਲੈਕ ਲਿਸਟ ਕੀਤਾ ਸੀ, ਉਸੇ ਨੂੰ ਹੀ ਨੋਟ ਛਾਪਣ ਦਾ ਕੰਟਰੈਕਟ ਦਿੱਤਾ ਗਿਆ। ਉਸੇ ਕੰਪਨੀ ਨੂੰ ਮਹਾਰਾਸ਼ਟਰ ਸਰਕਾਰ ਨੇ ਔਰੰਗਾਬਾਦ 'ਚ ਜ਼ਮੀਨ ਅਲਾਟ ਕੀਤੀ ਤਾਂ ਕਿ ਉਹ ਉੱਥੇ ਆਪਣਾ ਨੋਟ ਪ੍ਰਿੰਟਿੰਗ ਯੂਨਿਟ ਲਗਾ ਸਕਣ। ਇਸ ਬਲੈਕ ਲਿਸਟਿਡ ਕੰਪਨੀ ਉੱਤੋਂ ਰੋਕ ਮੋਦੀ ਦੀ ਅਗਵਾਈ ਵਾਲੀ ਭਾਜਪਾ ਸਰਕਾਰ ਨੇ ਹਟਾ ਦਿੱਤੀ। ਰਿਜ਼ਰਵ ਬੈਂਕ ਨੇ ਦੇਸ਼ ਦੇ 5 ਸ਼ਹਿਰਾਂ 'ਚ ਟ੍ਰਾਇਲ ਦੇ ਤੌਰ 'ਤੇ ਦਸ ਰੁਪਏ ਦਾ ਪਲਾਸਟਿਕ ਨੋਟ ਜਾਰੀ ਕੀਤਾ ਤਾਂ ਉਹ ਵੀ ਇਸ ਕੰਪਨੀ ਨੂੰ ਪ੍ਰੋਜੈਕਟ ਦਿੱਤਾ ਗਿਆ ਹੈ।

ਹੈਰਾਨੀਜਨਕ ਤੱਥ ਇਹ ਹੈ ਕਿ ਨੋਟਬੰਦੀ ਦੇ ਅਗਲੇ ਹੀ ਦਿਨ ਇਸ ਕੰਪਨੀ Delarue ਦੇ ਸ਼ੇਅਰ 33 ਫੀਸਦੀ ਉੱਪਰ ਚਲੇ ਗਏ ਸਨ, ਉਪਰੋਕਤ ਜਾਣਕਾਰੀ ਤੋਂ ਸਮਝ ਗਏ ਹੋਵੋਗੇ ਕਿ ਇੱਕ ਤਰ੍ਹਾਂ ਨੋਟਬੰਦੀ ਉਸ ਬ੍ਰਿਟਿਸ਼ ਫਰਮ ਦੇ ਲਈ ਪੈਕੇਜ ਸੀ, ਨਾ ਕਿ ਉਸ ਨਾਲ ਕੋਈ ਨਕਲੀ ਨੋਟ ਤੇ ਅੱਤਵਾਦ ਬੰਦ ਹੋਣ ਲੱਗੇ ਸਨ।

ਇਸ ਸਾਰੇ ਵਰਤਾਰੇ ਨੂੰ ਜੇ ਬੁਨਿਆਦੀ ਨੁਕਤੇ ਵਜੋਂ ਸਮਝਣਾ ਹੋਵੇ ਤਾਂ ਲੇਖਕ ਦੱਸਦਾ ਹੈ ਕਿ ਇਸ ਨੂੰ ਇਲੂਮੀਨਾਤੀ ਅਤੇ ਹਾਊਸ ਆਫ ਰੌਥਚਾਈਲਡ ਚਲਾਉਂਦੇ ਹਨ। ਜੇ ਤੁਸੀਂ ਇਸ ਸਾਰੇ ਵਰਤਾਰੇ ਨੂੰ ਸਮਝਣਾ ਚਾਹੁੰਦੇ ਹੋ ਤਾਂ ਜਿਓ ਪੌਲਟਿਕਸ ਕਿਤਾਬ ਦਾ ਅਧਿਐਨ ਵਿਸ਼ਲੇਸ਼ਣ ਕਰਨਾ ਤੁਹਾਡੇ ਲਈ ਬਹੁਤ ਜ਼ਰੂਰੀ ਹੈ।

***ਮੋਬਾ. 94647-97400***

ਇਤਿਹਾਸ ਦੀਆਂ ਪੈੜਾਂ

ਵਿਜੈ ਬੰਬੇਲੀ

# ਗ਼ਦਰੀਆਂ ਦਾ ਸੂਹਾ ਪਿੰਡ : ਕੋਟਲਾ ਨੌਧ ਸਿੰਘ

ਕੋਟਲਾ ਨੌਧ ਸਿੰਘ, ਹੁਸ਼ਿਆਰਪੁਰ, ਬੈਂਸ ਜੱਟਾਂ ਦਾ ਕਬਜ਼ਾਇਆ ਪਿੰਡ ਹੈ। ਪਹਿਲਾਂ ਇਹ ਧੜਵੈਲ ਅਰਾਈਂ ਮੁਸਲਮਾਨਾਂ ਦੀ ਜਗੀਰ ਸੀ। ਉਦੋਂ ਬੇਸ਼ੱਕ ਇਹ ਵਸੇਬ ਦੀ ਬਜਾਏ ਵਿਸ਼ਾਲ ਚਰਾਂਦ ਦੀ ਨਿਗਰਾਨ ਚੌਂਕੀ ਦੇ ਨਿਆਂਈ ਸੀ, ਪਰ ਲੋੜ ਮੁਤਾਬਕ ਮਨੁੱਖੀ ਵਸੇਬਾ ਵੀ ਸੀ। ਸਮਾਂ ਪਾ ਕੇ ਇਸ ਪਿੰਡ ਦੀ ਸੱਦ ਦੇਸ਼ ਭਗਤਾਂ, ਖਾਸ ਕਰ ਗ਼ਦਰੀਆਂ ਦੇ ਪਿੰਡ ਵਜੋਂ ਹੋਈ। ਹੁਣ 90ਆਂ ਨੂੰ ਪਾਰ ਕਰ ਗਿਆ ਕਾ. ਜਰਨੈਲ ਸਿੰਘ, ਗ਼ਦਰੀ ਅਮਰ ਸਿੰਘ ਦਾ ਭਤੀਜਾ, ਸਿਜ਼ਰਾ ਨਸਬ (ਪਰਵਾਰਕ ਬੰਸਾਂਵਲੀ), ਜਿਹੜਾ ਉਸ ਹਰਿਦੁਆਰ ਤੇ ਸਦਰ ਕਾਨੂੰਗੋ (ਮਾਲ ਵਿਭਾਗ) ਤੋਂ ਪ੍ਰਾਪਤ ਕੀਤਾ ਸੀ, ਦਾ ਹਵਾਲਾ ਦਿੰਦਾ ਦੱਸਦਾ ਹੈ ਕਿ ਕੋਟਲਾ ਨੌਧ ਸਿੰਘ ਦੀ ਪਿੰਡ ਵਜੋਂ ਉਸਾਰੀ ਦੀ ਮੋੜ੍ਹੀ ਗੱਡਣ ਵਾਲੇ 'ਨੌਧਾਂ ਬੈਂਸ' ਦੀ ਉਹ 16ਵੀਂ ਪੀੜ੍ਹੀ ਵਿੱਚੋਂ ਹੈ। ਉਦੋਂ ਬੰਸ ਜਾਂ ਅਗਲੀ ਪੌਦ ਦੀ ਆਮਦ 18-22 ਵਰ੍ਹੇ ਬਾਅਦ ਮੰਨੀ ਜਾਂਦੀ ਸੀ। ਜੇ ਔਸਤਨ 20 ਵੀ ਮੰਨ ਲਈਏ ਤਾਂ 16 ਦੇ ਹਿਸਾਬ 320 ਵਰ੍ਹੇ ਤੇ 80 ਕੁ ਜੋੜ ਲਓ ਜਰਨੈਲ ਸਿੰਘ ਦੀ ਉਮਰ ਦੇ। ਇੰਜ ਇਹ ਪਿੰਡ ਜ਼ਰੂਰ ਚਾਰ ਕੁ ਸਦੀਆਂ ਪਹਿਲਾਂ ਬੱਝਾ ਹੋਊ। ਉਸ ਮੁਤਾਬਿਕ ਇਹਨਾਂ ਬੈਂਸਾਂ ਦੇ ਪੁਰਖਿਆਂ ਦੀ ਜੰਮਣ ਭੋਇੰ ਬੈਂਸਾਂ ਦੇ ਪਹਿਲਕੇ ਸਦਰ-ਮੁਕਾਮ ਖੇੜਾ (ਮਾਹਿਲਪੁਰ) ਦੇ ਲਾਗਲੇ ਪਿੰਡ ਗਣੇਸ਼ਪੁਰ-ਭਾਰਟਾ ਸੀ। ਉਦੋਂ ਟਿਕਵੀਂ ਖੇਤੀ ਦੀ ਬਜਾਏ ਮੁੱਖ ਧੰਦਾ ਪਸ਼ੂ-ਪਾਲਕ ਦਾ ਸੀ, ਜਿਸ ਲਈ ਵਿਸ਼ਾਲ ਚਰਾਂਦਾਂ ਅਤੇ ਜਲ-ਕੁੰਡਾਂ ਦੀ ਤੀਬਰ ਲੋੜ ਸੀ। ਜਦੋਂ ਮਾਹਿਲਪੁਰ ਜੂਹ 'ਚ ਇਹ ਤੰਗੀ ਮਹਿਸੂਸ ਹੋਈ ਤਾਂ ਪੰਜ-ਛੇ ਸਦੀਆਂ ਪਹਿਲਾਂ ਬੈਂਸ ਜੱਟਾਂ ਦਾ ਇੱਕ ਪੂਰ ਦੋ ਭਰਾਵਾਂ ਦੀ ਅਗਵਾਈ ਹੇਠ ਭਰਵੀਆਂ ਚਰਾਂਦਾਂ ਤੇ ਪਾਣੀ ਦੀ ਭਾਲ ਵਿੱਚ ਇੱਥੋਂ ਪ੍ਰਸਥਾਨ ਕਰ ਗਿਆ। ਇੱਕ ਰੁਕ ਗਿਆ ਲੋਅਰ ਸ਼ਿਵਾਲਿਕ ਦੇ ਪੈਰਾਂ ਵਿੱਚ ਹਰਿਆਣਾ ਲਾਗੇ ਤੇ ਦੂਜੇ ਨੇ ਘੁੰਮਦੇ-ਘੁਮਾਉਂਦੇ ਬਾਬਾ ਬਕਾਲਾ ਲਾਗੇ ਪੱਕੇ ਡੇਰੇ ਲਾ ਲਏ।

ਦੋਵਾਂ ਟੱਬਰਾਂ ਅਤੇ ਅਗਲਿਆਂ ਦਾ ਪੀੜ੍ਹੀ-ਦਰ-ਪੀੜ੍ਹੀ ਪੀਡਾ ਰਾਬਤਾ ਬਣਿਆ ਰਿਹਾ, ਜਿਸ ਦੇ ਜੁੜੰਤ-ਜਲੌਅ ਦਾ ਸੂਹਾ ਪ੍ਰਗਟਾਵਾ ਸਦੀ-ਦੋ ਸਦੀ ਬਾਅਦ ਹਰਿਆਣਾ ਲਾਗੇ ਟਿਕਿਆਂ ਦੀ ਅਗਲੀ-ਅਗਲੇਰੀ ਪੀੜ੍ਹੀ ਦੇ ਇੱਕ ਧੜਵੈਲ ਨੌਧਾਂ ਬੈਂਸ ਦੀ ਅਗਵਾਈ 'ਚ ਕੋਟਲਾ ਖਿੱਤਾ ਨੱਪਣ ਅਤੇ ਮਗਰੋਂ 'ਕੋਟਲਾ ਨੌਧ ਸਿੰਘ' ਬੰਨ੍ਹਣ ਵੇਲੇ ਹੋਇਆ। ਹੋਇਆ ਇਓਂ ਕਿ ਇਹ ਖਿੱਤਾ ਅਰਾਈਆਂ ਦੀ ਸਲਤਨਤ ਸੀ, ਜਿਹੜੇ ਇੱਥੇ ਡੰਗਰ ਚਾਰਦੇ ਅਤੇ ਲੋੜ ਮੁਤਾਬਕ ਵਰਖਾ-ਸੇਤੀ ਖੇਤੀ ਕਰਦੇ। ਲਾਗਲੀ ਜੂਹ 'ਚ ਚਰਦਾ ਬੈਂਸਾਂ ਦਾ ਮਾਲ-ਡੰਗਰ ਕਦੇ-ਕਦੰਤ ਦੇਵ-ਨੇਤ ਜਾਂ ਯੋਜਨਾਬੱਧ ਇਧਰ ਮੂੰਹ ਮਾਰ ਜਾਂਦਾ। ਅਰਾਈਂ ਤਲਖ ਹੋ ਜਾਂਦੇ, ਪਰ ਗੱਲ ਮਾਰ-ਕੁਟਾਈ ਜਾਂ ਕਬਜ਼ਾ ਕਰਨ ਤੱਕ ਕਦੇ ਵੀ ਨਹੀਂ ਸੀ ਵਧੀ। ਇੱਕ ਦਫਾ ਇਸੇ ਤਨਜ਼ ਦੀ ਅਚੇਤ-ਸੁਚੇਤ ਹੋਈ ਕੁੱਝ-ਵੱਧਵੀਂ ਹਰਕਤ ਨੇ ਅਰਾਈਆਂ ਨੂੰ ਐਨਾ ਤਲਖ ਕਰ ਦਿੱਤਾ ਕਿ ਉਹਨੀਂ ਭੱਤਾ ਲੈ ਕੇ ਤੁਰੀਆਂ ਤਿੰਨ ਬੈਂਸ ਤ੍ਰੀਮਤਾਂ ਦੀ ਬੇਹੱਦ ਹੇਠੀ ਕਰ ਦਿੱਤੀ। ਸਿੱਟੇ ਵਜੋਂ ਬੈਂਸਾਂ ਅਤੇ ਅਰਾਈਆਂ ਦੀ ਗਲ-ਵੱਢਵੀਂ ਲੜਾਈ ਹੋਈ, ਅਰਾਈਂ ਭਾਰੂ ਰਹੇ। ਬੈਂਸਾਂ ਨੇ ਬਕਾਲੇ ਤੋਂ ਆਪਣੇ ਸਕੇ-ਸੋਧਰੇ ਸੱਦ ਲਏ। ਬਕਾਲੇ ਗਿਆਂ ਦੀ ਉਹ ਅੱਠਵੀਂ ਪੀੜ੍ਹੀ ਸੀ। ਮਾਝੇ ਦੀ ਪੁੱਠ 'ਚ ਰੰਗ ਚੁੱਕੇ ਬੈਂਸ ਦੋਆਬੀਆਂ ਤੋਂ ਵੱਧ ਮਾਰੂ ਸਨ, ਹੁਣ ਬਾਜ਼ੀ ਬੈਂਸਾਂ ਦੇ ਹੱਥ ਰਹੀ ਅਤੇ ਅਰਾਈਂ ਆਪਣੇ ਲਾਗਲੇ ਮੂਲ ਸਦਰ ਮੁਰਾਦਪੁਰ-ਡਡਿਆਣਾ ਨੂੰ ਪੱਤਰਾ ਵਾਚ ਗਏ। ਬੈਂਸ ਇਸ 'ਕੋਟਲਾ' ਨਾਂਅ ਦੀ ਰੱਖ 'ਤੇ ਆਣ ਕਾਬਜ਼ ਹੋਏ ਪਰ ਕਿਉਂਕਿ ਅਰਾਈਆਂ ਦੇ ਤਿੰਨ ਬੰਦੇ ਵੀ ਮਾਰੇ ਗਏ ਸਨ ਤੇ ਉਹ ਇਲਾਕੇ ਦੇ ਮੁਸਲਿਮ ਧੜਵੈਲ ਪਾਸ, ਪਥਰਾਲ਼ੀਆਂ ਜਾ ਫਰਿਆਦੀ ਹੋਏ ਜਿਸ ਨੇ ਬਕਾਲੇ ਦੇ ਬੈਂਸਾਂ ਦੀ ਮਾਰੂ ਸ਼ਕਤੀ ਨੂੰ ਭਾਂਪਦਿਆਂ ਕੋਈ ਠੋਸ ਫੈਸਲ਼ਾ ਨਾ ਲਿਆ। ਕਿਹਾ ਜਾਂਦਾ ਹੈ ਕਿ ਅਰਾਈਆਂ ਦਾ ਕੋਟਲਾ, ਜਿੱਥੇ ਬੈਂਸਾਂ ਨੇ ਪਹਿਲਾਂ ਰੈਣ-ਬਸੇਰਾ ਕੀਤਾ, ਵੀ ਹੁਣ ਵਾਲੇ 'ਕੋਟਲਾ ਨੌਧ ਸਿੰਘ' ਤੋਂ ਫਰਲਾਂਗ ਕੁ ਦੂਰ ਮੁਰਾਦਪੁਰ ਕੰਨੀ ਹੀ ਸੀ/ਹੈ। ਇਸ ਥਾਂ ਤੋਂ, ਖੇਤਾਂ ਵਿੱਚ, ਹੁਣ ਵੀ ਕੱਚੇ ਭਾਂਡਿਆਂ ਦੀਆਂ ਠੀਕਰੀਆਂ ਤੇ ਕਦੇ-ਕਦੰਤ ਮੁਸਲਿਮ ਕਬਰਾਂ ਦੀਆਂ ਹੱਡੀਆਂ ਵੀ ਨਿਕਲ ਆਉਂਦੀਆਂ ਹਨ।

ਕਿਸੇ ਕਾਰਨ ਬੈਂਸਾਂ ਨੇ ਉਸ ਥੇਹ 'ਚ ਟਿਕਣ ਦੀ ਬਜਾਏ ਆਪਣੇ ਆਗੂ 'ਨੌਧਾਂ', ਕਿਹਾ ਜਾਂਦਾ ਹੈ ਕਿ ਉਹ ਬਕਾਲੀਆਂ ਤੋਂ ਵੀ ਵਧਵਾਂ ਸੀ, ਦੀ ਦੇਖ-ਰੇਖ ਹੇਠ ਹੁਣ ਵਾਲੀ ਥਾਂ ਪਿੰਡ ਦੀ ਮੋੜ੍ਹੀ ਗੱਡ ਦਿੱਤੀ ਅਤੇ ਪੱਕੇ ਪੈਰੀਂ ਰਹਿਣ ਲਈ ਬਕਾਲੇ ਵਾਲੀ ਧਿਰ ਨੂੰ ਵੀ ਮੁਕੰਮਲ ਤੌਰ 'ਤੇ ਇੱਥੇ ਹੀ ਵਸੇਬ ਕਰਨ ਨੂੰ ਮਨਾ ਲਿਆ। ਮਗਰੋਂ ਇਹ ਵਸੇਬ ਦੇਸ਼ਭਗਤ ਗ਼ਦਰੀਆਂ ਬਦੌਲਤ ਬੜੀ ਬੁਲੰਦ ਹੋਈ। ਗ਼ਦਰੀ ਅਮਰ ਸਿੰਘ ਤੇ ਸ਼ਿਵ ਸਿੰਘ ਇਸੇ ਧਿਰ ਦੇ ਫਰਜ਼ੰਦ ਸਨ ਅਤੇ ਗ਼ਦਰੀ ਬਾਬਾ ਹਰਨਾਮ ਸਿੰਘ ਟੁੰਡੀਲਾਟ ਬਕਾਲਿਓਂ ਮੁੜਿਆਂ 'ਚੋਂ ਸੀ। 'ਕੋਟਲਾ ਨੌਧ ਸਿੰਘ' ਜਿਸ ਗ਼ਦਰੀ ਵੀਰਾਂਗਣਾ ਬੀਬੀ ਗੁਲਾਬ ਕੌਰ ਦੀ ਬਦੌਲਤ ਬੜਾ ਉੱਘਾ ਹੋਇਆ, ਉਹ ਇੱਥੋਂ ਜਾਂ ਦੋਆਬੇ ਦੀ ਨਹੀਂ, ਮਾਲਵੇ ਦੇ ਪਿੰਡ 'ਬਖਸ਼ੀਵਾਲਾ' ਦੀ ਧੀ ਸੀ ਅਤੇ ਬੱਬਰ ਅਕਾਲੀ, ਵਿਸ਼ੇਸ਼ ਕਰਕੇ ਇਨਕਲਾਬੀ ਜੋਤ ਨੂੰ ਮਘਦਾ ਰੱਖਣ ਦੇ ਅਮਲ 'ਚ 'ਆਦਮਪੁਰ ਬੰਬ ਬਲਾਸਟ' 'ਚ ਸ਼ਹੀਦ ਹੋਣ ਵਾਲਾ ਸੂਰਮਾ ਚੰਨਣ ਸਿੰਘ ਵੀ ਇਸੇ ਪਿੰਡ ਦਾ ਸਪੂਤ ਸੀ। ਪਿੰਡ ਭਾਵੇਂ ਬੈਂਸ ਜੱਟਾਂ ਨੇ ਬੰਨ੍ਹਿਆ ਸੀ, ਪਰ ਗਰੇਵਾਲ ਜੱਟ ਵੀ ਇੱਥੇ ਵਿਸ਼ੇਸ਼ ਧਿਰ ਹਨ, ਜਿਹਨਾਂ ਦੀ ਆਮਦ ਬਾਰੇ ਇ. ਗੁਰਮੇਲ ਸਿੰਘ, ਜਿਸ ਨੇ ਵੀ ਇਸ ਨਗਰ ਅਤੇ ਦੇਸ਼ ਭਗਤਾਂ ਤੇ ਟੱਬਰਾਂ ਬਾਰੇ ਪੁਖਤਾ ਜਾਣਕਾਰੀ ਦਿੱਤੀ ਸੀ, ਮੁਤਾਬਿਕ ਵੱਖ-ਵੱਖ ਮੱਤ ਹਨ, ਜਿਵੇਂ ਗਰੇਵਾਲਾਂ ਨੂੰ ਨਾਨਕਾ ਢੇਰੀ ਮਿਲ ਜਾਣੀ ਜਾਂ ਮਾਮਿਆਂ ਦੇ ਮੁਤਬੰਨੇ, ਪਰ ਅਮਰੀਕਾ ਵੱਸਦੇ ਦਾਨਿਸ਼ਵਰ ਬਲਦੇਵ ਸਿੰਘ ਗਰੇਵਾਲ ਵੱਲੋਂ ਇੱਕ ਸਾਰਥਿਕ ਕਨਸੋਅ ਇਹ ਹੈ ਕਿ 'ਬੱਦੋਵਾਲ ਦੀ ਐਂਗਲੋ ਸਿੱਖ ਵਾਰ, 1946' ਸਮੇਂ ਜਦ ਸਿੱਖ ਧਿਰ ਨੁਕਸਾਨੀ ਗਈ ਤਾਂ ਉਥੇ ਵੱਸਦੇ ਕੁੱਝ ਧੜਵੈਲ ਗਰੇਵਾਲ ਦੋਆਬੇ ਨੂੰ ਧਾਹ ਗਏ ਸਨ। ਸਥਿਤੀਆਂ-ਪ੍ਰਸਥਿਤੀਆਂ ਵੱਸ ਉਹ ਪਹਿਲਾਂ ਹਰਿਆਣਾ-ਆਲੋਵਾਲ ਬੁੱਲ੍ਹੋਵਾਲ ਲਾਗੇ 'ਵਰਿਆਣਾ' ਵਿਖੇ ਆ ਟਿਕੇ ਅਤੇ ਲੋੜ-ਮੁਤਾਬਕ 1849 'ਚ ਉਹਨਾਂ ਨੂੰ 'ਕੋਟਲਾ ਨੌਧ ਸਿੰਘ' ਲੈ ਆਂਦਾ ਜਾਂ ਉਹ ਰਕਬਾ-ਬਹੁਤਾਤ ਕਾਰਨ ਖੁਦ ਆ ਵਸੇ। ਇਹਨਾਂ ਦੇ ਇੱਥੇ ਆ ਵਸਣ ਨਾਲ ਬੈਂਸ ਧਿਰ ਹੋਰ ਨਾ-ਫਿਕਰ ਹੋ ਗਈ। ਹਾਂ; ਗਰੇਵਾਲਾਂ ਤੋਂ ਪਹਿਲਾਂ ਅਤੇ ਮਗਰੋਂ ਵੀ ਹੋਰ ਕਿੱਤਾ ਸਮੂਹਾਂ ਦੀ ਆਮਦ ਸਥਿਰ ਹੱਦ ਤੀਕ ਜਾਰੀ ਰਹੀ ਅਤੇ ਕੋਟਲਾ ਇੱਕ ਸੰਪਨ ਪਿੰਡ ਦਾ ਰੂਪ ਅਖਤਿਆਰ ਕਰ ਗਿਆ।

ਪਹਿਲ-ਪਲੱਕੜਿਆਂ ਵਿੱਚ ਵਸੋਂ ਬਣਤਰ ਅਨੁਸਾਰ ਅਕਸਰ ਪਿੰਡ ਦੀ ਮੋੜ੍ਹੀ ਬੰਨ੍ਹਣ ਵਾਲੀ ਧਿਰ ਦੀ ਹੀ ਸੰਬੰਧਤ ਪਿੰਡ ਵਿਚ ਬਹੁਤੀ ਵਸੇਬ ਹੁੰਦੀ ਸੀ। ਭਾਵੇਂ ਕਿ ਹੋਰ ਜਾਤਾਂ ਵੀ ਇੱਥੇ ਆ ਵਸਦੀਆਂ ਰਹੀਆਂ। ਕਾਰਨ; ਪੁਰਾਣੇ ਭਾਰਤੀ ਪਿੰਡਾਂ ਵਿੱਚ ਕੋਈ ਵੀ ਜਾਤੀ ਸਵੈ-ਨਿਰਭਰ ਨਹੀਂ ਸੀ। ਉਸ ਨੂੰ ਹੋਰ ਕਿੱਤਾ ਜਾਤੀਆਂ, ਜਿਹਨਾਂ ਦਾ ਕੋਈ ਵਿਸ਼ੇਸ਼ ਧੰਦਾ, ਹੁਨਰ ਜਾਂ ਕੋਈ ਹੋਰ ਮੁਹਾਰਿਤ ਹੁੰਦੀ ਸੀ, ਦੀ ਲੋੜ ਪੈਂਦੀ ਸੀ ਜਾਂ ਉਹ ਖੁਦ ਰੋਜ਼ੀ-ਰੋਟੀ ਲਈ ਆ ਵੱਸਦੀਆਂ ਸਨ। ਉਹਨਾਂ ਦੇ ਵਸੇਬ ਨਾਲ ਹੀ ਕਿਸੇ ਪਿੰਡ ਦੀ ਉਸਾਰੀ ਸੰਪੂਰਨ ਹੁੰਦੀ ਸੀ। ਕੋਟਲਾ ਨੌਧ ਸਿੰਘ ਵੀ ਇਵੇਂ ਹੀ ਸੰਪੂਰਨ ਪਿੰਡ ਬਣਿਆ। ਮੁੱਖ ਤੌਰ 'ਤੇ ਪ੍ਰਮੁੱਖ ਧੰਦਾ ਵਾਹੀ-ਖੇਤੀ ਸੀ। ਪਿੰਡ ਦੀ ਸਾਰੀ ਵਸੋਂ ਕਿਰਸਾਨੀ ਦੇ ਧੁਰੇ ਨਾਲ ਬੀੜ੍ਹੀ ਹੋਣ ਕਰਕੇ ਖੇਤ ਅਤੇ ਫਸਲ ਹੀ ਤਾਅ-ਪਿੰਡ ਦੀ ਹੋਣੀ ਨਿਰਧਾਰਤ ਕਰਦੀ ਸੀ। ਭਾਵ ਪਿੰਡ ਵਿਚ ਵਸਦੇ ਸ਼ਿਲਪੀ ਅਤੇ ਹੋਰ ਕਾਮੇ ਤੇ ਸ਼ੇਪੀਦਾਰ, ਭਾਵੇਂ ਵੱਖੋ-ਵੱਖਰਾ ਕੰਮ-ਧੰਦਾ ਕਰਦੇ ਸਨ, ਪਰ ਸਭਨਾਂ ਦੀ ਹੋਣੀ ਕਿਰਸਾਨੀ ਨਾਲ ਬੱਝੀ ਹੋਣ ਕਾਰਨ ਬਹੁਤੀਆਂ ਧਿਰਾਂ ਖੇਤੀ ਨਾਲ ਅੰਤਰ-ਸੰਬੰਧਤ ਸਨ। ਗੁੱਜਰ ਜਾਂ ਨਿਮਨ ਕਿਸਾਨ ਪਸ਼ੂ ਪਾਲਦੇ। ਅਰਾਈਂ ਸਬਜ਼ੀਆਂ ਉਗਾਉਂਦੇ, ਅੱਧ-ਵਟਾਈ 'ਤੇ ਖੇਤੀ ਕਰਦੇ। ਤਰਖਾਣ ਲੱਕੜ ਅਤੇ ਹਲ-ਮੁੰਨੇ ਦੀ ਬਣਵਾਈ ਕਰਦਾ ਅਤੇ ਲੋਹ-ਕਾਰਜ ਲੁਹਾਰਾਂ ਦਾ ਕਿਸਬ ਸੀ। ਲੁਹਾਰਾਂ-ਤਰਖਾਣਾਂ ਦੇ ਆਟਾ ਪੀਸਣ ਵਾਲੇ ਖਰਾਸ ਵੀ ਸਨ। ਕੁੱਝ ਮੁਸਲਿਮ ਲੁਹਾਰਾਂ ਕੰਮ ਕਰਦੇ, ਬਹੁਤੇ ਕੱਪੜਾ ਬੁਣਦੇ। ਪੇਂਜਾ ਰੂੰ ਦਾ ਕੰਮ ਕਰਦਾ ਤੇ ਛੀਂਬਾ ਕੋਰਿਆਂ ਦਾ। ਤੇਲੀ ਕੋਹਲੂ ਬੀੜਦੇ। ਲਲਾਰੀ ਕੱਪੜੇ ਰੰਗਦੇ, ਨਿਲਾਰੀ ਸੂਤ ਨੂੰ ਨੀਲ ਕਰਦੇ। ਨੈਣ ਮੀਢੀਆਂ ਗੁੰਦਦੀ ਅਤੇ ਨਾਈ ਵਾਲ-ਸੰਵਾਰ ਦਿੰਦਾ, ਵਿਆਹ-ਪਰ੍ਹੇ ਦਾ ਸੁਨੇਹਾ ਵੀ ਉਹੀ ਲਾਉਂਦੇ ਅਤੇ ਭਾਂਡੇ-ਸਵਾਂਰੀ ਦਾ ਕੰਮ ਝਿਉਰ ਕਰਦਾ। ਮਰਾਸੀ ਮਰਸੀਏ ਅਤੇ ਉਤਸਤ ਪੜ੍ਹਦੇ, ਬੰਸਾਂਵਲੀ ਦੱਸਦੇ। ਪਾਂਧਾ ਧਰਮ-ਕਰਮ ਤੇ ਵਿਆਹ ਪੜ੍ਹਦਾ ਅਤੇ ਸ਼ਾਹੂਕਾਰ ਗਰਜ਼ ਸਾਰਦਾ। ਕੋਟਲਾ ਨੌਧ ਸਿੰਘ ਦਾ ਸਰੂਪ, ਕਰੀਬ ਇਹੋ ਜਿਹਾ ਸੀ।

ਦਰ-ਹਕੀਕਤ; ਭਲਿਆਂ ਵਕਤੀਂ ਸਭ ਪਿੰਡ ਬੁਨਿਆਦੀ ਸਰੂਪ ਵਿਚ ਇੱਕ-ਦੂਜੇ ਨਾਲ ਮੇਲ ਖਾਂਦੇ ਸਨ/ਹਨ। ਕੁਝ ਕੁ ਕੱਚੇ-ਪੱਕੇ ਘਰਾਂ ਦਾ ਸਮੂਹ। ਪਸ਼ੂਆਂ ਦੇ ਨਹਾਉਣ-ਪੀਣ ਲਈ ਇੱਕ ਛੱਪੜ, ਪਾਣੀ ਲਈ ਖੂਹ। ਹਰ ਪਿੰਡ ਦੀ ਸਾਂਝੀ ਸੱਥ, ਜਿੱਥੇ ਤਬਸਰੇ ਚੱਲਦੇ, ਰਾਗ-ਰਤਨ ਹੁੰਦੇ। ਪਿੱਪਲਾਂ-ਬੋਹੜਾਂ 'ਤੇ ਤੀਆਂ, ਪਿੰਡ ਦੀ ਬਾਹਰਲੀ ਹੱਦ ਉੱਤੇ ਜਠੇਰਿਆਂ ਤੇ ਸਤੀਆਂ ਦੇ ਸਥਾਨ ਅਤੇ ਖੈੜੇ ਦੀਆਂ ਮਮਟੀਆਂ ਹੁੰਦੀਆਂ ਸਨ। ਹੱਟੀ, ਭੱਠੀ ਅਤੇ ਸੱਥ ਨੂੰ ਪਿੰਡ ਦਾ ਸੰਚਾਰ ਕੇਂਦਰ ਕਿਹਾ ਜਾ ਸਕਦਾ ਸੀ। ਜਿੱਥੋਂ ਤੱਕ ਆਰਥਿਕ, ਸਮਾਜਿਕ ਅਤੇ ਅੰਸ਼ਕ ਹੱਦ ਤੀਕ ਸਿਆਸੀ ਮਾਮਲਿਆਂ ਦਾ ਸੰਬੰਧ ਸੀ, ਸਾਰੇ ਪੇਂਡੂ ਤਾਣੇ-ਪੇਟੇ ਵਾਂਗ ਇੱਕ-ਦੂਜੇ ਵਿਚ ਰਚੇ ਤੇ ਰਮੇ ਹੋਏ ਸਨ। ਸੁਚੇਤ ਰੂਪ ਵਿਚ ਸਭ ਪਿੰਡ ਦੀ ਸਾਹ-ਰਗ 'ਖੇਤੀ' ਵਿਚ ਦਿਲਚਸਪੀ ਲੈਂਦੇ ਸਨ, ਕਿਉਂਕਿ ਪੁਰਾਣੇ ਭਾਰਤੀ ਪਿੰਡਾਂ ਵਿਚ ਕੋਈ ਵੀ ਜਾਤੀ ਸਵੈ-ਨਿਰਭਰ ਨਹੀਂ ਸੀ, ਜਿਸ ਕਰਕੇ ਹਰ ਧਿਰ ਦੀ ਕਦਰ ਸੀ। ਇਹੀ ਪਿੰਡਾਂ ਦਾ ਸਿਫਤੀ ਪੱਖ ਸੀ। ਪਿੰਡ ਦੇ ਹਰ ਘਰ ਜਾਂ ਵਿਸ਼ੇਸ ਕਿੱਤਾ ਸਮੂਹ ਨੂੰ ਹੋਰ ਕਿੱਤਾ ਸਮੂਹਾਂ (ਜਾਤੀਆਂ), ਜਿਹਨਾਂ ਕੋਲ ਧੰਦਾ ਵਿਸ਼ੇਸ਼/ਵਿਸ਼ੇਸ਼ ਕਿਰਤ ਜਾਂ ਪੇਸ਼ਿਆਂ ਦੀ ਮੁਹਾਰਤ ਤੇ ਇਜਾਰੇਦਾਰੀ ਹੁੰਦੀ ਸੀ, ਦੀਆਂ ਸੇਵਾਵਾਂ ਦੀ ਲੋੜ ਪੈਂਦੀ ਸੀ। ਨਵਾਂ ਪਿੰਡ ਬੰਨ੍ਹਣ ਸਮੇਂ ਤਾਂ ਅਜਿਹਾ ਕਰਨਾ ਹੋਰ ਵੀ ਜ਼ਰੂਰੀ ਹੋ ਜਾਂਦਾ ਸੀ ਜਾਂ ਹੋਰ ਪਾਸਿਓਂ ਵੀ, ਹੋਰ ਜਾਤਾਂ (ਧਰਮੀ) ਵੀ ਆਪਣੀਆਂ ਰੋਜ਼ੀ-ਰੋਟੀ ਦੀਆਂ ਲੋੜਾਂ ਤਹਿਤ ਉਥੇ ਵਸੇਬ ਕਰ ਲੈਂਦੀਆਂ। ਇੰਝ ਹੀ ਪ੍ਰੋਹਿਤ ਅਤੇ ਸ਼ਾਹੂਕਾਰ ਸ਼੍ਰੇਣੀਆਂ ਵੀ ਆਈਆਂ। ਇੱਥੇ ਵੀ ਐਨ ਇਵੇਂ ਹੀ ਵਾਪਰਿਆ।


ਖੇਤੀ ਤੋਂ ਬਿਨਾਂ ਜਿਸ ਕਿਸਬ ਵਿੱਚ ਇਸ ਨਗਰ ਦੀ ਮੁਹਾਰਤ ਸੀ, ਉਹ ਸੀ ਲੱਕੜ-ਦਰਵਾਜ਼ਿਆਂ ਅਤੇ ਭਾਰੀ-ਭਰਕਮ ਤਖਤਿਆਂ 'ਚ ਠੁੱਕਣ ਵਾਲੇ ਟੋਪੀ ਵਾਲੇ ਲੋਹ-ਕਿੱਲ। ਬੜੇ ਕਮਾਲ ਅਤੇ ਮਜ਼ਬੂਤ ਕਿੱਲ ਬਣਦੇ ਸਨ ਇੱਥੇ, ਜਿਹਨਾਂ ਦੀ ਖ੍ਰੀਦੋ-ਫਰੋਖਤ ਦੀ ਮੁੱਖ ਮੰਡੀ ਹੁਸ਼ਿਆਰਪੁਰ ਸੀ। ਇੱਥੋਂ ਦੇ ਕਾਰੀਗਰਾਂ ਬੜਾ ਨਾਮਣਾ ਅਤੇ ਪੈਸਾ ਕਮਾਇਆ ਇਸ ਕਿਸਬ ਵਿੱਚ। ਇਹੀ ਨਹੀਂ, ਇੱਕ ਹੋਰ ਕਿੱਤੇ ਵਿੱਚ ਇਸ ਗਰਾਂ ਦਾ ਕੋਈ ਸਾਨੀ ਨਹੀਂ ਸੀ, ਉਹ ਸੀ ਕੱਪੜਾ ਬੁਣਾਈ। ਹਿੰਦੂ ਜੁਲਾਹੇ ਗੱਡਾ ਲੱਦ ਖੱਦਰ ਹੁਸ਼ਿਆਰਪੁਰ ਤੋਰਦੇ। ਮੁਸਲਮਾਨਾਂ ਦੀ ਉਣੀਆਂ-ਬੁਣੀਆਂ ਧਾਰੀਦਾਰ ਪੱਗਾਂ ਦੀ ਆਪਣੀ ਧੱਕ ਸੀ। ਤੋੜ ਸੰਤਾਲੀ ਤੱਕ ਰੰਗ-ਬਿਰੰਗੇ ਕੱਪੜੇ ਤਾਮੀਰ ਕਰਨ ਵਾਲੇ ਮੁਸਲਿਮ ਜੁਲਾਹਿਆਂ ਦੀਆਂ ਸਵਾ ਦਰਜਨ ਹੱਥ-ਖੱਡੀਆਂ ਦੀ ਠੱਕ-ਠੱਕ ਫਿਜ਼ਾ ਵਿੱਚ ਗੂੰਜਦੀ ਰਹਿੰਦੀ। ਅਫਸੋਸ ਨਾ ਚਾਹੁੰਦਿਆਂ ਵੀ ਕੋਟਲਾ ਵੱਸਦੇ ਮੁਸਲਿਮ ਹਮਸਾਇਆਂ ਨੂੰ ਪਰਾਈ ਧਰਤੀ ਪਾਕਿਸਤਾਨ ਨੂੰ ਭਰੇ ਮਨ ਨਾਲ ਤੁਰਨਾ ਪਿਆ। ਇਲਾਕੇ 'ਚ ਅਭੋਲ ਮੁਸਲਮਾਨਾਂ ਵਿਰੁੱਧ ਹੁੰਦੀ ਬੁਰਛਾਗਰਦੀ ਦੇ ਬਾਵਜੂਦ ਕੋਟਲੀਆਂ ਨੇ ਇਹਨਾਂ ਨੂੰ ਤੱਤੀ ਵਾਅ ਨਾ ਲੱਗਣ ਦਿੱਤੀ, ਬਾ-ਇੱਜ਼ਤ ਸੁਰੱਖਿਅਤ ਪਨਾਹ-ਕੈਂਪਾਂ 'ਚ ਪੁਚਾਇਆ। ਇਸ ਭਲੇ-ਕਾਰਜ ਵਿੱਚ ਇੱਥੋਂ ਦੇ ਗ਼ਦਰੀ ਬਾਬਿਆਂ ਦੀ ਸਰਗਰਮੀ ਅਣਮਿਣਵੀਂ ਹੈ। ਇਹੀ ਨਹੀਂ, ਸਿਰਮੌਰ ਗ਼ਦਰੀ ਬਾਬਾ ਹਰਨਾਮ ਸਿੰਘ ਟੁੰਡੀਲਾਟ ਨੇ ਹੁਸ਼ਿਆਰਪੁਰ ਖਿੱਤੇ ਸਮੇਤ ਜੁੜਵੇਂ ਇਲਾਕੇ ਵਿੱਚ ਵੀ ਮਨੁੱਖਤਾ ਨਿਆਈਂ ਜਾਨ-ਵਾਰਵਾਂ ਹਿੱਸਾ ਪਾਇਆ ਸੀ। ਦਰ-ਹਕੀਕਤ; ਇਹ ਇਸ ਨਗਰ ਦੇ ਦੇਸ਼ ਭਗਤਾਂ ਵੱਲੋਂ ਗ਼ਦਰ ਪਾਰਟੀ ਦੇ ਅਸਲ ਮਨੋਰਥਾਂ ਦਾ ਮੂਕ-ਪ੍ਰਗਟਾਵਾ ਸੀ।

ਗੋਰਾ-ਸ਼ਾਹੀ ਨੇ ਆਮ ਸਥਾਨਕ ਪ੍ਰਬੰਧਕ, ਦਰ-ਹਕੀਕਤ; ਲੋਕ-ਲਹਿਰਾਂ 'ਤੇ ਸੂਹੀਆਂ ਅੱਖ, ਹਿੱਤ ਕੋਟਲਾ ਨੌਧ ਸਿੰਘ ਨੂੰ ਇਲਾਕੇ ਦਾ ਜ਼ੈਲ ਪਿੰਡ ਵੀ ਥਾਪਿਆ ਸੀ। ਨੇੜਲੇ 33 ਪਿੰਡ ਇਸ ਜ਼ੈਲ ਨਾਲ ਨੱਥੀ ਕਰਕੇ ਪਹਿਲਾਂ ਜ਼ੈਲਦਾਰ ਨਰਿੰਦਰ ਸਿੰਘ ਥਾਪਿਆ ਗਿਆ। ਅਫਸੋਸ! ਇੱਕਾ-ਦੁੱਕਾ ਨੂੰ ਛੱਡ ਕੇ ਬਾਕੀ ਸਾਰੇ ਹੋਰ ਜ਼ੈਲਦਾਰਾਂ ਵਾਂਗ ਦੇਸ਼ ਭਗਤਾਂ ਦੇ ਸੰਦਰਭ 'ਚ ਇਸ ਜ਼ੈਲ ਦੀਆਂ ਵੀ ਸਾਰੀਆਂ ਗਤੀਵਿਧੀਆਂ ਸਿਆਹ-ਕਾਲਖ ਸਨ। ਹਾਂ; ਇਸ ਟੱਬਰ 'ਚੋਂ ਉਸ ਸਮੇਂ ਅਤੇ ਮਗਰੋਂ ਵੀ ਕਈ ਨਾਮਣੇ ਵਾਲੇ ਸ਼ਖਸ ਹੋਏ, ਪਰ ਇਤਿਹਾਸ 'ਚ ਲਿਖਿਆ ਮੇਟਿਆ ਨਹੀਂ ਜਾ ਸਕਦਾ। ਕੋਟਲਾ ਨੌਧ ਸਿੰਘ ਨੇ ਪਹਿਲਕੀਆਂ 'ਚ ਅਤੇ ਮਗਰੋਂ ਵੀ ਲਗਾਤਾਰ ਮਾਣਮੱਤੀਆਂ ਅਤੇ ਲੋਕ-ਹਿਤੂ ਸ਼ਖਸੀਅਤਾਂ ਨੂੰ ਜਨਮ ਦਿੱਤਾ ਪਰ ਲੇਖ ਦੀ ਸੀਮਤਾਈ ਕਾਰਨ ਅਤੇ ਗ਼ਦਰੀ ਵੀਰਾਂਗਣਾ ਬੀਬੀ ਗੁਲਾਬ ਕੌਰ ਦੀ 100 ਸਾਲਾ ਬਰਸੀ ਮੌਕੇ 28 ਜੁਲਾਈ 1925 ਨੂੰ ਉਸ ਇਸੇ ਨਗਰ ਮਹਿਜ਼ 34 ਵਰ੍ਹਿਆਂ ਦੀ ਉਮਰੇ ਗ਼ਦਰੀਆਂ ਦੇ ਪਰਵਾਰਾਂ ਦੇ ਹੱਥਾਂ ਵਿੱਚ ਅੰਤਿਮ ਸਵਾਸ ਲਿਆ ਸੀ, ਅਸੀਂ ਸਿਰਫ ਇਸ ਸੂਹੇ ਖੇੜੇ, ਜਿਸ ਵਿੱਚ ਕਰਤਾਰ ਸਿੰਘ ਸਰਾਭਾ ਤੇ ਵਿਸ਼ਣੂ ਗਣੇਸ਼ ਪਿੰਗਲੇ ਸਮੇਤ ਕਈ ਸਿਰਮੌਰ ਗ਼ਦਰੀਆਂ ਦੀ ਭ੍ਰਮਣ-ਸਥੱਲ ਰਹੀ, ਦੇ ਦੇਸ਼ ਭਗਤਾਂ ਵਿਸ਼ੇਸ਼ ਤੌਰ 'ਤੇ ਗ਼ਦਰੀ ਸੂਰਮਿਆਂ ਦੀ ਹੀ, ਸੰਦਰਭ ਪਿੰਡ 'ਕੋਟਲਾ ਨੌਧ ਸਿੰਘ' ਦੀ ਹੀ ਸੀਮਿਤ ਬਾਤ ਪਾਵਾਂਗੇ, ਪਰ ਬਹੁਤ ਸੰਖੇਪ ਇਹ ਕਿ ਗ਼ਦਰੀਆਂ ਤੋਂ ਬਿਨਾਂ ਇਸ ਨਗਰ ਦੇ ਨਾਦੀ ਪੁੱਤ ਇਹ ਵੀ ਸਨ: 1. ਸ. ਅਮਰ ਸਿੰਘ ਪੁੱਤਰ ਅਤਰਾ (ਅਤਰ ਸਿੰਘ), ਗੁਰਦਵਾਰਾ ਸੁਧਾਰ ਲਹਿਰ (ਜੈਤੋਂ ਮੋਰਚਾ, ਕੈਦ) 2. ਸ. ਹਰਦਿੱਤ ਸਿੰਘ ਪੁੱਤਰ ਬਸੰਤਾਂ (ਬਸੰਤ ਸਿੰਘ), ਨਾ-ਮਿਲਵਰਤਨ ਲਹਿਰ (ਕੈਦ)।



'ਚੁਬਾਰਾ', ਜਿੱਥੇ ਗ਼ਦਰੀ ਵੀਰਾਂਗਣਾ ਰਹਿੰਦੀ ਰਹੀ ਤੇ ਅੰਤਮ ਸਵਾਸ ਲਏ।

**ਭਾਈ ਚਾਨਣ ਸਿੰਘ** : ਗ਼ਦਰੀ ਅਮਰ ਸਿੰਘ ਦੇ ਭਤੀਜੇ ਚਾਨਣ ਸਿੰਘ 'ਤੇ ਬੀਬੀ ਗੁਲਾਬ ਕੌਰ ਦੀ ਸ਼ਖਸੀਅਤ ਅਤੇ ਉਸ ਦੇ ਕਾਰਜਾਂ ਦਾ ਪ੍ਰੇਰਨਾਮਈ ਅਸਰ ਪਿਆ। ਜਦੋਂ ਬੀਬੀ ਹੁਸ਼ਿਆਰਪੁਰ ਦੀ ਜੇਲ੍ਹ ਵਿੱਚ (1916-1920) ਸੀ, ਤਦ ਕੁ ਹੀ ਇਹ ਗਭਰੂਟ ਫੌਜ ਵਿੱਚ ਭਰਤੀ ਹੋਇਆ ਸੀ। ਆਹਲਾ ਫੌਜੀ ਕਾਰਜਸ਼ੈਲੀ ਬਦੌਲਤ ਉਸ ਨੂੰ ਮੀਰਪੁਰ ਖਾਸ (ਸਿੰਧ, ਹੁਣ ਪਾਕਿਸਤਾਨ) ਵਿੱਚ ਜ਼ਮੀਨ ਇਨਾਮ ਵਜੋਂ ਮਿਲੀ, ਜਿੱਥੇ ਉਹ ਆਪਣੇ ਭਰਾ ਜਵਾਲਾ ਸਿੰਘ ਨੂੰ ਵੀ ਲੈ ਗਿਆ, ਕਿਉਂਕਿ ਖੇਤੀ ਸਮੇਤ ਉਸ ਦੀ ਆਸਥਾ ਦੇਸ਼ ਭਗਤਾਂ ਪ੍ਰਤੀ ਵੀ ਸੀ, ਸੋ ਉਹ ਕਾਂਗਰਸ ਵੱਲੋਂ ਵਿੱਢੀ 'ਨਾਫੁਰਮਾਨੀ' ਦੀ ਮੁਹਿੰਮ ਵਿੱਚ ਵੀ ਸਰਗਰਮ ਹੋ ਗਿਆ, ਇਵਜ਼ ਵਿੱਚ ਉਸ ਨੂੰ ਗ੍ਰਿਫਤਾਰ ਕਰਕੇ ਹੁਸ਼ਿਆਰਪੁਰ ਦੀ ਜੇਲ੍ਹ ਵਿੱਚ ਤੂੜ ਦਿੱਤਾ ਗਿਆ। ਜਦੋਂ ਸਾਥੀਆਂ ਸਮੇਤ ਇਹਨਾਂ ਨੂੰ ਜੱਜਾਂ ਮੂਹਰੇ ਮੁਕੱਦਮੇ ਹਿੱਤ ਪੇਸ਼ ਕੀਤਾ ਜਾਂਦਾ ਤਾਂ ਅਦਾਲਤਾਂ ਵਿੱਚ ਲੋਕ-ਹਜ਼ੂਮ ਉਮੜ ਪੈਂਦੇ। ਸਿੱਟੇ ਵਜੋਂ ਇੱਕ ਸਾਲ ਦੀ ਸਜ਼ਾ ਸੁਣਾ ਇਹਨਾਂ ਨੂੰ ਲਾਹੌਰ ਦੀ ਸ਼ਾਹੀ ਜੇਲ੍ਹ ਵਿੱਚ ਬੰਦ ਕਰ ਦਿੱਤਾ, ਜਿੱਥੇ ਉਸ ਦਾ ਮੇਲ ਸਿਰਮੌਰ ਦੇਸ਼ ਭਗਤਾਂ ਨਾਲ ਹੋਇਆ। ਕਹਿੰਦੇ ਹਨ ਕਿ ਉੱਥੇ ਹੀ ਉਸ ਦੀ ਸੰਖੇਪ ਗੱਲਬਾਤ ਸ਼ਹੀਦ ਭਗਤ ਸਿੰਘ ਨਾਲ ਵੀ ਹੋਈ ਸੀ। ਜੇਲ੍ਹ ਬੰਦ ਤੱਤੇ ਦੇਸ਼ ਭਗਤਾਂ ਦੀਆਂ ਸ਼ਖਸੀਅਤਾਂ ਬਦੌਲਤ ਉਹ ਖਾੜਕੂ-ਇਨਕਲਾਬੀ ਰੰਗ ਵਿੱਚ ਰੰਗਿਆ ਗਿਆ ਅਤੇ ਜੇਲ੍ਹੋਂ ਮੁੜ ਉਸ ਆਪਣੇ ਗਰਾਈਂ ਗ਼ਦਰੀ ਟੁੰਡੀਲਾਟ, ਜਿਹਨਾਂ ਨੂੰ ਅਮਰੀਕਾ ਵਿੱਚ ਬੰਬਾਂ ਦੀ ਪਰਖ ਕਰਦਿਆਂ ਬਾਂਹ ਉੱਡ ਜਾਣ ਉਪਰੰਤ 'ਟੁੰਡੀਲਾਟ' ਦਾ ਖਿਤਾਬ ਮਿਲਿਆ ਸੀ, ਤੋਂ ਬੰਬ ਬਣਾਉਣ ਦੀ ਟਰੇਨਿੰਗ ਲੈ ਕੇ ਇਨਕਲਾਬੀ ਗਰੁੱਪ ਹਿੱਤ ਤਰੱਦਦ ਵਿੱਢ ਦਿੱਤੇ। ਇੱਕ ਦਿਨ ਉਹ ਖਾਸ ਮਿਸ਼ਨ ਤਹਿਤ ਕੁੱਝ ਹੱਥਗੋਲੇ ਲੈ ਕੇ ਖੁਰਦਪੁਰ (ਆਦਮਪੁਰ) ਆਇਆ। ਖੁਰਦਪੁਰ ਵੀ ਗ਼ਦਰੀਆਂ ਦੀ ਜੰਮਣ ਭੋਇੰ ਅਤੇ ਇਨਕਲਾਬੀ ਕਾਰਵਾਈਆਂ ਵਜੋਂ ਸਰਗਰਮ ਸੀ। ਉਥੋਂ ਖਾਸ ਯੋਜਨਾ ਤਹਿਤ ਉਹ ਇੱਕ ਮਾਰੂ-ਹੱਥਗੋਲਾ ਲੈ ਕੇ ਆਦਮਪੁਰ 'ਟੇਸ਼ਣ ਪੁੱਜਾ, ਪਰ ਪੁਲਸ ਨਫਰੀ ਦੇਖ ਉਸ ਚੌਕੰਨੀ ਕਾਰਵਾਈ ਦੀ ਕੋਸ਼ਿਸ਼ ਅਧੀਨ 'ਚੋਮੋ' ਪਿੰਡ ਵੱਲ ਜਿਉਂ ਹੀ ਫੁਰਤੀਲਾ ਰੁਖ ਕੀਤਾ ਤਾਂ ਅਚਾਨਕ ਉਹ ਬੰਬ ਫਟ ਗਿਆ, ਭਾਈ ਚਾਨਣ ਸਿੰਘ ਸ਼ਹੀਦ ਹੋ ਗਿਆ। ਗੋਰਾ-ਸ਼ਾਹੀ ਨੇ ਇਸ ਨੂੰ 'ਆਦਮਪੁਰ ਬੰਬ ਬਲਾਸਟ' (ਮਈ, 1931) ਦਾ ਨਾਂਅ ਦੇ ਕੇ ਤਿੱਖੀ ਤਫ਼ਸੀਸ ਆਰੰਭੀ ਅਤੇ ਪੁੱਛਗਿੱਛ ਲਈ ਕੋਟਲਾ ਨੌਧ ਸਿੰਘ ਵੀ ਫਰੋਲਿਆ। ਸ਼ੱਕ ਵਜੋਂ ਇੱਥੋਂ ਦੇ ਭਗਤ ਸਿੰਘ ਅਤੇ ਖੜਕ ਸਿੰਘ, ਦੇਸ਼ ਭਗਤਾਂ ਦੇ ਹਮਦਰਦ ਅਤੇ ਸਕੇ-ਸੋਧਰੇ ਹਿਰਾਸਤ ਵਿੱਚ ਲੈ ਲਏ। ਪੁਲਸ ਰਿਆਸਤ ਸੰਗਰੂਰ ਦੇ ਪਿੰਡ ਮਾਹਲਾਂ ਦੇ ਪ੍ਰਤਾਪ ਸਿੰਘ ਦੇ ਡੇਰੇ ਵੀ ਪੁੱਜੀ, ਜਿਸ ਦਾ ਟੱਬਰ 'ਟੁੰਡੀਲਾਟ ਜੀ' ਦਾ ਭਤੀਜ-ਪਰਵਾਰ ਸੀ, ਪਰ ਪੋਟਾਸ਼, ਜਿਸ ਬਾਰੇ ਕਿਹਾ ਗਿਆ "ਇਹ ਜੰਗਲੀ ਜਾਨਵਰਾਂ ਅਤੇ ਜਨੌਰਾਂ ਤੋਂ ਰਾਖੀ ਲਈ ਹੈ", ਤੋਂ ਬਿਨਾਂ ਕੁੱਝ ਵੀ ਇਤਰਾਜ਼ਯੋਗ ਨਾ ਮਿਲਿਆ। ਅਸਲ ਵਿੱਚ ਚਾਨਣ ਸਿੰਘ ਜੀ ਦੀ ਮੌਤ ਨਾਲ ਹੀ 'ਆਦਮਪੁਰ ਬੰਬ ਬਲਾਸਟ' ਦਾ ਖੁਰਾ ਬੁਰਦ ਹੋ ਗਿਆ ਸੀ। ਕਨਸੋਆਂ ਮੁਤਾਬਿਕ ਭਾਈ ਜੀ ਦਾ ਸੰਬੰਧ 'ਬੱਬਰ ਅਕਾਲੀ ਲਹਿਰ' ਦੇ ਦੂਜੇ ਦੌਰ ਨਾਲ ਜੁੜਦਾ ਹੈ ਅਤੇ ਇਹ ਵੀ ਇਸ਼ਾਰੇ ਮਿਲਦੇ ਹਨ ਕਿ ਕਿਉਂਕਿ ਉਸ ਸਮੇਂ ਗੜ੍ਹਸ਼ੰਕਰ ਦਾ ਉੱਘਾ ਇਨਕਲਾਬੀ ਕਾਰਕੁੰਨ ਬਾਬਾ ਗੇਂਦਾ ਸਿੰਘ ਵੀ ਇਹਨਾਂ ਨਾਲ ਸੀ, ਸੋ ਚਾਨਣ ਸਿੰਘ ਦੀਆਂ ਤੰਦਾਂ 'ਇਨਕਲਾਬੀ ਧਿਰ' ਨਾਲ ਜੁੜਦੀਆਂ ਹਨ। ਭਾਈ ਚਾਨਣ ਸਿੰਘ ਜੀ ਅਤੇ ਇਸ ਸਾਰੇ ਬਾਰੇ ਨਿੱਠ ਕੇ ਖੋਜ ਕਰਨੀ ਬਣਦੀ ਹੈ।



ਜੰਗ-ਏ-ਆਜ਼ਾਦੀ ਸੂਰਮਾ ਚਾਨਣ ਸਿੰਘ 'ਕੋਟਲਾ ਨੌਧ ਸਿੰਘ'

**ਗ਼ਦਰੀ ਸ਼ਿਵ ਸਿੰਘ** : ਬਾਬਾ ਮੁਣਸ਼ੀ ਜੀ ਦੇ ਘਰ, 1886 'ਚ ਜਨਮਿਆ ਸ਼ਿਵ ਸਿੰਘ ਗੁਰਬਤ ਤੋਂ ਨਿਜ਼ਾਤ ਪਾਉਣ ਲਈ ਪਹਿਲਾਂ ਫੌਜ 'ਚ ਭਰਤੀ ਹੋਇਆ ਸੀ, ਪਰ ਕਈ ਕਾਰਨੀਂ ਉਸ ਦਾ ਉਪਰਾਮ ਮਨ ਉਸ ਨੂੰ 1906 'ਚ ਅਮਰੀਕਾ ਲੈ ਖੜਿਆ। ਅਜਿਹਾ ਉਸ ਨੇ, ਉਸ ਨੂੰ ਅਤੇ ਹਰਨਾਮ ਸਿੰਘ (ਟੁੰਡੀਲਾਟ) ਨੂੰ ਅਮਰੀਕਾ ਤੋਂ ਆਪਣੇ ਸਕੇ-ਸੋਧਰੇ ਅਮਰ ਸਿੰਘ ਦੇ ਸਾਂਝੇ ਖਤ ਅਤੇ ਮਦਦ ਕਰਨ ਦੀ ਯਕੀਨ-ਦੁਹਾਨੀ ਤਹਿਤ ਵੀ ਕੀਤਾ। ਸਵੱਲੀ ਉਜਰਤ ਹਿੱਤ ਉਹ ਪਹਿਲਾਂ ਵੈਨਕੂਵਰ, ਫੇਰ ਮੂੰਢੀ ਅਤੇ ਮਗਰੋਂ 1910 'ਚ ਬ੍ਰੈਡਵਿਲ ਚਲਾ ਗਿਆ। ਦਰ-ਹਕੀਕਤ; 1909 'ਚ ਸ਼ਿਵ ਸਿੰਘ ਉਥੇ ਚਲਾ ਗਿਆ ਸੀ, ਸੋ ਚੋਖੀ ਉਜਰਤ ਕਾਰਨ ਹਰਨਾਮ ਸਿੰਘ ਵੀ 1910 'ਚ, ਤੇ ਮਗਰ ਹੀ ਅਮਰ ਸਿੰਘ ਵੀ ਬ੍ਰੈਡਵਿਲ ਸ਼ਿਵ ਸਿੰਘ ਕੋਲ ਜਾ ਪੁੱਜਾ। ਸਿਆਟਲ ਸ਼ਹਿਰ, ਜਿਹੜਾ ਉਥੋਂ ਨੇੜੇ ਸੀ, ਵਿਖੇ ਦਾਨਿਸ਼ਵਰ ਦੇਸ਼ ਭਗਤ ਤਾਰਕ ਨਾਥ ਬੇਹੱਦ ਸਰਗਰਮ ਸੀ। ਉਥੇ ਹੀ ਚਿੰਤਕ ਗੁਰੂ ਦੱਤ ਕੁਮਾਰ ਨੇ 'ਹਿੰਦੁਸਤਾਨ' ਨਾਂਅ ਦਾ ਉਰਦੂ ਅਖ਼ਬਾਰ ਵੀ ਸ਼ੁਰੂ ਕੀਤਾ ਹੋਇਆ ਸੀ। ਹਰਨਾਮ ਸਿੰਘ, ਜਿਸ ਨੇ ਪਿੰਡ ਦੇ ਚੌਥੀ ਤੱਕ ਦੇ ਮਦਰੱਸੇ ਤੋਂ ਉਰਦੂ-ਫਾਰਸੀ ਦੀ ਸਿੱਖਿਆ ਲਈ ਹੋਈ ਸੀ, ਜਿਹੜਾ ਮਗਰੋਂ ਵੀ ਉਹ ਹੋਰ ਭਾਸ਼ਾਵਾਂ ਸਿੱਖਦਾ-ਪੜ੍ਹਦਾ ਰਿਹਾ ਸੀ, ਉਹਨਾਂ ਨੂੰ ਉਹ ਪੇਪਰ ਪੜ੍ਹ ਕੇ ਸੁਣਾਇਆ ਕਰਦਾ ਸੀ। ਉਹਨਾਂ ਤਾਰਕ ਨਾਥ ਵਰਗਿਆਂ ਦੇ ਦੇਸ਼-ਹਿਤੂ ਭਾਸ਼ਣ। ਗੱਲ ਕੀ, ਉਹ ਸਾਰੇ ਲੋਕ ਤੇ ਦੇਸ਼ ਹਿੱਤ ਵਿੱਚ ਰੰਗੇ ਗਏ। ਜੀ.ਡੀ. ਕੁਮਾਰ, 1912 'ਚ ਮੋਨਾਰਕ ਮਿੱਲ ਜਿੱਥੇ ਸੋਹਣ ਸਿੰਘ ਭਕਨਾ ਆਦਿ ਵੀ ਕੰਮ ਕਰਦੇ ਸਨ, ਆਇਆ। ਢੇਰ ਵਿਚਾਰਾਂ ਉਪਰੰਤ 'ਹਿੰਦੀ ਐਸੋਸੀਏਸ਼ਨ' ਜਥੇਬੰਦੀ ਬਣਾਈ, ਜਿਸ ਨੂੰ ਲਾਲਾ ਹਰਦਿਆਲ ਦੇ ਆ ਮਿਲਣ ਨਾਲ ਜਥੇਬੰਦਕ ਅਤੇ ਨਿਰਧਾਰਤ ਉਦੇਸ਼ਪੂਰਕ ਦਿੱਖ ਮਿਲੀ। ਮਗਰੋਂ, ਗ਼ਦਰ ਪੇਪਰ ਉਪਰੰਤ, ਗ਼ਦਰ ਪਾਰਟੀ ਬਣੀ, ਫੇਰ ਚੱਲ-ਸੋ-ਚੱਲ। ਮੁਲਕ ਆਜ਼ਾਦੀ ਲਈ ਵਾਪਸ ਮੁੜੇ ਗ਼ਦਰੀਆਂ ਵਿੱਚ ਬਾਬਾ ਸ਼ਿਵ ਸਿੰਘ ਵੀ ਸੀ, ਜਿਸ ਸਿਰਮੌਰ ਕੁਰਬਾਨੀ ਕੀਤੀ, ਜਾਇਦਾਦ ਜ਼ਬਤੀ-ਜਲਾਵਤਨੀ ਹੰਢਾਈ ਅਤੇ ਤਾ-ਉਮਰ ਲੋਕ-ਹਿੱਤ ਵਿੱਚ ਡਟਿਆ ਰਿਹਾ।



ਗ਼ਦਰੀ ਵੀਰਾਂਗਣਾ ਬੀਬੀ ਗੁਲਾਬ ਕੌਰ

**ਬਾਬਾ ਅਮਰ ਸਿੰਘ** : ਵਾਲਦ ਬੂਟਾ ਸਿੰਘ, ਜਿਹੜੇ 1895 ਦੀ ਗਭਰੂਟ ਉਮਰੇ ਰਸਾਲਾ ਨੰਬਰ 35 'ਚ ਭਰਤੀ ਹੋਏ, ਨੇ ਅੱਖਰ ਗਿਆਨ ਪਿੰਡ ਦੇ ਸਾਧੂ ਤੋਂ ਪ੍ਰਾਪਤ ਕੀਤਾ ਸੀ। ਸਿਸਟਮ ਤੋਂ ਅਸੰਤੁਸ਼ਟ ਅਮਰ ਸਿੰਘ, 1904 'ਚ ਸਿੰਘਾਪੁਰ ਚੌਕੀਦਾਰ ਜਾ ਲੱਗਾ। ਚਾਰ ਛਿੱਲੜ ਭਾਵੇਂ ਵੱਧ ਮਿਲਣ ਲੱਗ ਪਏ ਸਨ, ਪਰ ਹੋਰ ਸੁਖੇਰੀ ਜ਼ਿੰਦਗੀ ਦੇ ਮੱਦੇਨਜ਼ਰ ਉਹ ਔਰਗਾਨ (ਅਮਰੀਕਾ) ਦੇ ਸ਼ਹਿਰ ਪੋਰਟਲੈਂਡ ਜਾ ਉੱਤਰੇ, ਲੱਕੜ ਮਿੱਲਾਂ 'ਚ ਬੇਹੱਦ ਘਾਲਣਾ ਘਾਲੀ ਤੇ ਪਿੰਡ ਦੇ ਸ਼ਿਵ ਸਿੰਘ ਤੇ ਹਰਨਾਮ ਸਿੰਘ ਨੂੰ ਮੰਗਵਾਇਆ। ਜਦ ਜੀ.ਡੀ ਕੁਮਾਰ ਨੇ ਹਰਨਾਮ ਸਿੰਘ (ਕਾਹਰੀ-ਸਾਹਰੀ) ਦੇ ਮਸ਼ਵਰੇ ਉਪਰੰਤ ਗ਼ਦਰ ਪਾਰਟੀ ਦੀ ਇਕਾਈ ਬਣਾਈ ਤਾਂ ਹਰਨਾਮ ਸਿੰਘ ਸਕੱਤਰ ਅਤੇ ਸ਼ਿਵ ਸਿੰਘ ਖਜ਼ਾਨਚੀ ਥਾਪੇ ਗਏ। ਵਤਨ ਖਲਾਸੀ ਲਈ ਭਾਰਤ ਮੁੜਦਿਆਂ ਸਰਕਾਰੀ ਸੂਹੀਆਂ ਤੋਂ ਤਾਂ ਬਚ ਨਿਕਲੇ, ਪਰ ਸਥਾਨਕ ਸਰਕਾਰੀ ਪਿੱਠੂਆਂ ਦੀ ਬਾਜ਼ ਅੱਖ ਹੇਠ ਬੇਸ਼ੱਕ ਆ ਗਏ ਸਨ, ਫਿਰ ਵੀ ਸੰਗੀਆਂ ਸੰਗ ਰਲ ਸਿਰਮੌਰ ਗ਼ਦਰੀਆਂ ਨਾਲ ਯਥਾ ਸੰਭਵ ਸਰਗਰਮੀ ਕਰਨ ਲੱਗ ਪਏ। ਬੀਬੀ ਗੁਲਾਬ ਕੌਰ ਨੇ ਪਹਿਲਾਂ ਇਹਨਾਂ ਦੇ ਘਰ ਹੀ ਰੈਣ-ਬਸੇਰਾ ਕਰਦਿਆਂ ਬਹੁ-ਭਾਂਤੀ ਭੂਮਿਕਾ ਨਿਭਾਉਣੀ ਸ਼ੁਰੂ ਕੀਤੀ ਸੀ, ਜਿਸ ਕਰਕੇ ਉਸ ਵੀਰਾਂਗਣਾ ਨੂੰ ਪਨਾਹ ਦੇਣ ਦੇ ਇਵਜ਼ ਵਿੱਚ ਵੀ ਇਹਨਾਂ ਨੂੰ ਮਗਰੋਂ ਸਜ਼ਾ ਹੋਈ ਸੀ, ਜਦਕਿ ਪਹਿਲਾਂ ਲਾਹੌਰ ਸਾਜ਼ਿਸ਼ ਕੇਸ-2 ਵਿੱਚ, ਜੂਨ 1915 'ਚ ਹੋਈ ਗ੍ਰਿਫਤਾਰੀ ਉਪਰੰਤ ਉਮਰ ਕੈਦ ਜਿਹੜੀ ਮਗਰੋਂ ਦੋ ਸਾਲ ਸਖ਼ਤ ਕੈਦ 'ਚ ਤਬਦੀਲ ਹੋਈ, ਵੀ ਕੱਟੀ ਸੀ। 1918 'ਚ ਰਿਹਾਈ ਉਪਰੰਤ ਭਾਵੇਂ ਹਕੂਮਤ ਨੇ ਜੂਹ ਬੰਦ ਕਰਕੇ ਸਥਾਨਕ ਪਿੱਠੂਆਂ ਨੂੰ ਸੁਚੇਤ ਕਰ ਦਿੱਤਾ ਸੀ, ਪਰ ਸੂਰਮੇ ਕਦੋਂ ਚੁੱਪ ਬਹਿੰਦੇ ਹਨ? ਬੀਬੀ ਗੁਲਾਬ ਕੌਰ ਨੂੰ ਕਦੇ ਮੌਕਾ ਸੰਭਾਲਣ ਹਿੱਤ ਤੋਰ ਮਨੀਲਾ ਤੋਂ ਮੁੜਦਿਆਂ ਗ਼ਦਰੀ ਜੀਵਨ ਸਿੰਘ ਦੀ ਫਰਜ਼ੀ ਪਤਨੀ ਵਜੋਂ ਵਿਖਾਉਣਾ ਪਿਆ, ਕਦੇ ਉਹ ਦੇਵੀ ਲਾਹੌਰ 'ਚ ਕਾਰਜਸ਼ੀਲ਼ ਦੇਸ਼ਭਗਤਾਂ ਦੀ ਪਛਾਣ ਗੁਪਤ ਕਰਨ ਤੇ ਉਹਨਾਂ ਦੀ ਸੁਰੱਖਿਆ ਹਿੱਤ ਕਿਸੇ ਸੂਰਮੇ ਦੀ ਨਾਮ-ਧਰੀਕ ਪਤਨੀ ਬਣੀ, ਪਰ ਇਹਨਾਂ ਸਾਰਿਆਂ ਨਾਲ ਉਸ ਦਾ ਅਸਲ ਰਿਸ਼ਤਾ ਜੰਗੀ-ਸਾਥੀ ਜਾਂ ਭੈਣ-ਭਾਈ ਵਾਲਾ ਰਿਹਾ। ਜਦੋਂ ਸਰਕਾਰ ਨਾਲ ਸੁਰ ਸਾਂਝੀ ਰੱਖਣ ਵਾਲੇ ਸਥਾਨਕ ਪਿੱਠੂਆਂ ਅਤੇ ਅਹਿਲਕਾਰਾਂ ਦੇ ਇਸ ਦਬਾਅ ਕਿ ਉਹ ਕਿਸੇ ਦੀ ਪਤਨੀ ਨਾ ਸਾਕਾਰ ਹੋਈ ਤਾਂ ਉਸ ਨੂੰ ਸਖ਼ਤ ਬਿਮਾਰ ਰਹਿਣ ਦੇ ਬਾਵਜੂਦ ਪੱਕੇ ਤੌਰ 'ਤੇ ਕੋਟਲੇ ਤੋਂ ਜੂਹ ਬਦਰ ਕਰ ਦਿੱਤਾ ਜਾਵੇਗਾ, ਤਦ ਬੀਬੀ ਦਿਆਲੀ ਵਰਗੀਆਂ ਨੇਕ ਰੂਹਾਂ ਦੇ ਸਮਝਾਉਣ 'ਤੇ ਦਾਅ-ਪੇਚ ਵਜੋਂ ਉਸ ਦੀ ਚਾਰਦੀਵਾਰੀ ਇਸੇ ਅਮਰ ਸਿੰਘ ਨਾਲ ਕਰ ਦਿੱਤੀ ਗਈ, ਪਰ ਸੁਤੰਤਰ ਸੰਗਰਾਮੀਆਂ ਦਾ ਸੱਤ ਵੇਖੋ, "ਉਸ ਦੇ ਜਿਉਂਦੇ ਜੀਅ ਗ਼ਦਰੀ ਅਮਰ ਸਿੰਘ ਆਪਣੇ ਘਰ ਤਾਂ ਕੀ, ਪਿੰਡ ਦੀ ਲਾਲ ਲਕੀਰ 'ਚ ਵੀ ਨਾ ਵੜਿਆ, ਅਜਿਹਾ ਸੀ ਉਹਨਾਂ ਯੁੱਧ ਸਾਥੀਆਂ ਦਾ ਚਰਿੱਤਰ।" ਆਜ਼ਾਦੀ ਉਪਰੰਤ ਲਗਾਤਾਰ ਖੱਬੀਆਂ ਧਿਰਾਂ 'ਚ ਸ਼ੁਮਾਰ ਰਿਹਾ ਇਹ ਯੋਧਾ 1961 ਦੀ ਬਸੰਤ ਰੁੱਤੇ ਸਦੀਵੀ ਉਡਾਰੀ ਮਾਰ ਗਿਆ।



ਗ਼ਦਰੀ ਅਮਰ ਸਿੰਘ, ਹਰਨਾਮ ਸਿੰਘ 'ਟੁੰਡੀਲਾਟ' ਤੇ ਸ਼ਿਵ ਸਿੰਘ 'ਕੋਟਲਾ ਨੌਧ ਸਿੰਘ'

**ਸਿਰਮੌਰ ਗ਼ਦਰੀ ਬਾਬਾ ਹਰਨਾਮ ਸਿੰਘ ਟੁੰਡੀਲਾਟ** : ਕੋਟਲਾ ਨੌਧ ਸਿੰਘ ਦਾ ਸੋਹਣਾ-ਸੁਨੱਖੜਾ, ਲੰਮਾ-ਝੰਮਾ, ਤਾਲੀਮ ਜ਼ਾਬਤਾ ਬੇਜੋੜ ਸਪੂਤ, ਜਿਹੜਾ 11 ਮਾਰਚ 1882 ਨੂੰ ਗੁਰਦਿੱਤ ਸਿੰਘ ਦੇ ਘਰ ਜਨਮਿਆ, ਬਹੁਪਰਤੀ ਇਨਕਲਾਬੀ ਰੁਕਨ ਸੀ। ਦਾਨਿਸ਼ਵਰ ਲਿਖਾਰੀ, ਕਵੀ ਅਤੇ ਕਮਾਲ ਦੇ ਇਸ ਵਕਤਾਂ ਬਾਰੇ ਅਤੇ ਆਹਲਾ ਵਤਨ ਖਾਤਰ ਇਹਨਾਂ ਵੱਲੋਂ ਕੀਤੀਆਂ ਅਣ-ਮਿਣਵੀਆਂ ਸਰਗਰਮੀਆਂ, ਕੁਰਬਾਨੀਆਂ ਅਤੇ 'ਸੰਤਾਲੀ ਦੀ ਤ੍ਰਾਸਦੀ ਸਮੇਂ ਪਾਏ ਮਨੁੱਖਤਾਵਾਦੀ ਹਿੱਸੇ ਅਤੇ ਆਜ਼ਾਦੀ ਉਪਰੰਤ ਵੀ ਇਸ ਨਾਸਤਿਕ ਕਰਮਯੋਗੀ ਵੱਲੋਂ ਲਗਾਤਾਰ ਕੀਤੀਆਂ ਸਰਗਰਮੀਆਂ ਬਾਰੇ ਭਾਰੀ-ਭਰਕਮ ਪੁਸਤਕ ਲਿਖੀ ਜਾ ਸਕਦੀ ਹੈ, ਜਿਹੜੀ ਇਸ ਦੀਆਂ ਲਿਖਤਾਂ ਸਮੇਤ ਲਿਖਣੀ ਵੀ ਚਾਹੀਦੀ ਹੈ। ਗ਼ਦਰ ਪਾਰਟੀ ਦੇ ਪੇਪਰ 'ਗ਼ਦਰ' ਦੇ ਲਾਲਾ ਹਰਦਿਆਲ ਬਾਅਦ ਸੰਪਾਦਕ ਰਹੇ ਇਸ ਸੂਰਮੇ ਨੂੰ ਵਤਨ ਦੇ ਦਾਨੇ ਫਰਜ਼ੰਦਾਂ ਨੇ 'ਟੁੰਡੀਲਾਟ' ਦਾ ਖਿਤਾਬ ਦਿੱਤਾ। ਹੋਇਆ ਇਉਂ, "ਆਪਣੇ ਅਮਰੀਕਨ ਬੇਲੀ ਮਿ.ਜੈਕ ਤੋਂ ਬੰਬ ਬਣਾਉਣੇ ਸਿੱਖਦਿਆਂ-ਪਰਖ ਕਰਦਿਆਂ, ਜਦ ਬਾਕੀ ਬਚੇ ਕੁੱਝ ਮਸਾਲੇ ਨੂੰ ਕਰਤਾਰ ਸਿੰਘ ਨੇ ਕਿਹਾ ਕਿ ਕਾਹਨੂੰ ਛੱਡਣਾ, ਨੂੰ ਛੋਟੇ-ਮੋਟੇ ਬੰਬ 'ਚ ਤਬਦੀਲ ਕਰਦਿਆਂ, ਸਾਂਭਦਿਆਂ-ਵਾਚਦਿਆਂ, 5 ਜੁਲਾਈ 1914 ਨੂੰ ਹੋਏ ਧਮਾਕੇ ਵਿੱਚ ਇਹਨਾਂ ਦੀ ਇੱਕ ਬਾਂਹ ਉੱਡ ਗਈ। ਬਾਬਾ ਉਦਾਸ ਨਹੀਂ ਹੋਇਆ, ਨੌਂ-ਬਰ-ਨੌਂ ਹੋ ਫਿਰ ਡਟ ਗਿਆ ਤਾਂ ਗ਼ਦਰੀਆਂ ਇਸ ਨੂੰ 'ਟੁੰਡੀਲਾਟ' ਟਾਈਟਲ ਦੇ ਦਿੱਤਾ। ਦਰ-ਹਕੀਕਤ; ਟੁੰਡੀਲਾਟ ਬਰਤਾਨਵੀ ਸਾਮਰਾਜ ਦਾ ਭਾਰਤ ਵਿੱਚ ਆਪਾਵਾਰੂ ਤੇ ਉੱਘਾ ਜਰਨੈਲ ਸੀ, ਨਾਂਅ ਸੀ ਸਰ ਹੈਨਰੀ ਹਾਰਡਿੰਗ, ਜਿਹੜਾ ਇੱਕ ਬਾਂਹ ਨਾ ਹੋਣ ਦੇ ਬਾਵਜੂਦ ਉਸ ਯੁੱਧ ਵਿੱਚ ਬੇ-ਜੋੜ ਜੂਝਿਆ ਸੀ। ਇਸ ਸਰੀਰਕ ਕਮੀ ਬਦੌਲਤ ਪੰਜਾਬੀਆਂ ਨੇ ਪਹਿਲੀ 'ਐਂਗਲੋ-ਸਿੱਖ ਵਾਰ' ਸਮੇਂ ਉਸ ਦੀ ਸਿਰ-ਵਾਰਵੀਂ ਬਿਰਤੀ ਜਾਂ ਵਡਿਆਈ ਕਾਰਨ ਉਸ ਨੂੰ 'ਟੁੰਡੀਲਾਟ' ਦਾ ਤਲੱਖਸ (ਅੱਲ), ਅਚੇਤ-ਸੁਚੇਤ ਪ੍ਰਦਾਨ ਕਰ ਦਿੱਤਾ ਸੀ।"

'ਟੁੰਡੀਲਾਟ' ਦੀਆਂ ਬਹੁ-ਪਰਤੀ ਸਰਗਰਮੀਆਂ ਕਾਰਨ ਸਤੰਬਰ 1915 ਨੂੰ ਉਹਨਾਂ ਨੂੰ 24 ਸਾਥੀਆਂ ਸਮੇਤ ਜਾਇਦਾਦ ਕੁਰਕੀ ਅਤੇ ਮੌਤ ਦੀ ਸਜ਼ਾ ਸੁਣਾਈ ਗਈ ਸੀ, ਜਿਹੜੀ ਮਗਰੋਂ ਉਮਰ ਕੈਦ ਬਾਮੁਸ਼ੱਕਤ ਤਨਹਾਈ 'ਚ ਤਬਦੀਲ ਕਰਕੇ ਕਾਲੇ ਪਾਣੀ ਕਰ ਦਿੱਤੀ ਗਈ। ਉਹ ਛੇ ਵਰ੍ਹੇ ਅੰਡੇਮਾਨ, ਨੌਂ ਸਾਲ ਮਦਰਾਸ-ਪੂਨੇ-ਬੰਬੇ ਅਤੇ ਮਿੰਟਗੁਮਰੀ 'ਚ ਕੈਦ ਰਹੇ। ਵੰਡ ਤੋਂ ਕੁੱਝ ਸਮਾਂ ਪਹਿਲਾਂ 1942 'ਚ ਬਾਹਰ ਆਏ, '47 ਦੀ ਤ੍ਰਾਸਦੀ 'ਚ ਫਖਰੇ-ਰੋਲ ਨਿਭਾਇਆ ਅਤੇ ਮਗਰੋਂ ਵੀ ਲਗਾਤਾਰ ਤੋੜ 18 ਸਤੰਬਰ 1962 ਮੌਤ ਤੱਕ ਲੋਕ-ਹਿਤ ਲਈ ਜੂਝਦੇ ਰਹੇ। ਬੜਾ ਕੋਮਲ-ਭਾਵੀ ਸੂਰਮਾ ਸੀ ਇਹ। ਜਿਹੜੇ ਇੱਕ ਪਾਸੇ ਅਖ਼ਬਾਰ ਚਲਾਇਆ, ਦੂਜੇ ਹੱਥ ਬੰਬ ਬਣ ਰਹੇ ਸਨ। ਕਮਾਲ ਵੇਖੋ; ਇੱਕ ਪਾਸੇ ਉਹ ਲਹੂ-ਵੀਟਵੀਂ ਜੰਗਿ-ਏ-ਆਜ਼ਾਦੀ, ਦੂਜੇ ਹੱਥ ਆਹਲਾ ਇਨਕਲਾਬੀ ਵਾਰਤਕ ਤੇ ਕਾਵਿ ਦੀ ਰਚਨਾ, ਬੜੇ ਕਿਤਾਬਚੇ ਤੇ ਸਵੈ-ਲਿਖਤ ਬਿਆਨ ਅਤੇ ਢੇਰ ਕਵਿਤਾਵਾਂ। ਹਾਂ; ਆਪਣੇ ਇਸੇ ਸਪੂਤ ਬਦੌਲਤ ਅਜਿਹਾ ਸਿਰਫ ਕੋਟਲਾ ਨੌਧ ਸਿੰਘ ਦੇ ਹਿੱਸੇ ਹੀ ਆਇਆ।

**ਗ਼ਦਰੀ ਵੀਰਾਂਗਣਾ ਬੀਬੀ ਗੁਲਾਬ ਕੌਰ** : ਆਜ਼ਾਦੀ ਦੀ ਬੇਦੀ 'ਤੇ ਕੁਰਬਾਨ ਹੋ ਜਾਣ ਵਾਲੀ ਇਹ ਭਾਵੇਂ 'ਕੋਟਲਾ ਨੌਧ ਸਿੰਘ' ਦੀ ਜੰਮੀ-ਜਾਈ ਧੀ ਨਹੀਂ ਸੀ, ਪਰ ਆਪਣੇ ਦੇਸ਼ ਅਤੇ ਲੋਕ ਹਿਤੂ ਕਾਰਜਾਂ ਨਾਲ ਇਸ ਨੇ ਇਸੇ ਪਿੰਡ ਦੇ ਗ਼ਦਰੀ ਸੂਰਮਿਆਂ ਸੰਗ ਰਲ ਇਸ ਖੇੜੇ ਨੂੰ ਸਦਾ ਵਾਸਤੇ ਗੌਰਵਮਈ ਇਤਿਹਾਸ ਦਾ ਸੂਹਾ ਅੱਖਰ ਬਣਾ ਦਿੱਤਾ। ਬਖਸ਼ੀਵਾਲਾ, ਸੰਗਰੂਰ ਪਿੰਡ ਦੀ ਧੀ ਬੀਬੀ ਗੁਲਾਬ ਕੌਰ, ਜਿਹੜੀ ਮਗਰੋਂ ਬੇਹੱਦ ਨਾਮਣੇ ਵਾਲੀ ਬੇਜੋੜ ਗ਼ਦਰੀ ਵਜੋਂ ਸਥਾਪਤ ਹੋਈ, ਦਾ ਵਿਆਹ ਨਜ਼ਦੀਕੀ ਪਿੰਡ 'ਜੱਖੇਵਾਲ', ਬਰਨਾਲਾ ਦੇ ਮਾਨ ਸਿੰਘ ਨਾਲ ਹੋਇਆ। ਗੁਰਬਤ ਅਤੇ ਰਾਜਾਸ਼ਾਹੀ ਤੇ ਜਗੀਰੂ ਸੰਤਾਪ ਤੋਂ ਮੁਕਤ ਹੋਣ ਲਈ ਇਹ ਜੋੜਾ ਅੱਗੜ-ਪਿੱਛੜ ਮਨੀਲਾ ਗਿਆ। ਹੱਥ ਸੌਖਾ ਕਰਕੇ ਇਹਨਾਂ ਦਾ ਕੈਨੇਡਾ-'ਮਰੀਕਾ ਜਾਣ ਦਾ ਵਿਚਾਰ ਸੀ, ਪਰ 1914 'ਚ ਵਤਨ ਨੂੰ ਗੁਲਾਮੀ ਤੋਂ ਮੁਕਤ ਕਰਾਉਣ ਲਈ ਉਹਨਾਂ ਦੇਸ਼ਾਂ ਰਾਹੀਂ ਮੁੜਦੇ ਗ਼ਦਰੀਆਂ ਦੇ ਪ੍ਰਭਾਵ ਹੇਠ ਇਹਨੀਂ ਵੀ ਭਾਰਤ ਮੁੜਨ ਦਾ ਫੈਸਲਾ ਕਰ ਲਿਆ। ਥਿਰਕਵੇਂ ਮਨ ਵਾਲਾ ਮਾਨ ਸਿੰਘ ਦੇਸ਼ ਤੇ ਲੋਕ ਹਿਤੂ ਫੈਸਲੇ ਨੂੰ ਬੇਦਾਵਾ ਦੇ ਗਿਆ, ਪਰ ਬੀਬੀ ਆਪਣੀ ਜ਼ੁਬਾਨ ਤੇ ਦੇਸ਼ ਭਗਤੀ ਆਸਥਾ 'ਤੇ ਡਟੀ ਰਹੀ। ਪੰਜਾਬ ਪਰਤ ਆਹਲਾ ਵਤਨ ਹਿੱਤ ਜਿਹੜੇ ਬੇਹੱਦ ਜੋਖਮ ਭਰੇ ਬਹਾਦੁਰਾਨਾ ਕਾਰਜ ਇਸ ਬੀਬੀ ਨੇ, ਕਦੇ ਗੁਲਾਬ ਦੇਈ (ਗੁਲਾਬੋ), ਕਦੇ ਬਸੰਤ ਕੌਰ (ਬਸੰਤੀ), ਕਦੇ ਕਿਰਪਾ ਦੇਵੀ (ਕ੍ਰਿਪੋ) ਅਤੇ ਕਦੇ ਵਣਜਾਰਨ ਦੇ ਨਾਂਅ ਜਾਂ ਰੂਪ ਵਿੱਚ ਆਪਣੇ ਗ਼ਦਰੀ ਯੋਧਿਆਂ ਸੰਗ ਰਲ ਕੀਤੇ, ਉਹਨਾਂ ਦੀ ਗਾਥਾ ਬੜੀ ਗੌਰਵਮਈ, ਮਾਰਮਿਕ ਅਤੇ ਰੌਂਗਟੇ ਖੜੀ ਕਰਨ ਵਾਲੀ ਵੀ ਹੈ। ਪਹਿਲਾਂ ਲਾਹੌਰ ਅਤੇ ਮਾਝੇ 'ਚ, ਮਗਰੋਂ ਦੋਆਬੇ 'ਚ ਵਿਸ਼ੇਸ਼ ਕਰਕੇ ਹੁਸ਼ਿਆਰਪੁਰ-ਜਲੰਧਰ ਜ਼ਿਲ੍ਹੇ 'ਚ ਸਰਗਰਮ ਰਹੀ। ਇਸ ਵੀਰਾਂਗਣਾ ਦੀ ਗਾਥਾ ਬੜੀ ਸੂਹੀ, ਦਿਲ-ਟੁੰਬਵੀਂ, ਉਦਾਸ ਕਰਨ ਵਾਲੀ ਅਤੇ ਕੁਰਬਾਨੀ ਯੁਕਤ ਹੈ। ਵੇਰਵੇ ਸਹਿਤ ਕਿਤੇ ਫੇਰ ਸਹੀ। ਲੋਕਾਂ ਦੀ ਹਕੀਕੀ ਬੰਦ-ਖਲਾਸੀ ਲਈ ਚੱਤੋ-ਪਹਿਰ ਸਰਗਰਮ ਰਹੀ ਇਹ ਦੇਵੀ ਮਹਿਜ਼ 34 ਵਰ੍ਹਿਆਂ 'ਚ 28 ਜੁਲਾਈ 1925 ਨੂੰ ਸਦਾ ਵਾਸਤੇ ਧਰਤੀ ਨਾਲ ਇੱਕ-ਮੁੱਕ ਹੋ ਗਈ ਸੀ। ਇਸ ਦਾ ਅਖੀਰਲਾ ਵਕਤ ਬੜਾ ਕਰੁਣਾਮਈ ਹੈ। ਬੇਜੋੜ ਕੁਰਬਾਨੀ ਅਤੇ ਘਾਲਣਾ ਘਾਲਦੀ ਇਹ ਬੀਬੀ ਨਾ ਸਿਰਫ ਆਪਣੇ ਗ਼ਦਰੀ ਭਰਾਵਾਂ ਦੀ ਜੰਮਣ ਭੋਇੰ 'ਕੋਟਲਾ ਨੌਧ ਸਿੰਘ' ਹੁਸ਼ਿਆਰਪੁਰ, ਜਿਹੜਾ ਇਸ ਦਾ ਆਖਰੀ ਵਰੇਸ ਤੱਕ ਆਸਰਾ ਰਿਹਾ, ਨੂੰ ਹੀ, ਸਗੋਂ ਉਹ ਆਪਣੇ ਸਹੁਰਾ ਪਿੰਡ ਜਖੇਪਲ, ਖਾਸ ਕਰਕੇ ਆਪਣੀ ਜੰਮਣ-ਭੋਇੰ 'ਬਖਸ਼ੀਵਾਲਾ' ਨੂੰ ਧੁਰ ਅੰਬਰਾਂ ਤੱਕ ਰੁਸ਼ਨਾ ਗਈ। ਉਸ 'ਬਖਸ਼ੀਵਾਲਾ' ਨੂੰ ਜਿਸ ਅਜਿਹੀ ਮਾਣਮੱਤੀ ਧੀ ਨੂੰ ਜਨਮ ਦਿੱਤਾ ਸੀ ਅਤੇ ਉਸ 'ਕੋਟਲਾ ਨੌਧ ਸਿੰਘ' ਹੁਸ਼ਿਆਰਪੁਰ ਨੂੰ ਵੀ, ਜਿਸ ਉਸ ਨੂੰ ਤੋੜ ਹਿਯਾਤੀ ਤੱਕ ਅਪਣਾਈ ਅਤੇ ਹਿੱਕ ਨਾਲ ਲਾਈ ਰੱਖਿਆ ਸੀ।

*ਮੋਬਾ. 94634-39075*